

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at low Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty First Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 42, October 17, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਸ਼੍ਰੋਮਣੀ ਕਮੇਟੀ ਚੋਣਾਂ: ਭਾਜਪਾ ਨਾਲੋਂ ਤੋੜ-ਵਿਛੋੜੇ ਮਗਰੋਂ ਬਾਦਲਾਂ ਦੀ ਅਗਨ ਪ੍ਰੀਖਿਆ

**ਅੰਮ੍ਰਿਤਸਰ:** ਭਾਜਪਾ ਨਾਲੋਂ ਤੋੜ-ਵਿਛੋੜੇ ਮਗਰੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਅਗਨ ਪ੍ਰੀਖਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਹੋਵੇਗੀ। ਕੇਂਦਰ ਵਲੋਂ ਗੁਰਦੁਆਰਾ ਚੋਣ ਕਮਿਸ਼ਨ ਦੇ ਮੁੱਖ ਕਮਿਸ਼ਨਰ ਵਜੋਂ ਸੇਵਾ ਮੁਕਤ ਜਸਟਿਸ ਐਸ.ਐਸ. ਸਾਰੋਂ ਦੀ ਨਿਯੁਕਤੀ ਪਿੱਛੋਂ ਜਿਥੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਐਲਾਨ ਛੇਤੀ ਹੀ ਹੋਣ ਦੀ ਸੰਭਾਵਨਾ ਹੈ, ਉਥੇ ਦਿੱਲੀ ਹਾਈ ਕੋਰਟ ਵਲੋਂ ਦਿੱਲੀ ਗੁਰਦੁਆਰਾ ਐਕਟ-1971 ਤਹਿਤ ਸਮੇਂ 'ਤੇ ਦਿੱਲੀ ਕਮੇਟੀ ਦੀਆਂ ਚੋਣਾਂ ਕਰਵਾਉਣ ਦਾ ਹੁਕਮ ਸੁਣਾ ਦਿੱਤਾ ਹੈ। ਇਸ ਫੈਸਲੇ ਮਗਰੋਂ ਹੁਣ ਮਾਰਚ 2021 ਵਿਚ ਕਮੇਟੀ ਦੀਆਂ ਚੋਣਾਂ ਹੋਣ ਦੀ ਸੰਭਾਵਨਾ ਹੈ।

ਉਧਰ, ਤਾਜ਼ਾ ਫੈਸਲਿਆਂ ਪਿੱਛੋਂ ਜਿਥੇ ਬਾਦਲ ਦਲ ਦੇ ਖੇਮੇ 'ਚ ਚਿੰਤਾ ਦੇ ਬੱਦਲ ਛਾਏ ਹੋਏ ਹਨ, ਉਥੇ ਬਾਦਲ ਵਿਰੋਧੀ ਪੰਥਕ ਧਿਰਾਂ ਬਾਗੋ-ਬਾਗ ਹਨ ਅਤੇ ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਤੋਂ ਆਜ਼ਾਦ ਕਰਵਾਉਣ ਲਈ ਹਾਕਾਂ ਮਾਰਨ ਲੱਗੇ ਹਨ। ਇਸ ਨਿਯੁਕਤੀ ਤੋਂ ਤੁਰਤ ਬਾਅਦ ਸੁਖਬੀਰ ਸਿੰਘ ਬਾਦਲ ਵਲੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਨੂੰ ਵੀ ਚੋਣ ਤਿਆਰੀਆਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਮੁਲਾਕਾਤ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੀ ਹਾਜ਼ਰ ਸਨ। ਇਸ ਬੰਦ ਕਮਰਾ ਮੀਟਿੰਗ ਵਿਚ ਗੁਆਚੇ ਪਾਵਨ ਸਰੂਪਾਂ ਸਬੰਧੀ ਚਰਚਾ ਦੀਆਂ ਕਨਸੋਆਂ ਹਨ।

ਯਾਦ ਰਹੇ ਕਿ ਇਸ ਵਾਰ ਇਹ ਚੋਣਾਂ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਚੁਣੌਤੀ ਹੋਣਗੀਆਂ। ਦਰਅਸਲ, ਹੁਣ ਤੱਕ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਬੰਧਤ ਮੈਂਬਰਾਂ ਦਾ ਸ਼੍ਰੋਮਣੀ ਕਮੇਟੀ ਵਿਚ ਬੋਲਬਾਲਾ ਰਿਹਾ ਹੈ, ਪਰ ਇਸ ਵਾਰ ਮਾਹੌਲ ਕੁਝ ਵੱਖਰਾ ਹੈ। ਚੋਣਾਂ ਦਾ ਐਲਾਨ ਉਸ ਸਮੇਂ ਹੋਇਆ ਹੈ ਜਦੋਂ ਲਾਪਤਾ ਪਾਵਨ ਸਰੂਪਾਂ ਦਾ ਮਾਮਲਾ ਭਖਿਆ ਹੋਇਆ ਹੈ। ਸਿੱਖ ਸੰਗਤ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਖਿਲਾਫ ਰੋਹ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਬਹਿਬਲ ਕਲਾਂ ਤੇ ਬਰਗਾੜੀ ਕਾਂਡ ਵਿਚ ਬਾਦਲਾਂ ਦੇ ਖਾਸਮਖਾਸ ਰਹੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਇਹੀ ਕਾਰਨ ਹੈ ਕਿ ਇਸ ਵਾਰ ਚੋਣਾਂ ਦੇ

(ਬਾਕੀ ਸਫਾ 6 ਉਤੇ)



### ਕਮੇਟੀ ਚੋਣਾਂ ਲਈ ਅਸੀਂ ਤਿਆਰ ਹਾਂ: ਸੁਖਬੀਰ

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਤਿਆਰ ਹੈ। ਉਨ੍ਹਾਂ ਗੁਰਦੁਆਰਾ ਚੋਣ ਕਮਿਸ਼ਨਰ ਨਿਯੁਕਤ ਕਰਨ ਲਈ ਕੇਂਦਰ ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ। ਸਿੱਖ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਬਾਦਲ ਦਲ ਨੂੰ ਸ਼੍ਰੋਮਣੀ ਕਮੇਟੀ ਦੀ ਸੱਤਾ ਤੋਂ ਹਟਾਉਣ ਦੇ ਕੀਤੇ ਜਾ ਰਹੇ ਦਾਅਵਿਆਂ ਬਾਰੇ ਉਨ੍ਹਾਂ ਕਿਹਾ ਕਿ ਜਮਹੂਰੀਅਤ 'ਚ ਸਾਰਿਆਂ ਨੂੰ ਚੋਣ ਲੜਨ ਦਾ ਹੱਕ ਹੈ। ਭਾਜਪਾ ਵੱਲੋਂ ਇਕੱਲੇ ਵਿਧਾਨ ਸਭਾ ਚੋਣਾਂ ਲੜਨ ਦੇ ਦਾਅਵੇ ਬਾਰੇ ਉਨ੍ਹਾਂ ਕਿਹਾ ਕਿ ਭਾਜਪਾ ਆਪਣਾ ਇਹ ਸੁਪਨਾ ਵੀ ਪੂਰਾ ਕਰ ਲਵੇ।

## ਕਿਸਾਨ ਸੰਘਰਸ਼ ਨੂੰ ਦੱਬਣ ਲਈ ਉਤਾਰੂ ਹੋਈਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਮੋਦੀ ਸਰਕਾਰ ਵਲੋਂ ਪਾਸ ਕੀਤੇ ਗਏ ਨਵੇਂ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਦੇ ਕਿਸਾਨਾਂ ਵਿਚ ਰੋਹ ਤੇ ਜੋਸ਼ ਜਿਥੇ ਸੱਤਵੇਂ ਆਸਮਾਨ ਉਤੇ ਹੈ, ਉਥੇ ਸੂਬੇ ਦੀਆਂ ਸਿਆਸੀ ਧਿਰਾਂ ਦੇ ਸੁਰ ਨਰਮ ਪੈਂਦੇ ਜਾਪ ਰਹੇ ਹਨ। ਪੰਜਾਬ ਤੋਂ ਉਠਿਆ ਇਹ ਰੋਹ ਜਿਥੇ ਪੂਰੇ ਮੁਲਕ ਦੇ ਲੋਕਾਂ ਦੀ ਆਵਾਜ਼ ਬਣ ਗਿਆ ਹੈ ਤੇ ਕੇਂਦਰ ਸਰਕਾਰ ਨੂੰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਦੋ ਵਾਰ ਗੱਲਬਾਤ ਦਾ ਸੱਦਾ ਭੇਜਣ ਲਈ ਮਜਬੂਰ ਹੋਣਾ ਪਿਆ, ਉਥੇ ਸੂਬੇ ਦੀਆਂ ਕੁਝ ਸਿਆਸੀ ਧਿਰਾਂ ਉਤੇ ਇਸ ਸੰਘਰਸ਼ ਨੂੰ ਸਾਬੋਤਾਜ ਦੇ ਦੋਸ਼ ਲੱਗਣ ਲੱਗੇ ਹਨ।

ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਉਤੇ ਹਮਲੇ ਦੀ ਘਟਨਾ ਪਿੱਛੋਂ ਇਸ ਗੱਲ ਦੀ ਚਰਚਾ ਹੋਰ ਤੇਜ਼ ਹੋ ਗਈ ਕਿ ਸਰਕਾਰ ਕਿਸਾਨ ਅੰਦੋਲਨ ਨੂੰ ਹਿੰਸਕ ਸਿੱਧ ਕਰਨ ਲਈ ਜ਼ੋਰ ਲਾਉਣ ਲੱਗੀ ਹੈ। ਸਾਰੀਆਂ ਕਿਸਾਨ ਜਥੇਬੰਦੀਆਂ ਨੇ ਇਸ ਹਮਲੇ ਨੂੰ ਮੰਦਭਾਗਾ ਦੱਸ ਕੇ ਇਸ ਪਿੱਛੇ ਕਿਸੇ ਸਿਆਸੀ ਮਨਸ਼ੇ ਵੱਲ ਸੰਕੇਤ ਦੇ ਦਿੱਤੇ ਹਨ। ਇਸੇ ਦਿਨ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਤਰਖਾਣ ਮਾਜਰਾ ਤੇ ਪਿੰਡ ਜੱਲ੍ਹਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਵੀ ਇਨ੍ਹਾਂ ਕੋਸ਼ਿਸ਼ਾਂ ਨਾਲ ਜੋੜ ਕੇ ਦੇਖਿਆ ਜਾਣ ਲੱਗਾ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਖਦਸ਼ਾ ਜ਼ਾਹਰ ਕਰ ਦਿੱਤਾ ਹੈ ਕਿ ਇਹ ਕਿਸਾਨ ਅੰਦੋਲਨ ਨੂੰ ਅਸਫਲ ਕਰਨ ਦੀ ਸਾਜ਼ਿਸ਼ ਹੋ ਸਕਦੀ ਹੈ। ਉਨ੍ਹਾਂ ਤਰਕ ਦਿੱਤਾ ਕਿ ਬਾਦਲ ਸਰਕਾਰ ਵੇਲੇ ਜਦੋਂ ਬਰਗਾੜੀ ਵਿਖੇ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਸਨ ਤਾਂ ਉਸ ਵੇਲੇ ਵੀ ਕਿਸਾਨ ਅੰਦੋਲਨ ਚੱਲ ਰਿਹਾ ਸੀ ਅਤੇ ਹੁਣ ਵੀ ਕਿਸਾਨ ਅੰਦੋਲਨ ਸਿਖਰ 'ਤੇ ਹੈ। ਉਨ੍ਹਾਂ ਸ਼ੱਕ ਪ੍ਰਗਟਾਇਆ ਕਿ ਫੜੇ ਗਏ ਵਿਅਕਤੀ ਨੂੰ ਪਾਗਲ ਜਾਂ ਮੰਦਬੁੱਧੀ ਕਰਾਰ ਦੇ ਕੇ ਮਾਮਲਾ ਰਫਾ-ਦਫਾ ਕੀਤਾ ਜਾ ਸਕਦਾ ਹੈ। ਇਥੋਂ ਤੱਕ ਕਿ ਬਾਦਲਾਂ ਨਾਲ ਲਿਹਾਜ਼ ਵਾਲੇ ਕਿਸਾਨ ਧੜੇ ਬੀ.ਕੇ.ਯੂ. ਲੱਖੋਵਾਲ ਦੇ ਖੇਤੀ ਕਾਨੂੰਨਾਂ ਖਿਲਾਫ ਸੁਪਰੀਮ ਕੋਰਟ ਜਾਣ ਦੇ ਫੈਸਲੇ ਨੂੰ ਵੀ ਕਿਸਾਨ ਜਥੇਬੰਦੀਆਂ ਵਿਚ ਫੁੱਟ ਪਾਉਣ ਦੀ ਨਜ਼ਰੇ ਵੇਖਿਆ ਜਾ ਰਿਹਾ ਹੈ।

ਚੇਤੇ ਰਹੇ ਕਿ ਡੇਢ ਕੁ ਹਫਤਾ ਪਹਿਲਾਂ ਨਵੇਂ ਕਾਨੂੰਨ ਉਤੇ ਕੇਂਦਰ ਨੂੰ ਵੰਗਾਰਨ ਵਾਲੀ ਪੰਜਾਬ ਦੀ ਕੈਪਟਨ ਸਰਕਾਰ ਹੁਣ ਕਿਸਾਨ ਜਥੇਬੰਦੀਆਂ ਅੱਗੇ ਸੂਬੇ ਦੇ ਵਿੱਤੀ ਨੁਕਸਾਨ ਦੀਆਂ ਦੁਹਾਈਆਂ ਪਾ ਰਹੀ ਹੈ। ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਕਰ ਕੇ ਇਕ ਹਫਤੇ ਦੇ ਅੰਦਰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਣ ਦਾ ਵਾਅਦਾ ਕਰਨ ਵਾਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਹੁਣ ਕਿਸਾਨਾਂ ਉਤੇ ਧਮਕੀਆਂ ਦੇਣ ਦੇ ਦੋਸ਼ ਲਾਉਣ ਲੱਗੇ ਹਨ। ਇਸ ਮੁੱਦੇ ਉਤੇ ਕੇਂਦਰੀ ਵਜ਼ਾਰਤ ਤੋਂ ਅਸਤੀਫਾ ਦੇਣ ਤੇ ਭਾਜਪਾ ਨਾਲ ਤੋੜ ਵਿਛੋੜੇ ਦਾ ਐਲਾਨ ਕਰਨ ਵਾਲਾ ਅਕਾਲੀ ਦਲ ਬਾਦਲ ਵੀ ਹੁਣ ਕਿਸਾਨੀ ਸੰਘਰਸ਼ ਤੋਂ ਦੂਰ ਚੁੱਪ ਬੈਠਾ 'ਮੋਦੀ-ਕੈਪਟਨ ਗੱਠਜੋੜ' ਦੇ ਨਾਅਰੇ ਮਾਰ ਕੇ ਬੁੱਤਾ ਸਾਰ ਰਿਹਾ ਹੈ। ਬਾਦਲ ਧੜੇ ਵੱਲੋਂ ਮੋਦੀ ਸਰਕਾਰ ਨੂੰ ਖਿੱਚ ਪਾਉਣ ਦੀ ਥਾਂ ਕੈਪਟਨ ਸਰਕਾਰ ਨੂੰ ਅਲਟੀਮੇਟਮ ਦਿੱਤੇ ਜਾ ਰਹੇ ਹਨ।

ਅਸਲ ਵਿਚ, ਹੁਣ ਕਿਸਾਨ ਅੰਦੋਲਨ ਦੀ ਸਫਲਤਾ ਨਾਲ ਪੈਣ ਵਾਲੇ ਸਿਆਸੀ ਘਾਟੇ ਬਾਰੇ ਵੀ ਗਿਣਤੀਆਂ-ਮਿਣਤੀਆਂ ਸ਼ੁਰੂ ਹੋ ਗਈਆਂ ਹਨ। ਇਸ ਅੰਦੋਲਨ ਵਿਚ ਰਵਾਇਤੀ ਧਿਰਾਂ ਨੂੰ ਛੱਡ (ਕਾਂਗਰਸ-ਅਕਾਲੀ) ਬਾਕੀ ਸਾਰੀਆਂ ਛੋਟੀਆਂ-ਮੋਟੀਆਂ ਧਿਰਾਂ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰੀਆਂ ਹਨ, ਜਦ ਕਿ ਇਨ੍ਹਾਂ ਦੋਵਾਂ ਧਿਰਾਂ ਆਪਣੇ ਪੱਧਰ ਉਤੇ ਵਿਰੋਧ ਦੇ ਢੰਗ-ਤਰੀਕੇ (ਟਰੈਕਟਰ ਰੈਲੀਆਂ) ਨਾਲ ਚੱਲੀਆਂ ਤੇ ਲੋਕਾਂ ਨੇ

(ਬਾਕੀ ਸਫਾ 6 ਉਤੇ)


**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832

**Ad Space Available**

Please call
Ph: 847-359-0746



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਸਿਆਸਤ ਦੇ ਰੰਗ: ਕਾਂਗਰਸ ਹਾਈਕਮਾਨ ਲਈ ਚੁਣੌਤੀ ਬਣੇ ਨਵਜੋਤ ਸਿੱਧੂ





**ਚੰਡੀਗੜ੍ਹ:** ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਸਿਆਸੀ ਬਹਾਲੀ ਕਾਂਗਰਸ ਹਾਈ ਕਮਾਨ ਲਈ ਵੱਡੀ ਚੁਣੌਤੀ ਬਣ ਰਹੀ ਹੈ ਕਿਉਂਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਕੁਝ ਸਮਰਥਕ ਸਿੱਧੂ ਨੂੰ ਕੋਈ ਅਹਿਮ ਅਹੁਦਾ ਦਿੱਤੇ ਜਾਣ ਦਾ ਵਿਰੋਧ ਕਰ ਰਹੇ ਹਨ।

ਇਹੀ ਕਾਰਨ ਹੈ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ ਦੇ ਪੰਜਾਬ ਦੌਰੇ ਮੌਕੇ ਅਤੇ ਵਾਪਸੀ ਮਗਰੋਂ ਵੀ ਨਵਜੋਤ ਸਿੰਘ ਸਿੱਧੂ ਲਗਾਤਾਰ ਚਰਚਾ 'ਚ ਬਣੇ ਹੋਏ ਹਨ, ਹਾਲਾਂਕਿ ਇਸ ਮਗਰੋਂ ਸਿੱਧੂ ਵਲੋਂ ਕੋਈ ਵੀ ਬਿਆਨ ਸਾਹਮਣੇ ਨਹੀਂ ਆਇਆ ਹੈ ਪਰ ਕਾਂਗਰਸ ਦੇ ਉਚ ਪੱਧਰੀ ਸੂਤਰਾਂ ਅਨੁਸਾਰ ਸਿੱਧੂ ਦਾ ਰਾਹੁਲ ਦੀ ਹਾਜ਼ਰੀ 'ਚ ਵਤੀਰਾ ਜਿਥੇ ਪੰਜਾਬ ਕਾਂਗਰਸ ਦੇ ਮੰਤਰੀਆਂ ਅਤੇ ਹੋਰ ਆਗੂਆਂ ਨੂੰ ਹਜ਼ਮ ਨਹੀਂ ਹੋਇਆ, ਉਥੇ ਸਿੱਧੂ ਦੇ ਵਤੀਰੇ ਤੋਂ ਕਾਂਗਰਸ ਹਾਈ ਕਮਾਂਡ ਵੀ ਔਖੀ ਦੱਸੀ ਜਾ ਰਹੀ ਹੈ। ਕਾਂਗਰਸੀ ਸੂਤਰਾਂ ਅਨੁਸਾਰ ਰਾਹੁਲ ਗਾਂਧੀ ਦੇ ਕਰੀਬੀਆਂ ਨੇ ਰਾਹੁਲ ਦੇ ਕੰਨ 'ਚ ਇਸ ਗੱਲ ਦੀ ਫੂਕ ਮਾਰ ਦਿੱਤੀ ਹੈ ਕਿ ਉਨ੍ਹਾਂ ਦੇ ਪੰਜਾਬ ਦੌਰੇ ਮੌਕੇ ਕੱਢੀ ਰੈਲੀ ਦੀ ਜਿੰਨੀ ਚਰਚਾ ਹੋਣੀ ਚਾਹੀਦੀ ਸੀ ਉਹ ਨਹੀਂ ਹੋਈ ਸਗੋਂ ਸਿੱਧੂ ਇਸ ਤੋਂ ਜ਼ਿਆਦਾ ਚਰਚਾ 'ਚ ਰਹੇ ਹਨ। ਇਸ ਗੱਲ ਦਾ ਅਹਿਸਾਸ ਹੋਣ ਮਗਰੋਂ ਕਾਂਗਰਸ ਹਾਈ ਕਮਾਂਡ ਸਿੱਧੂ ਤੋਂ ਖਫਾ ਦੱਸੀ ਜਾ ਰਹੀ ਹੈ, ਜਿਸ ਦਾ ਅਸਰ ਇਹ ਦੇਖਣ ਨੂੰ ਮਿਲਿਆ ਕਿ ਕਾਂਗਰਸ ਹਾਈ ਕਮਾਂਡ ਵਲੋਂ ਸਿੱਧੂ ਨੂੰ ਸਟਾਰ ਪ੍ਰਚਾਰਕਾਂ ਦੀ ਸੂਚੀ 'ਚੋਂ ਬਾਹਰ ਕਰ ਦਿੱਤਾ ਗਿਆ।

ਉਧਰ, ਪੰਜਾਬ ਵਿਚਲੇ ਕਾਂਗਰਸੀ ਆਗੂਆਂ ਵਲੋਂ ਵੀ ਸਿੱਧੂ ਦੇ ਵਤੀਰੇ ਦਾ ਵਿਰੋਧ ਸ਼ੁਰੂ ਹੋ ਗਿਆ ਹੈ ; ਜਿੱਥੇ ਕਾਂਗਰਸੀ ਆਗੂ ਅਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਕਹਿ ਚੁੱਕੇ ਹਨ ਕਿ ਸਿੱਧੂ ਦੀ ਰਾਹੁਲ ਦੀ ਹਾਜ਼ਰੀ 'ਚ ਸਟੇਜ ਤੋਂ ਕੀਤੀ ਟਿੱਪਣੀ ਨਾਲ ਉਨ੍ਹਾਂ ਦੀ ਨਹੀਂ ਸਗੋਂ ਹਾਈਕਮਾਂਡ ਦੀ ਹੱਤਕ ਹੋਈ ਹੈ, ਉਥੇ ਲੋਕ ਸਭਾ ਮੈਂਬਰ ਅਤੇ ਕਾਂਗਰਸੀ ਨੇਤਾ ਰਵਨੀਤ ਸਿੰਘ ਬਿੱਟੂ ਖੁੱਲ੍ਹ ਕੇ ਨਵਜੋਤ ਸਿੰਘ ਸਿੱਧੂ ਖਿਲਾਫ ਉੱਤਰ ਆਏ ਹਨ। ਹਾਲਾਂਕਿ ਪੰਜਾਬ ਕਾਂਗਰਸ ਮਾਮਲਿਆਂ ਦੇ ਨਵੇਂ ਇੰਚਾਰਜ ਹਰੀਸ਼ ਰਾਵਤ ਵਲੋਂ ਅਹੁਦਾ ਸੰਭਾਲਣ ਮਗਰੋਂ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਵੱਡਾ ਅਹੁਦਾ ਮਿਲਣ ਦਾ ਸੰਕੇਤ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਮਨਾਉਣ ਲਈ ਖੁਦ ਅੰਮ੍ਰਿਤਸਰ ਵੀ ਜਾ ਪੁੱਜੇ ਪਰ ਹਰੀਸ਼ ਰਾਵਤ ਵਲੋਂ ਯੂ-ਟਰਨ ਲੈਂਦਿਆਂ ਕਿਹਾ ਗਿਆ ਹੈ ਕਿ ਸਿੱਧੂ ਬਾਰੇ ਫੈਸਲੇ ਦਾ ਅਧਿਕਾਰ ਸਿਰਫ ਕਾਂਗਰਸ ਦੇ ਕੌਮੀ ਪ੍ਰਧਾਨ ਕੋਲ ਹੀ ਹੈ ਅਤੇ ਅਜੇ ਨਾ ਤਾਂ ਪੰਜਾਬ ਕਾਂਗਰਸ ਪ੍ਰਧਾਨ ਤੇ ਨਾ ਹੀ ਉਪ ਮੁੱਖ ਮੰਤਰੀ ਦਾ ਕੋਈ ਅਹੁਦਾ ਖਾਲੀ ਹੈ। ਹਰੀਸ਼ ਰਾਵਤ ਵਲੋਂ ਇਕ ਨਿੱਜੀ ਚੈਨਲ ਨਾਲ ਗੱਲਬਾਤ ਕਰਦਿਆਂ ਅਜਿਹਾ ਬਿਆਨ ਦਿੱਤਾ ਗਿਆ, ਜਿਸ ਮਗਰੋਂ ਸਿਆਸੀ ਹਲਕਿਆਂ 'ਚ ਨਵੀਂ ਹੀ ਚਰਚਾ ਛਿੜ ਗਈ। ਰਾਹੁਲ ਗਾਂਧੀ ਦੇ 3 ਦਿਨਾਂ ਪੰਜਾਬ ਟਰੈਕਟਰ ਰੈਲੀ ਮਗਰੋਂ ਅਚਾਨਕ ਹਰੀਸ਼ ਰਾਵਤ ਨੇ ਸਪਸ਼ਟ ਕੀਤਾ ਕਿ ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ ਨੂੰ ਨਾ ਤਾਂ ਪੰਜਾਬ ਕਾਂਗਰਸ ਦਾ ਪ੍ਰਧਾਨ ਤੇ ਨਾ ਹੀ ਉਪ ਮੁੱਖ ਮੰਤਰੀ ਬਣਾਉਣ ਦਾ ਕੋਈ ਫੈਸਲਾ ਹੋਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਿੱਧੂ ਜਾਂ ਕਿਸੇ ਹੋਰ ਨੂੰ ਕੋਈ ਜ਼ਿੰਮੇਵਾਰੀ ਦੇਣ ਦਾ ਅਧਿਕਾਰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਕੋਲ ਹੈ।

ਦੱਸਣਯੋਗ ਹੈ ਕਿ ਇਸ ਬਿਆਨ ਤੋਂ ਦੋ ਦਿਨ ਪਹਿਲਾਂ ਹੀ ਹਰੀਸ਼ ਰਾਵਤ ਨੇ ਸਿੱਧੂ ਨੂੰ ਇਕ ਵੱਡੀ ਜ਼ਿੰਮੇਵਾਰੀ ਦੇਣ ਦੇ ਸਾਫ ਸੰਕੇਤ ਦਿੱਤੇ ਸਨ ਅਤੇ ਉਨ੍ਹਾਂ ਨੂੰ ਮਨਾ ਕੇ ਰਾਹੁਲ ਦੀ ਰੈਲੀ 'ਚ ਵੀ ਲਿਆਏ ਸਨ ਪਰ ਉਥੇ ਸਿੱਧੂ ਦੇ ਤਿੱਖੇ ਤੇਵਰ ਦੇਖ ਜਿਥੇ ਰਾਹੁਲ ਗਾਂਧੀ ਹੈਰਾਨ ਦੱਸੇ ਜਾ ਰਹੇ ਹਨ, ਉਥੇ ਹਰੀਸ਼ ਰਾਵਤ ਨੇ ਵੀ ਹੁਣ ਸਿੱਧੂ ਦੀ ਖੁੱਲ੍ਹ ਕੇ ਹਮਾਇਤ ਕਰਨ ਤੋਂ ਪੈਰ ਪਿੱਛੇ ਖਿੱਚ ਲਏ ਹਨ। ਉਧਰ, ਪਿਛਲੇ ਦਿਨੀਂ ਕੈਪਟਨ ਵੀ ਸਪਸ਼ਟ ਕਹਿ ਚੁੱਕੇ ਹਨ ਕਿ ਸਿੱਧੂ ਅਜੇ ਕਾਂਗਰਸ 'ਚ ਕੁਝ ਸਾਲ ਪਹਿਲਾਂ ਹੀ ਆਏ ਹਨ ਅਤੇ ਉਨ੍ਹਾਂ ਵੀ ਇਹੀ ਸੰਕੇਤ ਦਿੱਤੇ ਸਨ ਕਿ ਸਿੱਧੂ ਨੂੰ ਅਜੇ ਕਾਂਗਰਸ 'ਚ ਕੋਈ ਵੱਡਾ ਅਹੁਦਾ ਨਹੀਂ ਦਿੱਤਾ ਜਾ ਰਿਹਾ ਪਰ ਉਸ ਦੇ ਬਾਵਜੂਦ ਹਰੀਸ਼ ਰਾਵਤ ਵਲੋਂ ਸਿੱਧੂ ਬਾਰੇ ਕਈ ਬਿਆਨ ਦਿੱਤੇ ਗਏ ਜੋ ਸ਼ਾਇਦ ਕਾਂਗਰਸ ਹਾਈ ਕਮਾਨ ਨੂੰ ਚੰਗਾ ਨਹੀਂ ਲੱਗਾ।

ਸੂਤਰਾਂ ਅਨੁਸਾਰ ਕਾਂਗਰਸ ਹਾਈ ਕਮਾਨ ਇਸ ਗੱਲ ਤੋਂ ਵੀ ਔਖੀ ਹੈ ਕਿ ਹਰੀਸ਼ ਰਾਵਤ ਹਾਈ ਕਮਾਨ ਨੂੰ ਬਿਨਾ ਭਰੋਸੇ 'ਚ ਲਏ ਹੀ ਸਿੱਧੂ ਨੂੰ ਮਨਾਉਣ ਉਨ੍ਹਾਂ ਦੇ ਘਰ ਜਾ ਪੁੱਜੇ ਅਤੇ ਇਹ ਗੱਲ ਕੈਪਟਨ ਨੂੰ ਵੀ ਬਹੁਤੀ ਪਸੰਦ ਨਹੀਂ ਆਈ। ਹਰੀਸ਼ ਰਾਵਤ ਵਲੋਂ ਲਏ ਯੂ-ਟਰਨ ਤੋਂ ਕਿਤੇ ਨਾ ਕਿਤੇ ਇਹ ਸੰਕੇਤ ਜ਼ਰੂਰ ਮਿਲ ਰਹੇ ਹਨ ਕਿ ਕਾਂਗਰਸ ਹਾਈ ਕਮਾਨ ਵਲੋਂ ਇਸ ਮਾਮਲੇ 'ਚ ਕੋਈ ਨਾ ਕੋਈ ਹਦਾਇਤ ਜ਼ਰੂਰ ਦਿੱਤੀ ਹੈ ਜਿਸ ਮਗਰੋਂ ਕਾਂਗਰਸ ਇੰਚਾਰਜ ਆਪਣੇ ਹੀ ਬਿਆਨਾਂ ਤੋਂ ਪਲਟ ਗਏ ਹਨ।

## ਸਿੱਧੂ ਨੇ ਪਾਰਟੀ ਦੇ ਵੱਕਾਰ ਨੂੰ ਸੱਟ ਮਾਰੀ: ਬਿੱਟੂ

**ਚੰਡੀਗੜ੍ਹ:** ਲੁਧਿਆਣਾ ਤੋਂ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਨੇ ਵਿਧਾਇਕ ਨਵਜੋਤ ਸਿੰਘ ਸਿੱਧੂ ਨੂੰ ਨਿਸ਼ਾਨੇ 'ਤੇ ਲਿਆ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਮਗਰੋਂ ਸੰਸਦ ਮੈਂਬਰ ਬਿੱਟੂ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਵੱਲੋਂ ਰਾਹੁਲ ਗਾਂਧੀ ਦੀ 'ਖੇਤੀ ਬਚਾਓ ਯਾਤਰਾ' ਦੌਰਾਨ ਪਾਰਟੀ ਦੇ ਵਕਾਰ ਨੂੰ ਸੱਟ ਮਾਰੀ ਗਈ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਇਕੱਲੇ ਹੀ ਖੇਡਣਾ ਚਾਹੁੰਦੇ ਹਨ ਜਿਸ ਕਰ ਕੇ ਉਨ੍ਹਾਂ ਨੂੰ ਵੱਖਰੀ ਪਾਰਟੀ ਬਣਾ ਕੇ ਚੋਣ ਲੜਨੀ ਚਾਹੀਦੀ ਹੈ। ਸ੍ਰੀ ਬਿੱਟੂ ਨੇ ਕਿਹਾ ਕਿ ਨਵਜੋਤ ਸਿੱਧੂ ਨੂੰ ਕਾਂਗਰਸ ਪਾਰਟੀ ਨੇ ਪੂਰਾ ਮਾਣ ਸਤਿਕਾਰ ਦਿੱਤਾ ਪਰ ਸ੍ਰੀ ਸਿੱਧੂ ਜਿਸ ਪਾਰਟੀ ਵਿਚ ਵੀ ਜਾਂਦੇ ਹਨ, ਉਸ ਦਾ ਹੀ ਨੁਕਸਾਨ ਕਰਦੇ ਹਨ।

## ਨਵਜੋਤ ਸਿੱਧੂ ਨੇ ਹਾਈਕਮਾਨ ਦੀ ਬੇਇੱਜ਼ਤੀ ਕੀਤੀ: ਰੰਧਾਵਾ

**ਚੰਡੀਗੜ੍ਹ:** ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਵਿਧਾਇਕ ਨਵਜੋਤ ਸਿੰਘ ਸਿੱਧੂ ਦੀ ਬੋਲਬਾਣੀ ਉਤੇ ਇਤਰਾਜ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਨੇ ਜਨਤਕ ਪ੍ਰੋਗਰਾਮ 'ਚ ਹਾਈਕਮਾਨ ਦੀ ਬੇਇੱਜ਼ਤੀ ਕੀਤੀ ਹੈ ਜਦਕਿ ਹਾਈਕਮਾਨ ਦੇ ਸੀਨੀਅਰ ਆਗੂਆਂ ਵੱਲੋਂ ਨਵਜੋਤ ਸਿੱਧੂ ਨੂੰ ਮਾਣ ਸਤਿਕਾਰ ਦਿੱਤਾ ਗਿਆ। ਦੱਸਣਯੋਗ ਹੈ ਕਿ ਨਵਜੋਤ ਸਿੱਧੂ ਨੇ 'ਖੇਤੀ ਬਚਾਓ ਯਾਤਰਾ' ਤੋਂ ਪਹਿਲਾਂ ਬੱਧਨੀ ਕਲਾਂ ਵਿਖੇ ਰਾਹੁਲ ਗਾਂਧੀ ਦੀ ਹਾਜ਼ਰੀ 'ਚ ਹੋਈ ਜਨਤਕ ਰੈਲੀ ਵਿਚ ਸਟੇਜ ਸਕੱਤਰ ਦੀ ਡਿਊਟੀ ਨਿਭਾ ਰਹੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਰੰਧਾਵਾ ਦੀ ਸ਼ਰੇਆਮ ਬੇਇੱਜ਼ਤੀ ਕਰ ਦਿੱਤੀ ਸੀ ਜਦੋਂ ਉਹ ਸਿੱਧੂ ਨੂੰ ਭਾਸ਼ਣ ਛੋਟਾ ਕਰਨ ਬਾਰੇ ਸਲਿੱਪ ਦੇ ਰਹੇ ਸਨ। ਸ੍ਰੀ ਰੰਧਾਵਾ ਨੇ ਕਿਹਾ ਕਿ ਨਵਜੋਤ ਸਿੱਧੂ ਨੇ ਅਜਿਹਾ ਵਿਹਾਰ ਦਿਖਾ ਕੇ ਉਨ੍ਹਾਂ ਦੀ ਹੀ ਨਹੀਂ ਬਲਕਿ ਹਾਈਕਮਾਨ ਦੀ ਵੀ ਬੇਇੱਜ਼ਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਹਰੀਸ਼ ਰਾਵਤ ਨੂੰ ਮੌਕੇ 'ਤੇ ਸਿੱਧੂ ਨੂੰ ਉਦੋਂ ਹੀ ਵਰਜਣਾ ਚਾਹੀਦਾ ਸੀ ਪਰ ਅਫਸੋਸ, ਅਜਿਹਾ ਨਹੀਂ ਹੋਇਆ।

# ਲੋਕ ਇਨਸਾਫ ਪਾਰਟੀ ਤੇ ਇਨਸਾਫ ਦੀ ਆਵਾਜ਼ ਪਾਰਟੀ ਦਾ ਰਲੇਵਾਂ

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੀਆਂ ਪੰਜਾਬ ਹਿਤੈਸ਼ੀ ਅਤੇ ਭ੍ਰਿਸ਼ਟਾਚਾਰ ਵਿਰੋਧੀ ਨੀਤੀਆਂ ਨੂੰ ਦੇਖਦੇ ਹੋਏ ਇਨਸਾਫ ਦੀ ਆਵਾਜ਼ ਪਾਰਟੀ ਦੇ ਕੌਮੀ ਪ੍ਰਧਾਨ ਮਹਿੰਦਰਪਾਲ ਸਿੰਘ ਦਾਨਗੜ੍ਹ ਨੇ ਆਪਣੀ ਪਾਰਟੀ ਨੂੰ ਭੰਗ ਕਰ ਕੇ ਲੋਕ ਇਨਸਾਫ ਪਾਰਟੀ ਵਿਚ ਸ਼ਾਮਲ ਕਰਨ ਦਾ ਐਲਾਨ ਕੀਤਾ ਹੈ।

ਲੋਕ ਇਨਸਾਫ ਪਾਰਟੀ ਦੇ ਮੁੱਖ ਦਫਤਰ ਵਿਚ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਅਤੇ ਸਰਪ੍ਰਸਤ ਜਥੇਦਾਰ ਬਲਵਿੰਦਰ ਸਿੰਘ ਬੈਂਸ ਨੇ ਆਪਣੀ ਪਾਰਟੀ ਵਿਚ ਸ਼ਾਮਲ ਹੋਏ ਸਮੂਹ ਅਹੁਦੇਦਾਰਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਸ ਨਾਲ ਲੋਕ ਇਨਸਾਫ ਪਾਰਟੀ ਦੀ ਤਾਕਤ ਵਿਚ ਹੋਰ ਵਾਧਾ ਹੋਇਆ ਹੈ ਅਤੇ ਅਸੀਂ ਸਾਰੇ ਰਲ ਕੇ ਪਾਰਟੀ ਨੂੰ ਇੰਨਾ ਮਜ਼ਬੂਤ ਕਰ ਦਿਆਂਗੇ ਕਿ ਪੰਜਾਬ ਦੇ ਲੋਕ ਰਵਾਇਤੀ ਸਿਆਸੀ ਪਾਰਟੀਆਂ (ਅਕਾਲੀ ਦਲ ਅਤੇ ਕਾਂਗਰਸ) ਦੀਆਂ ਭ੍ਰਿਸ਼ਟ ਅਤੇ ਲੋਕ ਮਾਰੂ ਨੀਤੀਆਂ ਨੂੰ ਦੇਖਦਿਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਤੀਜਾ ਬਦਲ ਚੁਣਨਗੇ।






# ਚਾਲੂ ਵਿੱਤੀ ਸਾਲ ਦੌਰਾਨ 9.5 ਫੀਸਦ ਡਿੱਗੇਗੀ ਜੀ. ਡੀ. ਪੀ.

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਨੇ ਕਿਹਾ ਹੈ ਕਿ ਮੌਜੂਦਾ ਵਿੱਤੀ ਵਰ੍ਹੇ ਵਿਚ ਅਰਥਚਾਰੇ ਵਿਚ 9.5 ਪ੍ਰਤੀਸ਼ਤ ਦੀ ਗਿਰਾਵਟ ਆ ਸਕਦੀ ਹੈ। ਰਿਜ਼ਰਵ ਬੈਂਕ ਨੇ ਮੁਦਰਾ ਨੀਤੀ ਕਮੇਟੀ ਦੀ ਤਿੰਨ ਦਿਨਾਂ ਸਮੀਖਿਆ ਬੈਠਕ ਤੋਂ ਬਾਅਦ ਇਹ ਅਨੁਮਾਨ ਲਗਾਇਆ ਹੈ। ਇਸ ਤੋਂ ਪਹਿਲਾਂ ਕੇਂਦਰੀ ਅੰਕੜਾ ਦਫਤਰ (ਸੀ.ਐਸ.ਓ.) ਵੱਲੋਂ ਜਾਰੀ ਅਨੁਮਾਨਾਂ ਅਨੁਸਾਰ ਪਹਿਲੀ ਤਿਮਾਹੀ ਵਿਚ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿਚ 23.9 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ।

ਮੁਦਰਾ ਨੀਤੀ ਕਮੇਟੀ ਦੀ ਬੈਠਕ ਤੋਂ ਬਾਅਦ ਆਰ.ਬੀ.ਆਈ. ਦੇ ਰਾਜਪਾਲ ਸ਼ਕਤੀਕਾਂਤ ਦਾਸ ਨੇ ਕਿਹਾ ਹੈ ਕਿ ਭਾਰਤੀ ਆਰਥਿਕਤਾ ਕਰੋਨਾ ਵਿਰੁੱਧ ਮੁਹਿੰਮ ਦੇ ਫੈਸਲਾਕੁਨ ਪੜਾਅ ਵਿਚ ਦਾਖਲ ਹੋ ਰਹੀ ਹੈ। ਅਪਰੈਲ-ਜੂਨ ਤਿਮਾਹੀ ਵਿਚ ਆਰਥਿਕਤਾ ਵਿਚ ਆਈ ਗਿਰਾਵਟ ਹੁਣ ਬਹੁਤ ਪਿੱਛੇ ਰਹਿ ਗਈ ਹੈ ਅਤੇ ਆਰਥਿਕਤਾ ਵਿਚ ਆਸ ਦੀ ਕਿਰਨ ਨਜ਼ਰ ਆਉਣ ਲੱਗੀ ਹੈ।

ਉਧਰ, ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਮੁਦਰਾ ਨੀਤੀ 'ਤੇ ਸਮੀਖਿਆ ਦੌਰਾਨ ਨੀਤੀਗਤ ਵਿਆਜ ਦਰਾਂ ਵਿਚ ਫੇਰਬਦਲ ਤੋਂ ਹੱਥ ਪਿਛਾਂਹ ਖਿਚਦਿਆਂ ਰੈਪੋ ਦਰ ਨੂੰ 4 ਫੀਸਦ ਤੇ ਰਿਵਰਸ ਰੈਪੋ ਦਰ ਨੂੰ 3.35 ਫੀਸਦ 'ਤੇ ਬਰਕਰਾਰ ਰੱਖਿਆ ਹੈ। ਆਰ.ਬੀ.ਆਈ. ਨੇ ਹਾਲਾਂਕਿ ਸਾਫ ਕਰ ਦਿੱਤਾ ਕਿ ਕੋਵਿਡ-19 ਦੀ ਮਾਰ ਝੱਲ ਰਹੇ ਅਰਥਚਾਰੇ ਨੂੰ ਅੱਗੇ ਵਧਾਉਣ ਲਈ ਲੋੜ ਪੈਣ ਉਤੇ ਨਰਮ ਪਹੁੰਚ ਅਪਨਾਉਂਦਿਆਂ ਨੀਤੀਗਤ ਦਰਾਂ ਵਿਚ ਕਟੌਤੀ ਕੀਤੀ ਜਾ ਸਕਦੀ ਹੈ।

ਭਾਰਤੀ ਰਿਜ਼ਰਵ ਬੈਂਕ ਨੇ ਸਮੀਖਿਆ ਮੀਟਿੰਗ ਦੌਰਾਨ ਕਿਹਾ ਕਿ ਮੌਜੂਦਾ ਵਿੱਤੀ ਵਰ੍ਹੇ ਵਿਚ ਅਰਥਚਾਰੇ ਵਿਚ 9.5 ਪ੍ਰਤੀਸ਼ਤ ਦੀ ਗਿਰਾਵਟ ਆ ਸਕਦੀ ਹੈ। ਕੇਂਦਰੀ ਬੈਂਕ ਨੇ ਮੁਦਰਾ ਨੀਤੀ ਕਮੇਟੀ (ਐਮ.ਪੀ.ਸੀ.) ਦੀ ਤਿੰਨ ਦਿਨਾਂ ਸਮੀਖਿਆ ਮੀਟਿੰਗ ਮਗਰੋਂ ਇਹ ਅਨੁਮਾਨ ਲਗਾਇਆ ਹੈ। ਇਸ ਤੋਂ ਪਹਿਲਾਂ ਕੇਂਦਰੀ ਅੰਕੜਾ ਦਫਤਰ (ਸੀ.ਐਸ.ਓ.) ਵੱਲੋਂ ਜਾਰੀ ਅਨੁਮਾਨਾਂ ਅਨੁਸਾਰ ਪਹਿਲੀ ਤਿਮਾਹੀ ਵਿਚ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿਚ 23.9 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ।

ਮੁਦਰਾ ਨੀਤੀ ਕਮੇਟੀ ਦੀ ਬੈਠਕ ਤੋਂ ਬਾਅਦ ਆਰ.ਬੀ.ਆਈ. ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਹੈ ਕਿ ਭਾਰਤੀ ਆਰਥਿਕਤਾ ਕਰੋਨਾ ਵਿਰੁੱਧ ਮੁਹਿੰਮ ਦੇ ਫੈਸਲਾਕੁਨ ਪੜਾਅ ਵਿਚ ਦਾਖਲ ਹੋ ਰਹੀ ਹੈ। ਸ੍ਰੀ ਦਾਸ ਨੇ ਕਿਹਾ, "ਅਪਰੈਲ-ਜੂਨ ਤਿਮਾਹੀ ਵਿਚ ਆਰਥਿਕਤਾ ਵਿਚ ਆਈ ਗਿਰਾਵਟ ਹੁਣ ਬਹੁਤ ਪਿੱਛੇ ਰਹਿ ਗਈ ਹੈ ਅਤੇ ਆਰਥਿਕਤਾ ਵਿਚ ਆਸ ਦੀ ਕਿਰਨ ਨਜ਼ਰ ਆਉਣ ਲੱਗੀ ਹੈ।"

ਇਸ ਤੋਂ ਪਹਿਲਾਂ ਆਰ.ਬੀ.ਆਈ. ਨੇ ਕੁਝ ਮਹੀਨੇ ਪਹਿਲਾਂ 22 ਮਈ ਨੂੰ ਕੋਵਿਡ-19 ਸੰਕਟ ਤੋਂ ਅਸਰਅੰਦਾਜ਼ ਅਰਥਚਾਰੇ ਵਿਚ ਮੰਗ ਨੂੰ ਰਫਤਾਰ ਦੇਣ ਦੇ ਇਰਾਦੇ ਨਾਲ ਨੀਤੀਗਤ ਦਰ ਵਿਚ ਕਟੌਤੀ ਕੀਤੀ ਸੀ। ਇਸ ਕਟੌਤੀ ਮਗਰੋਂ ਨੀਤੀਗਤ ਦਰ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ ਸੀ।

# 2.9 ਕਰੋੜ ਲੜਕੀਆਂ ਆਧੁਨਿਕ ਗੁਲਾਮੀ ਦਾ ਸ਼ਿਕਾਰ

**ਸੰਯੁਕਤ ਰਾਸ਼ਟਰ:** ਸੱਜਰੀ ਰਿਪੋਰਟ ਅਨੁਸਾਰ 2.9 ਕਰੋੜ ਮਹਿਲਾਵਾਂ ਅਤੇ ਲੜਕੀਆਂ ਆਧੁਨਿਕ ਗੁਲਾਮੀ ਦਾ ਸ਼ਿਕਾਰ ਹਨ, ਜਿਨ੍ਹਾਂ ਦਾ ਬੰਧੂਆ ਮਜ਼ਦੂਰੀ, ਜਬਰੀ ਵਿਆਹ, ਕਰਜ਼ੇ ਬਦਲੇ ਮਜ਼ਦੂਰੀ ਅਤੇ ਘਰੇਲੂ ਨੌਕਰਾਣੀਆਂ ਜਿਹੀਆਂ ਪ੍ਰਥਾਵਾਂ ਰਾਹੀਂ ਸ਼ੋਸ਼ਣ ਕੀਤਾ ਜਾਂਦਾ ਹੈ।

ਵਾਕ ਫਰੀ ਐਂਟੀ-ਸਲੇਵਰੀ ਆਰਗੇਨਾਈਜ਼ੇਸ਼ਨ ਦੀ ਸਹਿ-ਸੰਸਥਾਪਕ ਗ੍ਰੇਸ ਫੋਰੈਸਟ ਨੇ ਕਿਹਾ ਕਿ ਇਸ ਦਾ ਅਰਥ ਹੈ ਕਿ ਹਰ 130 ਮਹਿਲਾਵਾਂ ਅਤੇ ਲੜਕੀਆਂ ਵਿਚੋਂ ਇਕ ਆਧੁਨਿਕ ਯੁੱਗ ਦੀ ਗੁਲਾਮੀ ਦਾ ਸ਼ਿਕਾਰ ਹੈ, ਜਿਨ੍ਹਾਂ ਦੀ ਗਿਣਤੀ ਆਸਟਰੇਲੀਆ ਦੀ ਕੁੱਲ ਆਬਾਦੀ ਤੋਂ ਵੀ ਵੱਧ ਬਣਦੀ ਹੈ। ਉਨ੍ਹਾਂ ਯੂ.ਐਨ. ਦੀ ਪ੍ਰੈੱਸ ਕਾਨਫਰੰਸ ਮੌਕੇ ਕਿਹਾ, "ਸੱਚਾਈ ਇਹ ਹੈ ਕਿ ਅੱਜ ਦੇ ਯੁੱਗ ਵਿਚ ਇਤਿਹਾਸ ਦੇ ਕਿਸੇ ਵੀ ਸਮੇਂ ਨਾਲੋਂ ਵੱਧ ਲੋਕ ਗੁਲਾਮੀ ਹੇਠ ਰਹਿ ਰਹੇ ਹਨ।"

ਉਨ੍ਹਾਂ ਦੱਸਿਆ ਕਿ ਆਧੁਨਿਕ ਗੁਲਾਮੀ ਦਾ ਅਰਥ ਹੈ ਕਿ ਤਰੀਕੇ ਨਾਲ ਕਿਸੇ ਸ਼ਖਸ ਦੀ ਆਜ਼ਾਦੀ ਖੋਹ ਲੈਣਾ, ਜਿਥੇ ਇਕ ਵਿਅਕਤੀ ਵਲੋਂ ਆਪਣੇ ਨਿੱਜੀ ਜਾਂ ਵਿੱਤੀ ਫਾਇਦੇ ਲਈ ਕਿਸੇ ਦੂਜੇ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਫੋਰੈਸਟ ਨੇ ਦੱਸਿਆ ਕਿ 130 ਮਹਿਲਾਵਾਂ ਅਤੇ ਲੜਕੀਆਂ 'ਚੋਂ ਇਕ ਆਧੁਨਿਕ ਗੁਲਾਮੀ ਦਾ ਸ਼ਿਕਾਰ ਹੈ।

# ਰਾਹੁਲ ਗਾਂਧੀ ਨੇ ਮੋਦੀ 'ਤੇ ਫਿਰ ਨਿਸ਼ਾਨਾ ਲਾਇਆ



**ਨਵੀਂ ਦਿੱਲੀ:** ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ ਉਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਫੌਜ ਦੇ ਜਵਾਨਾਂ ਨੂੰ ਬਿਨਾਂ ਬੁਲੇਟ ਪਰੂਫ ਵਾਲੇ ਵਾਹਨ ਮੁਹੱਈਆ ਕਰਵਾਏ ਜਾ ਰਹੇ ਹਨ ਜਦਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਜਹਾਜ਼ ਖਰੀਦਣ ਲਈ 8400 ਕਰੋੜ ਰੁਪਏ ਖਰਚੇ ਜਾ ਰਹੇ ਹਨ।

ਟਵਿੱਟਰ ਉਤੇ ਰਾਹੁਲ ਨੇ ਪੁੱਛਿਆ ਕਿ 'ਕੀ ਇਹ ਨਿਆਂ ਹੈ?' ਰਾਹੁਲ ਨੇ ਇਕ ਵੀਡੀਓ ਵੀ ਪੋਸਟ ਕੀਤੀ ਹੈ ਜਿਸ ਨੂੰ ਸੈਨਿਕਾਂ ਵਿਚਾਲੇ ਹੋਈ ਗੱਲਬਾਤ ਦੱਸਿਆ ਗਿਆ ਹੈ। ਵੀਡੀਓ ਵਿਚ ਬਿਨਾਂ ਬੁਲੇਟ ਪਰੂਫ ਵਾਹਨਾਂ ਤੋਂ ਸੈਨਿਕਾਂ ਨੂੰ ਲਿਜਾਣ ਬਾਰੇ ਗੱਲਬਾਤ ਹੋ ਰਹੀ ਹੈ। ਰਾਹੁਲ ਨੇ ਕਿਹਾ ਕਿ ਸਾਡੇ ਜਵਾਨਾਂ ਨੂੰ ਬਿਨਾਂ ਬੁਲੇਟ ਪਰੂਫ ਟਰੱਕਾਂ ਤੋਂ ਸ਼ਹੀਦ ਹੋਣ ਲਈ ਭੇਜਿਆ ਜਾ ਰਿਹਾ ਹੈ ਤੇ ਪ੍ਰਧਾਨ ਮੰਤਰੀ ਲਈ 8400 ਕਰੋੜ ਦਾ ਜਹਾਜ਼ ਖਰੀਦਿਆ ਜਾ ਰਿਹਾ ਹੈ।

ਵੀਡੀਓ ਵਿਚ ਨਜ਼ਰ ਆ ਰਿਹਾ ਕਿ ਸੈਨਿਕ ਬਿਨਾਂ ਬੁਲੇਟ ਪਰੂਫ ਵਾਹਨਾਂ ਵਿਚ ਲਿਜਾਏ ਜਾਣ 'ਤੇ ਇਤਰਾਜ਼ ਕਰ ਰਹੇ ਹਨ ਜਦਕਿ ਸੀਨੀਅਰ ਅਧਿਕਾਰੀ ਬੁਲੇਟ ਪਰੂਫ ਵਾਹਨ ਵਰਤ ਰਹੇ ਹਨ। ਉਹ ਇਹ ਵੀ ਸ਼ਿਕਾਇਤ ਕਰ ਰਹੇ ਹਨ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਨਾਲ ਸਮਝੌਤਾ ਕੀਤਾ ਜਾ ਰਿਹਾ ਹੈ, ਅਥਾਰਿਟੀ ਉਨ੍ਹਾਂ ਅਤੇ ਪਰਿਵਾਰਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਰਹੀ ਹੈ। ਗਾਂਧੀ ਨੇ ਇਸ ਤੋਂ ਪਹਿਲਾਂ ਵੀ ਮੋਦੀ ਲਈ ਵੀ.ਵੀ.ਆਈ.ਪੀ. ਜਹਾਜ਼ ਖਰੀਦਣ ਉਤੇ ਇਤਰਾਜ਼ ਕੀਤਾ ਸੀ ਤੇ ਕਿਹਾ ਸੀ ਕਿ ਐਨੇ ਪੈਸੇ ਵਿਚ ਸਿਆਚਿਨ-ਲੱਦਾਖ ਵਿਚ ਤਾਇਨਾਤ ਫੌਜੀਆਂ ਲਈ ਕਈ ਕੁਝ ਖਰੀਦਿਆ ਜਾ ਸਕਦਾ ਸੀ। ਪੰਜਾਬ ਦੌਰੇ ਉਤੇ ਆਏ ਰਾਹੁਲ ਨੇ ਕਿਹਾ ਸੀ ਕਿ ਮੋਦੀ ਕਰੋੜਾਂ ਰੁਪਏ 'ਬਰਬਾਦ ਕਰ ਰਹੇ ਹਨ।'

# Matrimonials

## ਲੜਕੀ ਦੀ ਲੋੜ ਹੈ

ਅਮਰੀਕਾ ਵਿਚ ਵੈਲ ਸੈਟਲਡ ਬਿਜਨਸਮੈਨ 38 ਸਾਲਾ, 5'-6", ਗੁਰ ਸਿੱਖ ਲੜਕੇ ਲਈ ਗੁਰ ਸਿੱਖ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 317-989-4241 ਜਾਂ 317-797-1811

42-45

ਸਰਸਵਤ ਬ੍ਰਾਹਮਣ (ਤਲਾਕਸ਼ੁਦਾ), ਉਮਰ 35 ਸਾਲ, 5'-8", ਯੂ. ਐਸ. ਏ. ਵਿਚ ਵਰਕ ਪਰਮਿਟ 'ਤੇ, ਟਰੱਕ ਡਰਾਈਵਰ ਲੜਕੇ ਲਈ ਕੈਨੇਡੀਅਨ-ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਭਾਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। 15 ਏਕੜ ਕਮਰਸ਼ੀਅਲ ਜ਼ਮੀਨ ਤੇ ਚਾਰ ਦੁਕਾਨਾਂ ਹਨ। ਸੰਪਰਕ ਕਰੋ, ਫੋਨ: 91-85095 80002 (ਇੰਡੀਆ) ਜਾਂ 785-213-2555 (ਅਮਰੀਕਾ)।

37-40

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com

30-33

## ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102

40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com

36-39

*Visit us on the web:*
***www.punjabtimesusa.com***

# ਔਰਤਾਂ ਖਿਲਾਫ ਜੁਰਮ ਰੋਕਣ ਲਈ ਹਦਾਇਤਾਂ ਜਾਰੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸੂਬਿਆਂ ਅਤੇ ਯੂਟੀਜ਼ ਨੂੰ ਤਾਜ਼ੇ ਨਿਰਦੇਸ਼ ਜਾਰੀ ਕਰਦਿਆਂ ਕਿਹਾ ਹੈ ਕਿ ਔਰਤਾਂ ਖਿਲਾਫ ਜੁਰਮ ਦੇ ਕੇਸਾਂ 'ਚ ਫੌਰੀ ਲਾਜ਼ਮੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਹੈ ਕਿ ਜਬਰ ਜਨਾਹ ਦੇ ਕੇਸ ਕਾਨੂੰਨ ਮੁਤਾਬਕ ਦੋ ਮਹੀਨੇ 'ਚ ਮੁਕੰਮਲ ਹੋਣੇ ਚਾਹੀਦੇ ਹਨ। ਆਖਰੀ ਸਾਹਾਂ 'ਤੇ ਪੀੜਤ ਦੇ ਬਿਆਨ ਨੂੰ ਸਿਰਫ ਇਸ ਲਈ ਖਾਰਜ ਨਹੀਂ ਕੀਤਾ ਜਾਣਾ ਚਾਹੀਦਾ ਹੈ ਕਿ ਮੌਕੇ 'ਤੇ ਇਸ ਨੂੰ ਮੈਜਿਸਟਰੇਟ ਵੱਲੋਂ ਰਿਕਾਰਡ ਨਹੀਂ ਕੀਤਾ ਗਿਆ ਸੀ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਤਿੰਨ ਪੰਨਿਆਂ ਦੇ ਇਹ ਨਿਰਦੇਸ਼ ਉਸ ਸਮੇਂ ਜਾਰੀ ਕੀਤੇ ਹਨ ਜਦੋਂ ਯੂਪੀ ਦੇ ਹਾਥਰਸ 'ਚ ਕਥਿਤ ਸਮੂਹਿਕ ਜਬਰ ਜਨਾਹ ਅਤੇ ਹੱਤਿਆ ਦੇ ਮਾਮਲੇ 'ਚ ਪੂਰੇ ਦੇਸ਼ 'ਚ ਰੋਸ ਫੈਲ ਗਿਆ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਸਜ਼ਾਯਾਫਤਾ ਅਪਰਾਧ ਦੇ ਮਾਮਲੇ 'ਚ ਐਫ.ਆਈ.ਆਰ. ਜ਼ਰੂਰੀ ਦਰਜ ਹੋਣੀ ਚਾਹੀਦੀ ਹੈ। ਮੰਤਰਾਲੇ ਨੇ ਕਿਹਾ ਕਿ ਜੇਕਰ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਤੋਂ ਬਾਹਰ ਅਪਰਾਧ ਹੁੰਦਾ ਹੈ ਤਾਂ ਪੁਲਿਸ 'ਜ਼ੀਰੋ ਐਫ.ਆਈ.ਆਰ.' ਦਰਜ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਕਾਨੂੰਨ 'ਚ ਕਈ ਸਖਤ ਧਾਰਾਵਾਂ ਹਨ ਪਰ ਜੇਕਰ ਪੁਲਿਸ ਇਨ੍ਹਾਂ ਨੂੰ ਲਾਗੂ ਕਰਨ 'ਚ ਨਾਕਾਮ ਰਹਿੰਦੀ ਹੈ ਤਾਂ ਇਸ ਦੀ ਜਾਂਚ ਕੀਤੇ ਜਾਣ ਦੀ ਲੋੜ ਹੈ ਅਤੇ ਸਬੰਧਤ ਅਧਿਕਾਰੀਆਂ ਖਿਲਾਫ ਤੁਰਤ ਸਖਤ ਕਾਰਵਾਈ ਹੋਵੇ। ਗ੍ਰਹਿ ਮੰਤਰਾਲੇ ਨੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਕਿਹਾ ਹੈ ਕਿ ਜਬਰ ਜਨਾਹ ਸਬੰਧੀ ਪੁਲਿਸ ਜਾਂਚ ਧਾਰਾ 173 ਤਹਿਤ ਦੋ ਮਹੀਨਿਆਂ 'ਚ ਮੁਕੰਮਲ ਹੋਵੇ ਅਤੇ ਧਾਰਾ 164-ਏ ਤਹਿਤ ਪੀੜਤਾ ਦੀ ਸੂਚਨਾ ਮਿਲਣ ਦੇ 24 ਘੰਟਿਆਂ ਅੰਦਰ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਤੋਂ ਪੜਤਾਲ ਹੋਣੀ ਚਾਹੀਦੀ ਹੈ। ਨਿਰਦੇਸ਼ਾਂ 'ਚ ਕਿਹਾ ਗਿਆ ਹੈ ਕਿ ਇੰਡੀਅਨ ਐਵੀਡੈਂਸ ਐਕਟ, 1872 ਤਹਿਤ ਜਿਸ ਵਿਅਕਤੀ ਦੀ ਮੌਤ ਹੋਈ ਹੈ, ਉਸ ਦੇ ਲਿਖਤੀ ਜਾਂ ਜ਼ੁਬਾਨੀ ਬਿਆਨਾਂ ਨੂੰ ਜਾਂਚ ਦੌਰਾਨ ਜਾਇਜ਼ ਮੰਨਿਆ ਜਾਂਦਾ ਹੈ। ਗ੍ਰਹਿ ਮੰਤਰਾਲੇ ਨੇ ਇਸ ਸਬੰਧੀ ਸੁਪਰੀਮ ਕੋਰਟ ਦੇ 7 ਜਨਵਰੀ 2020 'ਚ ਸੁਣਵਾਏ ਗਏ ਫੈਸਲੇ ਦਾ ਹਵਾਲਾ ਦਿੱਤਾ ਹੈ। ਨਿਰਦੇਸ਼ਾਂ 'ਚ ਇਹ ਵੀ ਕਿਹਾ ਗਿਆ ਹੈ ਕਿ ਜਬਰ ਜਨਾਹ ਦੇ ਹਰੇਕ ਮਾਮਲੇ 'ਚ ਸੈਕਸੂਅਲ ਅਸਾਲਟ ਐਵੀਡੈਂਸ ਕੁਲੈਕਸ਼ਨ ਕਿੱਟਾਂ ਦੀ ਵਰਤੋਂ ਕੀਤੀ ਜਾਵੇ। ਉਨ੍ਹਾਂ ਮੁਲਜ਼ਮਾਂ ਦੀ ਪਛਾਣ ਲਈ ਕੌਮੀ ਡੇਟਾਬੇਸ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ।

# ਕਰੋਨਾ ਵਾਇਰਸ ਦਾ ਤੋੜ ਲੱਭਣ ਦੀ ਆਸ ਨੂੰ ਬੂਰ ਪਿਆ

**ਨਵੀਂ ਦਿੱਲੀ:** ਕਰੋਨਾ ਮਹਾਮਾਰੀ ਦਾ ਤੋੜ ਲੱਭਣ ਵਿਚ ਪੂਰੇ ਦੁਨੀਆਂ ਵਿਗਿਆਨੀ ਦਿਨ-ਰਾਤ ਇਕ ਕਰ ਰਹੇ ਹਨ। ਇਹ ਗੱਲ ਹੁਣ ਸਪਸ਼ਟ ਹੋ ਚੁੱਕੀ ਹੈ ਕਿ ਕਰੋਨਾ ਵੈਕਸੀਨ ਹੀ ਇਸ ਮਹਾਮਾਰੀ ਦਾ ਮੂੰਹ ਮੋੜ ਸਕਦੀ ਹੈ। ਇਸ ਲਈ ਵਿਗਿਆਨੀਆਂ ਨੇ ਇਸ ਸਾਲ ਦੇ ਅੰਤ ਤੱਕ ਵੈਕਸੀਨ ਮਾਰਕੀਟ ਵਿਚ ਉਤਾਰਨ ਬਾਰੇ ਪੁਖਤਾ ਦਾਅਵੇ ਕੀਤੇ ਹਨ। ਰਾਹਤ ਦੇਣ ਵਾਲੀਆਂ ਖਬਰਾਂ ਇਹ ਆ ਰਹੀਆਂ ਹਨ ਕਿ ਕਰੋਨਾ ਸਬੰਧੀ ਅਨੇਕਾਂ ਦੇਸ਼ਾਂ ਵਿਚ ਟੀਕੇ ਤਿਆਰ ਕਰਨ ਸਬੰਧੀ ਜੋ ਤਜਰਬੇ ਹੋ ਰਹੇ ਹਨ, ਉਹ ਸਾਰੇ ਆਖਰੀ ਪੜਾਅ ਉਤੇ ਪੁੱਜ ਗਏ ਹਨ।




ਕੇਂਦਰੀ ਸਿਹਤ ਮੰਤਰੀ ਡਾ. ਹਰਸ਼ਵਰਧਨ ਨੇ ਪਿਛਲੇ ਮਹੀਨੇ ਰਾਜ ਸਭਾ ਵਿਚ ਇਹ ਦੱਸਿਆ ਸੀ ਕਿ ਇਸ ਸਮੇਂ ਭਾਰਤ ਦੀਆਂ 30 ਤੋਂ ਵੱਧ ਕੰਪਨੀਆਂ ਦੇ ਟਰਾਇਲ ਜਾਰੀ ਹਨ ਜਿਹੜੀਆਂ ਕਿ ਵਿਦੇਸ਼ੀ ਕੰਪਨੀਆਂ ਨਾਲ ਮਿਲ ਕੇ ਇਸ ਕੰਮ ਵਿਚ ਲੱਗੀਆਂ ਹੋਈਆਂ ਹਨ। ਉਦਾਹਰਨ ਦੇ ਤੌਰ 'ਤੇ ਕੋਵਿਡਸ਼ਿਲਡ ਟੀਕਾ ਤਿਆਰ ਕੀਤਾ ਜਾ ਰਿਹਾ ਹੈ, ਜਿਸ ਬਾਰੇ ਪੂਨੇ ਦੀ ਸੀਰਮ ਇੰਸਟੀਚਿਊਟ ਦਾ ਆਕਸਫੋਰਡ ਯੂਨੀਵਰਸਿਟੀ ਦੀ ਜੀਨਰ ਇੰਸਟੀਚਿਊਟ ਅਤੇ ਆਸਟਰਾ ਜੈਨੀਕਾ ਨਾਲ ਸਮਝੌਤਾ ਹੈ।

ਤੀਜੇ ਪੜਾਅ 'ਤੇ ਇੰਗਲੈਂਡ ਵਿਚ ਇਕ ਵਿਅਕਤੀ ਉਤੇ ਇਸ ਦੇ ਪਏ ਮਾੜੇ ਪ੍ਰਭਾਵ ਤੋਂ ਬਾਅਦ ਇਸ ਦੇ ਤਜਰਬਿਆਂ ਨੂੰ ਰੋਕ ਦਿੱਤਾ ਗਿਆ ਸੀ ਪਰ ਹੁਣ ਦੁਬਾਰਾ ਇਨ੍ਹਾਂ ਨੂੰ ਸ਼ੁਰੂ ਕੀਤਾ ਗਿਆ ਹੈ ਅਤੇ ਪੂਨਾ ਦੀ ਸੀਰਮ ਇੰਸਟੀਚਿਊਟ ਨੇ ਵੀ ਮੁੜ ਇਸ ਸਬੰਧੀ ਤਜਰਬੇ ਸ਼ੁਰੂ ਕਰ ਦਿੱਤੇ ਹਨ। ਭਾਰਤ ਵਿਚ ਵੀ ਇਹ ਤਜਰਬੇ ਤੀਜੇ ਪੜਾਅ 'ਤੇ ਪੁੱਜ ਗਏ ਹਨ। ਭਾਰਤ ਦਾ ਸਿਹਤ ਮੰਤਰਾਲਾ ਇਸ ਸਬੰਧੀ ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਨਾਲ ਪੂਰੇ ਸੰਪਰਕ ਵਿਚ ਹੈ। ਇਸੇ ਤਰ੍ਹਾਂ ਰੂਸ ਵਲੋਂ ਤਿਆਰ ਕੀਤੇ ਸਪੁਤਨਿਕ ਨਾਂ ਦੇ ਟੀਕੇ ਨੂੰ ਉਸ ਦੇਸ਼ ਦੇ ਲੱਖਾਂ ਲੋਕਾਂ ਨੂੰ ਲਗਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਇਨ੍ਹਾਂ ਨਤੀਜਿਆਂ ਨੇ ਦੁਨੀਆਂ ਭਰ ਵਿਚ ਵੱਡੀ ਆਸ ਪੈਦਾ ਕੀਤੀ ਹੈ। ਭਾਰਤ ਨੇ ਵੀ ਸਪੁਤਨਿਕ ਦੀਆਂ 10 ਕਰੋੜ ਡੋਜ਼ਾਂ (ਖੁਰਾਕਾਂ) ਮੰਗਵਾਉਣ ਲਈ ਕਰਾਰ ਕੀਤਾ ਹੈ।

ਡਾ: ਰੈਡੀ'ਸ ਲੈਬ ਵਿਚ ਵੀ ਇਸ ਟੀਕੇ ਦੀਆਂ ਖੁਰਾਕਾਂ ਨੂੰ ਤਿਆਰ ਕਰਨ ਦੇ ਪੂਰੇ ਪ੍ਰਬੰਧ ਕਰ ਲਏ ਗਏ ਹਨ। ਚੰਡੀਗੜ੍ਹ ਪੀ.ਜੀ.ਆਈ. ਵਿਚ ਵੀ ਆਕਸਫੋਰਡ ਯੂਨੀਵਰਸਿਟੀ ਦੇ ਟੀਕੇ ਦਾ ਟਰਾਇਲ ਤੀਸਰੇ ਪੜਾਅ ਉਤੇ ਪੁੱਜ ਗਿਆ ਹੈ ਅਤੇ ਇਸ ਦੇ ਚੰਗੇ ਨਤੀਜੇ ਮਿਲਣ ਦੀ ਆਸ ਕੀਤੀ ਜਾ ਰਹੀ ਹੈ। ਅਮਰੀਕਾ ਦੀ ਜਾਨਸਨ ਐਂਡ ਜਾਨਸਨ ਕੰਪਨੀ ਨੇ 60 ਹਜ਼ਾਰ ਲੋਕਾਂ 'ਤੇ ਸਫਲ ਟਰਾਇਲ ਤੋਂ ਬਾਅਦ ਲੋਕਾਂ ਉਤੇ ਕਲੀਨੀਕਲ ਟਰਾਇਲ ਸ਼ੁਰੂ ਕਰ ਦਿੱਤੇ ਹਨ।

ਭਾਰਤ ਨਾਲ ਵੀ ਇਸ ਕੰਪਨੀ ਨੇ ਖੁਰਾਕਾਂ ਦੇਣ ਦਾ ਸਮਝੌਤਾ ਕੀਤਾ ਹੈ। ਕੇਂਦਰੀ ਸਿਹਤ ਮੰਤਰੀ ਨੇ ਇਹ ਐਲਾਨ ਕੀਤਾ ਹੈ ਕਿ ਅਗਲੇ ਸਾਲ ਜੁਲਾਈ ਤੱਕ 25 ਕਰੋੜ ਲੋਕਾਂ ਨੂੰ ਟੀਕਾ ਲਗਾਇਆ ਜਾ ਸਕੇਗਾ। ਇਸ ਸਬੰਧੀ ਸੂਬਿਆਂ ਨੂੰ ਸੂਚੀਆਂ ਤਿਆਰ ਕਰਨ ਨੂੰ ਕਿਹਾ ਗਿਆ ਹੈ। ਤਰਤੀਬਵਾਰ ਪਹਿਲਾਂ ਇਹ ਟੀਕਾ ਸਿਹਤ ਕਰਮਚਾਰੀਆਂ ਨੂੰ ਲਗਾਇਆ ਜਾਏਗਾ। ਉਸ ਤੋਂ ਬਾਅਦ ਮਰੀਜ਼ਾਂ ਦੀ ਹਾਲਤ ਨੂੰ ਦੇਖ ਕੇ ਇਸ ਦੀ ਵਰਤੋਂ ਕੀਤੀ ਜਾਏਗੀ। ਉਸ ਤੋਂ ਬਾਅਦ ਇਹ ਆਮ ਲੋਕਾਂ ਦੀ ਪਹੁੰਚ ਵਿਚ ਆ ਜਾਏਗਾ। ਦੁਨੀਆਂ ਭਰ ਵਿਚ ਕੀਤੇ ਗਏ ਇਹ ਸਾਰੇ ਤਜਰਬੇ ਹੁਣ ਸਫਲਤਾ ਦੇ ਨੇੜੇ ਪੁੱਜ ਗਏ ਹਨ।


## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# Restaurant Staff Wanted

**'The Little India Restaurant' in Indianapolis, Indiana needs Cook, Waiter and Helper in the kitchen, Dishwasher.**

**Contact, Ph: 317-800-1128**

40-

# ਖੇਤੀ ਕਾਨੂੰਨ: ਪੰਜਾਬ ਵਿਚ ਥਾਂ-ਥਾਂ ਭਾਜਪਾ ਆਗੂਆਂ ਦੀ ਘੇਰਾਬੰਦੀ

## ਆਗੂਆਂ ਦੇ ਘਰਾਂ ਅੱਗੇ ਧਰਨੇ, ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਗੱਡੀ ਭੰਨੀ

**ਹੁਸ਼ਿਆਰਪੁਰ:** ਪੰਜਾਬ ਵਿਚ ਖੇਤੀ ਕਾਨੂੰਨਾਂ ਖਿਲਾਫ ਰੋਹ ਤਿੱਖਾ ਹੁੰਦਾ ਜਾ ਰਿਹਾ ਹੈ। ਕਿਸਾਨਾਂ ਦੇ ਨਿਸ਼ਾਨੇ ਉਤੇ ਹੁਣ ਭਾਜਪਾ ਆਗੂ ਆ ਗਏ ਹਨ। ਮੌਜੂਦਾ ਹਾਲਾਤ ਦੱਸ ਰਹੇ ਹਨ ਕਿ ਖੇਤੀ ਕਾਨੂੰਨਾਂ ਦੀ ਹਮਾਇਤ ਕਰਨਾ ਭਾਰਤੀ ਜਨਤਾ ਪਾਰਟੀ ਨੂੰ ਆਉਣ ਵਾਲੇ ਦਿਨਾਂ 'ਚ ਭਾਰੀ ਪੈ ਸਕਦਾ ਹੈ। ਇਸ ਦਾ ਅੰਦਾਜ਼ਾ ਉਸ ਸਮੇਂ ਲੱਗ ਗਿਆ ਜਦੋਂ ਜਲੰਧਰ ਤੋਂ ਪਠਾਨਕੋਟ ਜਾ ਰਹੇ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਗੱਡੀ 'ਤੇ ਕੁਝ ਵਿਅਕਤੀਆਂ ਨੇ ਜੋ ਕਿਸਾਨ ਸਮਰਥਕ ਦੱਸੇ ਜਾਂਦੇ ਹਨ, ਨੇ ਚੌਲਾਂਗ ਟੋਲ ਪਲਾਜ਼ਾ 'ਤੇ ਹਮਲਾ ਕਰ ਦਿੱਤਾ ਤੇ ਉਨ੍ਹਾਂ ਦੀ ਗੱਡੀ ਦੀ ਭੰਨਤੋੜ ਕੀਤੀ। ਅਸ਼ਵਨੀ ਸ਼ਰਮਾ ਨੇ ਇਹ ਹਮਲਾ ਸਰਕਾਰ ਦੀ ਸਾਜਿਸ਼ ਕਰਾਰ ਦਿੱਤਾ ਹੈ। ਇਹੀ ਨਹੀਂ ਕਿਸਾਨ ਜਥੇਬੰਦੀਆਂ ਵੱਡੀ ਗਿਣਤੀ ਭਾਜਪਾ ਆਗੂਆਂ ਦੇ ਘਰਾਂ ਅੱਗੇ ਪੱਕੇ ਡੇਰੇ ਲਾਈ ਬੈਠੀਆਂ ਹਨ। 31 ਕਿਸਾਨ ਜਥੇਬੰਦੀਆਂ ਵਲੋਂ ਖੇਤੀ ਕਾਨੂੰਨਾਂ ਵਿਰੁੱਧ ਅਣਮਿਥੇ ਸਮੇਂ ਲਈ ਰੇਲਾਂ ਰੋਕਣ, ਭਾਜਪਾ ਦੇ ਆਗੂਆਂ ਦੇ ਘਰਾਂ ਅੱਗੇ ਧਰਨੇ ਦੇਣ ਅਤੇ ਭਾਜਪਾ ਦਾ ਪਿੰਡਾਂ ਵਿਚ ਦਾਖਲਾ ਬੰਦ ਕਰਨ ਦੇ ਸੱਦੇ ਤਹਿਤ ਕਿਰਤੀ ਕਿਸਾਨ ਯੂਨੀਅਨ,



ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਅਤੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਵਲੋਂ ਭਾਜਪਾ ਦੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਦੇ ਘਰ ਸਾਹਮਣੇ ਲਾਇਆ ਧਰਨਾ ਜਾਰੀ ਹੈ। ਇਸ ਦੌਰਾਨ ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਕਿਸਾਨੀ ਵਿਰੋਧੀ ਕਾਨੂੰਨ ਰੱਦ ਕੀਤੇ ਜਾਣ ਅਤੇ ਬਿਜਲੀ ਐਕਟ ਸੋਧ ਬਿੱਲ-2020 ਵੀ ਰੱਦ ਕੀਤਾ ਜਾਵੇ।

ਖੇਤੀ ਕਾਨੂੰਨਾਂ ਖਿਲਾਫ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀ ਅਗਵਾਈ ਹੇਠ ਪਾਰਟੀ ਕਾਰਕੁਨਾਂ ਨੇ ਭਾਜਪਾ ਆਗੂ ਤਰੁਣ ਚੁੱਘ ਦੇ ਘਰ ਅੱਗੇ ਰੋਸ ਧਰਨਾ ਦਿੱਤਾ ਅਤੇ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਹਲੂਣਾ ਦੇਣ ਦਾ ਯਤਨ ਕੀਤਾ। ਇਸ ਮੌਕੇ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਵੀ ਸਾੜੀਆਂ ਗਈਆਂ। ਉਧਰ, ਪੁਲਿਸ ਨੇ ਤਰੁਣ ਚੁੱਘ ਦੇ ਘਰ ਨੇੜੇ ਸਖਤ ਸੁਰੱਖਿਆ ਦੇ ਪ੍ਰਬੰਧ ਕੀਤੇ ਹੋਏ ਸਨ। ਇਸ ਦੌਰਾਨ ਸ੍ਰੀ ਬੈਂਸ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਐਨ.ਡੀ.ਏ. ਨਾਲ ਕੀਤੇ ਤੋੜ ਵਿਛੋੜੇ ਮਗਰੋਂ ਹੁਣ ਭਾਜਪਾ ਹੀ ਪੰਜਾਬ ਦੀ ਅਗਵਾਈ ਕਰ ਰਹੀ ਹੈ। ਇਸ ਲਈ ਉਨ੍ਹਾਂ ਦੇ ਜ਼ਮੀਰ ਨੂੰ ਹਲੂਣਾ ਦੇਣ ਲਈ ਇਹ ਪ੍ਰੋਗਰਾਮ ਉਲੀਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਖੁਦ ਵੀ ਪੰਜਾਬੀ ਹਨ ਤੇ ਉਨ੍ਹਾਂ ਨੂੰ ਸੂਬੇ ਦੇ ਕਿਸਾਨਾਂ ਦੇ ਦਰਦ ਨੂੰ ਸਮਝਣਾ ਚਾਹੀਦਾ ਹੈ ਤੇ ਇਹ ਕਾਨੂੰਨ ਕਿਸਾਨ ਵਿਰੋਧੀ ਹਨ ਅਤੇ ਇਸ ਨਾਲ ਕਿਸਾਨਾਂ ਤੋਂ ਇਲਾਵਾ ਛੋਟੇ ਕਾਰੋਬਾਰੀ ਵੀ ਪ੍ਰਭਾਵਿਤ ਹੋਣਗੇ। ਉਨ੍ਹਾਂ ਆਖਿਆ ਕਿ ਇੱਕ ਪਾਸੇ ਮੋਦੀ ਸਰਕਾਰ ਕਿਸਾਨਾਂ ਨੂੰ ਗੱਲਬਾਤ ਦਾ ਸੱਦਾ ਦੇ ਰਹੀ ਹੈ ਅਤੇ ਦੂਜੇ ਪਾਸੇ ਕਿਸਾਨਾਂ ਅਤੇ ਉਨ੍ਹਾਂ ਦਾ ਸਮਰਥਨ ਕਰਨ ਵਾਲਿਆਂ ਨੂੰ ਰੇਲ ਪਟੜੀਆਂ ਤੋਂ ਹਟਾਉਣ ਲਈ ਧਮਕੀਆਂ ਦੇ ਕੇ ਡਰਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗੱਲਬਾਤ ਵਿੱਚ ਸ਼ਾਮਲ ਹੋਣ ਦੇ ਇੱਛੁਕ ਕਿਸਾਨ ਆਗੂ ਕੇਂਦਰ ਸਰਕਾਰ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਸਮਝਣ।

### ਕਿਸਾਨ ਕਰਨਗੇ ਭਾਜਪਾ ਦਾ ਸਫਾਇਆ: ਅਕਾਲੀ ਦਲ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਤੋੜ ਵਿਛੋੜੇ ਮਗਰੋਂ ਭਾਜਪਾ ਵਿਰੁੱਧ ਭੜਾਸ ਕੱਢਣੀ ਸ਼ੁਰੂ ਕਰ ਦਿੱਤੀ ਹੈ। ਅਕਾਲੀ ਦਲ ਦੇ ਆਗੂਆਂ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਭਾਜਪਾ ਬਾਦਲਾਂ ਵਿਰੁੱਧ ਝੂਠੀਆਂ ਅਫਵਾਹਾਂ ਫੈਲਾਉਣ ਤੋਂ ਬਾਜ਼ ਨਾ ਆਈ ਤਾਂ ਉਹ ਭਾਜਪਾ ਦੀਆਂ ਚਾਲਾਂ ਜੱਗ ਜ਼ਾਹਿਰ ਕਰ ਦੇਣਗੇ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਮੀਤ ਪ੍ਰਧਾਨ ਕਮਲਜੀਤ ਸਿੰਘ ਭਾਟੀਆ ਅਤੇ ਜਥੇਬੰਦਕ ਸਕੱਤਰ ਪੰਜਾਬ ਰਣਜੀਤ ਸਿੰਘ ਰਾਣਾ ਨੇ ਕਿਹਾ ਕਿ ਭਾਜਪਾ ਸੌੜੀ ਸੋਚ ਵਾਲੀ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨਾਲ ਧੋਖਾ ਕਰ ਕੇ ਭਾਜਪਾ ਸੂਬੇ ਵਿਚ ਆਪਣੀ ਹੋਂਦ ਗੁਆ ਚੁੱਕੀ ਹੈ।

# 'ਸੋਪੂ' ਦੇ ਸਾਬਕਾ ਪ੍ਰਧਾਨ ਦਾ ਕਤਲ

**ਚੰਡੀਗੜ੍ਹ:** ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਦੇ ਨਜ਼ਦੀਕੀ ਅਤੇ ਸਟੂਡੈਂਟਸ ਆਰਗੇਨਾਈਜੇਸ਼ਨ ਆਫ ਪੰਜਾਬ ਯੂਨੀਵਰਸਿਟੀ (ਸੋਪੂ) ਦੇ ਸਾਬਕਾ ਪ੍ਰਧਾਨ ਗੁਰਲਾਲ ਸਿੰਘ ਬਰਾੜ



ਦੀ ਤਿੰਨ ਅਣਪਛਾਤਿਆਂ ਨੇ ਇਥੇ ਸਨਅਤੀ ਇਲਾਕੇ ਫੇਜ਼-1 ਸਥਿਤ ਨਾਈਟ ਕਲੱਬ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਗੁਰਲਾਲ ਦੀ ਹੱਤਿਆ ਦੀ ਜ਼ਿੰਮੇਵਾਰੀ ਫੇਸਬੁੱਕ ਰਾਹੀਂ 'ਦਵਿੰਦਰ ਬੰਬੀਹਾ' ਨਾਂ ਦੀ ਆਈਡੀ ਉਤੇ ਲਈ ਗਈ ਹੈ।

ਵੇਰਵਿਆਂ ਮੁਤਾਬਕ ਗੁਰਲਾਲ ਬਰਾੜ ਅਤੇ ਮਨਦੀਪ ਸਿੰਘ ਦੇਰ ਰਾਤ ਕਲੱਬ ਵਿਚ ਜਨਮ ਦਿਨ ਦੀ ਪਾਰਟੀ 'ਚ ਆਏ ਸਨ। ਮਨਦੀਪ ਕਲੱਬ ਦੇ ਅੰਦਰ ਚਲਾ ਗਿਆ ਅਤੇ ਗੁਰਲਾਲ ਬਾਹਰ ਕਾਰ ਵਿਚ ਬੈਠਾ ਰਿਹਾ। ਇਸੇ ਦੌਰਾਨ ਮੋਟਰਸਾਈਕਲ 'ਤੇ ਆਏ ਤਿੰਨ ਨੌਜਵਾਨਾਂ ਵਿਚੋਂ ਦੋ ਨੇ ਗੁਰਲਾਲ 'ਤੇ ਅੱਧਾ ਦਰਜਨ ਤੋਂ ਵੱਧ ਗੋਲੀਆਂ ਚਲਾ ਦਿੱਤੀਆਂ ਤੇ ਫਰਾਰ ਹੋ ਗਏ। ਘਟਨਾ ਦੇਰ ਰਾਤ 12.30 ਵਜੇ ਦੇ ਕਰੀਬ ਵਾਪਰੀ ਹੈ। ਜਾਣਕਾਰੀ ਮਿਲਦੇ ਹੀ ਪੀ.ਸੀ.ਆਰ. ਮੁਲਾਜ਼ਮ ਪੀੜਤ ਨੂੰ ਪੀ.ਜੀ.ਆਈ. ਲੈ ਗਏ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਗੁਰਲਾਲ ਕੋਟਕਪੂਰਾ ਦਾ ਰਹਿਣ ਵਾਲਾ ਹੈ ਤੇ ਨਿੱਜੀ ਕਾਰੋਬਾਰ ਕਰਦਾ ਹੈ। ਸਾਲ 2015 ਵਿਚ ਉਹ 'ਸੋਪੂ' ਦਾ ਪ੍ਰਧਾਨ ਚੁਣਿਆ ਗਿਆ ਸੀ। ਡੀ.ਐਸ.ਪੀ. ਗੁਰਮੁੱਖ ਸਿੰਘ ਨੇ ਦੱਸਿਆ ਕਿ ਸੈਂਟਰਾ ਮਾਲ ਨੇੜੇ ਪਿਛਲੇ ਮਹੀਨੇ ਲੜਕੀਆਂ ਦੇ ਦੋ ਗੁੱਟਾਂ ਵਿਚਾਲੇ ਝਗੜਾ ਹੋ ਗਿਆ ਸੀ। ਉਸ ਵੇਲੇ ਗੁਰਲਾਲ ਕੁਝ ਲੜਕੀਆਂ ਨਾਲ ਆਇਆ ਸੀ ਅਤੇ ਇਕ ਲੜਕੀ ਦੇ ਥੱਪੜ ਵੀ ਮਾਰਿਆ ਸੀ। ਇਸ ਤੋਂ ਬਾਅਦ ਉਹ ਫਰਾਰ ਹੋ ਗਿਆ ਸੀ।

# ਅਕਾਲੀ ਦਲ ਵਲੋਂ ਕੈਪਟਨ ਸਰਕਾਰ ਨੂੰ ਅਲਟੀਮੇਟਮ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਕ ਹਫਤੇ ਦੇ ਅੰਦਰ ਵਿਧਾਨ ਸਭਾ ਦਾ ਸੈਸ਼ਨ ਨਾ ਸੱਦਿਆ ਗਿਆ ਤਾਂ ਪਾਰਟੀ ਕੈਪਟਨ ਦੀ ਰਿਹਾਇਸ਼ ਦਾ ਘਿਰਾਓ ਕਰੇਗੀ। ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਇਥੇ ਹੋਈ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਪਾਰਟੀ ਨੇ ਮੰਗ ਕੀਤੀ ਕਿ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਸਾਰੇ ਪੰਜਾਬ ਨੂੰ ਨੋਟੀਫਾਈਡ ਮੰਡੀ ਐਲਾਨਿਆ ਜਾਵੇ ਅਤੇ ਕੇਂਦਰ ਦੇ ਖੇਤੀਬਾੜੀ ਬਾਰੇ ਐਕਟ ਰੱਦ ਕੀਤੇ ਜਾਣ।

ਉਨ੍ਹਾਂ ਸੂਬੇ ਦਾ ਆਪਣਾ 2017 ਵਿਚ ਸੋਧਿਆ ਏ.ਪੀ.ਐਮ.ਸੀ. ਐਕਟ ਵੀ ਰੱਦ ਕਰਨ ਲਈ ਕਿਹਾ। ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਦੇ ਪ੍ਰਮੁੱਖ ਸਲਾਹਕਾਰ ਹਰਚਰਨ ਬੈਂਸ ਨੇ ਦੱਸਿਆ ਕਿ ਅਮਰਿੰਦਰ ਸਿੰਘ ਵਲੋਂ ਕੀਤੀ ਜਾ ਰਹੀ ਬਹਾਨੇਬਾਜ਼ੀ ਨੂੰ ਦੇਖਦਿਆਂ ਅਲਟੀਮੇਟਮ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸੈਸ਼ਨ ਸੱਦਣ ਬਾਰੇ ਲੋਕਾਂ ਅਤੇ ਉਨ੍ਹਾਂ ਦੇ ਚੁਣੇ ਹੋਏ ਨੁਮਾਇੰਦਿਆਂ ਨਾਲ ਲੁੱਕਣ ਮੀਚੀ ਖੇਡ ਰਹੇ ਹਨ, ਕਦੇ ਇਕ ਦਿਨ ਵਾਅਦਾ ਕਰਦੇ ਹਨ ਕਿ ਸੈਸ਼ਨ



ਸੱਦਣਗੇ ਤੇ ਦੂਜੇ ਦਿਨ ਮੁੱਕਰ ਵੀ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਇਹੀ ਰਵੱਈਆ ਤਿੰਨ ਐਕਟਾਂ ਬਾਰੇ ਵੀ ਹੈ। ਸ੍ਰੀ ਬੈਂਸ ਨੇ ਕਿਹਾ ਕਿ ਅਕਾਲੀ ਦਲ ਚਾਹੁੰਦਾ ਹੈ ਕਿ ਕੇਂਦਰ ਕਿਸਾਨਾਂ ਦੀ ਜਿਣਸ ਦੇ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਉਤੇ ਖਰੀਦ ਦੀ ਸੰਵਿਧਾਨਕ ਗਾਰੰਟੀ ਦੇਵੇ ਅਤੇ ਇਸ ਨੂੰ ਹੋਰ ਮੌਲਿਕ ਅਧਿਕਾਰਾਂ ਦੇ ਬਰਾਬਰ ਦਾ ਅਧਿਕਾਰ ਬਣਾਵੇ। ਪਾਰਟੀ ਇਹ ਵੀ ਚਾਹੁੰਦੀ ਹੈ ਕਿ ਐਮ.ਐਸ.ਪੀ. ਸਵਾਮੀਨਾਥਨ ਫਾਰਮੂਲੇ ਅਨੁਸਾਰ ਤੈਅ ਕੀਤੀ ਜਾਵੇ। ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੇ ਇਹ ਵੀ ਫੈਸਲਾ ਕੀਤਾ ਕਿ ਉਹ ਕਰਤਾਰਪੁਰ ਸਾਹਿਬ ਲਾਂਘਾ ਛੇਤੀ ਖੋਲ੍ਹਣ ਦੀ ਮੰਗ ਛੇਤੀ ਹੀ ਵਿਦੇਸ਼ ਮੰਤਰੀ ਕੋਲ ਚੁੱਕੇਗੀ।

### ਕੈਪਟਨ ਵਲੋਂ ਮੋੜਵਾਂ ਜਵਾਬ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਦੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਵਿਧਾਨ ਸਭਾ ਦਾ ਸੈਸ਼ਨ ਬੁਲਾਉਣਾ ਉਨ੍ਹਾਂ ਦੀ ਸਰਕਾਰ ਦੇ ਅਧਿਕਾਰ ਖੇਤਰ ਵਿਚ ਹੈ। ਅਕਾਲੀ ਦਲ ਨੂੰ ਇਸ ਮਾਮਲੇ 'ਚ ਸਰਕਾਰ ਨੂੰ ਕੋਈ ਹੁਕਮ ਕਰਨ ਦਾ ਸਿਆਸੀ ਜਾਂ ਨੈਤਿਕ ਅਧਿਕਾਰ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਖੇਤੀ ਕਾਨੂੰਨਾਂ ਖਿਲਾਫ ਮਤੇ ਦੇ ਹੱਕ 'ਚ ਵੋਟ ਪਾਉਣ ਤੋਂ ਬਚਣ ਲਈ ਵਿਧਾਨ ਸਭਾ 'ਚੋਂ ਬਾਈਕਾਟ ਕਰਨ ਵਾਲੇ ਅੱਜ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਅਗਲਾ ਸੈਸ਼ਨ ਬੁਲਾਉਣ ਦੀ ਮੰਗ 'ਤੇ ਉਤਾਰੂ ਹਨ।

### ਕੇਂਦਰ ਦੇ ਖੇਤੀ ਕਾਨੂੰਨ ਲੋਕ ਵਿਰੋਧੀ: ਭਗਵੰਤ

**ਚੰਡੀਗੜ੍ਹ:** ਪਿੰਡ ਭਲਾਈਆਣਾ ਵਿਚ ਕਿਸਾਨ ਜਾਗਰੂਕ ਜਨ ਸਭਾ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਵਲੋਂ ਥੋਪੇ ਖੇਤੀ ਕਾਨੂੰਨ ਇਕੱਲੇ ਕਿਸਾਨਾਂ ਦੇ ਹੀ ਨਹੀਂ ਸਗੋਂ ਲੋਕ ਵਿਰੋਧੀ ਵੀ ਹਨ, ਜਿਸ ਦਾ ਮਾਰੂ ਅਸਰ ਹਰ ਵਰਗ ਉਤੇ ਪਵੇਗਾ।

ਉਨ੍ਹਾਂ ਕਿਹਾ ਕਿ ਅਕਾਲੀ, ਭਾਜਪਾ ਅਤੇ ਕਾਂਗਰਸੀ ਆਗੂ ਸੂਬਾ ਵਾਸੀਆਂ ਨੂੰ ਗੁਮਰਾਹ ਕਰਨ ਵਿਚ ਲੱਗੇ ਹੋਏ ਹਨ। ਇਸ ਦੌਰਾਨ ਉਨ੍ਹਾਂ ਅਕਾਲੀ ਦਲ ਬਾਦਲ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਅਕਾਲੀ ਦਲ ਨੇ ਪਹਿਲਾਂ ਕਿਸਾਨ ਮਾਰੂ ਖੇਤੀ ਕਾਨੂੰਨਾਂ ਦੇ ਹੱਕ ਵਿਚ ਵਕਾਲਤ ਕੀਤੀ ਸੀ ਤੇ ਹੁਣ ਲੋਕ ਰੋਹ ਦਾ ਸਾਹਮਣਾ ਕਰਦਿਆਂ ਇਨ੍ਹਾਂ ਕਾਨੂੰਨਾਂ ਨੂੰ ਕਿਸਾਨ ਮਾਰੂ ਦੱਸ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪਾਰਟੀਆਂ ਕੁਝ ਵੀ ਕਰ ਲੈਣ, ਪਰ ਪੰਜਾਬ ਦੇ ਲੋਕ ਇਹ ਕਾਨੂੰਨਾਂ ਰੱਦ ਕਰਵਾ ਕੇ ਹੀ ਦਮ ਲੈਣਗੇ। ਸ੍ਰੀ ਮਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਵਰ੍ਹਦਿਆਂ ਕਿਹਾ ਕਿ ਕੈਪਟਨ ਕਾਰਪੋਰੇਟ ਘਰਾਣਿਆਂ ਦਾ ਸਾਥ ਦੇ ਰਹੇ ਹਨ। ਇਸ ਕਰ ਕੇ ਪੰਜਾਬ ਵਿਧਾਨ ਸਭਾ ਦਾ ਇਜਲਾਸ ਨਹੀਂ ਸੱਦ ਰਹੇ। ਕੈਪਟਨ ਨੂੰ ਵਿਸ਼ੇਸ਼ ਇਜਲਾਸ ਬੁਲਾਉਣਾ ਚਾਹੀਦਾ ਹੈ ਅਤੇ ਵਿਰੋਧੀ ਧਿਰ ਹੋਣ ਦੇ ਨਾਤੇ 'ਆਪ' ਉਨ੍ਹਾਂ ਦਾ ਸਾਥ ਦੇਵੇਗੀ। ਆਮ ਆਦਮੀ ਪਾਰਟੀ ਵਲੋਂ ਗਰਾਮ ਸਭਾਵਾਂ ਬੁਲਾ ਕੇ ਪਿੰਡਾਂ ਵਿਚ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਵੱਡੇ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਮਤੇ ਪਵਾਏ ਜਾ ਰਹੇ ਹਨ।

# ਪੂਰੇ ਮੁਲਕ 'ਚ ਫੈਲੀ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਤੋਂ ਉਠੀ ਰੋਹ ਦੀ ਲਹਿਰ

## ਭਾਜਪਾ ਹਕੂਮਤ ਵਾਲੇ ਸੂਬਿਆਂ ਵਿਚ ਵੀ ਕਿਸਾਨਾਂ ਨੇ ਲਾਏ ਪੱਕੇ ਮੋਰਚੇ

ਨਵੀਂ ਦਿੱਲੀ: ਖੇਤੀ ਕਾਨੂੰਨਾਂ ਖਿਲਾਫ ਪੰਜਾਬ ਤੋਂ ਉਠੀ ਰੋਹ ਦੀ ਲਹਿਰ ਪੂਰੇ ਮੁਲਕ ਵਿਚ ਫੈਲਣ ਲੱਗੀ ਹੈ। ਇਥੋਂ ਤੱਕ ਕਿ ਭਾਜਪਾ ਹਕੂਮਤ ਵਾਲੇ ਸੂਬਿਆਂ ਵਿਚ ਵੀ ਕਿਸਾਨ ਸੜਕਾਂ ਉਤੇ ਆ ਗਏ ਹਨ। ਹਰਿਆਣਾ, ਉੱਤਰ ਪ੍ਰਦੇਸ਼ ਤੇ ਉਤਰਾਖੰਡ ਵਿਚ ਕਿਸਾਨਾਂ ਜ਼ਬਰਦਸਤ ਜੋਸ਼ ਵਿਖਾਇਆ ਹੈ। ਉੱਤਰ ਪ੍ਰਦੇਸ਼ ਤੇ ਉਤਰਾਖੰਡ ਦੇ ਤਰਾਈ ਵਾਲੇ ਇਲਾਕਿਆਂ ਵਿਚ ਵੀ ਕਿਸਾਨਾਂ ਵਲੋਂ ਥਾਂ-ਥਾਂ ਧਰਨੇ ਦੇ ਕੇ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਗਿਆ।

ਅਜਿਹੇ ਰੋਸ ਪ੍ਰਦਰਸ਼ਨ ਬਿਲਾਸਪੁਰ (ਰਾਮਪੁਰ ਜ਼ਿਲ੍ਹਾ) ਰੁਦਰਪੁਰ, ਸਿਤਾਰਗੰਜ (ਸ਼ਹੀਦ ਊਧਮ ਸਿੰਘ ਨਗਰ), ਬਾਜਪੁਰ ਵਰਗੇ ਸਿੱਖ ਕਿਸਾਨ ਵੱਸੋਂ ਵਾਲੇ ਇਲਾਕਿਆਂ ਵਿਚ ਕੀਤੇ ਜਾ ਰਹੇ ਹਨ।

ਸਿਰਸਾ ਵਿਖੇ ਕਿਸਾਨਾਂ ਦੇ ਰੁਝੇਵਿਆਂ ਦੇ ਬਾਵਜੂਦ ਖੇਤੀ ਕਾਨੂੰਨਾਂ ਦੇ ਖਿਲਾਫ ਕਿਸਾਨਾਂ ਦਾ ਸੰਘਰਸ਼ ਦਿਨੋਂ ਦਿਨ ਹੋਰ ਤੇਜ਼ ਹੁੰਦਾ ਜਾ ਰਿਹਾ ਹੈ। ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਤੇ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਤੇ ਬਿਜਲੀ ਮੰਤਰੀ ਚੌਧਰੀ ਰਣਜੀਤ ਸਿੰਘ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਕਿਸਾਨਾਂ ਵਲੋਂ ਉਪ ਮੁੱਖ ਮੰਤਰੀ ਦੇ ਘਰ ਦੇ ਨੇੜੇ ਸ਼ਹੀਦ ਭਗਤ ਸਿੰਘ ਸਟੇਡੀਅਮ 'ਚ ਲਾਏ ਗਏ



ਬੇਮਿਆਦੀ ਧਰਨੇ 'ਚ ਕਿਸਾਨਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਕਿਸਾਨਾਂ ਵਲੋਂ ਦਿਨ ਰਾਤ ਧਰਨਾ ਲਗਾਇਆ ਜਾ ਰਿਹਾ ਹੈ। ਹਰਿਆਣਾ ਦੇ ਕਿਸਾਨਾਂ ਦੀ ਹਮਾਇਤ 'ਚ ਪੰਜਾਬ ਦੇ ਕਿਸਾਨਾਂ ਵਲੋਂ ਦੋ ਘੰਟਿਆਂ ਲਈ ਕੀਤੇ ਗਏ ਪੰਜਾਬ ਬੰਦ ਉਤੇ ਹਰਿਆਣਾ ਦੇ ਕਿਸਾਨਾਂ ਨੇ ਜਿਥੇ ਪੰਜਾਬ ਦੇ ਕਿਸਾਨਾਂ ਦਾ ਧੰਨਵਾਦ ਕੀਤਾ ਹੈ। ਧਰਨੇ 'ਤੇ ਸਵਰਾਜ ਇੰਡੀਆ ਪਾਰਟੀ ਦੇ ਕਨਵੀਨਰ ਯੋਗਿੰਦਰ ਯਾਦਵ, ਰਾਜੀਵ ਗੋਦਾਰਾ ਐਡਵੋਕੇਟ, ਅਮਰਇੰਦਰਜੀਤ ਸਿੰਘ ਐਡਵੋਕੇਟ ਤੋਂ ਇਲਾਵਾ ਹਰਿਆਣਾ ਕਿਸਾਨ ਯੂਨੀਅਨ ਦੇ ਆਗੂ ਪ੍ਰਹਿਲਾਦ ਸਿੰਘ ਭਾਰੂਖੇੜਾ ਸਮੇਤ ਅਨੇਕ ਕਿਸਾਨ ਆਗੂ ਮੌਜੂਦ ਸਨ। ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਤੇ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਤੇ ਬਿਜਲੀ ਮੰਤਰੀ ਰਣਜੀਤ ਸਿੰਘ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਕਿਸਾਨਾਂ ਵਲੋਂ ਸ਼ਹੀਦ ਭਗਤ ਸਿੰਘ ਸਟੇਡੀਅਮ 'ਚ ਬੇਮਿਆਦੀ ਧਰਨਾ ਦਿੱਤਾ ਜਾ ਰਿਹਾ ਹੈ। ਡੇਢ ਦਰਜਨ ਤੋਂ ਜ਼ਿਆਦਾ ਕਿਸਾਨ ਜਥੇਬੰਦੀਆਂ ਜਿਥੇ ਇਸ ਬੇਮਿਆਦੀ ਧਰਨੇ 'ਚ ਸ਼ਾਮਲ ਹਨ, ਉਥੇ ਹੀ ਕਈ ਵਿਦਿਆਰਥੀ ਜਥੇਬੰਦੀਆਂ ਤੇ ਕਰਮਚਾਰੀ ਜਥੇਬੰਦੀਆਂ ਵਲੋਂ ਵੀ ਕਿਸਾਨਾਂ ਦੀ ਹਮਾਇਤ ਕੀਤੀ ਜਾ ਰਹੀ ਹੈ। ਧਰਨੇ 'ਤੇ ਬੈਠੇ ਕਿਸਾਨ ਆਗੂਆਂ ਨੇ ਕਿਹਾ ਹੈ ਕਿ ਜਦੋਂ ਤੱਕ ਕੇਂਦਰ ਸਰਕਾਰ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਨਹੀਂ ਕਰ ਦਿੰਦੀ, ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਤੇ ਬਿਜਲੀ ਮੰਤਰੀ ਚੌਧਰੀ ਰਣਜੀਤ ਸਿੰਘ ਨੇ ਭਾਜਪਾ ਦੇ ਖਿਲਾਫ ਕਿਸਾਨੀ ਵੋਟਾਂ ਲੈ ਕੇ ਜਿੱਤ ਪ੍ਰਾਪਤ ਕੀਤੀ ਸੀ ਪਰ ਜਿੱਤਣ ਮਗਰੋਂ ਕਿਸਾਨਾਂ ਦੇ ਮੁੱਦਿਆਂ ਨੂੰ ਛਿੱਕੇ ਟੰਗਦੇ ਹੋਏ ਕੁਰਸੀ ਦੇ ਮੋਹ 'ਚ ਭਾਜਪਾ ਦੀ ਝੋਲੀ ਜਾ ਬੈਠੇ ਹਨ, ਜਦੋਂ ਤੱਕ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਤੇ ਬਿਜਲੀ ਮੰਤਰੀ ਚੌਧਰੀ ਰਣਜੀਤ ਸਿੰਘ ਭਾਜਪਾ ਸਰਕਾਰ ਤੋਂ ਆਪਣੀ ਅਸਤੀਫੇ ਨਹੀਂ ਦੇ ਦਿੰਦੇ, ਉਦੋਂ ਤੱਕ ਉਨ੍ਹਾਂ ਦਾ ਕਿਸਾਨਾਂ ਵਲੋਂ ਵਿਰੋਧ ਜਾਰੀ ਰਹੇਗਾ।

### ਖੇਤੀ ਕਾਨੂੰਨਾਂ ਖਿਲਾਫ ਭਾਜਪਾ ਆਗੂਆਂ ਵਲੋਂ ਅਸਤੀਫੇ

**ਦੋਰਾਹਾ:** ਕੇਂਦਰ ਦੀ ਮੋਦੀ ਸਰਕਾਰ ਵਲੋਂ ਬਣਾਏ ਖੇਤੀ ਕਾਨੂੰਨਾਂ ਤੋਂ ਖਫਾ ਹੋਏ ਭਾਜਪਾ ਕਿਸਾਨ ਮੋਰਚਾ, ਦੋਰਾਹਾ ਦੇ ਅਹੁਦੇਦਾਰਾਂ ਵਲੋਂ ਸਮੂਹਿਕ ਅਸਤੀਫੇ ਦਿੱਤੇ ਗਏ। ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਵੀ ਭਾਜਪਾ ਆਗੂਆਂ ਪ੍ਰਿੰਸੀਪਲ ਜਤਿੰਦਰ ਸ਼ਰਮਾ, ਭਾਜਪਾ ਯੁਵਾ ਮੋਰਚਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਸ਼ੀਸ਼ ਸੂਦ, ਨਰੇਸ਼ ਆਨੰਦ ਨੇ ਆਪਣੇ ਸਾਥੀਆਂ ਸਮੇਤ ਭਾਜਪਾ ਨੂੰ ਅਲਵਿਦਾ ਕਿਹਾ ਸੀ। ਦੋਰਾਹਾ 'ਚ ਭਾਜਪਾ ਨੂੰ ਇਹ ਵੱਡਾ ਦੂਜਾ ਸਿਆਸੀ ਝਟਕਾ ਹੈ। ਭਾਜਪਾ ਦੇ ਕਿਸਾਨ ਮੋਰਚਾ ਮੰਡਲ ਦੇ ਪ੍ਰਧਾਨ ਰਮਨਜੀਤ ਸਿੰਘ ਗੋਲਡੀ ਮਾਨ ਦੇ ਨਾਲ-ਨਾਲ ਭਾਜਪਾ ਦੇ ਸਾਬਕਾ ਜ਼ਿਲ੍ਹਾ ਕਾਰਜਕਾਰਨੀ ਮੈਂਬਰ ਬਲਵੰਤ ਸਿੰਘ ਧਾਮੀ, ਰਾਜਨ ਕੁਮਾਰ, ਰਵੀ ਕੁਮਾਰ, ਗੁਰਦੀਪ ਸਿੰਘ ਲਾਡੀ, ਅਕਾਸ਼ ਬਾਵਾ, ਤੇਜੀ ਗਿੱਲ ਦੋਰਾਹਾ ਨੇ ਅਸਤੀਫੇ ਦਿੱਤੇ।

# ਲਾਪਤਾ ਪਾਵਨ ਸਰੂਪ: ਸਿੱਖ ਜਥੇਬੰਦੀਆਂ ਨੇ ਲੌਂਗੋਵਾਲ ਦੀ ਘੇਰਾਬੰਦੀ ਕੀਤੀ

**ਅੰਮ੍ਰਿਤਸਰ:** ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਖਿਲਾਫ ਸੰਗਤ ਦਾ ਰੋਹ ਲਗਾਤਾਰ ਵਧ ਰਿਹਾ ਹੈ। ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਬਰਸੀ ਮੌਕੇ ਉਸ ਵੇਲੇ ਰੌਲਾ ਪੈ ਗਿਆ ਜਦੋਂ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਸਮਾਗਮ 'ਚ ਸ਼ਾਮਲ ਹੋ ਕੇ ਸ੍ਰੀ ਅਕਾਲ ਤਖਤ ਦੇ ਆਦੇਸ਼ਾਂ ਦੀ ਉਲੰਘਣਾ ਕੀਤੀ ਹੈ। ਇਸ ਮਾਮਲੇ 'ਤੇ ਕੁਝ ਸਮਾਂ ਦੋਵਾਂ ਧਿਰਾਂ ਵਿਚਾਲੇ ਤਲਖਕਲਾਮੀ ਵੀ ਹੋਈ।



ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਲੋਂ ਸ਼੍ਰੋਮਣੀ ਕਮੇਟੀ ਦੀ ਮੌਜੂਦਾ ਅੰਤ੍ਰਿੰਗ ਕਮੇਟੀ ਨੂੰ 19 ਮਈ 2016 ਨੂੰ ਪਬਲੀਕੇਸ਼ਨ ਵਿਭਾਗ 'ਚ ਸ਼ਾਰਟ ਸਰਕਟ ਕਾਰਨ ਵਾਪਰੀ ਘਟਨਾ ਦੇ ਪਸ਼ਚਾਤਾਪ ਵਜੋਂ ਅਖੰਡ ਪਾਠ ਕਰਵਾਉਣ ਦੇ ਨਾਲ-ਨਾਲ ਤਿੰਨ ਝਾੜੂ ਮਾਰਨ ਦੀ ਤਨਖਾਹ ਲਾਈ ਗਈ ਸੀ।

ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਅਹੁਦੇਦਾਰਾਂ ਅਤੇ ਅੰਤ੍ਰਿੰਗ ਕਮੇਟੀ ਮੈਂਬਰਾਂ 'ਤੇ ਇਕ ਮਹੀਨੇ ਵਾਸਤੇ ਕਿਸੇ ਵੀ ਜਨਤਕ ਸਮਾਗਮ ਵਿਚ ਬੋਲਣ 'ਤੇ ਰੋਕ ਲਾਈ ਗਈ ਹੈ। ਇਸ ਸਬੰਧੀ ਸਕੱਤਰੇਤ ਵਲੋਂ 18 ਸਤੰਬਰ ਨੂੰ ਜਾਰੀ ਆਦੇਸ਼ ਬਾਰੇ ਸਪੱਸ਼ਟ ਕੀਤਾ ਗਿਆ ਹੈ ਕਿ ਸ੍ਰੀ ਲੌਂਗੋਵਾਲ ਸਮੇਤ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ 18 ਸਤੰਬਰ ਤੋਂ 17 ਅਕਤੂਬਰ ਤੱਕ ਇਕ ਮਹੀਨਾ ਕਿਸੇ ਵੀ ਜਨਤਕ ਸਮਾਗਮ 'ਚ ਬੋਲਣ ਦੀ ਆਗਿਆ ਨਹੀਂ ਹੋਵੇਗੀ। ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ 'ਚ ਬੋਲਣ ਦੀ ਛੋਟ ਦਿੱਤੀ ਗਈ ਸੀ।

ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਗੁਰਦੁਆਰਾ ਝੰਡੇ ਬੁੰਗੇ ਵਿਖੇ ਭਾਈ ਜਿੰਦਾ ਅਤੇ ਸੁੱਖਾ ਦੀ ਬਰਸੀ ਸਬੰਧੀ ਅਖੰਡ ਪਾਠ ਦੇ ਭੋਗ ਪਾਏ ਗਏ। ਇਨ੍ਹਾਂ ਦੋਵਾਂ ਸਿੱਖ ਨੌਜਵਾਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਉਤੇ ਕੀਤੇ ਗਏ ਫੌਜੀ ਹਮਲੇ ਦੇ ਰੋਸ ਵਜੋਂ ਫੌਜ ਦੀ ਅਗਵਾਈ ਕਰਨ ਵਾਲੇ ਜਨਰਲ ਵੈਦਿਆ ਨੂੰ ਮਾਰ ਦਿੱਤਾ ਸੀ। ਬਰਸੀ ਮੌਕੇ ਦੋਵਾਂ ਦੇ ਪਰਿਵਾਰਕ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਅਤੇ ਸਿੱਖ ਜਥੇਬੰਦੀਆਂ ਵਲੋਂ ਵੱਖ-ਵੱਖ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ।

### ਲੌਂਗੋਵਾਲ ਨੇ ਸਿੱਖ ਜਥੇਬੰਦੀਆਂ ਤੱਕ ਪਹੁੰਚ ਕੀਤੀ

**ਅੰਮ੍ਰਿਤਸਰ:** ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋ ਰਹੇ ਵਿਰੋਧ ਦੇ ਮੱਦੇਨਜ਼ਰ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਿੱਖ ਸੰਸਥਾਵਾਂ, ਜਥੇਬੰਦੀਆਂ ਅਤੇ ਸਭਾ ਸੁਸਾਇਟੀਆਂ ਦੀ ਰਾਏ ਨੂੰ ਇਕਮਤ ਕਰਨ ਵਾਸਤੇ ਜਥੇਬੰਦੀਆਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਇਸੇ ਤਹਿਤ ਭਾਈ ਲੌਂਗੋਵਾਲ ਨੇ ਪੰਥਕ ਮਸਲਿਆਂ ਨੂੰ ਲੈ ਕੇ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖ਼ਾਲਸਾ ਨਾਲ ਦਮਦਮੀ ਟਕਸਾਲ ਦੇ ਹੈੱਡਕੁਆਰਟਰ ਮਹਿਤਾ ਵਿਚ ਮੁਲਾਕਾਤ ਕੀਤੀ। ਇਸ ਤੋਂ ਇਲਾਵਾ ਕਮੇਟੀ ਪ੍ਰਧਾਨ ਲੌਂਗੋਵਾਲ ਨਿਹੰਗ ਜਥੇਬੰਦੀ ਦੇ ਆਗੂ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਨਾਲ ਵੀ ਮੁਲਾਕਾਤ ਕਰ ਚੁੱਕੇ ਹਨ। ਇਸ ਸਬੰਧੀ ਸ੍ਰੀ ਲੌਂਗੋਵਾਲ ਨੇ ਦੱਸਿਆ ਕਿ ਪੰਥਕ ਸ਼ਖ਼ਸੀਅਤਾਂ ਨਾਲ ਵਿਚਾਰ ਚਰਚਾ ਦਾ ਮੰਤਵ ਕੌਮ ਦੀ ਚੜ੍ਹਦੀ ਕਲਾ ਲਈ ਸਮੂਹਿਕ ਯਤਨ ਕਰਨਾ ਹੈ।

ਸ੍ਰੀ ਅਖੰਡ ਪਾਠ ਦੇ ਭੋਗ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਹੋਰ ਅਹੁਦੇਦਾਰਾਂ ਸਮੇਤ ਅੰਤ੍ਰਿੰਗ ਕਮੇਟੀ ਦੇ ਮੈਂਬਰ ਤੇ ਅਧਿਕਾਰੀ ਵੀ ਸਮਾਗਮ 'ਚ ਪੁੱਜ ਗਏ। ਅਕਾਲ ਫੈਡਰੇਸ਼ਨ ਦੇ ਭਾਈ ਨਾਰਾਇਣ ਸਿੰਘ ਚੌੜਾ ਨੇ ਸ੍ਰੀ ਲੌਂਗੋਵਾਲ ਦੇ ਸਮਾਗਮ 'ਚ ਪੁੱਜਣ ਉਤੇ ਇਤਰਾਜ਼ ਕਰਦਿਆਂ ਆਖਿਆ ਕਿ ਸ੍ਰੀ ਅਕਾਲ ਤਖਤ ਵਲੋਂ ਲਾਈ ਤਨਖਾਹ ਤਹਿਤ ਉਨ੍ਹਾਂ 'ਤੇ ਇਕ ਮਹੀਨੇ ਵਾਸਤੇ ਕਿਸੇ ਵੀ ਸਮਾਗਮ 'ਚ ਸ਼ਾਮਲ ਹੋਣ ਉਤੇ ਰੋਕ ਹੈ। ਇਸ ਲਈ ਉਨ੍ਹਾਂ ਦੀ ਸ਼ਮੂਲੀਅਤ ਹੁਕਮਾਂ ਦੀ ਉਲੰਘਣਾ ਹੈ। ਮੌਕੇ 'ਤੇ ਹਾਜ਼ਰ ਹੋਰ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਵੀ ਇਸ ਦਾ ਸਮਰਥਨ ਕੀਤਾ।

ਦੂਜੇ ਪਾਸੇ ਸ੍ਰੀ ਲੌਂਗੋਵਾਲ ਤੇ ਉਨ੍ਹਾਂ ਦੇ ਸਮਰਥਕਾਂ ਨੇ ਇਸ ਦਾ ਵਿਰੋਧ ਕਰਦਿਆਂ ਆਖਿਆ ਕਿ ਤਨਖਾਹ ਤਹਿਤ ਇਕ ਮਹੀਨਾ ਸਮਾਗਮਾਂ ਵਿਚ ਨਾ ਬੋਲਣ ਲਈ ਆਖਿਆ ਹੈ, ਸ਼ਮੂਲੀਅਤ ਉਤੇ ਰੋਕ ਨਹੀਂ ਲਾਈ ਗਈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਇਸ ਮਾਮਲੇ 'ਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਕੋਲੋਂ ਸਥਿਤੀ ਸਪੱਸ਼ਟ ਕੀਤੀ ਜਾਵੇਗੀ, ਜਿਸ ਮਗਰੋਂ ਮਾਮਲਾ ਸ਼ਾਂਤ ਹੋ ਗਿਆ।

# ਜਸਟਿਸ ਸਾਰੋਂ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਨਿਯੁਕਤ



### ਲੌਂਗੋਵਾਲ ਵਲੋਂ ਨਵੀਂ ਨਿਯੁਕਤੀ ਦਾ ਸਵਾਗਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਰਦੁਆਰਾ ਚੋਣ ਕਮਿਸ਼ਨਰ ਦੀ ਨਵੀਂ ਨਿਯੁਕਤੀ ਦਾ ਸਵਾਗਤ ਕਰਦਿਆਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਣੀਆਂ ਚਾਹੀਦੀਆਂ ਹਨ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਵਲੋਂ 2016 ਵਿਚ ਨਵੇਂ ਹਾਊਸ ਨੂੰ ਮਾਨਤਾ ਮਿਲਣ ਮਗਰੋਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਸਨ ਅਤੇ ਉਨ੍ਹਾਂ ਤੋਂ ਬਾਅਦ ਹੁਣ ਤਕ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ ਚਲੇ ਆ ਰਹੇ ਹਨ।

### 'ਸ਼੍ਰੋਮਣੀ ਕਮੇਟੀ ਤੋਂ ਬਾਦਲਾਂ ਦਾ ਕਬਜ਼ਾ ਹਟਾਉਣ ਦੀ ਸ਼ੁਰੂਆਤ'

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਆਖਿਆ ਕਿ ਕੇਂਦਰ ਸਰਕਾਰ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਦਲ ਪਰਿਵਾਰ ਦਾ ਕਬਜ਼ਾ ਹਟਾਉਣ ਲਈ ਸ਼ੁਰੂਆਤ ਕਰ ਦਿੱਤੀ ਗਈ ਹੈ, ਜਿਸ ਨਾਲ ਕਾਬਲ ਅਤੇ ਸਮਰੱਥ ਆਗੂਆਂ ਨੂੰ ਧਾਰਮਿਕ ਸੰਸਥਾਵਾਂ ਦੀ ਅਗਵਾਈ ਕਰਨ ਦੇ ਮੌਕਾ ਮਿਲੇਗਾ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਨੇ ਤੋੜ ਵਿਛੋੜੇ ਮਗਰੋਂ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਸ੍ਰੀ ਐਸ.ਐਸ. ਸਾਰੋਂ ਦੀ ਨਿਯੁਕਤੀ ਕਰਕੇ ਸਪੱਸ਼ਟ ਸੰਕੇਤ ਦੇ ਦਿੱਤਾ ਹੈ ਕਿ ਬਾਦਲ ਪਰਿਵਾਰ ਹੁਣ ਸ਼੍ਰੋਮਣੀ ਕਮੇਟੀ 'ਤੇ ਟਿਕ ਨਹੀਂ ਸਕੇਗਾ।

**ਅੰਮ੍ਰਿਤਸਰ:** ਕੇਂਦਰ ਸਰਕਾਰ ਵਲੋਂ ਗੁਰਦੁਆਰਾ ਚੋਣਾਂ ਵਾਸਤੇ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਵਜੋਂ ਜਸਟਿਸ ਐਸ.ਐਸ. ਸਾਰੋਂ (ਸੇਵਾ ਮੁਕਤ) ਦੀ ਨਵੀਂ ਨਿਯੁਕਤੀ ਨਾਲ ਸ਼੍ਰੋਮਣੀ ਕਮੇਟੀ ਦੀਆਂ ਲੰਮੇ ਸਮੇਂ ਤੋਂ ਬਕਾਇਆ ਆਮ ਚੋਣਾਂ ਹੁਣ ਜਲਦੀ ਹੋਣ ਦੀ ਸੰਭਾਵਨਾ ਬਣ ਗਈ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਜਸਟਿਸ ਸਾਰੋਂ ਦੀ ਨਿਯੁਕਤੀ ਸਬੰਧੀ ਹੁਕਮ ਜਾਰੀ ਕੀਤੇ ਹਨ। ਇਨ੍ਹਾਂ ਵਿਚ ਪਹਿਲਾਂ ਨਿਯੁਕਤ ਕੀਤੇ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਜਸਟਿਸ ਦਰਸ਼ਨ ਸਿੰਘ (ਸੇਵਾ ਮੁਕਤ) ਦੀ ਨਿਯੁਕਤੀ ਨੂੰ ਰੱਦ ਕਰਨ ਦੇ ਆਦੇਸ਼ ਵੀ ਸ਼ਾਮਲ ਹਨ। ਜਸਟਿਸ ਸਾਰੋਂ ਦੀ ਨਿਯੁਕਤੀ ਦੋ ਸਾਲਾਂ ਲਈ ਹੋਵੇਗੀ ਅਤੇ ਸੇਵਾ ਕਾਲ ਦਾ ਸਮਾਂ ਇਕ ਸਾਲ ਹੋਰ ਵਧਾਇਆ ਜਾ ਸਕਦਾ ਹੈ। ਇਸ ਨਵੀਂ ਨਿਯੁਕਤੀ ਨਾਲ ਸ਼੍ਰੋਮਣੀ ਕਮੇਟੀ ਦੀਆਂ ਬਕਾਇਆ ਆਮ ਚੋਣਾਂ ਜਲਦੀ ਹੋਣ ਦੀ ਸੰਭਾਵਨਾ ਬਣ ਗਈ ਹੈ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਦਾ ਸਮਾਂ ਪੰਜ ਸਾਲ ਹੈ, ਪਰ ਇਹ ਚੋਣਾਂ ਨਾ ਹੋਣ ਕਾਰਨ 2011 ਤੋਂ ਚੁਣੇ ਹੋਏ ਨੁਮਾਇੰਦੇ ਹੀ ਪਿਛਲੇ ਲੰਮੇ ਸਮੇਂ ਤੋਂ ਸੇਵਾਵਾਂ ਨਿਭਾ ਰਹੇ ਹਨ।

ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਸਤੰਬਰ 2011 ਵਿਚ ਹੋਈਆਂ ਸਨ ਅਤੇ ਚੁਣੇ ਗਏ ਹਾਊਸ ਦਾ ਕਾਰਜਕਾਲ ਪੰਜ ਸਾਲ ਦਾ ਸੀ, ਪਰ ਉਦੋਂ ਸਹਿਜਧਾਰੀ ਵੋਟਾਂ ਦੇ ਮਾਮਲੇ ਨੂੰ ਲੈ ਕੇ ਨਵੇਂ ਚੁਣੇ ਹਾਊਸ ਦਾ ਮਾਮਲਾ ਸੁਪਰੀਮ ਕੋਰਟ ਵਿਚ ਪਹੁੰਚ ਗਿਆ। ਅਦਾਲਤ ਵਲੋਂ ਫੈਸਲਾ ਹੋਣ ਤੱਕ ਪਿਛਲੇ ਹਾਊਸ ਨੂੰ ਹੀ ਕੰਮ ਕਰਨ ਦੀ ਆਗਿਆ ਦਿੱਤੀ ਗਈ ਸੀ। ਮੁੜ 2016 ਵਿਚ ਸੁਪਰੀਮ ਕੋਰਟ ਦੇ ਆਦੇਸ਼ਾਂ ਨਾਲ ਨਵੀਂ ਹੋਈ ਚੋਣ ਨੂੰ ਮਾਨਤਾ ਮਿਲੀ ਅਤੇ ਨਵਾਂ ਹਾਊਸ ਬਹਾਲ ਹੋਇਆ। ਪਰ ਇਸ ਦੌਰਾਨ ਪੰਜ ਸਾਲ ਦਾ ਸਮਾਂ ਲੰਘ ਚੁੱਕਾ ਸੀ। ਹੁਣ ਤਕ ਸ਼੍ਰੋਮਣੀ ਕਮੇਟੀ ਦੇ ਨਵੇਂ ਹਾਊਸ ਵਾਸਤੇ ਚੋਣਾਂ ਨਹੀਂ ਹੋਈਆਂ ਹਨ।

ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਵਿਚ 170 ਮੈਂਬਰ ਚੁਣੇ ਹੋਏ ਅਤੇ 15 ਨਾਮਜ਼ਦ ਮੈਂਬਰ ਹਨ। ਪੰਜ ਤਖਤਾਂ ਦੇ ਜਥੇਦਾਰ ਵੀ ਇਸ ਹਾਊਸ ਦੇ ਮੈਂਬਰ ਹਨ। ਮੌਜੂਦਾ ਹਾਊਸ ਵਿਚੋਂ 18 ਮੈਂਬਰ ਅਕਾਲ ਚਲਾਣਾ ਕਰ ਚੁੱਕੇ ਹਨ ਅਤੇ ਦੋ ਮੈਂਬਰਾਂ ਨੇ ਅਸਤੀਫਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦੀ ਕਰਾਉਣ ਵਾਸਤੇ ਵੱਖ-ਵੱਖ ਸਿੱਖ ਜਥੇਬੰਦੀਆਂ ਵਲੋਂ ਲੰਮੇ ਸਮੇਂ ਤੋਂ ਯਤਨ ਕੀਤੇ ਜਾ ਰਹੇ ਹਨ।

# ਪਾਕਿਸਤਾਨ ਵਿਚ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਲਾਹੌਰ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲਾਗੂ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਲਾਹੌਰ ਦੇ ਗੁਰਦੁਆਰਾ ਚੂਨਾ ਮੰਡੀ 'ਚ ਗੁਰਦੁਆਰਾ ਪ੍ਰਕਾਸ਼ ਅਸਥਾਨ ਗੁਰੂ ਰਾਮਦਾਸ ਜੀ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਪ੍ਰਕਾਸ਼ ਪੁਰਬ ਮੌਕੇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ ਅਤੇ ਕਰਾਚੀ ਤੋਂ ਭਾਈ ਅਨੀਲ ਕੁਮਾਰ ਤੇ ਭਾਈ ਰਾਮ ਕੁਮਾਰ, ਸੱਖਰ ਤੋਂ ਭਾਈ ਅਜੇ ਸਿੰਘ ਤੇ ਵਿਜੇ ਸਿੰਘ, ਗੁਰਦੁਆਰਾ ਸ੍ਰੀ ਪੰਜਾ ਸਾਹਿਬ ਤੋਂ ਭਾਈ ਮਨਮੋਹਨ ਸਿੰਘ, ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਬੀਬੀ ਮਨਬੀਰ ਕੌਰ, ਪਿਸ਼ਾਵਰ ਤੋਂ ਭਾਈ ਗੁਰਚਰਨ ਸਿੰਘ ਤੇ ਭਾਈ ਜਰਨੈਲ ਸਿੰਘ ਅਤੇ ਲਾਹੌਰ ਤੋਂ ਭਾਈ ਮਨਿੰਦਰ ਸਿੰਘ ਆਦਿ ਕੀਰਤਨੀ ਜਥਿਆਂ ਨੇ ਧੁਰ ਕੀ ਬਾਣੀ ਦੇ ਮਨੋਹਰ ਸ਼ਬਦ ਕੀਰਤਨ ਦੀ ਛਹਿਬਰ ਲਾ ਕੇ ਸੰਗਤ ਨੂੰ ਅੰਮ੍ਰਿਤਮਈ ਗੁਰਬਾਣੀ ਦੇ ਰੰਗ 'ਚ ਰੰਗਿਆ। ਪੀ.ਐਸ.ਜੀ.ਪੀ.ਸੀ. ਅਤੇ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ ਪਾਕਿ ਸਿੱਖ ਸੰਗਤ ਦੇ ਸਹਿਯੋਗ ਨਾਲ ਮਨਾਏ ਗਏ ਉਕਤ ਦਿਹਾੜੇ ਮੌਕੇ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਸ੍ਰੀ ਨਨਕਾਣਾ ਸਾਹਿਬ ਦੇ ਕਾਰਜਕਾਰੀ ਉਪ-ਕੁਲਪਤੀ ਪ੍ਰੋ. ਡਾ. ਅਸਗਰ ਜ਼ਇਦੀ, ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ, ਜਨਰਲ ਸਕੱਤਰ ਅਮੀਰ ਸਿੰਘ ਤੇ ਡਾ. ਮਿਮਪਾਲ ਸਿੰਘ ਆਦਿ ਹਾਜ਼ਰ ਸਨ।

### ਗੁਰਦੁਆਰੇ ਦੀ ਜ਼ਮੀਨ ਦੀ ਨਿਲਾਮੀ ਰੁਕਵਾਈ

**ਪਿਸ਼ਾਵਰ:** ਉੱਤਰ-ਪੱਛਮੀ ਪਾਕਿਸਤਾਨ 'ਚ ਹਾਈ ਕੋਰਟ ਨੇ ਪੁਰਾਤਨ ਗੁਰਦੁਆਰੇ ਦੀ ਜ਼ਮੀਨ ਦੀ ਨਿਲਾਮੀ ਰੁਕਵਾ ਦਿੱਤੀ ਹੈ। ਹਾਈ ਕੋਰਟ ਨੇ ਮੁਲਕ ਦੀ ਭ੍ਰਿਸ਼ਟਾਚਾਰ ਵਿਰੋਧੀ ਏਜੰਸੀ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਇਸ ਮਾਮਲੇ ਦੀ ਜਾਂਚ ਕਰੇ। ਪਿਸ਼ਾਵਰ ਹਾਈ ਕੋਰਟ ਦੇ ਜਸਟਿਸ ਰੂਹ-ਉੱਲ ਅਮੀਨ ਅਤੇ ਜਸਟਿਸ ਮੀਆਂ ਅਤੀਕ ਸ਼ਾਹ 'ਤੇ ਆਧਾਰਿਤ ਦੋ ਮੈਂਬਰੀ ਬੈਂਚ ਨੇ ਸਾਹਿਬ ਸਿੰਘ ਵਲੋਂ ਆਪਣੇ ਵਕੀਲਾਂ ਰਾਹੀਂ ਦਾਖਲ ਪਟੀਸ਼ਨ 'ਤੇ ਜ਼ਮੀਨ ਦੀ ਨਿਲਾਮੀ ਨੂੰ ਰੋਕ ਦਿੱਤਾ। ਸਾਹਿਬ ਸਿੰਘ ਨੇ ਗੁਰਦੁਆਰੇ ਦੀ ਜ਼ਮੀਨ ਦੀ ਨਿਲਾਮੀ ਨੂੰ ਚੁਣੌਤੀ ਦਿੱਤੀ ਸੀ।

# ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਨੂੰ ਬੰਦ ਕਰਨ ਦਾ ਫੈਸਲਾ ਰੱਦ

**ਟੱਲੇਵਾਲ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਿੰਡ ਗਹਿਲ ਦੇ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਨੂੰ ਬੰਦ ਕਰਨ ਦਾ ਫੈਸਲਾ ਵਾਪਸ ਲੈ ਲਿਆ ਹੈ।

ਕੁਝ ਦਿਨ ਪਹਿਲਾਂ ਕਾਲਜ ਪ੍ਰਿੰਸੀਪਲ ਨੂੰ ਐਸ.ਜੀ.ਪੀ.ਸੀ. ਦੇ ਸਿੱਖਿਆ ਡਾਇਰੈਕਟਰ ਵਲੋਂ ਪੱਤਰ ਜਾਰੀ ਕਰਕੇ ਕਾਲਜ ਬੰਦ ਕਰਨ ਦੀ ਫੈਸਲਾ ਕੀਤਾ ਗਿਆ ਸੀ। ਕਾਲਜ ਨੂੰ ਬੰਦ ਕਰਨ ਦਾ ਕਾਰਨ ਵਿਦਿਆਰਥਣਾਂ ਦੇ ਘੱਟ ਦਾਖਲੇ ਅਤੇ ਵਿੱਤੀ ਘਾਟਾ ਦੱਸਿਆ ਗਿਆ ਸੀ। ਇਸ ਤੋਂ ਬਾਅਦ ਕਾਲਜ ਮੈਨੇਜਮੈਂਟ, ਪਿੰਡ ਗਹਿਲ ਨਿਵਾਸੀਆਂ ਅਤੇ ਇਲਾਕੇ ਦੇ ਬਹੁ ਗਿਣਤੀ ਲੋਕਾਂ ਵਲੋਂ ਵੀ ਵਿਰੋਧ ਕੀਤਾ ਗਿਆ ਸੀ। ਸੋਸ਼ਲ ਮੀਡੀਆ 'ਤੇ ਵੀ ਐਸ.ਜੀ.ਪੀ.ਸੀ.



ਦੀ ਕਾਫੀ ਜ਼ਿਆਦਾ ਕਿਰਕਰੀ ਹੋਈ ਸੀ। ਕਾਲਜ ਪ੍ਰਿੰਸੀਪਲ ਗੁਰਵੀਰ ਸਿੰਘ ਨੇ ਦੱਸਿਆ ਕਿ ਇਲਾਕੇ ਦੀਆਂ ਲੜਕੀਆਂ ਲਈ ਸਿੱਖਿਆ ਦੇ ਭਵਿੱਖ ਨੂੰ ਦੇਖਦਿਆਂ ਕਾਲਜ ਨੂੰ ਬੰਦ ਨਹੀਂ ਕੀਤਾ ਜਾ ਰਿਹਾ।

# ਜਥੇਦਾਰ ਨੇ ਸਿੱਖ ਵਿਰੋਧੀਆਂ ਤੋਂ ਸੁਚੇਤ ਹੋਣ ਦਾ ਸੱਦਾ ਦਿੱਤਾ

**ਅੰਮ੍ਰਿਤਸਰ:** ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਮਗਰੋਂ ਡੋਗਰਿਆਂ ਦੇ ਬਹਿਕਾਵੇ 'ਚ ਆ ਕੇ ਗੁਮਰਾਹ ਹੋਏ ਸਿੱਖ ਸੈਨਿਕਾਂ ਵਲੋਂ ਬਾਬਾ ਬੀਰ ਸਿੰਘ ਨੌਰੰਗਾਬਾਦੀ ਅਤੇ ਹੋਰ ਸਿੱਖ ਜਰਨੈਲਾਂ ਨੂੰ ਸ਼ਹੀਦ ਕਰਨ ਤੋਂ ਲਗਭਗ 176 ਵਰ੍ਹੇ ਮਗਰੋਂ ਇਸ ਘਟਨਾ ਦੇ ਪਸ਼ਚਾਤਾਪ ਵਜੋਂ ਅਕਾਲ ਤਖਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾ ਕੇ ਪਸ਼ਚਾਤਾਪ ਕੀਤਾ ਗਿਆ ਹੈ।



ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਸਿੱਖਾਂ ਨੂੰ ਹਮੇਸ਼ਾ ਵਿਰੋਧੀਆਂ ਦੀ ਚਾਲਾਂ ਦਾ ਸ਼ਿਕਾਰ ਹੋਣਾ ਪਿਆ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਅੰਗਰੇਜ਼ਾਂ ਨੇ ਸਿੱਖ ਰਾਜ ਨੂੰ ਖਤਮ ਕਰਨ ਲਈ ਡੋਗਰਿਆਂ ਨੂੰ ਆਪਣਾ ਹੱਥਠੋਕਾ ਬਣਾਇਆ, ਜਿਸ ਦਾ ਨਤੀਜਾ ਇਹ ਹੋਇਆ ਕਿ ਸਿੱਖ ਸੈਨਿਕਾਂ ਹੱਥੋਂ ਹੀ ਬਾਬਾ ਬੀਰ ਸਿੰਘ ਨੌਰੰਗਾਬਾਦੀ ਸਮੇਤ ਸਿੱਖ ਜਰਨੈਲਾਂ ਨੂੰ ਸ਼ਹੀਦ ਕਰਵਾ ਦਿੱਤਾ ਗਿਆ।

1844 'ਚ ਜਦੋਂ ਇਹ ਘਟਨਾ ਵਾਪਰੀ, ਉਸ ਵੇਲੇ ਬਾਬਾ ਨੌਰੰਗਾਬਾਦੀ ਨੇ ਸਿੱਖ ਫੌਜੀਆਂ ਨੂੰ ਆਪਣੇ ਸਿੱਖ ਭਰਾ ਦੱਸਦਿਆਂ ਉਨ੍ਹਾਂ 'ਤੇ ਹਥਿਆਰ ਚੁੱਕਣ ਤੋਂ ਮਨ੍ਹਾਂ ਕਰ ਦਿੱਤਾ ਸੀ। ਡੋਗਰਿਆਂ ਦੇ ਬਹਿਕਾਵੇ 'ਚ ਆਈ ਸਿੱਖ ਫੌਜ ਨੂੰ ਬਾਅਦ ਵਿਚ 'ਗੁਰੂਮਾਰੀ ਫੌਜ' ਦਾ ਨਾਂ ਦਿੱਤਾ ਗਿਆ ਸੀ। ਸਿੱਖ ਕੌਮ ਨੂੰ ਸੁਚੇਤ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਵੀ ਅਜਿਹੀਆਂ ਕਈ ਸਿੱਖ ਵਿਰੋਧੀ ਸ਼ਕਤੀਆਂ ਸਿੱਖਾਂ ਨੂੰ ਲੜਾ ਰਹੀਆਂ ਹਨ। ਇਸ ਲਈ ਸਿੱਖਾਂ ਨੂੰ ਭਰਾ ਮਾਰੂ ਜੰਗ ਤੋਂ ਬਚ ਕੇ ਇੱਕਜੁਟ ਹੋਣ ਦੀ ਲੋੜ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਪੰਜਾਬੀ ਮਾਂ ਬੋਲੀ ਨੂੰ ਜਾਣਬੁੱਝ ਕੇ ਅਣਦੇਖਿਆ ਕੀਤਾ ਜਾ ਰਿਹਾ ਹੈ। ਵਿਦੇਸ਼ਾਂ 'ਚ ਪ੍ਰਫੁੱਲਿਤ ਹੋ ਰਹੀ ਪੰਜਾਬੀ ਸਿਰਫ ਸਿੱਖਾਂ ਦੀ ਮਾਂ ਬੋਲੀ ਨਹੀਂ ਸਗੋਂ ਸਮੂਹ ਪੰਜਾਬੀਆਂ ਦੀ ਭਾਸ਼ਾ ਹੈ, ਜਿਸ ਨੂੰ ਭਾਰਤ ਵਿਚ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਅਜਿਹੀ ਸਥਿਤੀ 'ਚ ਸਿੱਖ ਖੁਦ ਨੂੰ ਕਿਵੇਂ ਸੁਰੱਖਿਅਤ ਮਹਿਸੂਸ ਕਰ ਸਕਦੇ ਹਨ।

# ਤਖਤ ਪਟਨਾ ਸਾਹਿਬ ਬੋਰਡ ਦੇ ਮੈਂਬਰ ਲਈ ਭਾਈ ਬਾਗੜੀਆਂ ਦੀ ਸਿਫਾਰਸ਼

**ਅੰਮ੍ਰਿਤਸਰ:** ਤਖਤ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਵਿਚ ਚੀਫ ਖਾਲਸਾ ਦੀਵਾਨ ਦੇ ਨੁਮਾਇੰਦੇ ਵਜੋਂ ਬਤੌਰ ਮੈਂਬਰ ਨਾਮਜ਼ਦ ਕਰਨ ਵਾਸਤੇ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਨੇ ਭਾਈ ਅਸ਼ੋਕ ਸਿੰਘ ਬਾਗੜੀਆ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਸਿਫਾਰਸ਼ ਪਟਨਾ ਸਾਹਿਬ ਦੇ ਜ਼ਿਲ੍ਹਾ ਜੱਜ ਨੂੰ ਭੇਜੀ ਗਈ ਹੈ, ਜੋ ਕਿ ਪ੍ਰਬੰਧਕੀ ਬੋਰਡ ਦੇ ਕਸਟੋਡੀਅਨ ਵੀ ਹਨ।

ਖਾਲਾਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਮੁਤਾਬਕ ਦੀਵਾਨ ਦੇ ਨੁਮਾਇੰਦੇ ਭਾਈ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਮੈਂਬਰ ਸਨ ਪਰ ਬੀਤੇ ਦਿਨੀਂ ਉਨ੍ਹਾਂ ਦੀ ਕਰੋਨਾ ਕਾਰਨ ਮੌਤ ਹੋ ਗਈ ਸੀ, ਜਿਸ ਕਾਰਨ ਮੈਂਬਰ ਦਾ ਇਹ ਅਹੁਦਾ ਖਾਲੀ ਹੋ ਗਿਆ ਸੀ।

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਤਰਖਾਣ ਮਾਜਰਾ ਤੇ ਜੱਲ੍ਹਾ 'ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

**ਫਤਹਿਗੜ੍ਹ ਸਾਹਿਬ:** ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਤਰਖਾਣ ਮਾਜਰਾ ਤੇ ਪਿੰਡ ਜੱਲ੍ਹਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ। ਤਰਖਾਣ ਮਾਜਰਾ ਵਿਚ ਇਕ ਨੌਜਵਾਨ ਮੱਥਾ ਟੇਕਣ ਦੇ ਬਹਾਨੇ ਗਿਆ ਤੇ ਗੁਰੂ ਗ੍ਰੰਥ ਸਾਹਿਬ ਅਤੇ ਗੁਟਕਾ ਸਾਹਿਬ ਦੇ ਅੰਗ ਪਾੜ ਕੇ ਬੇਅਦਬੀ ਕੀਤੀ। ਗੁਰਦੁਆਰੇ ਦੇ ਗ੍ਰੰਥੀ ਮਲਕੀਤ ਸਿੰਘ ਨੇ ਦੱਸਿਆ ਕਿ ਇਕ ਨੌਜਵਾਨ ਗੁਰਦੁਆਰੇ ਵਿਖੇ ਆਇਆ ਅਤੇ ਉਨ੍ਹਾਂ ਨੂੰ ਮੱਥਾ ਟੇਕਣ ਦੀ ਗੱਲ ਕਹੀ। ਇਸ 'ਤੇ ਗ੍ਰੰਥੀ ਨੇ ਜਿੰਦਰਾ ਖੋਲ੍ਹ ਦਿੱਤਾ। ਨੌਜਵਾਨ ਨੇ ਅੰਦਰ ਜਾ ਕੇ ਗੁਰੂ ਗ੍ਰੰਥ ਸਾਹਿਬ ਅਤੇ ਗੁਟਕਾ ਸਾਹਿਬ ਦੇ ਅੰਗ ਪਾੜਨੇ ਸ਼ੁਰੂ ਕਰ ਦਿੱਤੇ। ਗ੍ਰੰਥੀ ਨੇ ਇਸ ਸਬੰਧੀ ਰੌਲਾ ਪਾਇਆ ਤਾਂ ਪਿੰਡ ਵਾਸੀ ਇਕੱਠੇ ਹੋ ਗਏ। ਉਨ੍ਹਾਂ ਨੌਜਵਾਨ ਨੂੰ ਫੜ ਕੇ ਕੁੱਟਮਾਰ ਕੀਤੀ। ਸੂਚਨਾ ਮਿਲਣ 'ਤੇ ਥਾਣਾ ਸਰਹਿੰਦ ਦੀ ਪੁਲਿਸ ਘਟਨਾ ਸਥਾਨ 'ਤੇ ਪੁੱਜੀ ਅਤੇ ਮੁਲਜ਼ਮ ਨੂੰ ਕਾਬੂ ਕਰ ਲਿਆ। ਜਾਣਕਾਰੀ ਅਨੁਸਾਰ ਨੌਜਵਾਨ ਨੇ ਨਸ਼ਾ ਕੀਤਾ ਹੋਇਆ ਸੀ ਅਤੇ ਆਪਣੇ ਬਾਰੇ ਪੁਲਿਸ ਨੂੰ ਸਹੀ ਜਾਣਕਾਰੀ ਨਹੀਂ ਦੇ ਰਿਹਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਤਰਖਾਣ ਮਾਜਰਾ ਅਤੇ ਪਿੰਡ ਜੱਲ੍ਹਾ 'ਚ ਹੋਈਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਨਿਖੇਧੀ ਕੀਤੀ ਹੈ। ਮੁਲਜ਼ਮਾਂ ਨੂੰ ਸਜ਼ਾਵਾਂ ਦੇਣ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਲੋਕਾਂ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ।

# ਪਰਮਜੀਤ ਸਿੰਘ ਦੇ ਕਤਲ ਦੀ ਜਾਂਚ ਮੁੜ ਖੁੱਲ੍ਹੀ

**ਟਰੇਸੀ, ਕੈਲੀਫੋਰਨੀਆ (ਬਿਊਰੋ):** ਯੂਨਾਈਟਿਡ ਸਿੱਖਸ ਨੇ ਪਰਮਜੀਤ ਸਿੰਘ ਨਾਮ ਦੇ ਇੱਕ ਬਜੁਰਗ ਸਿੱਖ ਵਿਅਕਤੀ ਦੇ ਕਤਲ ਦੀ ਗੁੱਥੀ ਨੂੰ ਸੁਲਝਾਉਣ ਦੀ ਕਾਰਵਾਈ ਮੁੜ ਸ਼ੁਰੂ ਕਰਨ ਲਈ ਟਰੇਸੀ ਪੁਲਿਸ ਵਿਭਾਗ, ਸੈਨ ਵਾਕੀਨ ਕਾਉਂਟੀ ਦੇ ਜਿਲਾ ਅਟਾਰਨੀ ਟੋਰੀ ਵਰਬਰ ਸਲਾਜ਼ਾਰ ਅਤੇ ਅਮਰੀਕਾ ਦੇ ਨਿਆਂ ਵਿਭਾਗ ਦਾ ਧੰਨਵਾਦ ਕੀਤਾ। ਯੂਨਾਈਟਿਡ ਸਿੱਖਸ ਵਲੋਂ ਇਕ ਭਿਆਨਕ ਗੈਰ ਕਾਨੂੰਨੀ ਹਿੰਸਕ ਕਤਲੇਆਮ ਪਿਛੋਂ ਆਏ ਦਿਨਾਂ ਨਾਲੋਂ ਕਿਤੇ ਜ਼ਿਆਦਾ ਵਿਆਪਕ ਗੁੰਜਾਇਸ਼ ਨਾਲ ਇਕ ਹੋਰ ਨਫਰਤਪੂਰਨ ਅਪਰਾਧ ਦੀ ਜਾਂਚ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਫੈੱਡਰਲ ਅਧਿਕਾਰੀਆਂ ਨਾਲ ਗੱਲ ਕਰਕੇ ਜਾਂਚ ਨੂੰ ਮੁੜ ਖੋਲ੍ਹਿਆ ਗਿਆ। 25 ਅਗਸਤ 2019 ਨੂੰ ਗ੍ਰੇਚੇਨ ਟੱਲੀ ਪਾਰਕ ਵਿਖੇ ਇੱਕ ਸਿੱਖ ਦਾ ਕਤਲ ਹੋਇਆ ਸੀ, ਜਿਸ ਦੇ ਨਿਆਂ ਦੀ ਅੱਜ ਤੱਕ ਉਡੀਕ ਕੀਤੀ ਜਾ ਰਹੀ ਹੈ।

ਸ਼ੱਕੀ ਕਿੱਥੇ ਹੈ, ਕੀ ਉਹ ਸੀਰੀਅਲ ਕਾਤਲ ਹੈ? ਨਿਆਂ ਵਿਭਾਗ ਨੇ ਐੱਫ. ਬੀ. ਆਈ. ਅਤੇ ਹੋਮਲੈਂਡ ਸਿਕਿਉਰਿਟੀ ਨੂੰ ਇੱਕ ਆਮ ਪੁੱਛਗਿੱਛ ਮੁੜ ਖੋਲ੍ਹਣ, ਟਰੇਸੀ ਸ਼ਹਿਰ ਨੂੰ ਜਾਂਚ ਵਿਚ ਮਦਦ ਕਰਨ ਅਤੇ ਜਨਤਾ ਦੇ ਸਰਬੋਤਮ ਹਿੱਤ ਵਿਚ ਇੱਕ ਨਫਰਤ ਅਪਰਾਧ ਦੀ ਜਾਂਚ ਸ਼ੁਰੂ ਕਰਨ ਲਈ ਸੂਚਿਤ ਕੀਤਾ ਹੈ।

ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਜਸਮੀਤ ਸਿੰਘ ਨੇ ਕਿਹਾ, ਕਾਂਗਰਸਮੈਨ ਟੀ. ਜੇ. ਕੌਕਸ ਨੇ ਜੱਜਾਂ ਵਲੋਂ ਪਰਮਜੀਤ ਸਿੰਘ ਦੇ ਕਤਲ ਕੇਸ ਨੂੰ ਬਰਖਾਸਤ ਕੀਤੇ ਜਾਣ 'ਤੇ ਉਨ੍ਹਾਂ ਦੀਆਂ ਘਟਨਾਵਾਂ ਤੋਂ ਨਾਰਾਜ਼ਗੀ ਜਾਹਰ ਕੀਤੀ। ਇੱਕ ਸ਼ੱਕੀ ਗੋਰੇ ਵਿਅਕਤੀ ਨੂੰ ਥੋੜ੍ਹੇ ਚਿਰ ਲਈ ਫੜਿਆ ਗਿਆ ਅਤੇ ਫਿਰ ਸ਼ੱਕੀ ਤੇ ਰਹੱਸਮਈ ਹਾਲਤਾਂ ਵਿਚ ਰਿਹਾ ਕਰ ਦਿੱਤਾ ਗਿਆ। ਯੂਨਾਈਟਿਡ ਸਿੱਖਸ ਦਾ ਮੰਨਣਾ ਹੈ ਕਿ ਪਰਮਜੀਤ ਸਿੰਘ ਨੂੰ ਨਿਸ਼ਾਨਾ ਬਣਾਉਣ ਵਿਚ ਨਸਲ ਅਤੇ ਧਾਰਮਿਕ ਪਛਾਣ ਇਕ ਕਾਰਨ ਸੀ।

ਯੂਨਾਈਟਿਡ ਸਿੱਖਸ ਅਨੁਸਾਰ ਮਾਣਯੋਗ ਜੱਜ ਨੇ ਕੇਸ ਨੂੰ ਖਾਰਜ ਕਰਨ ਵਿਚ ਜਲਦਬਾਜ਼ੀ ਅਤੇ ਪੱਖਪਾਤ ਕੀਤਾ ਹੈ। ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਦੀ ਸੈਨ ਵਾਕੀਨ ਕਾਉਂਟੀ ਸੁਪੀਰੀਅਰ ਕੋਰਟ ਦੇ ਜੱਜ ਮਾਈਕਲ ਮਲਵੀਹਲ ਨੇ ਐਂਥਨੀ ਕ੍ਰੀਟਰ-ਰੋਡਜ਼ ਨੂੰ ਸਪੱਸ਼ਟ ਵੀਡੀਓ ਸਬੂਤ, ਡੀ. ਐਨ. ਏ. ਅਤੇ ਗਵਾਹਾਂ ਦੀ ਅਣਹੋਂਦ ਦਾ ਹਵਾਲਾ ਦਿੰਦਿਆਂ ਰਿਹਾ ਕੀਤਾ।

ਕਾਨੂੰਨੀ ਡਾਇਰੈਕਟਰ ਵਾਂਡਾ ਸੰਚੇਜ਼ ਡੇਅ ਨੇ ਕਿਹਾ ਕਿ ਸਾਨੂੰ ਨਾਗਰਿਕ ਅਧਿਕਾਰਾਂ ਦੇ ਕਾਰਕੁੰਨਾਂ ਦੇ ਸਵਾਲਾਂ ਦੀ ਗੰਭੀਰ ਚਿੰਤਾ ਹੈ ਕਿ ਕੀ ਨਸਲੀ ਕੱਟੜਪੰਥੀਆਂ ਅਤੇ ਘਰੇਲੂ ਅਤਿਵਾਦੀਆਂ ਦੀ ਸ਼ਮੂਲੀਅਤ ਦੀ ਜਾਂਚ ਸਹੀ ਢੰਗ ਨਾਲ ਕੀਤੀ ਜਾ ਰਹੀ ਹੈ? ਸਾਨੂੰ ਉਮੀਦ ਹੈ ਕਿ ਇਸ ਮਾਮਲੇ ਵਿਚ ਸੱਚਾਈ ਸਾਹਮਣੇ ਆਵੇਗੀ ਅਤੇ ਪਰਿਵਾਰ ਨੂੰ ਨਿਆਂ ਮਿਲੇਗਾ।



*ਪਰਮਜੀਤ ਸਿੰਘ ਦਾ ਪੁੱਤਰ ਹਰਨੇਕ ਸਿੰਘ ਤੇ ਹੋਰ ਪਰਿਵਾਰਕ ਮੈਂਬਰ*

ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਜਸਮੀਤ ਸਿੰਘ ਅਨੁਸਾਰ ਆਸ ਪਾਸ ਦੇ ਖੇਤਰ ਵਿਚ ਦਸ ਤੋਂ ਵੱਧ ਗੋਰੇ ਕੱਟੜਪੰਥੀ ਸਮੂਹ ਹਨ। ਟਰੇਸੀ ਦਾ ਇਕ ਗੂੜ੍ਹਾ ਇਤਿਹਾਸ ਹੈ, ਜੋ ਨੈਸ਼ਨਲ ਸੋਸ਼ਲਿਸਟ ਵ੍ਹਾਈਟ ਪੀਪਲਜ਼ ਪਾਰਟੀ, ਅਸਲ ਵਿਚ ਅਮੈਰੀਕਨ ਨਾਜ਼ੀ ਪਾਰਟੀ ਅਤੇ ਹੋਰ ਨਿਓਫੈਸਿਸਟ ਸਮੂਹ ਦੇ ਉਪਨਾਮਿਆਂ ਦਾ ਕੇਂਦਰ ਰਿਹਾ ਹੈ। ਸੈਨ ਵਾਕੀਨ ਕਾਉਂਟੀ ਦੇ ਸ਼ੈਰਿਫ ਪੈਟ ਵਿਓਰੋ ਨੇ ਕਿਹਾ, ਸਾਡੇ ਦਿਲ ਤੇ ਅਰਦਾਸਾਂ ਸਿੱਖ ਭਾਈਚਾਰੇ ਦੇ ਨਾਲ ਹਨ ਅਤੇ ਅਸੀਂ ਜਾਂਚ ਵਿਚ ਮਦਦ ਲਈ ਜੋ ਕਰ ਸਕਦੇ ਹਾਂ, ਜ਼ਰੂਰ ਕਰਾਂਗੇ।

# ਕਿਸਾਨ ਸੰਘਰਸ਼ ਨੂੰ ਦੱਬਣ ਲਈ ਉਤਾਰੂ ਹੋਈਆਂ ਸਿਆਸੀ ਧਿਰਾਂ

*(ਸਫਾ ਇਕ ਦੀ ਬਾਕੀ)*

ਇਨ੍ਹਾਂ ਨੂੰ ਭੋਰਾ ਵੀ ਮੂੰਹ ਨਾ ਲਾਇਆ ਤੇ ਥਾਂ-ਥਾਂ ਵਿਰੋਧ ਹੋਇਆ। ਥੱਕ ਹਾਰ ਕੇ ਅਕਾਲੀ ਦਲ ਨੇ ਕੋਰ ਕਮੇਟੀ ਵਿਚ ਐਲਾਨ ਕੀਤਾ ਕਿ ਉਹ ਕਿਸਾਨ ਜਥੇਬੰਦੀਆਂ ਵਲੋਂ ਤੈਅ ਰਣਨੀਤੀ ਮੁਤਾਬਕ ਚੱਲੇਗਾ। ਪੰਜਾਬ ਸਰਕਾਰ ਨੇ ਇਕਦਮ ਆਪਣਾ ਰਵੱਈਆ ਬਦਲਦਿਆਂ ਰੇਲ ਪਟੜੀਆਂ ਮੱਲੀ ਬੈਠੇ ਕਿਸਾਨਾਂ ਨੂੰ ਕੋਲਾ ਨਾ ਮਿਲਣ ਕਾਰਨ ਬਿਜਲੀ ਗੁੱਲ ਹੋਣ ਦੇ ਦਾਬੇ ਮਾਰਨੇ ਸ਼ੁਰੂ ਕਰ ਦਿੱਤੇ।

ਸਿਰਫ ਡੇਢ ਹਫਤੇ ਵਿਚ ਮਾਹੌਲ ਬਿਲਕੁਲ ਬਦਲ ਗਿਆ ਹੈ। ਹੁਣ ਤਾਜ਼ ਵਾਪਰੀਆਂ ਘਟਨਾਵਾਂ ਇਹ ਸੰਕੇਤ ਦੇ ਰਹੀਆਂ ਹਨ ਕਿ ਕਿਸਾਨਾਂ ਅੰਦੋਲਨ ਨੂੰ ਹਿੰਸਕ ਐਲਾਨਣ ਵਲ ਕੋਸ਼ਿਸ਼ਾਂ ਹੋਰ ਤੇਜ਼ ਹੋ ਸਕਦੀਆਂ ਹਨ। ਯਾਦ ਰਹੇ ਕਿ ਪੰਜਾਬ ਵਿਚ ਅਜਿਹੀ ਸੰਘਰਸ਼ੀ ਲਹਿਰ ਬੜੇ ਲੰਮੇ ਸਮੇਂ ਬਾਅਦ ਤੁਰੀ ਹੈ। ਸੂਬੇ ਦੀਆਂ 31 ਕਿਸਾਨ ਜਥੇਬੰਦੀਆਂ ਮੋਢੇ-ਨਾਲ ਮੋਢਾ ਜੋੜ ਕੇ ਤੁਰੀਆਂ। ਇਸ ਅੰਦੋਲਨ ਵਿਚ ਨੌਜਵਾਨਾਂ, ਵਿਦਿਆਰਥੀਆਂ, ਔਰਤਾਂ, ਬੁੱਧੀਜੀਵੀਆਂ, ਵਪਾਰੀਆਂ, ਲੇਖਕਾਂ, ਖੇਤੀ ਮਾਹਿਰਾਂ, ਪੱਤਰਕਾਰਾਂ ਅਤੇ ਹੋਰ ਵਰਗਾਂ ਦੇ ਲੋਕਾਂ ਨੇ ਆਪ-ਮੁਹਾਰੇ ਸ਼ਿਰਕਤ ਕੀਤੀ ਹੈ। ਇਸ ਤਰ੍ਹਾਂ ਖੇਤੀ ਮੰਡੀਕਰਨ ਕਾਨੂੰਨਾਂ ਵਿਰੁਧ ਰੋਸ ਪ੍ਰਗਟਾਵੇ ਵਿਚ ਲੋਕਾਂ ਦਾ ਸਰਕਾਰਾਂ ਦੀਆਂ ਹੋਰ ਲੋਕ ਵਿਰੋਧੀ ਪਹਿਲਕਦਮੀਆਂ ਵਿਰੁੱਧ ਸਮੂਹਿਕ ਰੋਹ ਪ੍ਰਗਟ ਹੋ ਰਿਹਾ ਹੈ।

ਇਹ ਅੰਦੋਲਨ ਪੰਜਾਬ ਅਤੇ ਹਰਿਆਣਾ ਦੀ ਸਿਆਸਤ ਨੂੰ ਤੇਜ਼ੀ ਨਾਲ ਪ੍ਰਭਾਵਿਤ ਕਰ ਰਿਹਾ ਹੈ। ਹਰਿਆਣਾ ਵਿਚ ਜਨਨਾਇਕ ਪਾਰਟੀ ਦੇ ਨੇਤਾ ਅਤੇ ਸੂਬੇ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਸਿੰਘ ਚੌਟਾਲਾ 'ਤੇ ਦਬਾਓ ਬਣ ਰਿਹਾ ਹੈ ਕਿ ਉਹ ਆਪਣੇ ਅਹੁਦੇ ਤੋਂ ਅਸਤੀਫਾ ਦੇਣ। ਪੰਜਾਬ ਵਿਚ ਕੁਝ ਲੋਕ ਸੂਬੇ ਦੇ ਲੋਕ ਸਭਾ ਅਤੇ ਰਾਜ ਸਭਾ ਮੈਂਬਰਾਂ ਦੇ ਅਸਤੀਫੇ ਦੀ ਗੱਲ ਕਰਨ ਲੱਗ ਪਏ ਹਨ। ਕੇਂਦਰ ਸਰਕਾਰ ਕਿਸਾਨ ਜਥੇਬੰਦੀਆਂ ਨੂੰ ਗੱਲਬਾਤ ਲਈ ਹਾਕਾਂ ਮਾਰ ਰਹੀ ਹੈ। ਲੋਕ ਰੋਹ ਵੇਖ ਦਬਾਅ ਵਿਚ ਆਈ ਪੰਜਾਬ ਭਾਜਪਾ ਨੇ ਆਉਣ ਵਾਲੇ ਦਿਨਾਂ ਵਿਚ ਕਿਸਾਨ ਵਰਗ ਵਿਚ 'ਸੁਤੰਤਰ ਕਿਸਾਨ ਸਸ਼ਕਤ' ਮੁਹਿੰਮ ਛੇੜ ਦਸ ਲੱਖ ਪੈਂਫਲਟ ਵੰਡ ਕੇ ਜਾਣਕਾਰੀ ਦੇਣ ਦਾ ਫੈਸਲਾ ਕਰ ਲਿਆ ਹੈ। ਮੌਜੂਦ ਮਾਹੌਲ ਸਿਆਸੀ ਧਿਰਾਂ ਦੇ ਮਾੜੇ ਮਨਸ਼ਿਆਂ ਦੇ ਸੰਕੇਤ ਦੇ ਰਿਹਾ ਹੈ।

# ਸ਼੍ਰੋਮਣੀ ਕਮੇਟੀ ਚੋਣਾਂ: ਭਾਜਪਾ ਨਾਲੋਂ ਤੋੜ-ਵਿਛੋੜੇ ਮਗਰੋਂ ਬਾਦਲਾਂ ਦੀ ਅਗਨ ਪ੍ਰੀਖਿਆ

*(ਸਫਾ ਇਕ ਦੀ ਬਾਕੀ)*

ਐਲਾਨ ਤੋਂ ਪਹਿਲਾਂ ਹੀ ਬਾਦਲ ਦਲ ਵਿਰੋਧੀ ਪੰਥਕ ਧਿਰਾਂ ਨੇ ਮੋਰਚੇ ਸੰਭਾਲ ਲਏ ਹਨ।

ਜ਼ਿਕਰਯੋਗ ਹੈ ਕਿ ਪਿਛਲੀ ਵਾਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਤੰਬਰ 2011 'ਚ ਹੋਈਆਂ ਸਨ। ਮੌਜੂਦਾ ਹਾਊਸ ਦੀ ਮਿਆਦ ਲੰਘ ਚੁੱਕੀ ਸ਼੍ਰੋਮਣੀ ਕਮੇਟੀ 'ਤੇ ਅਕਾਲੀ ਦਲ ਬਾਦਲ ਦੀ ਸਿਆਸੀ ਸਰਪ੍ਰਸਤੀ ਹੋਣ ਕਾਰਨ ਪੰਥਕ ਧਿਰਾਂ ਲੰਮੇ ਸਮੇਂ ਤੋਂ ਚੋਣਾਂ ਕਰਾਉਣ ਦੀ ਮੰਗ ਕਰਦੀਆਂ ਆ ਰਹੀਆਂ ਹਨ, ਪਰ ਅਕਾਲੀ ਦਲ ਦੀ ਕੇਂਦਰ ਵਿਚ ਪਹੁੰਚ ਹੋਣ ਕਾਰਨ ਹੁਣ ਤੱਕ ਟਾਲਾ ਵੱਟਿਆ ਜਾ ਰਿਹਾ ਸੀ।

ਹੁਣ ਗੁਰਦੁਆਰਾ ਚੋਣ ਕਮਿਸ਼ਨ ਦੇ ਮੁੱਖ ਕਮਿਸ਼ਨਰ ਵਜੋਂ ਸੇਵਾ ਮੁਕਤ ਜਸਟਿਸ ਐਸ.ਐਸ. ਸਾਰੋਂ ਦੀ ਨਿਯੁਕਤੀ ਪਿੱਛੋਂ ਅਕਾਲੀ ਦਲ ਬਾਦਲ ਤੋਂ ਵੱਖ ਹੋ ਕੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ 'ਚ ਹਾਲ ਹੀ ਵਿਚ ਗਠਿਤ ਅਕਾਲੀ ਦਲ ਡੈਮੋਕ੍ਰੇਟਿਕ ਤੇ ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ 'ਚ ਹੋਂਦ 'ਚ ਆਏ ਅਕਾਲੀ ਦਲ ਟਕਸਾਲੀ ਤੋਂ ਇਲਾਵਾ ਗਰਮ ਖਿਆਲੀ ਧਿਰਾਂ ਵੱਲੋਂ ਵੀ ਸ਼੍ਰੋਮਣੀ ਕਮੇਟੀ ਦੀਆਂ ਸੰਭਾਵੀ ਚੋਣਾਂ ਨੂੰ ਲੈ ਕੇ ਨਵੀਂ ਰਣਨੀਤੀ ਬਣਾਉਣ ਦੀ ਕਵਾਇਦ ਸ਼ੁਰੂ ਕਰ ਦਿੱਤੀ ਗਈ ਹੈ।

ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਪੰਥਕ ਲਹਿਰ ਦੇ ਆਗੂ ਭਾਈ ਰਣਜੀਤ ਸਿੰਘ ਨੇ ਪੰਜਾਬ ਤੇ ਪੰਥ ਦੇ ਭਲੇ ਲਈ ਸ਼੍ਰੋਮਣੀ ਕਮੇਟੀ ਨੂੰ ਬਾਦਲਕਿਆਂ ਦੇ ਸ਼ਿਕੰਜੇ ਵਿਚੋਂ ਆਜ਼ਾਦ ਕਰਵਾਉਣਾ ਦਾ ਸੱਦਾ ਦੇ ਦਿੱਤਾ ਹੈ। ਬਾਦਲ ਵਿਰੋਧੀ ਧਿਰਾਂ ਵਲੋਂ ਇਸ ਵਾਰ ਬਰਗਾੜੀ ਕਾਂਡ ਅਤੇ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਸਰੂਪਾਂ ਦੇ ਮਾਮਲੇ ਉਤੇ ਘੇਰਾਬੰਦੀ ਦੀ ਰਣਨੀਤੀ ਬਣਾਈ ਜਾ ਰਹੀ ਹੈ। ਇਸੇ ਤਰ੍ਹਾਂ ਸਿਮਰਨਜੀਤ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਅੰਮ੍ਰਿਤਸਰ, ਦਲ ਖਾਲਸਾ, ਭਾਈ ਹਵਾਰਾ ਕਮੇਟੀ, ਅਕਾਲ ਫੈਡਰੇਸ਼ਨ ਤੇ ਪੰਥਕ ਤਾਲਮੇਲ ਸੰਗਠਨ, ਲੋਕ ਇਨਸਾਫ ਪਾਰਟੀ ਸਮੇਤ ਹੋਰ ਸਿੱਖ ਸੰਸਥਾਵਾਂ ਵਲੋਂ ਵੀ ਸ਼੍ਰੋਮਣੀ ਕਮੇਟੀ ਚੋਣਾਂ ਦੀ ਤਿਆਰੀ ਆਰੰਭ ਕਰ ਦਿੱਤੀ ਗਈ ਹੈ। ਇਨ੍ਹਾਂ ਚੋਣਾਂ ਨੂੰ ਲੈ ਕੇ ਆਉਂਦੇ ਸਮੇਂ 'ਚ ਨਵੇਂ ਪੰਥਕ ਗੱਠਜੋੜ ਸਾਹਮਣੇ ਆ ਸਕਦੇ ਹਨ ਜੋ ਬਾਦਲ ਧੜੇ ਲਈ ਵੱਡੀ ਚੁਣੌਤੀ ਖੜ੍ਹੀ ਕਰ ਸਕਦੇ ਹਨ।

# ਭਾਜਪਾ ਵਲੋਂ ਪੰਜਾਬ 'ਚ ਸਾਰੀਆਂ ਸੀਟਾਂ 'ਤੇ ਚੋਣ ਲੜਨ ਦਾ ਐਲਾਨ

**ਜਲੰਧਰ:** ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੂਬਾਈ ਪ੍ਰਧਾਨ ਅਸ਼ਵਨੀ ਕੁਮਾਰ ਸ਼ਰਮਾ ਨੇ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਆਪਣੇ ਬਲਬੂਤੇ ਚੋਣ ਲੜਨ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਮੀਟਿੰਗ ਵਿਚ ਪਾਰਟੀ ਦੇ ਅਹੁਦੇਦਾਰ ਅਤੇ ਕੋਰ ਕਮੇਟੀ ਦੇ ਮੈਂਬਰ ਵੀ ਸ਼ਾਮਲ ਹੋਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਰਚੁਅਲ ਤਰੀਕੇ ਨਾਲ ਮੀਟਿੰਗ 'ਚ ਹਾਜ਼ਰ ਹੋਏ। ਇਸ ਮੌਕੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਹਿੰਦੀ ਵਿਚ ਛਪਿਆ 'ਸਵਤੰਤਰ ਕਿਸਾਨ-ਸਸ਼ਕਤ ਕਿਸਾਨ' ਪੈਂਫਲਿਟ ਵੀ ਜਾਰੀ ਕੀਤਾ ਗਿਆ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਪੰਜਾਬ ਭਰ 'ਚ ਕਿਸਾਨਾਂ ਨੂੰ ਖੇਤੀ ਕਾਨੂੰਨਾਂ ਬਾਰੇ ਸਮਝਾਉਣ ਅਤੇ ਇਸ ਬਾਰੇ ਫੈਲਾਏ ਗਏ ਭਰਮ-ਜਾਲ ਨੂੰ ਤੋੜਨ ਲਈ 10 ਲੱਖ ਪੈਂਫਲਿਟ ਵੰਡੇ ਜਾਣਗੇ।

# ਮਿਲਗਰੋਮ ਤੇ ਵਿਲਸਨ ਨੂੰ ਅਰਥ ਸ਼ਾਸਤਰ ਦਾ ਨੋਬੇਲ

**ਸਟਾਕਹੋਮ:** ਅਰਥ-ਸ਼ਾਸਤਰ ਦਾ ਨੋਬੇਲ ਪੁਰਸਕਾਰ ਇਸ ਵਾਰ ਅਮਰੀਕੀ ਅਰਥ-ਸ਼ਾਸਤਰੀ ਪੌਲ ਆਰ. ਮਿਲਗਰੋਮ ਤੇ ਰੌਬਰਟ ਬੀ. ਵਿਲਸਨ ਨੂੰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਇਹ ਪੁਰਸਕਾਰ 'ਆਕਸ਼ਨ ਥਿਊਰੀ' (ਨੀਲਾਮੀ ਸਿਧਾਂਤ) ਵਿਚ ਸੁਧਾਰ ਤੇ ਨੀਲਾਮੀ ਦੇ ਨਵੇਂ ਤਰੀਕਿਆਂ ਦੀ ਖੋਜ ਕਰਨ ਲਈ ਦਿੱਤਾ ਗਿਆ ਹੈ। ਪੁਰਸਕਾਰ ਦਾ ਐਲਾਨ 'ਰਾਇਲ ਸਵੀਡਿਸ਼ ਅਕੈਡਮੀ ਆਫ ਸਾਇੰਸਿਜ਼' ਦੇ ਜਨਰਲ ਸਕੱਤਰ ਨੇ ਕੀਤਾ। ਮਿਲਗਰੋਮ ਤੇ ਵਿਲਸਨ ਦੋਵੇਂ ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਵਿਚ ਕਾਰਜਸ਼ੀਲ ਹਨ। ਉਨ੍ਹਾਂ ਅਧਿਐਨ ਕੀਤਾ ਹੈ ਕਿ ਨੀਲਾਮੀ ਕਿਵੇਂ ਕੰਮ ਕਰਦੀ ਹੈ। ਉਨ੍ਹਾਂ ਅਜਿਹੀਆਂ ਵਸਤਾਂ ਤੇ ਸੇਵਾਵਾਂ (ਜਿਵੇਂ ਕਿ ਰੇਡੀਓ ਫ੍ਰੀਕੁਐਂਸੀ) ਲਈ ਨੀਲਾਮੀ ਢਾਂਚਾ ਤਿਆਰ ਕੀਤਾ ਹੈ ਜਿਨ੍ਹਾਂ ਨੂੰ ਰਵਾਇਤੀ ਤਰੀਕਿਆਂ ਨਾਲ ਵੇਚਣਾ ਮੁਸ਼ਕਿਲ ਹੈ। ਦੋਵਾਂ ਦੀ ਖੋਜ ਨਾਲ ਦੁਨੀਆਂ ਭਰ ਦੇ ਵਿਕਰੇਤਾਵਾਂ, ਖਰੀਦਦਾਰਾਂ ਤੇ ਕਰਦਾਤਾਵਾਂ ਨੂੰ ਲਾਭ ਪਹੁੰਚਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸਰਕਾਰ ਨੇ ਵਪਾਰੀਆਂ ਨੂੰ ਦਿੱਤੀ ਕਿਸਾਨਾਂ ਨੂੰ ਲੁੱਟਣ ਦੀ 'ਖੁੱਲ੍ਹ'

**ਚੰਡੀਗੜ੍ਹ:** ਕਿਸਾਨ ਅੰਦੋਲਨ ਦੌਰਾਨ ਹੀ ਨਰਮਾ ਪੱਟੀ ਵਿਚ ਕਿਸਾਨਾਂ ਨੂੰ ਨਰਮੇ ਦਾ ਸਰਕਾਰੀ ਭਾਅ ਨਹੀਂ ਮਿਲ ਰਿਹਾ। ਭਾਰਤੀ ਕਪਾਹ ਨਿਗਮ ਨੇ ਭਾਵੇਂ ਸਰਕਾਰੀ ਖਰੀਦ ਸ਼ੁਰੂ ਕਰ ਦਿੱਤੀ ਹੈ ਪਰ ਹਾਲੇ ਪ੍ਰਾਈਵੇਟ ਵਪਾਰੀ ਹੀ ਫਸਲ ਦੀ ਜ਼ਿਆਦਾ ਖਰੀਦ ਕਰ ਰਹੇ ਹਨ। ਵੱਡਾ ਬਹਾਨਾ ਜਿਣਸ ਵਿਚ ਨਮੀ ਵਧੇਰੇ ਹੋਣ ਦਾ ਲਾਇਆ ਜਾ ਰਿਹਾ ਹੈ। ਵੇਰਵਿਆਂ ਅਨੁਸਾਰ ਨਰਮਾ ਪੱਟੀ ਵਿਚ 19 ਨਰਮਾ ਮੰਡੀਆਂ ਵਿਚ ਫਸਲ ਦੀ ਆਮਦ ਤੇਜ਼ ਹੋ ਗਈ ਹੈ। ਭਾਰਤੀ ਕਪਾਹ ਨਿਗਮ ਦੇ ਦਖਲ ਮਗਰੋਂ ਵੀ ਫਸਲ ਦੇ ਭਾਅ ਵਿਚ ਤੇਜ਼ੀ ਵੇਖਣ ਨੂੰ ਨਹੀਂ ਮਿਲ ਰਹੀ ਹੈ।

**ਕੌਡੀਆਂ ਦੇ ਭਾਅ ਲਾਇਆ ਜਾ ਰਿਹਾ ਹੈ ਚਿੱਟੇ ਸੋਨੇ ਦਾ ਮੁੱਲ**



ਕਿਸਾਨਾਂ ਦਾ 1.59 ਲੱਖ ਕੁਇੰਟਲ ਨਰਮਾ-ਕਪਾਹ ਹੁਣ ਤੱਕ ਸਰਕਾਰੀ ਭਾਅ ਤੋਂ ਹੇਠਾਂ ਵਿਕ ਚੁੱਕਾ ਹੈ। ਮੋਟੇ ਅੰਦਾਜ਼ੇ ਅਨੁਸਾਰ ਹਰ ਕਿਸਾਨ ਨੂੰ ਪ੍ਰਤੀ ਕੁਇੰਟਲ ਇਕ ਹਜ਼ਾਰ ਤੋਂ ਦੋ ਹਜ਼ਾਰ ਤੱਕ ਦਾ ਘੱਟ ਮੁੱਲ ਮਿਲ ਰਿਹਾ ਹੈ। ਇਸ ਲਿਹਾਜ਼ ਨਾਲ ਹੁਣ ਤੱਕ ਕਿਸਾਨਾਂ ਨੂੰ ਸਰਕਾਰੀ ਭਾਅ ਤੋਂ ਹੇਠਾਂ ਕੀਮਤ ਮਿਲਣ ਕਰਕੇ 16 ਕਰੋੜ ਦਾ ਨੁਕਸਾਨ ਹੋ ਚੁੱਕਾ ਹੈ। ਇਹੋ ਰਫਤਾਰ ਰਹੀ ਤਾਂ ਕਿਸਾਨਾਂ ਦਾ ਘਾਟਾ 200 ਕਰੋੜ ਨੂੰ ਵੀ ਪਾਰ ਕਰ ਸਕਦਾ ਹੈ। ਅਬੋਹਰ ਮੰਡੀ 'ਚ ਕਿਸਾਨਾਂ ਨੂੰ ਸਭ ਤੋਂ ਘੱਟ ਕੀਮਤ ਮਿਲ ਰਹੀ ਹੈ ਜਿਥੇ ਹੁਣ ਤੱਕ 32,249 ਕੁਇੰਟਲ ਨਰਮਾ ਸਰਕਾਰੀ ਭਾਅ ਤੋਂ ਹੇਠਾਂ ਵਿਕ ਚੁੱਕਾ ਹੈ। ਮਾਨਸਾ ਮੰਡੀ ਵਿਚ 23,296 ਕੁਇੰਟਲ ਨਰਮਾ ਘੱਟ ਭਾਅ ਉਤੇ ਵਿਕਿਆ ਹੈ। ਮਲੋਟ ਵਿਚ 12,136 ਅਤੇ ਬਠਿੰਡਾ ਵਿਚ 8904 ਕੁਇੰਟਲ ਨਰਮਾ ਘੱਟੋ ਘੱਟ ਸਮਰਥਨ ਮੁੱਲ ਤੋਂ ਡਿੱਗ ਕੇ ਵਿਕਿਆ ਹੈ। ਕਿਸਾਨਾਂ ਵਿਚ ਰੋਸ ਵਧਣ ਲੱਗਾ ਹੈ ਅਤੇ ਉਨ੍ਹਾਂ ਨਰਮੇ ਦੀਆਂ ਢੇਰੀਆਂ ਨੂੰ ਅੱਗ ਲਾ ਕੇ ਸਾੜਿਆ ਵੀ ਹੈ। ਦੱਸਿਆ ਜਾ ਰਿਹਾ ਹੈ ਕਿ ਭਾਰਤ-ਚੀਨ ਟਕਰਾਅ ਕਰਕੇ ਨਰਮੇ ਵਿਚ ਮੰਦੀ ਬਣੇ ਰਹਿਣ ਦੇ ਆਸਾਰ ਹਨ। ਨਰਮੇ ਦੀ ਖਰੀਦ ਨਾ ਹੋਣ ਵਿਰੁੱਧ ਕਿਸਾਨਾਂ ਨੇ ਮੌੜ ਮੰਡੀ ਵਿਚ ਧਰਨਾ ਲਾ ਦਿੱਤਾ।

ਮੌੜ ਮੰਡੀ ਵਿਚ ਕਿਸਾਨਾਂ ਨੇ ਕਪਾਹ ਦੇ ਨਾਕਸ ਖਰੀਦ ਪ੍ਰਬੰਧਾਂ ਖਿਲਾਫ ਤਹਿਸੀਲਦਾਰ ਨੂੰ ਘੇਰ ਲਿਆ। ਵੇਰਵਿਆਂ ਅਨੁਸਾਰ ਭਾਰਤ ਸਰਕਾਰ ਵੱਲੋਂ 20 ਫੀਸਦੀ ਐਕਸਪੋਰਟ ਇਕੱਲੇ ਚੀਨ ਨੂੰ ਕੀਤੀ ਜਾਂਦੀ ਹੈ ਜੋ ਐਤਕੀਂ ਬੰਦ ਹੋ ਗਈ ਹੈ। ਅਮਰੀਕਾ ਵਿਚ ਹੋ ਰਹੀਆਂ ਚੋਣਾਂ ਦਾ ਪ੍ਰਭਾਵ ਵੀ ਵੇਖਣ ਨੂੰ ਮਿਲ ਰਿਹਾ ਹੈ। ਅਜਿਹੇ ਹਾਲਾਤ ਵਿਚ ਘਰੇਲੂ ਖਪਤ ਦੇ ਭੰਡਾਰ ਵਿਚ ਹਾਲੇ ਵੀ ਇਕ ਕਰੋੜ ਨਰਮੇ ਦੀ ਗੰਢ ਪਈ ਹੈ ਜੋ ਪਹਿਲਾਂ ਮਸਾਂ 15 ਹਜ਼ਾਰ ਗੰਢ ਹੀ ਹੁੰਦੀ ਸੀ। ਵਪਾਰੀ ਤਬਕਾ ਵੀ ਇਸ ਤਰ੍ਹਾਂ ਦੇ ਮਾਹੌਲ ਵਿਚ ਸਸਤੇ ਭਾਅ ਉਤੇ ਨਰਮਾ ਖਰੀਦਣ ਦਾ ਲਾਲਚ ਦਿਖਾ ਰਿਹਾ ਹੈ। ਭਾਰਤੀ ਕਪਾਹ ਨਿਗਮ ਨੇ ਪਿਛਲੇ ਵਰ੍ਹੇ ਪੰਜਾਬ ਵਿਚੋਂ 35 ਫੀਸਦੀ ਖਰੀਦ ਕੀਤੀ ਸੀ। ਕਿਸਾਨ ਅੰਦੋਲਨ ਕਰਕੇ ਕੇਂਦਰ ਸਰਕਾਰ ਨੇ ਕਪਾਹ ਨਿਗਮ ਨੂੰ ਇਸ ਵਾਰ 80 ਫੀਸਦੀ ਨਰਮਾ ਖਰੀਦਣ ਲਈ ਕਿਹਾ ਹੈ। ਕਪਾਹ ਨਿਗਮ ਇਨ੍ਹਾਂ ਦਿਨਾਂ ਵਿਚ ਦੱਖਣੀ ਭਾਰਤ 'ਚੋਂ ਫਸਲ ਖਰੀਦਣ ਨੂੰ ਤਰਜੀਹ ਦਿੰਦਾ ਰਿਹਾ ਹੈ। ਕਿਸਾਨਾਂ ਦੇ ਗੁੱਸੇ ਕਰਕੇ ਕਪਾਹ ਨਿਗਮ ਨੂੰ ਰਵੱਈਆ ਨਰਮ ਰੱਖਣ ਦੀ ਹਦਾਇਤ ਕੀਤੀ ਗਈ ਹੈ।

ਭਾਰਤੀ ਕਪਾਹ ਨਿਗਮ ਦਾ ਕਹਿਣਾ ਹੈ ਕਿ ਪਹਿਲੀ ਚੁਗਾਈ ਦੀ ਫਸਲ ਮੰਡੀਆਂ ਵਿਚ ਆ ਰਹੀ ਹੈ ਜਿਸ ਵਿਚ ਨਮੀ ਦੀ ਮਾਤਰਾ 20 ਫੀਸਦੀ ਤੱਕ ਹੈ। ਉਨ੍ਹਾਂ ਵੱਲੋਂ 12 ਫੀਸਦੀ ਨਮੀ ਵਾਲੀ ਫਸਲ ਖਰੀਦੀ ਜਾ ਰਹੀ ਹੈ। ਕਪਾਹ ਨਿਗਮ ਨੇ 11 ਮੰਡੀਆਂ ਵਿਚ ਖਰੀਦ ਸ਼ੁਰੂ ਕੀਤੀ ਹੈ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ 15 ਅਕਤੂਬਰ ਮਗਰੋਂ ਫਸਲ ਵਿਚ ਨਮੀ ਘੱਟ ਜਾਵੇਗੀ ਅਤੇ ਨਿਗਮ ਤਰਫੋਂ ਖਰੀਦ ਤੇਜ਼ ਕਰ ਦਿੱਤੀ ਜਾਵੇਗੀ।

## ਬਾਜਵਾ ਨੇ ਮੋਦੀ ਦੇ ਕੰਨੀਂ ਪਾਇਆ ਗੰਨਾ ਕਾਸ਼ਤਕਾਰਾਂ ਦਾ ਦਰਦ

**ਚੰਡੀਗੜ੍ਹ:** ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਗੰਨਾ ਕਿਸਾਨਾਂ ਦਾ ਮਸਲਾ



ਚੁੱਕਿਆ ਗਿਆ ਹੈ। ਉਨ੍ਹਾਂ ਚਿੱਠੀ 'ਚ ਲਿਖਿਆ ਕਿ ਮੈਂ ਆਪ ਦਾ ਧਿਆਨ ਗੰਨਾ ਮਿੱਲ ਮਾਲਕਾਂ ਵੱਲ ਗੰਨਾ ਉਤਪਾਦਕਾਂ ਦੇ ਵੱਡੇ ਬਕਾਏ ਵੱਲ ਦਿਵਾਉਣਾ ਚਾਹੁੰਦਾ ਹਾਂ।

ਲੋਕ ਸਭਾ ਵਿਚ ਪੇਸ਼ ਕੀਤੇ ਅੰਕੜਿਆਂ ਮੁਤਾਬਕ 2016-17 ਦੇ ਸੀਜ਼ਨ ਤੋਂ ਲੈ ਕੇ ਤਕਰੀਬਨ 15,683 ਕਰੋੜ ਰੁਪਏ ਅਜੇ ਤੱਕ ਬਕਾਇਆ ਖੜ੍ਹੇ ਹਨ, ਜੋ 2016-17 ਸੀਜ਼ਨ ਦੇ 1899 ਕਰੋੜ ਰੁਪਏ, 2017-18 ਸੀਜ਼ਨ ਦੇ 242 ਕਰੋੜ ਰੁਪਏ, 2018-19 ਸੀਜ਼ਨ ਦੇ 548 ਕਰੋੜ ਰੁਪਏ ਤੇ 2019-20 ਸੀਜ਼ਨ ਦੇ 12,994 ਕਰੋੜ ਰੁਪਏ ਬਕਾਇਆ ਹਨ, ਜਿਸ ਕਾਰਨ ਕਿਸਾਨਾਂ ਨੂੰ ਆਪਣੀ ਫਸਲੀ ਪਾਲਣ ਦੇ ਖਰਚਿਆਂ ਨੂੰ ਪੂਰਾ ਕਰਨ ਦੇ ਨਾਲ-ਨਾਲ ਆਪਣੇ ਘਰੇਲੂ ਖਰਚਿਆਂ ਸਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਨ੍ਹਾਂ ਲਿਖਿਆ ਕਿ ਖੰਡ ਉਤਪਾਦਨ ਦੀ ਲਾਗਤ ਪੰਜਾਬ ਵਿਚ ਲਗਭਗ 3800 ਰੁਪਏ ਪ੍ਰਤੀ ਕੁਇੰਟਲ ਹੈ। ਇਸ ਲਈ ਮੈਂ ਇਹ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਖੰਡ ਦੀ ਐਮ.ਐਸ.ਪੀ. ਨੂੰ ਵਧਾ ਕੇ 3800 ਰੁਪਏ ਪ੍ਰਤੀ ਕੁਇੰਟਲ ਕੀਤਾ ਜਾਵੇ, ਤਾਂ ਜੋ ਕਿਸਾਨਾਂ ਨੂੰ ਸਮੇਂ ਸਿਰ ਗੰਨੇ ਦੀਆਂ ਅਦਾਇਗੀਆਂ ਮਿਲ ਸਕਣ।

## ਹਵਾਰਾ ਖਿਲਾਫ ਕੇਸਾਂ ਦੀ ਸੋਧੀ ਸੂਚੀ ਤਿਆਰ ਕਰਨ ਦੇ ਹੁਕਮ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਜੇਲ੍ਹ ਵਿਭਾਗ ਨੂੰ ਜਗਤਾਰ ਸਿੰਘ ਹਵਾਰਾ ਖਿਲਾਫ ਬਕਾਇਆ ਕੇਸਾਂ ਦੀ ਸੋਧੀ ਹੋਈ ਸੂਚੀ ਤਿਆਰ ਕਰਨ ਲਈ ਕਿਹਾ ਹੈ। ਹਵਾਰਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ।

ਹਵਾਰਾ ਨੇ ਹਾਈ ਕੋਰਟ ਤੋਂ ਮੰਗ ਕੀਤੀ ਸੀ



ਕਿ ਅਦਾਲਤ ਵਿਭਾਗ ਨੂੰ ਹੁਕਮ ਦੇਵੇ ਤੇ ਜੇਲ੍ਹ ਰਿਕਾਰਡ ਵਿਚ ਉਸ ਦੇ ਕੇਸ ਦੇ ਵੇਰਵਿਆਂ ਵਿਚ ਸੁਧਾਰ ਕੀਤਾ ਜਾਵੇ। ਉਸ ਨੇ ਦੋਸ਼ ਲਾਇਆ ਕਿ ਜੇਲ੍ਹ ਵਿਭਾਗ ਵਲੋਂ ਕਾਰਵਾਈ ਨਾ ਕੀਤੇ ਜਾਣ ਕਾਰਨ ਉਹ ਪੈਰੋਲ ਲਈ ਅਰਜ਼ੀ ਨਹੀਂ ਦੇ ਸਕਦਾ ਜਦਕਿ ਇਹ ਉਸ ਦਾ ਕਾਨੂੰਨੀ ਹੱਕ ਹੈ। ਇਸ ਤੋਂ ਇਲਾਵਾ ਉਹ ਫਰਲੋ ਤੇ ਸਜ਼ਾ ਮੁਅੱਤਲੀ ਦੀ ਬਕਾਇਆ ਅਪੀਲ ਬਾਰੇ ਵੀ ਕਾਰਵਾਈ ਕਰਨ ਤੋਂ ਵਾਂਝਾ ਹੈ। ਦਿੱਲੀ ਸਰਕਾਰ ਦੇ ਵਕੀਲ ਰਾਹੁਲ ਮਹਿਰਾ ਨੇ ਜੇਲ੍ਹ ਵਿਭਾਗ ਵੱਲੋਂ ਪੇਸ਼ ਹੋ ਕੇ ਅਦਾਲਤ ਨੂੰ ਦੱਸਿਆ ਕਿ ਹਵਾਰਾ ਖਿਲਾਫ 37 ਕੇਸ ਹਨ। ਮਹਿਰਾ ਤੇ ਸਾਥੀ ਵਕੀਲ ਚੇਤੰਨਿਆ ਗੋਸਾਈਂ ਨੇ ਕਿਹਾ ਕਿ ਸਾਰੇ ਕੇਸਾਂ ਤੇ ਉਨ੍ਹਾਂ ਦੀ ਮੌਜੂਦਾ ਸਥਿਤੀ ਬਾਰੇ ਸੂਚੀ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਕੇਸ ਦਿੱਲੀ ਤੋਂ ਬਾਹਰ ਕਈ ਅਦਾਲਤਾਂ ਵਿਚ ਵੀ ਚੱਲ ਰਹੇ ਹਨ। ਵਕੀਲਾਂ ਨੇ ਅਦਾਲਤ ਤੋਂ ਚਾਰ ਹਫਤਿਆਂ ਦਾ ਸਮਾਂ ਮੰਗਿਆ ਹੈ। ਜੱਜ ਏ.ਜੇ. ਭੰਭਾਨੀ ਨੇ ਕਿਹਾ ਕਿ 'ਅਗਲੀ ਸੁਣਵਾਈ ਤੋਂ ਪਹਿਲਾਂ ਸੁਧਾਰ ਕੀਤੀ ਸੂਚੀ ਤਿਆਰ ਕਰ ਕੇ ਹਵਾਰਾ ਨੂੰ ਦਿੱਤੀ ਜਾਵੇ।' ਇਕ ਨਕਲ ਅਦਾਲਤ ਨੂੰ ਵੀ ਸੌਂਪੀ ਜਾਵੇ। ਮਾਮਲੇ ਦੀ ਅਗਲੀ ਸੁਣਵਾਈ 11 ਦਸੰਬਰ ਨੂੰ ਹੋਵੇਗੀ। ਹਵਾਰਾ ਵੱਲੋਂ ਪੇਸ਼ ਹੋਏ ਵਕੀਲ ਮਹਿਮੂਦ ਪਰਾਚਾ ਨੇ ਕਿਹਾ ਕਿ ਜੇਲ੍ਹ ਵਿਚ ਬੰਦੀ ਹੋਣ ਕਾਰਨ ਜਗਤਾਰ ਆਪਣੇ ਖਿਲਾਫ ਚੱਲ ਰਹੇ ਕੇਸਾਂ ਬਾਰੇ ਜਾਣ ਨਹੀਂ ਪਾ ਰਿਹਾ। ਕਈ ਕੇਸਾਂ ਵਿਚ ਸੁਣਵਾਈ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਕਾਰਨ ਦਿੱਲੀ ਤੋਂ ਬਾਹਰਲੇ ਕੇਸਾਂ ਵਿਚ ਹਵਾਰਾ ਨੂੰ ਸਖਤ ਅਦਾਲਤੀ ਹੁਕਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੁਣਵਾਈ ਦੌਰਾਨ ਪੇਸ਼ ਹੋਣ ਤੋਂ ਉਹ ਅਸਮਰੱਥ ਹੈ। ਮਹਿਮੂਦ ਨੇ ਨਾਲ ਹੀ ਕਿਹਾ ਕਿ ਹਵਾਰਾ ਨੂੰ ਸੁਣਵਾਈ ਦੀਆਂ ਤਰੀਕਾਂ ਬਾਰੇ ਨਾ ਪਤਾ ਹੋਣ ਕਾਰਨ ਉਸ ਨੂੰ ਮਾੜੇ ਸਿੱਟੇ ਭੁਗਤਣੇ ਪੈ ਸਕਦੇ ਹਨ। ਹਵਾਰਾ ਇਸ ਵੇਲੇ ਤਿਹਾੜ ਜੇਲ੍ਹ ਵਿਚ ਕੈਦ ਹੈ। ਵਕੀਲ ਮਹਿਰਾ ਨੇ ਕਿਹਾ ਕਿ ਉਨ੍ਹਾਂ ਨੂੰ ਸਾਰਿਆਂ ਕੇਸਾਂ ਦੀ ਜਾਣਕਾਰੀ ਨਹੀਂ ਹੈ ਕਿਉਂਕਿ ਜ਼ਿਆਦਾਤਰ ਪੰਜਾਬ 'ਚ ਚੱਲ ਰਹੇ ਹਨ। ਹਵਾਰਾ ਨੇ ਆਪਣੀ ਪਟੀਸ਼ਨ ਐਡਵੋਕੇਟ ਰੁਦਰੋ ਚੈਟਰਜੀ ਤੇ ਸ਼ਾਰਿਕ ਨਿਸਾਰ ਰਾਹੀਂ ਦਾਇਰ ਕੀਤੀ ਸੀ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਨਾ ਤਾਂ ਅਥਾਰਟੀ ਦਸਤਾਵੇਜ਼ਾਂ ਦੇ ਅਧਾਰ 'ਤੇ ਜੇਲ੍ਹ ਰਿਕਾਰਡ ਵਿਚ ਸੁਧਾਰ ਕਰ ਰਹੀ ਹੈ ਤੇ ਨਾ ਹੀ ਉਸ ਖਿਲਾਫ ਚੱਲ ਰਹੇ ਕੇਸਾਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਕੋਈ ਕੋਸ਼ਿਸ਼ ਕਰ ਰਹੀ ਹੈ। ਇਸ ਲਈ ਉਹ ਆਪਣੀ ਰਿਹਾਈ ਲਈ ਕੋਈ ਵੀ ਯਤਨ ਕਰਨ ਤੋਂ ਵਾਂਝਾ ਹੈ।

## ਸਰਕਾਰੀ ਬੇਰੁਖੀ ਕਾਰਨ ਸਿੱਖ ਕਤਲੇਆਮ ਪੀੜਤਾਂ ਵਿਚ ਰੋਸ

**ਜਲੰਧਰ:** ਸਿੱਖ ਦੰਗਾ ਪੀੜਤ ਵੈੱਲਫੇਅਰ ਸੁਸਾਇਟੀ ਦਾ ਕਹਿਣਾ ਹੈ ਕਿ ਦਿੱਲੀ 'ਚ ਸਿੱਖ ਕਤਲੇਆਮ ਕਾਰਨ ਉਜੜ ਕੇ ਪੰਜਾਬ ਆਏ ਪਰਿਵਾਰਾਂ ਦੇ ਮੁੜ ਵਸੇਬੇ ਦੇ ਯੋਗ ਪ੍ਰਬੰਧ ਅਜੇ ਤੱਕ ਵੀ ਨਹੀਂ ਹੋਏ।

ਸੁਸਾਇਟੀ ਦੇ ਸਕੱਤਰ ਸੁਰਜੀਤ ਸਿੰਘ ਅਤੇ ਪ੍ਰਧਾਨ ਗੁਰਦੀਪ ਕੌਰ ਨੇ ਕਿਹਾ ਕਿ ਸਰਕਾਰਾਂ ਵਲੋਂ ਕਈ ਵਾਰ ਪੀੜਤਾਂ ਨੂੰ ਮੁੜ ਵਸੇਬੇ ਲਈ ਘਰ ਤੇ ਨੌਕਰੀਆਂ ਦੇਣ ਦੇ ਐਲਾਨ ਹੋਏ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ 2013 'ਚ ਸਾਰੇ ਪੀੜਤਾਂ ਨੂੰ ਮਕਾਨ ਦੇਣ ਦੇ ਆਦੇਸ਼ ਦਿੱਤੇ ਸਨ ਪਰ ਸਰਕਾਰਾਂ ਤੇ ਅਦਾਲਤਾਂ ਦੇ ਹੁਕਮਾਂ ਉੱਪਰ ਅਫਸਰਸ਼ਾਹੀ ਅਮਲ ਹੀ ਨਹੀਂ ਹੋਣ ਦੇ ਰਹੀ। ਦਿੱਲੀ ਤੇ ਹੋਰਨਾਂ ਥਾਵਾਂ ਤੋਂ 28 ਹਜ਼ਾਰ ਦੇ ਕਰੀਬ ਸਿੱਖ ਪਰਿਵਾਰ ਉਜੜ ਕੇ ਪੰਜਾਬ ਆਏ ਸਨ ਤੇ ਇਸ ਵੇਲੇ ਬਹੁਤੇ ਪਰਿਵਾਰ ਲੁਧਿਆਣੇ ਤੇ ਮੁਹਾਲੀ ਵਿਚ ਰਹਿ ਰਹੇ ਹਨ। 28 ਹਜ਼ਾਰ ਪਰਿਵਾਰਾਂ ਵਿਚੋਂ ਇਸ ਵੇਲੇ 2200 ਦੇ ਕਰੀਬ ਪਰਿਵਾਰਾਂ ਨੂੰ ਘਰ ਮਿਲੇ ਹਨ ਤੇ ਇਹ ਘਰ ਵੀ ਬਹੁਤ ਛੋਟੇ ਹਨ। ਮੋਦੀ ਸਰਕਾਰ ਨੇ ਵਾਹ-ਵਾਹ ਖੱਟਣ ਲਈ ਦਿੱਲੀ ਦੇ ਦੰਗਿਆਂ ਦੀ ਮੁੜ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਸੀ ਪਰ ਇਕ ਦੋਸ਼ੀ ਸੱਜਣ ਕੁਮਾਰ ਨੂੰ ਜੇਲ੍ਹ ਭੇਜਣ ਤੋਂ ਸਿਵਾਏ 'ਸਿਟ' ਨੇ ਕੋਈ ਕੰਮ ਨਹੀਂ ਕੀਤਾ।

## ਯੂ. ਐਨ. ਦੇ ਵਰਲਡ ਫੂਡ ਪ੍ਰੋਗਰਾਮ ਨੇ ਜਿੱਤਿਆ ਨੋਬੇਲ ਸ਼ਾਂਤੀ ਪੁਰਸਕਾਰ

**ਰੋਮ:** ਸੰਯੁਕਤ ਰਾਸ਼ਟਰ ਦੇ ਵਰਲਡ ਫੂਡ ਪ੍ਰੋਗਰਾਮ (ਡਬਲਿਊ.ਐਫ.ਪੀ.) ਨੇ ਇਸ ਵਰ੍ਹੇ ਦਾ ਨੋਬੇਲ ਸ਼ਾਂਤੀ ਪੁਰਸਕਾਰ ਜਿੱਤਿਆ ਹੈ। ਇਹ ਪੁਰਸਕਾਰ ਵਿਸ਼ਵ ਭਰ ਦੇ ਜੰਗਗ੍ਰਸਤ ਅਤੇ ਮੁਸ਼ਕਲਾਂ ਨਾਲ ਜੂਝ ਰਹੇ ਖੇਤਰਾਂ ਵਿਚ ਭੁੱਖਮਰੀ




ਅਤੇ ਖੁਰਾਕੀ ਅਸੁਰੱਖਿਆ ਦੇ ਟਾਕਰੇ ਲਈ ਕੀਤੀਆਂ ਕੋਸ਼ਿਸ਼ਾਂ ਕਾਰਨ ਡਬਲਿਊ.ਐਫ.ਪੀ. ਨੂੰ ਦਿੱਤਾ ਗਿਆ ਹੈ। ਰੋਮ ਆਧਾਰਿਤ ਇਸ ਸੰਗਠਨ ਨੇ ਪਿਛਲੇ ਵਰ੍ਹੇ ਵਿਸ਼ਵ ਭਰ ਦੇ 88 ਮੁਲਕਾਂ ਦੇ ਕਰੀਬ 10 ਕਰੋੜ ਲੋਕਾਂ ਨੂੰ ਸਹਾਇਤਾ ਦਿੱਤੀ।

ਓਸਲੋ ਵਿਚ ਇਸ ਪੁਰਸਕਾਰ ਦਾ ਐਲਾਨ ਕਰਦਿਆਂ ਨੌਰਵੇਅਨ ਨੋਬੇਲ ਕਮੇਟੀ ਦੇ ਮੁਖੀ ਬੇਰਿਤ ਰੀਸ-ਐਂਡਰਸਨ ਨੇ ਕਿਹਾ, ''ਇਸ ਵਰ੍ਹੇ ਦੇ ਪੁਰਸਕਾਰ ਨਾਲ ਕਮੇਟੀ ਪੂਰੇ ਵਿਸ਼ਵ ਦਾ ਧਿਆਨ ਭੁੱਖਮਰੀ ਦੇ ਖਤਰੇ ਨਾਲ ਜੂਝ ਰਹੇ ਕਰੋੜਾਂ ਲੋਕਾਂ ਵੱਲ ਦਿਵਾਉਣਾ ਚਾਹੁੰਦੀ ਹੈ। ਵਰਲਡ ਫੂਡ ਪ੍ਰੋਗਰਾਮ ਖੁਰਾਕੀ ਸੁਰੱਖਿਆ ਨੂੰ ਸ਼ਾਂਤੀ ਦਾ ਸਾਧਨ ਬਣਾਉਣ ਲਈ ਬਹੁਪੱਖੀ ਸਹਿਯੋਗ 'ਚ ਅਹਿਮ ਭੂਮਿਕਾ ਨਿਭਾ ਰਿਹਾ ਹੈ।'' ਡਬਲਿਊ.ਐਫ.ਪੀ. ਦੀ ਅਗਵਾਈ ਲੰਬੇ ਸਮੇਂ ਤੋਂ ਕਿਸੇ ਅਮਰੀਕੀ ਵਲੋਂ ਕੀਤੀ ਜਾ ਰਹੀ ਹੈ ਅਤੇ ਸਾਲ 2017 ਵਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਸਾਊਥ ਕੈਰੋਲੀਨਾ ਦੇ ਸਾਬਕਾ ਰਿਪਬਲਿਕਨ ਗਵਰਨਰ ਡੇਵਿਡ ਬੀਸਲੇ ਨੂੰ ਇਸ ਦੀ ਅਗਵਾਈ ਸੌਂਪੀ ਗਈ ਸੀ। ਪੁਰਸਕਾਰ ਮਿਲਣ 'ਤੇ ਖੁਸ਼ੀ ਵਿਚ ਖੀਵੇ ਹੋਏ ਬੀਸਲੇ ਨੇ ਡਬਲਿਊ.ਐਫ.ਪੀ. 'ਪਰਿਵਾਰ' ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਹ ਇਸ ਪੁਰਸਕਾਰ ਦੇ ਹੱਕਦਾਰ ਹਨ।

## ਕੈਪਟਨ ਸਰਕਾਰ ਨੇ ਕਿਸਾਨਾਂ 'ਤੇ ਚੁੱਪ-ਚਾਪ ਪਾਇਆ ਕਰੋੜਾਂ ਦਾ ਬੋਝ

**ਮੋਗਾ:** ਕਰੋਨਾ ਤਾਲਾਬੰਦੀ ਕਰ ਕੇ ਖਾਲੀ ਹੋਇਆ ਖਜ਼ਾਨਾ ਭਰਨ ਲਈ ਕੈਪਟਨ ਸਰਕਾਰ ਨੇ ਲੋਕਾਂ ਉਪਰ ਸਾਲਾਨਾ ਕਰੋੜਾਂ ਰੁਪਏ ਦਾ ਬੋਝ ਪਾ ਦਿੱਤਾ ਹੈ। ਸੂਬੇ 'ਚ ਜ਼ਮੀਨੀ ਇੰਤਕਾਲ ਫੀਸ ਦੁੱਗਣੀ ਕਰ ਦਿੱਤੀ ਹੈ। ਇਸ ਨਾਲ ਲੋਕਾਂ 'ਤੇ ਸਾਲਾਨਾ 25 ਕਰੋੜ ਦਾ ਬੋਝ ਪਵੇਗਾ। ਇਸ ਦਾ ਸਭ ਤੋਂ ਵੱਧ ਅਸਰ ਕਿਸਾਨਾਂ ਉਤੇ ਪਏਗਾ।

ਸਤੰਬਰ ਵਿਚ ਸੇਵਾ ਕੇਂਦਰਾਂ 'ਚ ਹੋਰ ਫੀਸਾਂ ਦੇ ਨਾਲ ਬੈਂਕ ਤੋਂ ਕਰਜ਼ਾ ਲੈਣ ਲਈ ਪੰਜਾਬ ਲੈਂਡ ਰਿਕਾਰਡ ਸੁਸਾਇਟੀ ਦੀ ਮਾਰਟਗੇਜ ਫੀਸ ਵਿਚ ਵਾਧਾ ਕੀਤਾ ਗਿਆ ਸੀ। ਪੰਜਾਬ ਸਰਕਾਰ, ਮਾਲ ਪੁਨਰਵਾਸ ਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ (ਭੌਂ ਮਾਲੀਆ ਸ਼ਾਖਾ) ਵੱਲੋਂ ਸੂਬਾ ਭਰ ਦੇ ਡੀਸੀਜ਼ ਨੂੰ ਜਾਰੀ ਪੱਤਰ ਮੁਤਾਬਕ ਇੰਤਕਾਲ ਫੀਸ 300 ਰੁਪਏ ਨੂੰ ਵਧਾ ਕੇ 600 ਰੁਪਏ ਕਰ ਦਿੱਤੀ ਗਈ ਹੈ। ਅੰਦਾਜ਼ੇ ਅਨੁਸਾਰ ਪੰਜਾਬ ਵਿਚ ਹਰ ਮਹੀਨੇ ਕਰੀਬ 70 ਹਜ਼ਾਰ ਦੇ ਕਰੀਬ ਇੰਤਕਾਲ ਦਰਜ ਹੁੰਦੇ ਅਤੇ ਸਾਲਾਨਾ ਕਰੀਬ 8.50 ਲੱਖ ਲੱਖ ਇੰਤਕਾਲ ਹੁੰਦੇ ਹਨ। ਵਿਰਾਸਤਾਂ ਦੇ ਇੰਤਕਾਲ ਵੱਡੀ ਗਿਣਤੀ ਵਿਚ ਹੁੰਦੇ ਹਨ ਅਤੇ ਇਸ ਤੋਂ ਇਲਾਵਾ ਤਬਾਦਲਾ ਇੰਤਕਾਲ, ਗਹਿਣੇ ਆਦਿ ਦੇ ਇੰਤਕਾਲ ਰੈਗੂਲਰ ਹੁੰਦੇ ਹਨ। ਸਾਲ 1990 ਤੋਂ ਪਹਿਲਾਂ ਇੰਤਕਾਲ ਫੀਸ ਸਿਰਫ ਇਕ ਰੁਪਿਆ ਸੀ। ਪੰਜਾਬ ਸਰਕਾਰ ਬਦਲੇ ਵਿਚ ਕਿਸਾਨਾਂ ਨੂੰ ਕੋਈ ਸਹੂਲਤ ਤਾਂ ਕੀ ਦੇਣੀ ਪਰ ਫੀਸਾਂ ਦਾ ਭਾਰ ਆਏ ਦਿਨ ਵਧਾ ਕੀਤਾ ਜਾ ਰਿਹਾ ਹੈ।

## ਬਰਤਾਨਵੀ ਮਹਾਰਾਣੀ ਵਲੋਂ 'ਸਕਿੱਪਿੰਗ ਸਿੱਖ' ਦਾ ਸਨਮਾਨ

**ਲੰਡਨ:** ਬਰਤਾਨੀਆ ਦੀ ਮਹਾਰਾਣੀ ਦੇ ਜਨਮ ਦਿਨ ਮੌਕੇ ਇਸ ਸਾਲ ਭਾਰਤੀ ਮੂਲ ਦੇ ਦੋ ਅਰਬਪਤੀ ਭਰਾਵਾਂ, ਆਕਸਫੋਰਡ ਯੂਨੀਵਰਸਿਟੀ ਦੇ ਮੋਹਰੀ ਪ੍ਰੋਫੈਸਰ ਅਤੇ ਰੱਸੀ ਟੱਪ ਕੇ ਐਨ.ਐਚ.ਐਸ. ਲਈ ਚੰਦਾ ਇਕੱਠਾ ਕਰਨ ਵਾਲੇ 74 ਸਾਲਾ 'ਸਕਿੱਪਿੰਗ ਸਿੱਖ' ਨੂੰ ਸਨਮਾਨਿਤ ਕੀਤਾ ਜਾਵੇਗਾ।

ਜਾਰੀ ਸੂਚੀ ਵਿਚ ਜ਼ੁਬੈਰ ਤੇ ਮੋਹਸਿਨ ਈਸਾ ਦਾ ਨਾਂ ਸ਼ਾਮਲ ਹੈ ਜਿਨ੍ਹਾਂ ਯੂਕੇ ਦੀ ਸੁਪਰਮਾਰਕੀਟ ਲੜੀ 'ਐਸਡਾ' ਨੂੰ ਕਰੋੜਾਂ ਪਾਊਂਡ ਵਿਚ ਖਰੀਦਿਆ ਹੈ। ਇਹ ਦੋਵੇਂ 'ਯੂਰੋ ਗੈਰੇਜਜ਼' ਪੈਟਰੋਲ ਸਟੇਸ਼ਨਾਂ ਦੇ ਮਾਲਕ ਵੀ ਹਨ। ਆਕਸਫੋਰਡ ਵਿਚ ਈਕੋਸਿਸਟਮ ਸਾਇੰਸ ਦੇ ਪ੍ਰੋਫੈਸਰ ਯਾਦਵਿੰਦਰ ਸਿੰਘ ਮੱਲ੍ਹੀ ਨੂੰ ਵੀ 'ਸੀ.ਬੀ.ਈ' (ਕਮਾਂਡਰ ਆਫ ਦੀ ਮੋਸਟ ਐਕਸੀਲੈਂਟ ਆਰਡਰ ਆਫ ਬ੍ਰਿਟਿਸ਼



ਐਂਪਾਇਰ) ਨਾਲ ਸਨਮਾਨਿਤ ਕੀਤਾ ਜਾਵੇਗਾ। ਇੰਪੀਰੀਅਲ ਕਾਲਜ ਲੰਡਨ ਵਿਚ ਕੈਮੀਕਲ ਇੰਜੀਨੀਅਰਿੰਗ ਦੇ ਪ੍ਰੋਫੈਸਰ ਨਿਲੇ ਸ਼ਾਹ, 'ਹੀਲਿੰਗ ਲਿਟਲ ਹਾਰਟਸ' ਦੇ ਸੰਸਥਾਪਕ ਡਾ. ਸੰਜੀਵ ਨਿਚਾਨੀ ਨੂੰ 'ਓ.ਬੀ.ਈ' (ਆਫੀਸਰ ਆਫ ਦੀ ਮੋਸਟ ਐਕਸੀਲੈਂਟ ਆਰਡਰ ਆਫ ਦੀ ਬ੍ਰਿਟਿਸ਼ ਐਂਪਾਇਰ) ਨਾਲ ਸਨਮਾਨਿਤ ਕੀਤਾ ਜਾਵੇਗਾ। 'ਸਕਿੱਪਿੰਗ ਸਿੱਖ' ਵਜੋਂ ਮਸ਼ਹੂਰ ਹੋਏ 74 ਸਾਲਾ ਰਾਜਿੰਦਰ ਸਿੰਘ ਹਰਜ਼ੱਲ ਨੂੰ 'ਐਮ.ਬੀ.ਈ' (ਮੈਂਬਰ ਆਫ ਦੀ ਆਰਡਰ ਆਫ ਬ੍ਰਿਟਿਸ਼ ਐਂਪਾਇਰ) ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਕੋਵਿਡ ਲੌਕਡਾਊਨ ਦੌਰਾਨ ਪ੍ਰੇਰਿਤ ਕਰਨ ਵਾਲੀਆਂ ਵੀਡੀਓ ਪੋਸਟ ਕੀਤੀਆਂ। ਇਨ੍ਹਾਂ ਵਿਚ ਉਹ ਕਸਰਤ ਕਰਦੇ, ਰੱਸੀ ਟੱਪਦੇ ਨਜ਼ਰ ਆਏ।

ਹਰਜ਼ੱਲ ਨੇ ਸਰਕਾਰੀ ਸਿਹਤ ਸੇਵਾ ਐਨ.ਐਚ.ਐਸ. ਲਈ 14 ਹਜ਼ਾਰ ਪਾਊਂਡ ਵੀ ਇਕੱਠੇ ਕੀਤੇ। 'ਐਮ.ਬੀ.ਈ' ਪਾਉਣ ਵਾਲੇ ਭਾਰਤੀਆਂ ਵਿਚ ਸੰਦੀਪ ਸਿੰਘ ਦਹੇਲੇ, ਲਵੀਨਾ ਮਹਿਤਾ, ਮਨਜੀਤ ਕੌਰ ਗਿੱਲ, ਪੁਸ਼ਕਲਾ ਗੋਪਾਲ, ਵਸੰਤ ਪਟੇਲ, ਬਲਜੀਤ ਕੌਰ ਸੰਧੂ ਸ਼ਾਮਲ ਹਨ।

# ਪੱਛਮੀ ਬੰਗਾਲ 'ਚ ਸਿੱਖ ਦੀ ਕੁੱਟਮਾਰ ਤੇ ਪੱਗ ਲਾਹੁਣ ਖਿਲਾਫ ਰੋਹ ਭਖਿਆ

**ਕੋਲਕਾਤਾ:** ਪੱਛਮੀ ਬੰਗਾਲ ਦੇ ਹਾਵੜਾ ਵਿਚ ਭਾਜਪਾ ਦੇ ਪ੍ਰਦਰਸ਼ਨ ਦੌਰਾਨ ਸਿੱਖ ਮੁਲਾਜ਼ਮ ਦੀ ਪੁਲਿਸ ਵਲੋਂ ਕੁੱਟਮਾਰ ਅਤੇ ਪੱਗ ਲਾਹੁਣ ਖਿਲਾਫ ਸਿੱਖਾਂ ਵਿਚ ਭਾਰੀ ਰੋਸ ਹੈ। ਪੁਲਿਸ ਦੀ ਇਸ ਕਾਰਵਾਈ ਵਿਰੁੱਧ ਸਿੱਖ ਭਾਈਚਾਰੇ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ ਤੋਂ ਘਟਨਾ 'ਤੇ ਜਵਾਬ ਮੰਗਿਆ।

ਦੱਸਣਯੋਗ ਹੈ ਕਿ ਭਾਜਪਾ ਦੀ ਯੁਵਾ ਮੋਰਚਾ ਰੈਲੀ ਦੌਰਾਨ ਸੂਬਾ ਪੁਲਿਸ ਨੇ 43 ਵਰ੍ਹਿਆਂ ਦੇ ਸਿੱਖ ਬਲਵਿੰਦਰ ਸਿੰਘ ਤੋਂ ਲੋਡਿਡ ਪਿਸਤੌਲ ਬਰਾਮਦ ਕੀਤਾ ਸੀ। ਇਹ ਸਿੱਖ ਭਾਜਪਾ ਆਗੂ ਦੀ ਸੁਰੱਖਿਆ ਵਿਚ ਤਾਇਨਾਤ ਸੀ। ਇਸ ਪਿੱਛੋਂ ਪੁਲਿਸ ਨੇ ਉਸ ਦੀ ਖਿਚਧੂਹ ਕੀਤੀ। ਇਸ ਘਟਨਾ ਨੇ ਉਦੋਂ ਧਿਆਨ ਖਿੱਚਿਆ ਜਦੋਂ ਕ੍ਰਿਕਟਰ ਹਰਭਜਨ ਸਿੰਘ ਨੇ ਟਵਿੱਟਰ 'ਤੇ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਟੈਗ ਕਰਦਿਆਂ ਲਿਖਿਆ ਕਿ ਕ੍ਰਿਪਾ ਕਰਕੇ ਇਸ ਮਾਮਲੇ ਦੀ ਜਾਂਚ ਕਰਵਾਓ। ਇਹ ਬਿਲਕੁਲ ਮਨਜ਼ੂਰ ਨਹੀਂ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਖਤ ਨਿੰਦਾ ਕਰਦਿਆਂ ਆਖਿਆ ਕਿ ਸਿੱਖ ਸੁਰੱਖਿਆ ਕਰਮੀ ਦੇ ਕੇਸਾਂ ਤੇ ਦਸਤਾਰ ਦੀ ਬੇਅਦਬੀ ਨੇ ਪੂਰੇ ਸਿੱਖ ਜਗਤ 'ਚ ਰੋਸ ਪੈਦਾ ਕੀਤਾ ਹੈ। ਉਨ੍ਹਾਂ ਆਖਿਆ ਕਿ ਕਿਸੇ ਸਿੱਖ ਦੀ ਦਸਤਾਰ ਦੀ ਬੇਅਦਬੀ ਪੂਰੇ ਦੇਸ਼ ਦੀ ਬੇਅਦਬੀ ਹੈ। ਪ੍ਰਧਾਨ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਹਰ ਸੂਬੇ 'ਚ ਸਿੱਖਾਂ ਦੀ ਸੁਰੱਖਿਆ ਤੇ ਚਿੰਨ੍ਹਾਂ ਦਾ ਸਤਿਕਾਰ ਲਾਜ਼ਮੀ ਬਣਾਉਣ ਲਈ ਠੋਸ ਕਦਮ ਚੁੱਕਣ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕੋਲਕਾਤਾ ਵਿਚ ਸਿੱਖ ਦੀ ਦਸਤਾਰ ਲਾਹ ਕੇ ਵਾਲਾਂ ਤੋਂ ਫੜ ਕੇ ਖਿੱਚ-ਧੂਹ ਕੀਤੇ ਜਾਣ ਦੀ ਘਟਨਾ ਦਾ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਆਖਿਆ ਕਿ ਇਸ ਘਟਨਾ ਪਿੱਛੇ ਜ਼ਿੰਮੇਵਾਰ ਪੁਲਿਸ ਅਫਸਰਾਂ ਖਿਲਾਫ ਕਾਰਵਾਈ ਕੀਤੀ ਜਾਵੇ। ਸ੍ਰੀ ਸਿਰਸਾ ਨੇ ਕਿਹਾ ਕਿ ਕੋਲਕਾਤਾ ਵਿਚ ਬਲਵਿੰਦਰ ਸਿੰਘ ਦੀ ਪੱਗ ਲਾਹੁਣੀ ਸ਼ਰਮਨਾਕ ਕਾਰਾ ਹੈ। ਇਸ ਘਟਨਾ ਨੇ ਪੂਰੀ ਦੁਨੀਆਂ ਦੇ ਸਿੱਖਾਂ ਦੇ ਹਿਰਦਿਆਂ ਨੂੰ ਸੱਟ ਮਾਰੀ ਹੈ। ਉਨ੍ਹਾਂ ਮਮਤਾ ਬੈਨਰਜੀ ਨੂੰ ਦਸਤਾਰ ਦੀ ਅਹਿਮੀਅਤ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਦਸਤਾਰ ਦੀ ਬੇਅਦਬੀ ਬਰਦਾਸ਼ਤਯੋਗ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕਿ ਦੋਸ਼ੀ ਪੁਲਿਸ ਅਧਿਕਾਰੀਆਂ ਖਿਲਾਫ ਕੇਸ ਦਰਜ ਕਰਕੇ ਕਾਰਵਾਈ ਕੀਤੀ ਜਾਵੇ। ਉਧਰ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਖ ਵਿਅਕਤੀ ਨਾਲ ਕੀਤੇ 'ਅਪਮਾਨਜਨਕ ਵਿਵਹਾਰ' ਉਤੇ ਦੁੱਖ ਪ੍ਰਗਟਾਉਂਦਿਆਂ ਪੱਛਮੀ ਬੰਗਾਲ ਦੀ



ਹਮਰੁਤਬਾ ਮਮਤਾ ਬੈਨਰਜੀ ਨੂੰ ਅਪੀਲ ਕੀਤੀ ਹੈ ਕਿ ਸਬੰਧਤ ਪੁਲਿਸ ਮੁਲਾਜ਼ਮ ਖਿਲਾਫ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਸਖਤ ਕਾਰਵਾਈ ਕੀਤੀ ਜਾਵੇ।

ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਨੇ ਸਿੱਖ ਉਤੇ ਹੋਏ ਹਮਲੇ ਤੇ ਉਸ ਦੀ ਦਸਤਾਰ ਦੀ ਬੇਅਦਬੀ ਦੇ ਮਾਮਲੇ 'ਚ ਦਿੱਲੀ ਭਾਜਪਾ ਦੇ ਇਕ ਨੇਤਾ ਵਲੋਂ ਕੀਤੀ ਸ਼ਿਕਾਇਤ 'ਤੇ ਨੋਟਿਸ ਲਿਆ ਹੈ। ਦਿੱਲੀ ਭਾਜਪਾ ਦੇ ਬੁਲਾਰੇ ਤਜਿੰਦਰਪਾਲ ਸਿੰਘ ਬੱਗਾ ਨੇ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਆਤਿਫ ਰਸ਼ੀਦ ਨੂੰ ਚਿੱਠੀ ਲਿਖ ਕੇ ਇਸ ਮਾਮਲੇ 'ਚ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਤੋਂ ਬਾਅਦ ਰਸ਼ੀਦ ਨੇ ਟਵੀਟ ਕੀਤਾ ਕਿ ਘੱਟ ਗਿਣਤੀ ਕਮਿਸ਼ਨ ਦਾ ਮੈਂਬਰ ਹੋਣ ਦੇ ਨਾਤੇ ਇਸ ਸ਼ਿਕਾਇਤ ਨੂੰ ਤੁਰਤ ਧਿਆਨ 'ਚ ਲਿਆਂਦਾ ਹੈ।

## ਰਾਜਪਾਲ ਵਲੋਂ ਸਿੱਖ ਵਫਦ ਨੂੰ ਕਾਰਵਾਈ ਦਾ ਭਰੋਸਾ

**ਕੋਲਕਾਤਾ:** ਪੱਛਮੀ ਬੰਗਾਲ ਵਿਚ ਰੋਸ ਮਾਰਚ ਦੌਰਾਨ ਭਾਜਪਾ ਆਗੂ ਦੇ ਸਿੱਖ ਸੁਰੱਖਿਆ ਗਾਰਡ ਦੀ ਧੂਹ-ਘੜੀਸ ਅਤੇ ਗ੍ਰਿਫਤਾਰੀ ਖਿਲਾਫ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫਦ ਨੇ ਰਾਜਪਾਲ ਜਗਦੀਪ ਧਨਖੜ ਨਾਲ ਮੁਲਾਕਾਤ ਕੀਤੀ। ਵਫਦ ਨੇ ਦੋਸ਼ੀ ਪੁਲਿਸ ਮੁਲਾਜ਼ਮਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ। ਰਾਜਪਾਲ ਜਗਦੀਪ ਧਨਖੜ ਨੇ ਕਿਹਾ ਕਿ ਪੁਲਿਸ ਵਲੋਂ ਸਿੱਖ ਦੀ ਪੱਗ ਖਿੱਚਣਾ 'ਬੇਅਦਬੀ' ਦਾ ਮਾਮਲਾ ਹੈ। ਉਨ੍ਹਾਂ ਵਫਦ ਨੂੰ ਭਰੋਸਾ ਦਿਵਾਇਆ ਕਿ ਇਸ ਮਾਮਲੇ ਵਿਚ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੂੰ ਇਸ ਘਟਨਾ ਕਾਰਨ 'ਡੂੰਘੀ ਠੇਸ' ਪੁੱਜੀ ਹੈ। ਰਾਜਪਾਲ ਨੇ ਟਵਿੱਟਰ ਉਤੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਵਾਲੇ ਵਫਦ ਨੇ ਸਿੱਖ ਦਸਤਾਰ ਬੇਅਦਬੀ ਮਾਮਲੇ ਸਬੰਧੀ ਪੱਤਰ ਸੌਂਪਿਆ ਅਤੇ ਬਲਵਿੰਦਰ ਸਿੰਘ ਲਈ ਨਿਆਂ ਦੀ ਮੰਗ ਕੀਤੀ। ਧਨਖੜ ਨੇ ਕਿਹਾ ਕਿ ਪੁਲਿਸ ਬਲ ਦੀ ਦੁਰਵਰਤੋਂ ਕੀਤੀ ਗਈ ਹੈ।

## 'ਮਾਮਲੇ ਨੂੰ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼'

**ਕੋਲਕਾਤਾ:** ਪੱਛਮੀ ਬੰਗਾਲ ਸਰਕਾਰ ਨੇ ਕਿਹਾ ਕਿ ਇਕ ਸਿਆਸੀ ਪਾਰਟੀ ਵਲੋਂ ਆਪਣੇ 'ਸੌੜੇ ਪੱਖਪਾਤੀ ਹਿੱਤਾਂ' ਦੀ ਪੂਰਤੀ ਲਈ ਪਿਛਲੇ ਹਫਤੇ ਸਿੱਖ ਵਿਅਕਤੀ ਦੀ ਪੁਲਿਸ ਨਾਲ ਝੜਪ ਦੌਰਾਨ ਪੱਗ ਉਤਰ ਜਾਣ ਦੀ ਵਾਪਰੀ ਘਟਨਾ ਨੂੰ ਜਾਣਬੁਝ ਕੇ 'ਫਿਰਕੂ ਰੰਗਤ' ਦਿੱਤੀ ਜਾ ਰਹੀ ਹੈ। ਸੂਬੇ ਦੇ ਗ੍ਰਹਿ ਵਿਭਾਗ ਨੇ ਟਵੀਟ ਕਰਕੇ ਕਿਹਾ ਕਿ ਭਾਜਪਾ ਵਲੋਂ ਸਕੱਤਰੇਤ ਵਲ ਕੀਤੇ ਮਾਰਚ ਦੌਰਾਨ ਇਕ ਵਿਅਕਤੀ ਨੂੰ ਕਾਨੂੰਨ ਅਨੁਸਾਰ ਗੈਰਕਾਨੂੰਨੀ ਹਥਿਆਰ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ। ਵਿਭਾਗ ਨੇ ਆਪਣੇ ਟਵਿੱਟਰ ਹੈਂਡਲ 'ਤੇ ਲਿਖਿਆ, "ਪੱਛਮੀ ਬੰਗਾਲ ਵਿਚ ਸਾਡੇ ਸਿੱਖ ਭੈਣ-ਭਰਾ ਸ਼ਾਂਤੀ ਅਤੇ ਸਦਭਾਵਨਾ ਨਾਲ ਰਹਿੰਦੇ ਹਨ, ਅਤੇ ਸਾਡੇ ਵਲੋਂ ਉਨ੍ਹਾਂ ਦੇ ਧਰਮ ਅਤੇ ਰਵਾਇਤਾਂ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਂਦਾ ਹੈ।

# ਸੁਮੇਧ ਸੈਣੀ ਕੋਟਕਪੂਰਾ ਗੋਲੀਕਾਂਡ 'ਚ ਵੀ ਨਾਮਜ਼ਦ

**ਫਰੀਦਕੋਟ:** ਸਾਲ 2015 'ਚ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਜ਼ਿਲ੍ਹਾ ਫਰੀਦਕੋਟ ਦੇ ਕੋਟਕਪੂਰਾ ਵਿਖੇ ਵਿਰੋਧ ਕਰ ਰਹੀ ਸਿੱਖ ਸੰਗਤ ਉਪਰ ਪੁਲਿਸ ਵਲੋਂ ਗੋਲੀ ਚਲਾਉਣ ਦੇ ਮਾਮਲੇ 'ਚ ਪੰਜਾਬ ਦੇ ਤਤਕਾਲੀ ਡੀ.ਜੀ.ਪੀ. ਸੁਮੇਧ ਸੈਣੀ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਹੈ।

ਇਸ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਵਲੋਂ ਇਕ ਪੱਤਰ ਲਿਖ ਕੇ ਥਾਣਾ ਕੋਟਕਪੂਰਾ 'ਚ ਦਰਜ ਮਾਮਲੇ ਵਿਚ ਬਾਕੀ ਮੁਲਜ਼ਮਾਂ ਤੋਂ ਇਲਾਵਾ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦਾ ਨਾਂ ਜੋੜਨ ਲਈ ਕਿਹਾ ਗਿਆ ਹੈ। ਇਸ ਗੱਲ ਦੀ ਪੁਸ਼ਟੀ ਸਰਕਾਰੀ ਵਕੀਲ ਰਜਨੀਸ਼ ਕੁਮਾਰ ਨੇ ਵੀ ਕੀਤੀ ਹੈ। ਗੌਰਤਲਬ ਹੈ ਕਿ ਕੁਝ ਦਿਨ ਪਹਿਲਾਂ ਸਾਬਕਾ ਡੀ.ਜੀ.ਪੀ. ਨੂੰ ਬਹਿਬਲ ਕਲਾਂ ਗੋਲੀਕਾਂਡ 'ਚ ਵੀ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਸੀ। ਕੋਟਕਪੂਰਾ ਗੋਲੀਕਾਂਡ ਮਾਮਲੇ 'ਚ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਤੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਪਹਿਲਾਂ ਤੋਂ ਹੀ ਨਾਮਜ਼ਦ ਹਨ। ਸਾਬਕਾ ਡੀ.ਜੀ.ਪੀ. ਸੈਣੀ ਨੂੰ ਪਹਿਲਾਂ ਹੀ ਅਦਾਲਤ ਵਲੋਂ ਗ੍ਰਿਫਤਾਰੀ ਸਬੰਧੀ ਰਾਹਤ ਮਿਲੀ ਹੋਈ ਹੈ, ਜਿਸ ਮੁਤਾਬਕ ਉਸ ਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ 7 ਦਿਨ ਦਾ ਨੋਟਿਸ ਦੇਣਾ ਜ਼ਰੂਰੀ ਹੈ।

ਅਦਾਲਤ ਵਲੋਂ ਦਿੱਤੀ ਇਸ ਰਾਹਤ 'ਤੇ



ਚੱਲਦਿਆਂ ਸੁਮੇਧ ਸੈਣੀ ਦੀ ਗ੍ਰਿਫਤਾਰੀ ਅਜੇ ਸੰਭਵ ਨਹੀਂ ਪਰ ਇਹ ਦੇਖਣਾ ਹੋਵੇਗਾ ਕਿ ਵਿਸ਼ੇਸ਼ ਜਾਂਚ ਟੀਮ ਉਨ੍ਹਾਂ ਨੂੰ ਇਸ ਮਾਮਲੇ 'ਚ ਸਵਾਲ ਜਵਾਬ ਲਈ ਬੁਲਾਉਂਦੀ ਹੈ ਜਾਂ ਨਹੀਂ। ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀਕਾਂਡ ਦੇ ਇਹ ਮਾਮਲੇ ਆਪਸ 'ਚ ਜੁੜੇ ਹੋਏ ਹਨ ਤੇ ਇਨ੍ਹਾਂ 'ਚ ਪਹਿਲਾਂ ਦੋਸ਼ੀ ਵਜੋਂ ਨਾਮਜ਼ਦ ਐਸ.ਐਸ.ਪੀ. ਮੋਗਾ ਦੇ ਤਤਕਾਲੀਨ ਰੀਡਰ ਇੰਸਪੈਕਟਰ ਪਰਦੀਪ ਸਿੰਘ ਦੇ ਵਾਅਦਾ ਮੁਆਫ ਗਵਾਹ ਬਣਨ ਤੋਂ ਬਾਅਦ ਇਨ੍ਹਾਂ ਮਾਮਲਿਆਂ ਦੀ ਜਾਂਚ 'ਚ ਤੇਜ਼ੀ ਆਈ ਹੈ ਤੇ ਕਿਹਾ ਜਾ ਰਿਹਾ ਹੈ ਕਿ ਇੰਸਪੈਕਟਰ ਪਰਦੀਪ ਸਿੰਘ ਦੇ ਬਿਆਨ ਉਤੇ ਜਾਂਚ ਦੌਰਾਨ ਮਿਲੇ ਹੋਰ ਸਬੂਤਾਂ ਦੇ ਆਧਾਰ 'ਤੇ ਸਾਬਕਾ ਡੀ.ਜੀ.ਪੀ. ਨੂੰ ਨਾਮਜ਼ਦ ਕੀਤਾ ਗਿਆ ਹੈ।

# ਗੈਂਗਸਟਰਾਂ ਵਲੋਂ ਅੰਮ੍ਰਿਤਸਰ 'ਚ ਬਾਊਂਸਰ ਦੀ ਹੱਤਿਆ

**ਅੰਮ੍ਰਿਤਸਰ:** ਸ਼ਹਿਰ ਦੇ ਪਾਸ਼ ਖੇਤਰ ਰਣਜੀਤ ਐਵਿਨਿਊ ਵਿਖੇ ਗੈਂਗਸਟਰਾਂ ਵਲੋਂ ਗੋਲੀਆਂ ਮਾਰ ਕੇ ਇਕ ਬਾਊਂਸਰ ਦੀ ਹੱਤਿਆ ਕਰ ਦਿੱਤੀ ਗਈ। ਜਾਣਕਾਰੀ ਅਨੁਸਾਰ ਕਾਰ ਸਵਾਰ ਤਿੰਨ-ਚਾਰ ਗੈਂਗਸਟਰਾਂ ਵਲੋਂ ਇਕੋ ਵਾਰ ਤਾਬੜ ਤੋੜ 8-10 ਗੋਲੀਆਂ ਚਲਾ ਕੇ ਬਾਊਂਸਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਜਦੋਂ ਕਿ ਗੈਂਗਸਟਰਾਂ ਵਲੋਂ ਸੋਸ਼ਲ ਮੀਡੀਆ ਫੇਸਬੁੱਕ 'ਤੇ ਪੋਸਟ ਪਾ ਕੇ ਇਸ ਹੱਤਿਆ ਦੀ ਜ਼ਿੰਮੇਵਾਰੀ ਲਈ ਗਈ ਹੈ।

ਮ੍ਰਿਤਕ ਨੌਜਵਾਨ ਦੀ ਸ਼ਨਾਖਤ ਜਗਰੂਪ ਸਿੰਘ ਉਰਫ ਜੱਗਾ ਵਾਸੀ ਪਿੰਡ ਨੰਗਲੀ ਭੱਠਾ ਫਤਿਹਗੜ੍ਹ ਚੂੜੀਆਂ ਰੋਡ ਅੰਮ੍ਰਿਤਸਰ ਵਜੋਂ ਹੋਈ ਹੈ। ਇਹ ਨੌਜਵਾਨ ਇਥੇ ਰਣਜੀਤ ਐਵਿਨਿਊ ਸਥਿਤ ਯੂਰਪੀਅਨ ਨਾਈਟ ਨਾਂ ਦੇ ਇਕ ਹੋਟਲ ਵਿਖੇ ਬਾਊਂਸਰ ਵਜੋਂ ਕੰਮ ਕਰਦਾ ਸੀ। ਇਸ ਨੌਜਵਾਨ ਦੀ ਕੁਝ ਨੌਜਵਾਨ ਨਾਲ ਪੁਰਾਣੀ ਰੰਜਿਸ਼ ਦੱਸੀ ਜਾ ਰਹੀ ਹੈ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਬੀਤੀ ਅੱਧੀ ਰਾਤ ਵੇਲੇ ਇਹ ਨੌਜਵਾਨ ਰਣਜੀਤ ਐਵਿਨਿਊ ਹੋਟਲ ਤੋਂ ਕੰਮ ਤੋਂ ਛੁੱਟੀ ਕਰਕੇ ਘਰ ਪਰਤ ਰਿਹਾ ਸੀ ਤਾਂ ਰਣਜੀਤ ਐਵਿਨਿਊ ਖੇਤਰ 'ਚ ਹੀ ਉਸ ਨੂੰ ਇਕ ਸਵਿਫਟ ਕਾਰ 'ਤੇ ਸਵਾਰ ਤਿੰਨ ਤੋਂ ਚਾਰ ਹਮਲਾਵਰਾਂ ਨੇ ਘੇਰ ਕੇ ਰੋਕ ਲਿਆ ਅਤੇ ਉਸ ਉਤੇ ਗੋਲੀਆਂ ਚਲਾ ਦਿੱਤੀਆਂ ਅਤੇ ਬਾਈਪਾਸ ਰਾਹੀਂ ਫਰਾਰ ਹੋ ਗਏ।

ਕਤਲ ਤੋਂ ਬਾਅਦ 'ਪ੍ਰੀਤ ਸੇਖੋਂ' ਨਾਂ ਦੇ ਕਥਿਤ ਗੈਂਗਸਟਰ ਵਲੋਂ ਇਸ ਘਟਨਾ ਦੀ ਜ਼ਿੰਮੇਵਾਰੀ ਫੇਸਬੁੱਕ ਉਤੇ ਪੋਸਟ ਪਾ ਕੇ ਲਈ ਗਈ ਹੈ, ਜਿਸ ਨੇ ਫੇਸਬੁੱਕ ਪੋਸਟ 'ਚ ਲਿਖਿਆ ਕਿ ਜਿਹੜਾ 'ਅੱਜ ਰਣਜੀਤ ਐਵਿਨਿਊ ਅੰਮ੍ਰਿਤਸਰ 'ਚ ਜੱਗਾ ਬਾਊਂਸਰ ਦਾ ਕੰਮ ਹੋਇਆ ਹੈ, ਉਹ ਅਸੀਂ ਕੀਤਾ ਹੈ ਅਤੇ ਬਾਕੀ 'ਐਂਟੀ' ਵੀ ਸਾਡੇ ਤਿਆਰ ਰਹਿਣ, ਨੰਬਰ ਉਨ੍ਹਾਂ ਦਾ ਵੀ ਆਉਣ ਵਾਲਾ ਜਲਦੀ।'

# ਸ਼੍ਰੋਮਣੀ ਕਮੇਟੀ ਦੇ ਸ਼ਤਾਬਦੀ ਸਥਾਪਨਾ ਦਿਵਸ ਦੀ ਤਿਆਰੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਇਸ ਸਾਲ ਆ ਰਿਹਾ 100 ਸਾਲਾ ਸਥਾਪਨਾ ਦਿਵਸ ਵਿਸ਼ਾਲ ਪੱਧਰ 'ਤੇ ਮਨਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਮੁੱਖ ਸ਼ਤਾਬਦੀ ਸਮਾਗਮ ਸਬੰਧੀ 13 ਨਵੰਬਰ ਨੂੰ ਅਕਾਲ ਤਖਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਅਰੰਭ ਕਰਵਾਇਆ ਜਾਵੇਗਾ, ਜਿਸ ਦਾ ਭੋਗ 15 ਨਵੰਬਰ ਨੂੰ ਪਵੇਗਾ। ਇਸ ਉਪਰੰਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮੁੱਖ ਸਮਾਗਮ ਸਜੇਗਾ।

ਪ੍ਰਧਾਨ ਲੌਂਗੋਵਾਲ ਨੇ ਦੱਸਿਆ ਕਿ ਸ਼ਤਾਬਦੀ ਸਮਾਗਮ ਦੀ ਮੁਢਲੀ ਰੂਪ-ਰੇਖਾ ਤਿਆਰ ਕਰ ਲਈ ਗਈ ਹੈ ਅਤੇ ਪ੍ਰਬੰਧਾਂ ਸਬੰਧੀ ਵੱਖ-ਵੱਖ ਸਬ-ਕਮੇਟੀਆਂ ਬਣਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਮਾਗਮ 'ਚ ਸ਼ਾਮਲ ਹੋਣ ਲਈ ਤਖਤ ਸਾਹਿਬਾਨ ਦੇ ਜਥੇਦਾਰਾਂ, ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ, ਪੰਥਕ ਆਗੂਆਂ, ਨਿਹੰਗ ਸਿੰਘ ਦਲਾਂ ਦੇ ਮੁਖੀਆਂ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਨੂੰ ਸੱਦਾ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੇ ਇਤਿਹਾਸ, ਪਰੰਪਰਾਵਾਂ ਅਤੇ ਯੋਗਦਾਨ ਸਬੰਧੀ ਇਕ ਵਿਸ਼ੇਸ਼ ਸੋਵੀਨਰ ਤਿਆਰ ਕੀਤਾ ਜਾਵੇਗਾ, ਜਿਸ ਤੋਂ ਸੰਗਤਾਂ ਸਿੱਖ ਸੰਸਥਾ ਸਬੰਧੀ ਬਹੁਪੱਖੀ ਜਾਣਕਾਰੀ ਹਾਸਲ ਕਰ ਸਕਣਗੀਆਂ।

ਉਨ੍ਹਾਂ ਦੱਸਿਆ ਕਿ ਬੇਸ਼ੱਕ ਇਸ ਵਰ੍ਹੇ ਕਰੋਨਾ ਮਹਾਂਮਾਰੀ ਕਾਰਨ ਸ਼ਤਾਬਦੀ ਸਬੰਧੀ ਸਮਾਗਮ ਪਹਿਲਾਂ ਨਹੀਂ ਆਰੰਭ ਕੀਤੇ ਜਾ ਸਕੇ, ਪਰ ਹੁਣ ਸ਼ਤਾਬਦੀ ਦੇ ਮੁੱਖ ਸਮਾਗਮ ਤੋਂ ਬਾਅਦ ਅਗਲਾ ਪੂਰਾ ਵਰ੍ਹਾ ਸਮਾਗਮ ਜਾਰੀ ਰਹਿਣਗੇ। ਇਸ ਵੱਡੇਰੇ ਕਾਰਜ ਲਈ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਹਨ।

# ਪਾਵਰਕੌਮ ਵਲੋਂ ਮੁਲਾਜ਼ਮਾਂ ਦੀ ਛਾਂਟੀ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਰਾਜ ਪਾਵਰ ਕਾਰਪੋਰੇਸ਼ਨ (ਪਾਵਰਕੌਮ) ਵਲੋਂ ਤਕਰੀਬਨ 700 ਪੈਸਕੋ ਮੁਲਾਜ਼ਮਾਂ ਨੂੰ ਨੌਕਰੀ ਤੋਂ ਹਟਾਉਣ ਦੇ ਨੋਟਿਸ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਹਨ। ਦੱਸਣਯੋਗ ਹੈ ਕਿ ਪਾਵਰਕੌਮ ਨੇ ਪਹਿਲੀ ਨਵੰਬਰ, 2020 ਤੱਕ 15 ਤੋਂ 25 ਫੀਸਦ ਮੁਲਾਜ਼ਮਾਂ ਦੀ ਛਾਂਟੀ ਕਰਨ ਦਾ ਫੈਸਲਾ ਲਿਆ ਸੀ। ਅਜਿਹੇ ਹੁਕਮਾਂ ਤਹਿਤ ਪਹਿਲੇ ਗੇੜ 'ਚ 60 ਸਾਲ ਤੋਂ ਵੱਧ ਉਮਰ ਦੇ ਮੁਲਾਜ਼ਮਾਂ ਨੂੰ ਘਰ ਤੋਰਿਆ ਜਾਵੇਗਾ।

ਪਾਵਰਕੌਮ ਦੇ ਸਾਰੇ ਡਾਇਰੈਕਟਰਾਂ ਵਲੋਂ ਪੈਸਕੋ ਆਧਾਰਿਤ ਸਾਲਾਂ ਤੋਂ ਤਾਇਨਾਤ ਮੁਲਾਜ਼ਮਾਂ ਨੂੰ ਨੌਕਰੀ ਤੋਂ ਹਟਾਉਣ ਦੇ ਨੋਟਿਸ ਜਾਰੀ ਕਰ ਦਿੱਤੇ ਗਏ ਹਨ। ਅਜਿਹੀ ਕੜੀ ਵਜੋਂ ਕੁਝ ਵਿਭਾਗਾਂ ਵਲੋਂ ਮੁਲਾਜ਼ਮਾਂ ਨੂੰ ਨੌਕਰੀ ਤੋਂ ਫਾਰਗ ਕੀਤੇ ਜਾਣ ਦੇ ਨੋਟਿਸ ਮੁਲਾਜ਼ਮਾਂ ਵਲ ਅੱਪੜਦੇ ਵੀ ਕਰ ਦਿੱਤੇ ਹਨ। ਮੁਲਾਜ਼ਮਾਂ ਦੀ ਛਾਂਟੀ ਦਾ ਫੈਸਲਾ ਪਿਛਲੇ ਮਹੀਨੇ 22 ਤਰੀਕ ਨੂੰ ਬੋਰਡ ਆਫ ਡਾਇਰੈਕਟਰ ਦੀ ਮੀਟਿੰਗ 'ਚ ਲਿਆ ਗਿਆ ਸੀ ਤੇ ਇਸ ਫੈਸਲੇ ਦੀ ਲੋਅ 'ਚ ਪਾਵਰਕੌਮ ਦੇ ਸੀ.ਐਮ.ਡੀ. ਏ. ਵੇਣੂ ਪ੍ਰਸਾਦ ਵਲੋਂ ਪਿਛਲੇ ਮਹੀਨੇ ਸਮੂਹ ਡਾਇਰੈਕਟਰਾਂ ਨੂੰ ਛਾਂਟੀ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ। ਮੁਲਾਜ਼ਮਾਂ ਦੀ ਛਾਂਟੀ ਪਹਿਲੀ ਨਵੰਬਰ ਤੱਕ ਹੋਣੀ ਤੈਅ ਕੀਤੀ ਗਈ ਸੀ। ਅਜਿਹੇ ਸੀ.ਐਮ.ਡੀ. ਵਲੋਂ ਰੀਵਿਊ ਬੈਠਕ ਕਰਕੇ ਬਕਾਇਦਾ ਫੀਡਬੈਕ ਹਾਸਲ ਕੀਤੀ ਗਈ ਸੀ। ਇਸ ਫੈਸਲੇ ਤਹਿਤ ਅਦਾਰੇ 'ਚ ਪੰਜਾਬ ਐਕਸ ਸਰਵਿਸਮੈਨ ਕਾਰਪੋਰੇਸ਼ਨ (ਪੈਸਕੋ) ਜ਼ਰੀਏ ਤਾਇਨਾਤ ਮੁਲਾਜ਼ਮਾਂ ਦੀ 15 ਤੋਂ 25 ਫੀਸਦ ਤੱਕ ਛਾਂਟੀ ਨੂੰ ਅਮਲੀ ਰੂਪ ਦਿੱਤੇ ਜਾਣ ਦੀਆਂ ਹਦਾਇਤਾਂ ਸਨ। ਸੂਤਰਾਂ ਮੁਤਾਬਕ ਪਾਵਰਕੌਮ ਵਲੋਂ 25 ਫੀਸਦ ਤੱਕ ਮੁਲਾਜ਼ਮਾਂ ਨੂੰ ਛਾਂਟੀ ਦੇ ਘੇਰੇ 'ਚ ਲੈਂਦਿਆਂ ਛਾਂਟੀ ਕਰਨ ਦੇ ਨੋਟਿਸ ਦੇਣ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਪਾਵਰਕੌਮ 'ਚ 2,951 ਪੈਸਕੋ ਮੁਲਾਜ਼ਮ ਵੱਖ-ਵੱਖ ਖੇਤਰਾਂ 'ਚ ਕੰਮ ਕਰ ਰਹੇ ਹਨ। ਇਹ ਮੁਲਾਜ਼ਮ ਟੈਕਨੀਕਲ, ਫੀਲਡ ਤੇ ਦਫਤਰੀ ਕੰਮ ਦੇਖ ਰਹੇ ਹਨ। ਇਸ ਤੋਂ ਇਲਾਵਾ ਸਕਿਊਰਿਟੀ ਗਾਰਡ ਵਜੋਂ ਵੀ ਤਾਇਨਾਤ ਹਨ। ਪਾਵਰਕੌਮ ਨੇ ਛਾਂਟੀ ਦਾ ਇਹ ਫੈਸਲਾ ਅਦਾਰੇ ਨੂੰ



ਵਿੱਤੀ ਪੱਖੋਂ ਸੁਰਖੁਰੂ ਕਰਨ ਕਰਕੇ ਲਿਆ ਹੈ। ਪਾਵਰਕੌਮ ਦੇ ਚੇਅਰਮੈਨ ਨੇ 12 ਨਵੰਬਰ ਤੱਕ ਰਿਲੀਵ ਕੀਤੇ ਮੁਲਾਜ਼ਮਾਂ ਦੀ ਰਿਪੋਰਟ ਮੰਗੀ ਹੈ। ਸੀ.ਐਮ.ਡੀ. ਏ.ਵੇਣੂ ਪ੍ਰਸ਼ਾਦ ਨੇ ਦੱਸਿਆ ਕਿ 60 ਸਾਲ ਤੋਂ ਵੱਧ ਉਮਰ ਵਾਲੇ ਅਤੇ ਵਿਹਲੇ ਬੈਠੇ ਮੁਲਾਜ਼ਮਾਂ ਦੀ ਹੀ ਤੋਂ ਛਾਂਟੀ ਹੋਵੇਗੀ। ਉਨ੍ਹਾਂ ਆਖਿਆ ਕਿ ਅਦਾਰਾ ਕਰੀਬ 13 ਸੌ ਕਰੋੜ ਰੁਪਏ ਦੇ ਘਾਟੇ ਦਾ ਸ਼ਿਕਾਰ ਹੈ।

ਪੰਜਾਬ ਸਰਕਾਰ ਨੇ ਬਠਿੰਡਾ ਥਰਮਲ ਪਲਾਂਟ ਪਹਿਲੀ ਜਨਵਰੀ 2018 ਨੂੰ ਬੰਦ ਕਰ ਦਿੱਤਾ ਸੀ, ਉਸ ਸਮੇਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵਾਅਦਾ ਕੀਤਾ ਸੀ ਕਿ ਬਠਿੰਡਾ ਥਰਮਲ 'ਚੋਂ ਕਿਸੇ ਵੀ ਵਰਕਰ ਦੀ ਛਾਂਟੀ ਨਹੀਂ ਹੋਵੇਗੀ। ਬਠਿੰਡਾ ਥਰਮਲ ਵਿਚ ਜੋ ਪੈਸਕੋ ਵਰਕਰ ਸਨ, ਉਨ੍ਹਾਂ ਨੂੰ ਦੂਸਰੀਆਂ ਥਾਵਾਂ 'ਤੇ ਤਾਇਨਾਤ ਕਰ ਦਿੱਤਾ ਗਿਆ ਸੀ। ਹੁਣ ਇਨ੍ਹਾਂ ਮੁਲਾਜ਼ਮਾਂ 'ਚੋਂ ਵੀ 15 ਤੋਂ 25 ਫੀਸਦੀ ਦੀ ਛੁੱਟੀ ਕਰ ਦਿੱਤੀ ਜਾਵੇਗੀ। ਪਾਵਰਕੌਮ ਦੇ ਵੰਡ ਸਰਕਲਾਂ ਵਿਚ ਕਰੀਬ 422 ਕੰਪਿਊਟਰ ਅਪਰੇਟਰ ਤਾਇਨਾਤ ਹਨ, ਜਿਨ੍ਹਾਂ 'ਚੋਂ 25 ਫੀਸਦ ਤੱਕ ਦੀ ਛਾਂਟੀ ਦੇ ਨੋਟਿਸ ਤਿਆਰ ਕਰ ਲਏ ਗਏ ਹਨ। ਇਨ੍ਹਾਂ ਕੰਪਿਊਟਰ ਅਪਰੇਟਰਾਂ ਨੂੰ 8,500 ਰੁਪਏ ਤੋਂ ਲੈ ਕੇ 12 ਹਜ਼ਾਰ ਰੁਪਏ ਪ੍ਰਤੀ ਤਨਖਾਹ ਮਿਲ ਰਹੀ ਸੀ।

## 'ਖਾਲਸਾ ਨੀਤੀ ਸ਼ਾਸਤਰ' ਪੁਸਤਕ ਲੋਕ ਅਰਪਣ

**ਅੰਮ੍ਰਿਤਸਰ:** ਭਾਈ ਗੁਰਦਾਸ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਆਨੰਦਪੁਰ ਦੇ ਮੁਖੀ ਤੇ ਸਿੱਖ ਵਿਦਵਾਨ ਭਾਈ ਹਰਿਸਿਮਰਨ ਸਿੰਘ ਦੀ ਪੁਸਤਕ 'ਖਾਲਸਾ ਨੀਤੀ ਸ਼ਾਸਤਰ: ਰਾਜ ਕਰੇਗਾ ਖਾਲਸਾ ਦੇ ਵਿਸਮਾਦੀ ਗਲੋਬਲ ਪਸਾਰ' ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਵਲੋਂ ਰਿਲੀਜ਼ ਕੀਤੀ ਗਈ। ਲੇਖਕ ਨੇ ਪੁਸਤਕ 'ਚ ਸਿੱਖ ਪੰਥ ਦੇ ਅੰਤਰ-ਸਬੰਧਤ ਮਿਸ਼ਨਾਂ ਲਈ ਇਕ ਨੀਤੀਗਤ ਕਾਰਜਯੋਜਨਾ ਨੂੰ ਪੇਸ਼ ਕੀਤਾ ਹੈ।

ਇਸ ਮੌਕੇ ਭਾਈ ਹਰਿਸਿਮਰਨ ਸਿੰਘ ਨੇ ਕਿਹਾ ਕਿ ਸਿੱਖ ਪੰਥ ਕਈ ਉਤਰਾਵਾਂ-ਚੜ੍ਹਾਵਾਂ ਦਾ ਸਾਹਮਣਾ ਕਰਦਾ ਹੋਇਆ ਪੰਜਾਬ ਤੋਂ ਭਾਰਤ ਅਤੇ ਫਿਰ ਵਿਸ਼ਵ ਵਿਚ ਫੈਲ ਚੁੱਕਾ ਹੈ। ਸਿੱਖਾਂ ਨੇ ਅੱਜ ਵਿਸ਼ਵ ਸ਼ਹਿਰੀ ਹੋਣ ਕਾਰਨ ਆਪਣੀਆਂ ਆਲਮੀ ਜ਼ਿੰਮੇਵਾਰੀਆਂ ਵੀ ਨਿਭਾਉਣੀਆਂ ਹਨ।

# ਮਨੁੱਖਤਾ ਦੀ ਸੇਵਾ ਦੇ ਮੁਦੱਈ ਭਗਤ ਪੂਰਨ ਸਿੰਘ ਦੀ ਸਾਲਾਨਾ ਬਰਸੀ ਮਨਾਈ

**ਸ਼ਿਕਾਗੋ (ਬਿਊਰੋ):** ਪਿੰਗਲਵਾੜਾ ਦੇ ਬਾਨੀ, ਨਿਸ਼ਕਾਮ ਸੇਵਾ ਦੇ ਮੁਦੱਈ, ਵਾਤਾਵਰਣ ਪ੍ਰੇਮੀ ਅਤੇ ਵਿਦਿਆ ਤੇ ਸਮਾਜ ਸੇਵਾ ਨੂੰ ਸਮਰਪਿਤ ਭਗਤ ਪੂਰਨ ਸਿੰਘ ਦੀ 28ਵੀਂ ਬਰਸੀ ਇਥੇ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਵਿਖੇ ਲੰਘੇ ਐਤਵਾਰ ਮਨਾਈ ਗਈ। ਸਹਿਜ ਪਾਠ ਦੇ ਭੋਗ ਉਪਰੰਤ ਵਿਚਾਰਾਂ ਹੋਈਆਂ ਕਿ ਭਗਤ ਪੂਰਨ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਅੰਗਹੀਣ, ਨਿਥਾਵਿਆਂ ਤੇ ਨਿਤਾਣਿਆਂ ਦੀ ਸੇਵਾ




ਵਿਚ ਗੁਜ਼ਾਰ ਦਿੱਤੀ ਅਤੇ ਉਨ੍ਹਾਂ ਦਾ ਕਾਇਮ ਕੀਤਾ ਪਿੰਗਲਵਾੜਾ ਅੱਜ ਵੀ ਨਿਸ਼ਕਾਮ ਅਤੇ ਨਿਰਸਵਾਰਥ ਸੇਵਾ ਦਾ ਚਾਨਣ ਮੁਨਾਰਾ ਬਣਿਆ ਹੋਇਆ ਹੈ।

ਭਗਤ ਪੂਰਨ ਸਿੰਘ ਦੀ ਬਰਸੀ ਸਮਾਗਮ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸ. ਤਰਲੋਚਨ ਸਿੰਘ ਮੁਲਤਾਨੀ ਨੇ ਕਿਹਾ ਕਿ ਸਭ ਤੋਂ ਪਹਿਲਾਂ ਇਹ ਜਾਣਨ ਦੀ ਲੋੜ ਹੈ ਕਿ ਭਗਤ ਕਹਿੰਦੇ ਕਿਸ ਨੂੰ ਹਨ? ਉਨ੍ਹਾਂ ਗੁਰਬਾਣੀ ਵਿਚੋਂ ਹਵਾਲੇ ਦੇ ਕੇ ਦੱਸਿਆ ਕਿ ਇਹ ਸਭ ਕੁਝ ਉਦੋਂ ਹੁੰਦਾ ਹੈ, ਜਦੋਂ ਅੰਦਰੋਂ ਹੰਕਾਰ ਖਤਮ ਹੁੰਦਾ ਹੈ। ਉਨ੍ਹਾਂ ਸ਼ਬਦ 'ਭਗਤ' ਦੀ ਵਿਆਖਿਆ ਕੀਤੀ ਕਿ 'ਭ' ਤੋਂ ਭਜਨ-ਜਿਸ ਨੇ ਭਜਨ ਦੀ ਸਿਖਰ ਕਰ ਦਿੱਤੀ; 'ਗ' ਤੋਂ ਗਿਆਨ-ਉਸ ਭਜਨ ਵਿਚੋਂ ਗੁਰੂ ਦਾ ਗਿਆਨ ਪ੍ਰਾਪਤ ਕੀਤਾ; 'ਤ' ਤੋਂ ਤਿਆਗ-ਫਿਰ ਉਸ ਗਿਆਨ ਵਿਚੋਂ ਤਿਆਗ ਪਰਗਟ ਹੋਇਆ ਅਤੇ ਤਿਆਗੀ ਤੋਂ ਹੀ ਭਗਤ ਬਣਦਾ ਹੈ, ਉਹੀ ਸਨ-ਭਗਤ ਪੂਰਨ ਸਿੰਘ। ਉਨ੍ਹਾਂ ਦੱਸਿਆ ਕਿ ਭਗਤ ਪੂਰਨ ਸਿੰਘ ਦਾ ਜਨਮ ਖੰਨੇ ਲਾਗੇ ਪਿੰਡ ਰਾਜੇਵਾਲ, ਜਿਲਾ ਲੁਧਿਆਣਾ 'ਚ ਹਿੰਦੂ ਪਰਿਵਾਰ ਵਿਚ ਹੋਇਆ ਸੀ। ਭਗਤ ਜੀ ਦੇ ਮਾਤਾ ਜੀ ਬੜੇ ਧਾਰਮਿਕ ਖਿਆਲਾਂ ਦੇ ਸਨ। ਭਗਤ ਜੀ ਲਿਖਦੇ ਹਨ ਕਿ ਜੋ ਵੀ ਮੈਂ ਅੱਜ ਹਾਂ, ਆਪਣੀ ਮਾਤਾ ਦੇ ਕਾਰਨ ਹਾਂ।

ਭਗਤ ਜੀ ਨੂੰ ਸਿੱਖੀ ਦੀ ਲਗਨ ਬਾਰੇ ਦੱਸਦਿਆਂ ਸ. ਮੁਲਤਾਨੀ ਨੇ ਕਿਹਾ ਕਿ ਭਗਤ ਜੀ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ 'ਤੇ ਫਤਹਿਗੜ੍ਹ ਸਾਹਿਬ ਵਿਖੇ ਗਏ ਤਾਂ ਉਥੇ ਮਹਾਰਾਜਾ ਭੁਪਿੰਦਰ ਸਿੰਘ ਦੇ ਨਾਲ ਉਸ ਦੇ ਸਹਿ-ਕਰਮਚਾਰੀ ਆਏ ਸਨ। ਉਥੇ ਉਨ੍ਹਾਂ ਦੀ ਸਿੱਖੀ ਵਾਲੀ ਦਿੱਖ ਦੇਖੀ, ਸਿੱਖੀ ਸਰੂਪ ਸੂਰਤ ਵੇਖੀ ਤਾਂ ਭਗਤ ਜੀ ਦੇ ਮਨ ਵਿਚ ਚਾਅ ਪੈਦਾ ਹੋ ਗਿਆ ਕਿ ਮੈਂ ਇਦਾਂ ਦਾ ਕਿਉਂ ਨਹੀਂ ਬਣ ਸਕਦਾ! ਘਰ ਆ ਕੇ ਭਗਤ ਜੀ ਨੇ ਆਪਣੀ ਮਾਤਾ ਨੂੰ ਕਿਹਾ ਕਿ ਮੈਂ ਅੱਜ ਗੁਰਸਿੱਖ ਵੇਖੇ ਨੇ, ਜਿਨ੍ਹਾਂ ਦੇ ਚਿਹਰੇ ਦੀ ਤਾਬ ਝੱਲੀ ਨਹੀਂ ਸੀ ਜਾਂਦੀ; ਮੈਂ ਵੀ ਉਦਾਂ ਦਾ ਬਣਨਾ ਚਾਹੁੰਦਾਂ। ਫਿਰ ਉਨ੍ਹਾਂ ਅੰਮ੍ਰਿਤ ਛਕ ਲਿਆ। ਪਿਤਾ ਦਾ ਸ਼ਾਹੂਕਾਰੇ ਦਾ ਕਿੱਤਾ ਸੀ ਪਿੰਡ ਵਿਚ, ਜੋ ਫੇਲ੍ਹ ਹੋ ਗਿਆ। ਘਰ ਵਿਚ ਬੜੀ ਗਰੀਬੀ ਆ ਗਈ ਸੀ। ਮਾਤਾ ਨੇ ਮਿੰਟਗੁਮਰੀ ਅਤੇ ਲਾਹੌਰ 'ਚ ਨੌਕਰੀ ਕਰ ਕੇ ਭਗਤ ਜੀ ਨੂੰ ਦਸਵੀਂ ਤੱਕ ਪੜ੍ਹਾਇਆ। ਦਸਵੀਂ ਦਾ ਇਮਤਿਹਾਨ ਦੇ ਕੇ ਭਗਤ ਜੀ ਲਾਹੌਰ ਚਲੇ ਗਏ ਅਤੇ ਗੁਰਦੁਆਰਾ ਡੇਹਰਾ ਸਾਹਿਬ, ਜਿੱਥੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ, ਵਿਖੇ 24 ਸਾਲ ਸੰਗਤਾਂ ਦੀ ਸੇਵਾ ਕੀਤੀ; ਗਰੀਬ ਬੱਚਿਆਂ ਨੂੰ ਭੋਜਨ ਛਕਾਇਆ ਤੇ ਉਨ੍ਹਾਂ ਦੀਆਂ ਫੀਸਾਂ ਦਾ ਇੰਤਜ਼ਾਮ ਕੀਤਾ।

ਸ. ਮੁਲਤਾਨੀ ਨੇ ਦੱਸਿਆ ਕਿ ਭਗਤ ਜੀ ਨੇ ਗੁਰਬਾਣੀ ਸਿਰਫ ਸੁਣੀ ਹੀ ਨਹੀਂ, ਸਗੋਂ ਉਸ ਅਨੁਸਾਰ ਆਪਣਾ ਜੀਵਨ ਢਾਲਿਆ ਵੀ। ਇਸੇ ਦੌਰਾਨ ਇਕ ਘਟਨਾ ਵਾਪਰੀ ਕਿ ਕੋਈ ਆਪਣਾ ਅਪਾਹਜ ਬੱਚਾ ਗੁਰਦੁਆਰੇ ਦੇ ਗੇਟ 'ਤੇ ਛੱਡ ਗਿਆ। ਗੁਰਦੁਆਰਾ ਕਮੇਟੀ ਨੇ ਉਸ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਭਗਤ ਪੂਰਨ ਸਿੰਘ ਨੂੰ ਸੌਂਪ ਦਿੱਤੀ, ਕਿਉਂਕਿ ਸਾਰੇ ਭਗਤ ਜੀ ਦੀ ਸੇਵਾ ਤੋਂ ਪ੍ਰਭਾਵਤ ਸਨ। ਭਗਤ ਜੀ ਨੇ ਉਸ ਬੱਚੇ ਨੂੰ ਪਾਲਿਆ ਤੇ ਉਸ ਦੀ ਸੇਵਾ ਕੀਤੀ। 1947 ਦੀ ਵੰਡ ਸਮੇਂ ਭਗਤ ਪੂਰਨ ਸਿੰਘ ਆਪਣੇ ਨਾਲ ਕੁਝ ਨਹੀਂ ਲਿਆਏ, ਸਿਰਫ ਇਕ ਰੁਪਿਆ ਤੇ ਪੰਜ ਆਨੇ ਅਤੇ ਲੂਲਾ ਬੱਚਾ ਉਨ੍ਹਾਂ ਦੇ ਮੋਢਿਆਂ ਉਤੇ ਸੀ। ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਲੱਗੇ ਰਿਫਿਊਜ਼ੀ ਕੈਂਪ ਵਿਚ ਵੀ ਭਗਤ ਜੀ ਨੇ ਅਪਾਹਜਾਂ, ਬਜੁਰਗਾਂ ਦੀ ਸੇਵਾ-ਸੰਭਾਲ ਕੀਤੀ। ਅੱਠ-ਨੌਂ ਮਹੀਨੇ ਪਿਛੋਂ ਜਦੋਂ ਇਹ ਕੈਂਪ ਸਮਾਪਤ ਹੋ ਗਿਆ ਤਾਂ ਉਥੇ ਰਹਿੰਦੇ ਬਜੁਰਗਾਂ ਤੇ ਅਪਾਹਜਾਂ ਦੀ ਦੇਖ-ਭਾਲ ਕਰਨ ਵਾਲਾ ਕੋਈ ਨਹੀਂ ਸੀ। ਭਗਤ ਜੀ ਜਫਰ ਜਾਲਦਿਆਂ ਗਜਾ ਕਰ ਕੇ ਉਨ੍ਹਾਂ ਲਈ ਭੋਜਨ ਲਿਆਉਂਦੇ, ਉਨ੍ਹਾਂ ਨੂੰ ਹੱਥੀਂ ਛਕਾਉਂਦੇ ਅਤੇ ਸੇਵਾ ਵਿਚ ਲੱਗੇ ਰਹਿੰਦੇ। ਕਰੀਬ 8-9 ਸਾਲ ਇੰਦਾਂ ਹੀ ਚੱਲਦਾ ਰਿਹਾ, ਕਦੇ ਉਹ ਮਰੀਜਾਂ ਨੂੰ ਕਿਸੇ ਖਾਲੀ ਕੋਠੀ ਵਿਚ ਲੈ ਜਾਂਦੇ ਤੇ ਕਦੇ ਕਿਸੇ ਖਾਲੀ ਸਿਨੇਮਾ ਦੀ ਬਿਲਡਿੰਗ ਵਿਚ। ਫਿਰ ਹੌਲੀ ਹੌਲੀ ਸੰਗਤ ਜੁੜਦੀ ਗਈ ਅਤੇ ਪਿੰਗਲਵਾੜਾ ਹੋਂਦ ਵਿਚ ਆ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਬਹੁਤ ਸਾਰਾ ਸਾਹਿਤ ਲਿਖਿਆ, ਜਿਸ ਵਿਚ ਉਨ੍ਹਾਂ ਆਪਣੇ ਜੀਵਨ ਬਾਰੇ, ਆਪਣੇ ਮਾਤਾ ਬਾਰੇ, ਵਾਤਾਵਰਣ ਤੇ ਪਾਣੀ ਬਾਰੇ ਲਿਖਿਆ।

ਪਿੰਗਲਵਾੜਾ ਸੰਸਥਾ ਦੇ ਮੌਜੂਦਾ ਕੰਮਾਂ ਤੇ ਸੇਵਾਵਾਂ ਦਾ ਜ਼ਿਕਰ ਕਰਦਿਆਂ ਸ. ਮੁਲਤਾਨੀ ਨੇ ਸੰਗਤ ਨੂੰ ਇਸ ਦੀ ਵੱਧ ਤੋਂ ਵੱਧ ਵਿੱਤੀ ਮਦਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਗੁਰਬਾਣੀ ਸ਼ਬਦ ਵਿਚਾਰਦਿਆਂ ਸੰਗਤ ਨੂੰ ਇਸ ਸੇਵਾ ਲਈ ਦਸਵੰਧ ਕੱਢਣ ਦੀ ਬੇਨਤੀ ਕੀਤੀ। ਉਨ੍ਹਾਂ ਦੱਸਿਆ ਕਿ ਪਿੰਗਲਵਾੜਾ ਦਾ ਇਕ ਦਿਨ ਦਾ ਖਰਚਾ 7-8 ਲੱਖ ਰੁਪਏ ਹੈ। ਉਨ੍ਹਾਂ ਦੱਸਿਆ ਕਿ ਸਥਾਨਕ ਪੰਜਾਬੀ ਵਿਰਾਸਤ ਸੰਸਥਾ (ਪੀ. ਐਚ. ਓ.) ਪਿਛਲੇ ਕਰੀਬ 15 ਸਾਲਾਂ ਤੋਂ ਸੇਵਾ ਦੇ ਇਸ ਸੰਕਲਪ ਵਿਚ ਆਪਣਾ ਯੋਗਦਾਨ ਪਾ ਰਹੀ ਹੈ ਅਤੇ ਮਿਡਵੈਸਟ ਦੇ ਗੁਰੂਘਰਾਂ ਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹਰ ਸਾਲ ਕਰੀਬ ਲੱਖ ਡਾਲਰ ਇਕੱਤਰ ਕਰ ਕੇ ਪਿੰਗਲਵਾੜਾ ਸੰਸਥਾ ਨੂੰ ਭੇਜਦੀ ਹੈ।

ਇਸ ਮੌਕੇ ਗੁਰੂਘਰ ਦੀ ਸਟੇਜ ਸੈਕਟਰੀ ਡਾ. ਜਸਬੀਰ ਕੌਰ ਸਿੰਘ ਨੇ ਕਿਹਾ ਕਿ ਭਗਤ ਪੂਰਨ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਲੂਲਿਆਂ-ਲੰਗੜਿਆਂ ਦੀ ਸੇਵਾ ਨੂੰ ਸਮਰਪਿਤ ਕੀਤੀ ਅਤੇ ਨਿਜੀ ਸਵਾਰਥਾਂ ਤੋਂ ਉਪਰ ਉਠ ਕੇ ਮਨੁੱਖਤਾ ਦੀ ਸੇਵਾ ਕੀਤੀ। ਉਨ੍ਹਾਂ ਸੰਗਤ ਨੂੰ ਕਿਹਾ ਕਿ ਸਾਨੂੰ ਭਗਤ ਜੀ ਬਾਰੇ ਪੜ੍ਹਨਾ ਚਾਹੀਦਾ ਹੈ ਅਤੇ ਉਹ




ਭਗਤ ਜੀ ਸਬੰਧੀ ਬਣੀ ਫਿਲਮ 'ਇਹੁ ਜਨਮ ਤੁਮਹਾਰੇ ਲੇਖੇ' ਜਰੂਰ ਦੇਖਣ। ਉਨ੍ਹਾਂ ਕਿਹਾ ਕਿ ਜਦੋਂ ਵੀ ਉਹ ਪੰਜਾਬ ਜਾਣ ਤਾਂ ਆਪਣੇ ਬੱਚਿਆਂ ਨੂੰ ਪਿੰਗਲਵਾੜਾ ਜਰੂਰ ਲੈ ਕੇ ਜਾਣ ਅਤੇ ਉਨ੍ਹਾਂ ਨੂੰ ਅਸਲ ਸੇਵਾ ਦਾ ਮੰਤਵ ਦੱਸਣ, ਜਿਸ ਤਰ੍ਹਾਂ ਭਗਤ ਪੂਰਨ ਸਿੰਘ ਨੇ ਬੇਆਸਰਿਆਂ ਤੇ ਲੋੜਵੰਦਾਂ ਦੀ ਕੀਤੀ।

ਤਕਰੀਰਾਂ ਪਿਛੋਂ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਨੇ 'ਸੇਵਾ' ਸਬੰਧੀ ਸ਼ਬਦ ਗਾਇਨ ਕੀਤਾ। ਇਸ ਤੋਂ ਪਹਿਲਾਂ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਵੀ 'ਸੇਵਾ ਦੇ ਸੰਕਲਪ' ਦੀ ਵਿਆਖਿਆ ਕਰਦਿਆਂ ਗੁਰਬਾਣੀ ਵਿਚਾਰ ਨਾਲ ਸੰਗਤਾਂ ਨੂੰ ਸੇਵਾ ਕਰਨ ਲਈ ਪ੍ਰੇਰਿਆ।

ਸਮਾਗਮ ਦੌਰਾਨ ਪੰਜਾਬੀ ਵਿਰਾਸਤ ਸੰਸਥਾ ਵਲੋਂ ਪਿੰਗਲਵਾੜਾ ਲਈ ਮਾਇਆ ਇਕੱਤਰ ਕੀਤੀ ਗਈ। ਕਰੋਨਾ ਮਹਾਮਾਰੀ ਦੇ ਕਾਰਨ ਬੇਸ਼ੱਕ ਸੰਗਤ ਦੀ ਹਾਜਰੀ ਗੁਰਦੁਆਰਾ ਸਾਹਿਬ ਘੱਟ ਹੁੰਦੀ ਹੈ, ਪਰ ਹਰ ਸਾਲ ਵਾਂਗ ਇਸ ਵਾਰ ਵੀ ਭਰਵਾਂ ਹੁੰਗਾਰਾ ਦਿੱਤਾ ਗਿਆ। ਕਈ ਸੱਜਣ ਤਾਂ ਉਚੇਚੇ ਤੌਰ 'ਤੇ ਕੁਝ ਪਲਾਂ ਲਈ ਸਿਰਫ ਆਪਣਾ ਯੋਗਦਾਨ ਪਾਉਣ ਲਈ ਗੁਰਦੁਆਰਾ ਸਾਹਿਬ ਆਏ। ਸੰਸਥਾ ਨੇ ਸੰਗਤ, ਦਾਨੀ ਸੰਸਥਾਵਾਂ ਅਤੇ ਮਿਡਵੈਸਟ ਦੇ ਹੋਰਨਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ, ਜਿਥੇ ਉਹ ਕਰੋਨਾ ਮਹਾਮਾਰੀ ਕਾਰਨ ਇਸ ਸਾਲ ਨਹੀਂ ਜਾ ਸਕੇ, ਨੂੰ ਅਪੀਲ ਕੀਤੀ ਹੈ ਕਿ ਉਹ ਪਿੰਗਲਵਾੜੇ ਨੂੰ ਦਾਨ ਭੇਟਾ ਲਈ ਵਧ-ਚੜ੍ਹ ਕੇ ਹਿੱਸਾ ਪਾਉਣ। 'ਜਸਵੰਤ ਸਾਹਨੀ ਟਰੱਸਟ ਫੰਡ' (Jaswant Sawhney Trust Fund, Pingalwara Donation, 22 Providence Drive, Flemington, NJ 08822) ਦੇ ਨਾਂ ਦਾ ਚੈਕ ਕੱਟਣ ਅਤੇ ਮੈਮੋ ਵਿਚ 'ਪਿੰਗਲਵਾੜਾ' ਜਰੂਰ ਲਿਖਣ। ਦਾਨ-ਭੇਟਾ ਦੇ ਚੈਕ ਪੀ. ਐਚ. ਓ. ਦੇ ਪੋਸਟ ਬਾਕਸ (Punjabi Heritage Organization of Chicago, P.O. Box 2556, Palatine, Il. 60078) ਉਤੇ ਵੀ ਭੇਜੇ ਜਾ ਸਕਦੇ ਹਨ।

ਹੋਰ ਜਾਣਕਾਰੀ ਲਈ ਲਖਬੀਰ ਸਿੰਘ ਸੰਧੂ ਫੋਨ: 847-975- 3877, ਸਤਨਾਮ ਸਿੰਘ ਔਲਖ ਫੋਨ: 847-809-6145, ਬਲਵੰਤ ਸਿੰਘ ਹੰਸਰਾ ਫੋਨ: 847-991-7761 ਜਾਂ ਜੈ ਰਾਮ ਸਿੰਘ ਕਾਹਲੋਂ ਨਾਲ ਫੋਨ: 224-456-8096 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸਾਹਿਤ ਪ੍ਰੇਮੀਆਂ ਵਲੋਂ ਕਿਸਾਨੀ ਬਾਰੇ ਨਵੇਂ ਕਾਨੂੰਨ ਸਬੰਧੀ ਚਰਚਾ

**ਨਿਊ ਯਾਰਕ (ਬਿਊਰੋ):** ਸਥਾਨਕ ਸਾਹਿਤ ਪ੍ਰੇਮੀਆਂ ਨੇ ਲੰਘੇ ਸਨਿਚਰਵਾਰ ਆਈਜ਼ਨ ਹਾਵਰ ਪਾਰਕ, ਲਾਂਗ ਆਈਲੈਂਡ ਵਿਚ ਇਕੱਠੇ ਹੋ ਕੇ ਇਕ ਸਾਹਿਤਕ ਬੈਠਕ ਦਾ ਆਯੋਜਨ ਕੀਤਾ, ਜਿਸ 'ਚ ਪਹਿਲਾਂ ਤੈਅ ਕੀਤੇ ਗਏ ਏਜੰਡੇ ਅਨੁਸਾਰ ਭਾਰਤ ਸਰਕਾਰ ਵਲੋਂ ਕਿਸਾਨੀ ਬਾਰੇ ਬਣਾਏ ਨਵੇਂ ਕਾਨੂੰਨ 'ਤੇ ਖੁੱਲ੍ਹ ਕੇ ਚਰਚਾ ਕੀਤੀ ਗਈ। ਗੱਲਬਾਤ ਕੋਈ ਦੋ ਘੰਟੇ ਚੱਲੀ, ਜਿਸ 'ਤੇ ਸਾਰੇ ਆਏ ਸੱਜਣਾਂ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ।

ਸਭ ਤੋਂ ਪਹਿਲਾਂ ਮਨਮੋਹਨ ਪੂਨੀ ਨੇ ਇਸ ਕਾਨੂੰਨ ਨਾਲ ਛੋਟੇ ਕਿਸਾਨਾਂ ਤੇ ਮਜ਼ਦੂਰਾਂ ਉਪਰ ਪੈਣ ਵਾਲੇ ਮਾਰੂ ਅਸਰ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਸਰਕਾਰ ਦੀ ਸੋਚੀ-ਸਮਝੀ ਸਾਜਿਸ਼ ਦਾ ਹਿੱਸਾ ਹੈ, ਜਿਸ ਨਾਲ ਸਰਕਾਰ ਵਲੋਂ ਅਮੀਰ ਵਰਗ ਨੂੰ ਹੋਰ ਅਮੀਰ ਬਣਾਉਣ ਦਾ ਨਿਸ਼ਾਨਾ ਪੂਰਾ ਕੀਤਾ ਜਾਣਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਇਸ ਤਰ੍ਹਾਂ ਦੇ ਕਈ ਝੱਖੜਾਂ ਦਾ ਸਾਹਮਣਾ ਕਰ ਚੁਕਾ ਹੈ, ਹੁਣ ਵੀ ਕਰੇਗਾ; ਪਰ ਇਕ ਮੰਚ ਉੱਤੇ ਇਕੱਠੇ ਹੋਣਾ ਬਹੁਤ ਜਰੂਰੀ ਹੈ। ਦਵਿੰਦਰ ਸਿੰਘ ਨੇ ਕੰਟਰੈਕਟ ਫਾਰਮਿੰਗ ਦੇ ਨੁਕਸਾਨ ਵੀ ਵੇਰਵੇ ਨਾਲ ਬਿਆਨ ਕੀਤੇ ਕਿ ਕਿਵੇਂ ਪਹਿਲਾਂ ਦੋ ਕੁ ਸਾਲ ਤਾਂ ਸਹੀ ਰਹੇਗਾ, ਉਸ ਪਿਛੋਂ ਇਹ ਸਾਰਾ ਕੁਝ ਵੱਡੀਆਂ ਵੱਡੀਆਂ ਕੰਪਨੀਆਂ ਦੇ ਹੱਕ ਵਿਚ ਹੀ ਭੁਗਤੇਗਾ। ਉਨ੍ਹਾਂ ਕਿਹਾ ਕਿ ਇਸ ਸੰਘਰਸ਼ ਨੂੰ ਹੋਰ ਤੇਜ਼ ਕਰ ਦੇਣਾ ਚਾਹੀਦਾ ਹੈ।

ਜਸਬੀਰ ਸਿੰਘ ਡੁਮੇਲੀ ਨੇ ਵੀ ਇਹ ਖਦਸ਼ਾ ਜਾਹਰ ਕੀਤਾ ਕਿ ਇਹ ਕਾਨੂੰਨ ਸਿਫਰ ਕਿਸਾਨੀ ਵਿਰੋਧੀ ਹੀ ਨਹੀਂ ਹੈ, ਸਗੋਂ ਆਮ ਲੋਕਾਂ ਉੱਤੇ ਵੀ ਇਸ ਦਾ ਅਸਰ ਬਹੁਤ ਘਾਤਕ ਸਿੱਧ ਹੋਵੇਗਾ, ਕਿਉਂਕਿ ਹਰ ਵਰਗ ਕਿਸੇ ਨਾ ਕਿਸੇ ਤਰ੍ਹਾਂ ਕਿਸਾਨੀ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਪੰਜਾਬ 'ਚ ਤਾਂ ਕੀ, ਸਾਰੇ ਭਾਰਤ ਵਿਚ ਅਰਾਜਕਤਾ ਵਾਲਾ ਮਾਹੌਲ ਬਣ ਜਾਵੇਗਾ। ਇਸ ਸੰਘਰਸ਼ ਵਿਚ ਸਾਰੇ ਵਰਗਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਕੇਂਦਰ ਸਰਕਾਰ ਤਕ ਅਵਾਜ਼ ਪਹੁੰਚਾਈ ਜਾ ਸਕੇ।

ਰੇਸ਼ਮ ਸਿੰਘ ਡੁਮੇਲੀ ਨੇ ਦੱਸਿਆ ਕਿ 2014 ਦੀਆਂ ਚੋਣਾਂ ਵਿਚ ਭਾਜਪਾ ਦੇ ਦੋ ਵੱਡੇ ਆਗੂਆਂ-ਨਰੇਂਦਰ ਮੋਦੀ ਤੇ ਲਾਲ ਕ੍ਰਿਸ਼ਨ ਅਡਵਾਨੀ ਵਿਚਾਲੇ ਪ੍ਰਧਾਨ ਮੰਤਰੀ ਪਦ ਲਈ ਦੌੜ



ਲੱਗੀ ਹੋਈ ਸੀ। ਪਾਰਟੀ ਦੀ ਸ਼ਰਤ ਇਹ ਸੀ ਕਿ ਜਿਹੜਾ ਉਮੀਦਵਾਰ ਜ਼ਿਆਦਾ ਫੰਡ ਇਕੱਠਾ ਕਰ ਸਕੇਗਾ, ਉਹ ਹੀ ਇਸ ਪਦਵੀ ਉਤੇ ਬੈਠ ਕੇ ਪਾਰਟੀ ਦੀ ਅਗਵਾਈ ਕਰੇਗਾ। ਮੋਦੀ ਦੀ ਨੇੜਤਾ ਪਹਿਲਾਂ ਹੀ ਅੰਬਾਨੀ ਤੇ ਹੋਰ ਅਮੀਰ ਘਰਾਣਿਆਂ ਨਾਲ ਹੋਣ ਕਰਕੇ, ਇਨ੍ਹਾਂ ਨੂੰ ਆਪਣੇ ਹੱਥਾਂ ਵਿਚ ਇਸ ਸ਼ਰਤ 'ਤੇ ਲਿਆ ਕਿ ਚੋਣਾਂ ਦਾ ਸਾਰਾ ਖਰਚਾ ਕਰੋ, ਤੁਹਾਡੇ ਹੱਕ ਵਾਲੇ ਹੀ ਕਾਨੂੰਨ ਬਣਨਗੇ। ਇਹ ਅੱਜ ਜੋ ਵੀ ਹੋ ਰਿਹਾ ਹੈ, ਮੋਦੀ ਤੇ ਅਮੀਰ ਘਰਾਣਿਆਂ ਦੀ ਹੋ ਚੁਕੀ ਗੱਲਬਾਤ ਦਾ ਹੀ ਸਿੱਟਾ ਹੈ, ਜੋ ਸਾਰਾ ਮੁਲਕ ਭੁਗਤ ਰਿਹਾ ਹੈ।

ਬਲਵਿੰਦਰ ਸਿੰਘ ਜੰਡੀਆਵਲੀ ਨੇ ਸਾਰੇ ਹਾਲਾਤ 'ਤੇ ਨਜ਼ਰ ਮਾਰਦਿਆਂ ਕਿਹਾ ਕਿ ਇਹ ਕੋਈ ਨਵੀਂ ਗੱਲ ਨਹੀਂ ਹੈ ਕਿ ਸਾਡੇ ਆਗੂ ਬੇਈਮਾਨ ਤੇ ਕੌਮ ਧ੍ਰੋਹੀ ਹਨ, ਇਨ੍ਹਾਂ ਨੇ ਆਪਣੇ ਨਿੱਜ ਨੂੰ ਮੁੱਖ ਰੱਖ ਕੇ ਪੰਜਾਬ ਦੇ ਹਰ ਵਰਗ ਨਾਲ ਧੋਖਾ ਕੀਤਾ ਹੈ। ਜਦੋਂ ਤੱਕ ਲੋਕ ਦੀ ਸੋਚ ਨਹੀਂ ਬਦਲਦੀ, ਉਸ ਵਕਤ ਤਕ ਕਿਸੇ ਵੀ ਤਬਦੀਲੀ ਦੀ ਆਸ ਨਹੀਂ ਹੈ। ਉਹ ਆਗੂ ਮੂਹਰੇ ਲਿਆਉਣਾ ਚਾਹੀਦਾ ਹੈ, ਜਿਸ ਦੇ ਮਨ ਵਿਚ ਪੰਜਾਬ ਤੇ ਪੰਜਾਬੀਅਤ ਦਾ ਦਰਦ ਹੋਵੇ, ਇਸ ਤੋਂ ਬਿਨਾ ਹੋਰ ਕੋਈ ਹੱਲ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕੋਈ ਅਜਿਹਾ ਆਗੂ ਨਜ਼ਰ ਨਹੀਂ ਆ ਰਿਹਾ, ਅਜ ਸਾਰੇ ਆਗੂ ਮੌਕਾ-ਪ੍ਰਸਤ ਤੇ ਪਰਿਵਾਰ-ਪ੍ਰਸਤ ਹਨ।

ਸਤਨਾਮ ਸਿੰਘ ਨੇ ਕਿਹਾ ਕਿ ਅੱਜ ਪੰਜਾਬ ਵਿਚ ਕਿਸੇ ਯੋਗ ਆਗੂ ਦੀ ਕਮੀ ਮਹਿਸੂਸ ਹੁੰਦੀ ਹੈ। ਇਸ ਸੰਘਰਸ਼ ਨੂੰ ਕੋਈ ਸਿਆਣਾ ਸਿਆਸਤਦਾਨ ਲੈ ਕੇ ਅਗਾਂਹ ਵਧੇ ਤਾਂ ਇਸ ਦੀ ਕਾਮਯਾਬੀ ਬਹੁਤੀ ਦੂਰ ਨਹੀਂ ਹੈ। ਉਂਕਾਰ ਸਿੰਘ ਡੁਮੇਲੀ ਨੇ 1955 ਵਿਚ ਜਰੂਰੀ ਵਸਤੂਆਂ ਦੇ ਜ਼ਖੀਰੇ ਸਬੰਧੀ ਬਣਾਏ ਕਾਨੂੰਨ ਵਿਚਲੀਆਂ ਤਬਦੀਲੀਆਂ ਦੀ ਗੱਲ ਕਰਦਿਆਂ ਕਿਹਾ ਕਿ ਇਹ ਤਬਦੀਲੀਆਂ ਵੱਡੀਆਂ ਵੱਡੀਆਂ ਕੰਪਨੀਆਂ ਦੇ ਹੱਕ ਵਿਚ ਹੀ ਭੁਗਤੀਆਂ। ਹੁਣ ਵੀ ਛੋਟੇ ਕਿਸਾਨਾਂ ਦੀ ਇੰਨੀ ਸਮਰੱਥਾ ਨਹੀਂ ਹੋਵੇਗੀ ਕਿ ਉਹ ਵੱਡੇ ਵੱਡੇ ਅਨਾਜ ਦੇ ਭੰਡਾਰ ਜਮਾਂ ਕਰ ਸਕਣ। ਉਹ ਵੀ ਵੱਡੇ ਵੱਡੇ ਜ਼ਖੀਰੇਦਾਰਾਂ ਉਤੇ ਹੀ ਨਿਰਭਰ ਕਰਨਗੇ ਅਤੇ ਉਹ ਜਿਸ ਭਾਅ ਚਾਹੁਣਗੇ, ਵਸਤੂ ਵੇਚਣਗੇ, ਕਿਉਂਕਿ ਉਨ੍ਹਾਂ ਉਤੇ ਨਵੇਂ ਕਾਨੂੰਨ ਲਾਗੂ ਨਹੀਂ ਹੁੰਦੇ।

ਮੋਹਨ ਸਿੰਘ ਭੰਵਰਾ ਨੇ ਕਿਹਾ ਕਿ ਸਟੇਟ ਨੇ ਮਜ਼ਦੂਰ ਵਰਗ ਨੂੰ ਤਾਂ ਪਹਿਲਾਂ ਹੀ ਖਤਮ ਕਰ ਦਿੱਤਾ ਹੋਇਆ ਹੈ। ਮਜ਼ਦੂਰ ਨੂੰ ਘੱਟ ਪੈਸੇ ਦੇ ਕੇ ਵੱਧ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ, ਕਿਉਂਕਿ ਉਸ ਦੀਆਂ ਲੋੜਾਂ ਦੀ ਪੂਰਤੀ ਲਈ ਅਜਿਹਾ ਕੁਝ ਕਰਨਾ ਪੈਂਦਾ ਹੈ। ਹੁਣ ਸਟੇਟ ਕਿਸਾਨੀ ਤੇ ਮੱਧ ਵਰਗ ਨੂੰ ਖਤਮ ਕਰਨ ਵੱਲ ਤੁਰੀ ਹੋਈ ਹੈ। ਇਸ ਨਵੇਂ ਬਣੇ ਕਾਨੂੰਨ ਦਾ ਅਸਰ ਐਸਾ ਘਾਤਕ ਸਿੱਧ ਹੋ ਸਕਦਾ ਹੈ ਕਿ ਦੇਸ਼ ਵਿਚ ਇਕ ਨਵਾਂ ਅੰਦੋਲਨ ਸ਼ੁਰੂ ਹੋ ਸਕਦਾ ਹੈ। ਸਾਰੇ ਵਰਗਾਂ ਨੂੰ ਇਕ ਮੰਚ ਉੱਤੇ ਇਕੱਠੇ ਹੋ ਜਾਣ ਦੀ ਸਥਿਤੀ ਬਣਾਉਣੀ ਚਾਹੀਦੀ ਹੈ।

ਜੀਤ ਚੰਦਨ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਹਾਲਤ ਇਸ ਦੇ ਲਾਲਚੀ ਤੇ ਖੁਦਗਰਜ਼ ਆਗੂਆਂ ਕਰਕੇ ਹੋਈ ਹੈ। ਅੱਜ ਤਕ ਪੰਜਾਬ ਬਾਹਰਲੇ ਹਮਲਾਵਰਾਂ ਨੂੰ ਹਰਾਉਣ ਵਿਚ ਕਾਮਯਾਬ ਰਿਹਾ ਹੈ, ਕਿਉਂਕਿ ਸਾਡੇ ਆਗੂ ਸਿਆਣੇ ਤੇ ਪੰਜਾਬ ਨਾਲ ਹਮਦਰਦੀ ਰੱਖਣ ਵਾਲੇ ਸਨ। ਉਨ੍ਹਾਂ ਨੇ ਭਾਰਤ ਦੀ ਆਜ਼ਾਦੀ ਵਿਚ ਪੰਜਾਬੀਆਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੇ ਇਹ ਆਈ 'ਤੇ ਆ ਜਾਣ ਤਾਂ ਇਨ੍ਹਾਂ ਨੂੰ ਸਾਂਭਣਾ ਮੁਸ਼ਕਿਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਰਲ-ਮਿਲ ਕੇ ਗਰੀਬ ਬੱਚਿਆਂ ਨੂੰ ਪੜ੍ਹਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਪੜ੍ਹਾਈ ਤੋਂ ਬਿਨਾ ਅੱਗੇ ਨਹੀਂ ਵਧਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਦੀ ਜਾਣਕਾਰੀ ਪੰਜਾਬ ਦੇ ਮੁੱਖ ਮੰਤਰੀ ਨੂੰ ਭੇਜਣੀ ਚਾਹੀਦੀ ਹੈ, ਤਾਂ ਜੋ ਉਨ੍ਹਾਂ ਨੂੰ ਵੀ ਪਤਾ ਲੱਗ ਸਕੇ ਕਿ ਕਿਵੇਂ ਬਾਹਰ ਬੈਠੇ ਪੰਜਾਬੀ ਵੀ ਪੰਜਾਬ ਲਈ ਚਿੰਤਿਤ ਹਨ।

ਬਲਵੀਰ ਸਿੰਘ ਡੁਮੇਲੀ ਨੇ ਕਿਹਾ ਕਿ ਇਹ ਧਰਤੀ ਗੁਰੂਆਂ-ਪੀਰਾਂ ਦੀ ਧਰਤੀ ਹੈ ਤੇ ਪੰਜਾਬ ਤਾਂ ਗੁਰਾਂ ਦੇ ਨਾਂ 'ਤੇ ਹੀ ਵੱਸਦਾ ਹੈ। ਅਸੀਂ ਗੁਰੂ ਦੇ ਸਿਧਾਂਤ ਉਤੇ ਖਰੇ ਨਹੀਂ ਉਤਰ ਰਹੇ। ਅਸੀਂ ਸਾਦਗੀ ਤੇ ਸਦਾਚਾਰਕ ਕਦਰਾਂ ਕੀਮਤਾਂ ਨੂੰ ਭੁੱਲ ਚੁਕੇ ਹਾਂ ਤੇ ਮਤਲਬਖੋਰੇ ਤੇ ਲਾਲਚ-ਪ੍ਰਸਤ ਹੋ ਚੁਕੇ ਹਾਂ। ਹਉਮੈ ਸਾਡੇ ਮਨ ਦਾ ਪਹਿਰਾਵਾ ਬਣ ਚੁਕਾ ਹੈ, ਜਿਸ ਨੂੰ ਅਸੀਂ ਬਦਲਣ ਲਈ ਤਿਆਰ ਨਹੀਂ ਹਾਂ। ਜਦੋਂ ਤਕ ਅਸੀਂ ਆਪਣੀਆਂ ਕਮਜ਼ੋਰੀਆਂ ਤੋਂ ਨਿਜਾਤ ਪਾਉਣ ਲਈ ਤਿਆਰ ਨਹੀਂ ਹੋ ਜਾਂਦੇ, ਉਸ ਵਕਤ ਤਕ ਖੁਆਰੀਆਂ ਹੀ ਰਹਿਣਗੀਆਂ ਤੇ ਅੱਜ ਦੇ ਹਾਲਾਤ ਇਨ੍ਹਾਂ ਕਮਜ਼ੋਰੀਆਂ ਦਾ ਹੀ ਸਿੱਟਾ ਹਨ।

ਅਗਲੇ ਦੌਰ ਵਿਚ ਕਵਿਤਾ ਦਾ ਗਾਇਨ ਕੀਤਾ ਗਿਆ। ਜਸਵੀਰ ਸਿੰਘ ਨੇ ਅਜੋਕੇ ਹਾਲਾਤ ਨੂੰ ਬਿਆਨ ਕਰਦੀ ਕਵਿਤਾ ਪੜ੍ਹੀ, ਜੋ ਸਾਰਿਆਂ ਨੂੰ ਚੰਗੀ ਲੱਗੀ। ਜਸਵਿੰਦਰ ਸਿੰਘ ਤੇ ਜੀਤ ਚੰਦਨ ਨੇ ਚੁਟਕਲਿਆਂ ਨਾਲ ਮਾਹੌਲ ਖੁਸ਼ਨੁਮਾ ਕਰ ਦਿੱਤਾ। ਉਂਕਾਰ ਸਿੰਘ ਡੁਮੇਲੀ ਨੇ ਆਪਣੇ ਲਿਖੇ ਦਸ ਕੁ ਦੋਹੇ ਸੁਣਾਏ। ਮੋਹਨ ਸਿੰਘ ਭੰਵਰਾ ਨੇ ਇਕ ਕਵਿਤਾ ਪੜ੍ਹੀ, ਜਿਸ ਦਾ ਤੱਤਸਾਰ ਸੀ ਕਿ ਮਰਨਾ ਤਾਂ ਸਭ ਨੇ ਹੀ ਹੈ, ਪਰ ਸ਼ਹੀਦ ਭਗਤ ਸਿੰਘ ਦੀ ਮੌਤੇ ਮਰਨ ਦਾ ਨਸ਼ਾ ਹੀ ਹੋਰ ਹੈ; ਪਰ ਇਸ ਨਸ਼ੇ ਦੇ ਘੁੱਟ ਕਿਸੇ ਟਾਵੇਂ ਟਾਵੇਂ ਨੂੰ ਹੀ ਨਸੀਬ ਹੁੰਦੇ ਹਨ। ਸਤਨਾਮ ਸਿੰਘ ਨੇ ਤਰੰਨਮ ਵਿਚ ਰੁਮਾਂਸ ਭਰਿਆ ਇਕ ਗੀਤ ਗਾਇਆ। ਮਨਮੋਹਨ ਪੂਨੀ ਨੇ ਨਵੰਬਰ ਮਹੀਨੇ ਦੇ ਸ਼ਹੀਦਾਂ ਸਬੰਧੀ ਲੇਖ ਵਿਚੋਂ ਕੁਝ ਅੰਸ਼ ਪੜ੍ਹੇ, ਜਿਨ੍ਹਾਂ ਦੀ ਜੀਤ ਚੰਦਨ ਤੇ ਬਲਵਿੰਦਰ ਸਿੰਘ ਜੰਡਿਆਲਾ ਨੇ ਸ਼ਲਾਘਾ ਕਰਦਿਆਂ ਕਿਹਾ ਕਿ ਪੂਨੀ ਸਾਹਿਬ ਇਹ ਬਹੁਤ ਵਧੀਆ ਕੰਮ ਕਰ ਰਹੇ ਹਨ। ਬੈਠਕ ਦੀ ਮਹਿਮਾਨ ਨਿਵਾਜ਼ੀ ਜੀਤ ਚੰਦਨ ਨੇ ਕੀਤੀ। ਸਾਰਿਆਂ ਨੇ ਲਿਆਂਦੇ ਸਨੈਕਸ ਦਾ ਖੂਬ ਮਜ਼ਾ ਲਿਆ। ਇਹ ਬੈਠਕ ਕੋਈ ਸਾਢੇ ਚਾਰ ਵਜੇ ਤੱਕ ਚਲਦੀ ਰਹੀ।

ਪੰਜਾਬ ਟਾਈਮਜ਼

*ਸਨਿਚਰਵਾਰ, 17 ਅਕਤੂਬਰ 2020*

# ਸਿਆਸੀ ਪਿੜ ਅਤੇ ਚੋਣਾਂ ਦੇ ਰੰਗ-ਢੰਗ

ਕਰੋਨਾ ਦੀ ਮਾਰ ਦੇ ਬਾਵਜੂਦ ਅਮਰੀਕਾ ਵਿਚ ਰਾਸ਼ਟਰਪਤੀ ਲਈ ਚੋਣਾਂ ਦਾ ਪਿੜ ਹੁਣ ਪੂਰੀ ਤਰ੍ਹਾਂ ਭਖ ਗਿਆ ਹੈ। ਵੋਟਾਂ 3 ਨਵੰਬਰ ਨੂੰ ਪੈਣੀਆਂ ਹਨ। ਰਾਸ਼ਟਰਪਤੀ ਡੋਨਲਡ ਟਰੰਪ, ਜੋ ਰਿਪਬਲਿਕਨ ਪਾਰਟੀ ਦਾ ਐਤਕੀਂ ਫਿਰ ਉਮੀਦਵਾਰ ਹੈ, ਨੇ ਪਹਿਲਾਂ-ਪਹਿਲ ਕਰੋਨਾ ਦਾ ਸਭ ਤੋਂ ਵੱਧ ਮਜ਼ਾਕ ਬਣਾਇਆ ਅਤੇ ਆਪਣੀ ਸਿਆਸੀ ਪੈਂਠ ਬਣਾਉਣ ਲਈ ਇਸ ਨੂੰ ਚੀਨੀ ਵਾਇਰਸ ਤੱਕ ਗਰਦਾਨਿਆ, ਪਰ ਹੁਣ ਚੋਣਾਂ ਦੇ ਆਖਰੀ ਦਿਨਾਂ ਦੌਰਾਨ ਇਸੇ ਕਰੋਨਾ ਨੇ ਟਰੰਪ ਦੀ ਚੋਣ ਰਫਤਾਰ ਮੱਠੀ ਪਾ ਦਿੱਤੀ। ਹੁਣ ਭਾਵੇਂ ਉਹ ਇਕ ਵਾਰ ਫਿਰ ਮੈਦਾਨ ਵਿਚ ਆਣ ਨਿੱਤਰੇ ਹਨ, ਪਰ ਉਸ ਦਾ ਟੈਸਟ ਕੋਵਿਡ-19 ਪਾਜ਼ੇਟਿਵ ਆਉਣ ਕਾਰਨ ਉਸ ਦੀ ਮੁਹਿੰਮ 'ਤੇ ਅਸਰ ਜ਼ਰੂਰ ਪਿਆ ਹੈ। ਉਂਜ ਵੀ ਉਹ ਆਪਣੇ ਵਿਰੋਧੀ ਉਮੀਦਵਾਰ, ਡੈਮੋਕਰੈਟਿਕ ਪਾਰਟੀ ਦੇ ਜੋਅ ਬਾਇਡਨ ਤੋਂ ਕਾਫੀ ਪਿਛਾਂਹ ਚੱਲ ਰਹੇ ਹਨ। ਤਾਜ਼ਾ ਸਰਵੇਖਣਾਂ ਅਨੁਸਾਰ ਬਾਇਡਨ ਦਾ ਅੰਕੜਾ 50 ਤੋਂ ਉਪਰ ਹੈ। ਜਾਹਰ ਹੈ ਕਿ ਟਰੰਪ ਦਾ ਗਰਾਫ 50 ਤੋਂ ਘੱਟ ਚੱਲ ਰਿਹਾ ਹੈ। ਉਂਜ, ਇਕ ਤੱਥ ਇਹ ਵੀ ਗੌਲਣ ਵਾਲਾ ਹੈ ਕਿ ਪਿਛਲੀ ਵਾਰ ਟਰੰਪ ਨੂੰ ਪਾਪੂਲਰ ਵੋਟਾਂ ਆਪਣੇ ਵਿਰੋਧੀ ਉਮੀਦਵਾਰ ਤੋਂ ਕਾਫੀ ਘੱਟ ਮਿਲੀਆਂ ਸਨ, ਪਰ ਉਹ ਚੋਣ ਜਿੱਤ ਗਏ ਸਨ। ਇਸ ਲਈ ਵਿਸ਼ਲੇਸ਼ਣਕਾਰਾਂ ਦਾ ਆਖਣਾ ਹੈ ਕਿ ਚੋਣ ਸਰਵੇਖਣਾਂ ਵਿਚ ਭਾਵੇਂ ਬਾਇਡਨ ਅਗਾਂਹ ਚੱਲ ਰਹੇ ਹਨ, ਪਰ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਸ ਚੋਣ ਵਿਚ ਕੌਣ ਜਿੱਤੇਗਾ। ਇਹੀ ਗੱਲ ਦੂਜੇ ਢੰਗ ਨਾਲ ਕਹਿਣੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਟਰੰਪ ਦੀ ਜਿੱਤ 'ਤੇ ਸਵਾਲੀਆ ਨਿਸ਼ਾਨ ਲੱਗ ਚੁਕਾ ਹੈ। ਅਸਲ ਵਿਚ ਐਤਕੀਂ ਟਰੰਪ ਦੀ ਚੋਣ ਮੁਹਿੰਮ ਦਾ ਉਹ ਮੂੰਹ-ਮੱਥਾ ਨਹੀਂ ਬਣ ਸਕਿਆ, ਜਿਹੜਾ ਚਾਰ ਸਾਲ ਪਹਿਲਾਂ ਬਣ ਗਿਆ ਸੀ। ਉਸ ਵਕਤ ਤਾਂ ਹਰ ਨਵਾਂ ਦਿਨ ਟਰੰਪ ਦੀ ਚੜ੍ਹਾਈ ਨਾਲ ਹੀ ਨਿਕਲਦਾ ਜਾਪਦਾ ਸੀ। ਐਤਕੀਂ ਕਰੋਨਾ ਨੂੰ ਨਜਿੱਠਣ ਦੇ ਮਾਮਲੇ 'ਤੇ ਉਸ ਦੀ ਲੋਕਪ੍ਰਿਅਤਾ 'ਤੇ ਬਿਨਾ ਸ਼ੱਕ ਫਰਕ ਪਿਆ ਹੈ। ਆਉਣ ਵਾਲੇ ਦਿਨਾਂ ਵਿਚ ਇਹ ਚੋਣ ਮੁਹਿੰਮ ਕੀ ਕਰਵਟ ਬਦਲਦੀ ਹੈ, ਇਸ ਦਾ ਅਸਰ ਚੋਣ ਨਤੀਜਿਆਂ 'ਤੇ ਪੈਣਾ ਹੈ। ਇਨ੍ਹਾਂ ਚੋਣਾਂ ਵਿਚ ਪੂਰੇ ਸੰਸਾਰ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ।

ਇਸੇ ਤਰ੍ਹਾਂ ਹੀ ਬਿਹਾਰ ਚੋਣਾਂ 'ਤੇ ਨਜ਼ਰਾਂ ਸਾਰੇ ਭਾਰਤੀਆਂ ਦੀਆਂ ਲੱਗੀਆਂ ਹੋਈਆਂ ਹਨ। ਬਿਹਾਰ ਵਿਧਾਨ ਸਭਾ ਦੀਆਂ ਕੁੱਲ 243 ਸੀਟਾਂ ਲਈ ਚੋਣਾਂ ਤਿੰਨ ਗੇੜਾਂ (28 ਅਕਤੂਬਰ, 3 ਨਵੰਬਰ ਤੇ 7 ਨਵੰਬਰ) ਵਿਚ ਹੋ ਰਹੀਆਂ ਹਨ ਅਤੇ ਨਤੀਜਾ 10 ਨਵੰਬਰ ਨੂੰ ਐਲਾਨਿਆ ਜਾਣਾ ਹੈ। ਇਨ੍ਹਾਂ ਚੋਣ ਨਤੀਜਿਆਂ ਨੇ ਮੁਲਕ ਦੀ ਸਿਆਸਤ ਉਤੇ ਅਸਰ ਪਾਉਣਾ ਹੈ। ਅਗਲੇ ਸਾਲ ਦੇ ਮੱਧ ਤਕ ਚਾਰ ਹੋਰ ਅਹਿਮ ਸੂਬਿਆਂ-ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ ਤੇ ਅਸਾਮ ਵਿਚ ਵੀ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਆਰ. ਐਸ. ਐਸ. ਹੁਣ ਇਕ-ਇਕ ਕਰ ਕੇ ਆਪਣੇ ਭਾਈਵਾਲਾਂ ਤੋਂ ਖਹਿੜਾ ਛੁਡਾ ਰਹੀ ਹੈ। ਇਹ ਅਸਲ ਵਿਚ ਵੱਖ-ਵੱਖ ਸੂਬਿਆਂ ਵਿਚ ਆਪ ਵੱਡੀ ਪਾਰਟੀ ਵਜੋਂ ਸਥਾਪਤ ਹੋਣਾ ਚਾਹੁੰਦੀ ਹੈ। ਮਹਾਰਾਸ਼ਟਰ ਵਿਚ ਇਸ ਦਾ ਸ਼ਿਵ ਸੈਨਾ ਨਾਲ ਇਸੇ ਮਸਲੇ 'ਤੇ ਰੱਫੜ ਵਧਿਆ। ਇਹੀ ਖੇਡ ਹੁਣ ਇਹ ਬਿਹਾਰ ਵਿਚ ਵੀ ਖੇਡ ਰਹੀ ਹੈ। ਇਹ ਉਥੇ ਭਾਵੇਂ ਨਿਤੀਸ਼ ਕੁਮਾਰ ਦੀ ਪਾਰਟੀ ਜਨਤਾ ਦਲ (ਯੂ.) ਨਾਲ ਰਲ ਕੇ ਚੋਣਾਂ ਲੜ ਰਹੀ ਹੈ, ਪਰ ਚਾਹੁੰਦੀ ਇਹੀ ਹੈ ਕਿ ਕਿਸੇ ਨਾ ਕਿਸੇ ਢੰਗ ਨਾਲ ਨਿਤੀਸ਼ ਕੁਮਾਰ ਦੀ ਪਾਰਟੀ ਦੀ ਤਾਕਤ ਘਟਾ ਕੇ ਭਾਰਤੀ ਜਨਤਾ ਪਾਰਟੀ ਲਈ ਦਰਵਾਜ਼ੇ ਖੋਲ੍ਹੇ ਜਾਣ। ਕੇਂਦਰ ਵਿਚ ਸੱਤਾ ਉਤੇ ਕਾਬਜ਼ ਹੋਣ ਕਾਰਨ ਭਾਰਤੀ ਜਨਤਾ ਪਾਰਟੀ ਇਹ ਕੰਮ ਬੇਹੱਦ ਚੁਸਤੀ ਨਾਲ ਕਰ ਰਹੀ ਹੈ। ਬਿਹਾਰ ਦੀ ਹੀ ਇਕ ਹੋਰ ਧਿਰ ਲੋਕ ਜਨਸ਼ਕਤੀ ਪਾਰਟੀ ਨੂੰ ਨਿਤੀਸ਼ ਕੁਮਾਰ ਦੀ ਪਾਰਟੀ ਖਿਲਾਫ ਝੋਕ ਦਿੱਤਾ ਗਿਆ ਹੈ।

ਪੰਜਾਬ ਵਿਚ ਚੋਣਾਂ ਭਾਵੇਂ 2022 ਵਿਚ, ਭਾਵ ਡੇਢ ਸਾਲ ਨੂੰ ਹੋਣੀਆਂ ਹਨ, ਪਰ ਸੂਬੇ ਦਾ ਸਿਆਸੀ ਪਿੜ ਹੁਣ ਤੋਂ ਭਖ ਰਿਹਾ ਹੈ। ਅਸਲ ਵਿਚ ਜਦੋਂ ਤੋਂ ਨਵੇਂ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਸੰਘਰਸ਼ ਭਖਿਆ ਹੈ, ਹਰ ਸਿਆਸੀ ਪਾਰਟੀ ਦਾ ਇਹ ਜ਼ੋਰ ਲੱਗਿਆ ਹੋਇਆ ਹੈ ਕਿ ਇਹ ਇਸ ਸੰਘਰਸ਼ ਨੂੰ ਆਪਣੀ ਵੋਟਾਂ ਪੱਕੀਆਂ ਕਰਨ ਲਈ ਵਰਤ ਲਵੇ। ਇਸੇ ਨੁਕਤੇ ਨੂੰ ਆਧਾਰ ਬਣਾ ਕੇ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੀ ਪਾਰਟੀ ਦੀ ਹਾਈ ਕਮਾਨ ਤਰਕੀਬਾਂ ਘੜ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਤਾਂ ਕੇਂਦਰੀ ਵਜ਼ਾਰਤ ਵਿਚੋਂ ਅਸਤੀਫਾ ਅਤੇ ਫਿਰ ਐਨ. ਡੀ. ਏ. ਛੱਡਣ ਦਾ ਫੈਸਲਾ ਵੀ ਵੋਟਾਂ ਦੀ ਗਿਣਤੀ-ਮਿਣਤੀ ਵਿਚੋਂ ਹੀ ਕੀਤਾ ਹੈ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਇਸ ਕਿਸਾਨ ਘੋਲ ਤੋਂ ਲਾਹਾ ਲੈਣ ਲਈ ਦਿੱਲੀ ਦੇ ਮੁੱਖ ਮੰਤਰੀ ਅਤੇ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਦਿੱਲੀ ਵਿਖੇ ਸਰਗਰਮੀ ਕਰ ਰਹੀ ਹੈ। ਵੱਖਰੇ ਸਿੱਖ ਰਾਜ ਵਾਲੇ ਵੀ ਕਿਸਾਨ ਸੰਘਰਸ਼ ਨੂੰ ਆਪਣੇ ਹੱਕ ਵਿਚ ਕਰਨ ਲਈ ਜਾਂ ਘੱਟੋ-ਘੱਟ ਆਪਣੀ ਪਹੁੰਚ ਵੱਧ ਤੋਂ ਵੱਧ ਲੋਕਾਂ ਤਕ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ। ਇਸ ਮਾਮਲੇ 'ਤੇ ਸਭ ਤੋਂ ਦਿਲਚਸਪ ਅਤੇ ਵਿਚਾਰਨਯੋਗ ਮਸਲਾ ਭਾਰਤੀ ਜਨਤਾ ਪਾਰਟੀ ਦਾ ਹੈ। ਇਸ ਪਾਰਟੀ ਦੀ ਪੰਜਾਬ ਇਕਾਈ ਦਾ ਇਕ ਧੜਾ ਬੜੇ ਚਿਰਾਂ ਤੋਂ ਦਾਅਵਾ ਕਰ ਰਿਹਾ ਹੈ ਕਿ ਪਾਰਟੀ ਨੂੰ ਹੁਣ ਇਕੱਲਿਆਂ ਚੋਣ ਮੈਦਾਨ ਵਿਚ ਨਿੱਤਰਨਾ ਚਾਹੀਦਾ ਹੈ। ਹੁਣ ਇਸ ਦੇ ਆਗੂ ਐਲਾਨ ਵੀ ਕਰ ਰਹੇ ਹਨ ਕਿ ਅਗਲੀਆਂ ਚੋਣਾਂ ਇਕੱਲਿਆਂ ਹੀ ਲੜੀਆਂ ਜਾਣਗੀਆਂ, ਪਰ ਫਿਲਹਾਲ ਤਾਂ ਕਿਸਾਨ ਘੋਲ ਨੇ ਪਾਰਟੀ ਦੇ ਛੋਟੇ-ਵੱਡੇ, ਸਭ ਆਗੂ ਇਕ ਤਰ੍ਹਾਂ ਨਾਲ ਘਰਾਂ ਅੰਦਰ ਵਾੜ ਦਿੱਤੇ ਹਨ। ਲੋਕਾਂ ਨੂੰ ਪਿਛਲੀਆਂ ਚੋਣਾਂ ਤੋਂ ਪਹਿਲਾਂ ਵਾਲਾ ਮਾਹੌਲ ਅਜੇ ਭੁੱਲਿਆ ਨਹੀਂ ਹੋਵੇਗਾ, ਜਦੋਂ ਆਪਣੀ ਪਾਰਟੀ ਦਾ ਬਹੁਤਾ ਹੁੰਗਾਰਾ ਨਾ ਮਿਲਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਵਲੋਂ ਵੱਖਰੀ ਪਾਰਟੀ ਬਣਾ ਕੇ ਚੋਣਾਂ ਲੜਨ ਦੀਆਂ ਖਬਰਾਂ ਆਉਣ ਲੱਗ ਪਈਆਂ ਸਨ। ਹਾਲਾਤ ਸੂਹ ਦਿੰਦੇ ਹਨ ਕਿ ਭਾਰਤੀ ਜਨਤਾ ਪਾਰਟੀ ਦੀ ਅੱਖ ਅਜਿਹੀ ਟੁੱਟ-ਭੱਜ ਉਤੇ ਵੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਪੁੱਤ ਦਾ ਕਬਿੱਤ

ਪੰਚ ਪ੍ਰਧਾਨੀ ਦੇ ਸਿਧਾਂਤ ਵਾਲਾ ਭੋਗ ਪਾਇਆ, ਧੌਂਸ ਨਾਲ ਬਣੇ ਜੀਜੇ-ਸਾਲੇ ਦੇ ਜੜੁੱਤ ਨੇ।
ਸੂਬਾ ਹੋਰ, ਸ਼ਾਮੀ ਹੋਰ ਤੋਲਦੇ ਕੁਫਰ ਰਹਿੰਦੇ, ਲੋਕਾਂ ਨੂੰ ਸਮਝਦੇ ਆ ਜਿੱਦਾਂ ਖੋਰੇ ਬੁੱਤ ਨੇ।
ਪੀਲੀ ਵੇਲ ਵਾਂਗੂੰ ਛਾਏ ਹੋਏ ਨੇ ਦਹਾਕਿਆਂ ਤੋਂ, ਪੰਥ ਦੇ ਬਾਗਾਂ ਲਈ ਬਣੇ ਪੱਤਝੜ ਰੁੱਤ ਨੇ।
ਗੁੱਝੇ ਹੁਣ ਰਹਿਣ ਨਾ ਕਮੀਨੇ ਕਾਰੇ ਲੀਡਰਾਂ ਦੇ, ਮੀਡੀਏ ਦੇ 'ਨੇਤਰ' ਵੀ ਅਨੋਖੇ ਅਦਭੁੱਤ ਨੇ।
ਸਿੱਖ ਰਾਜ ਦੇ ਸੀ ਜਿਵੇਂ ਬੇੜੀਆਂ 'ਚ ਵੱਟੇ ਪਾਏ, ਧਿਆਨ ਸਿੰਘ ਡੋਗਰੇ ਤੇ ਉਹਦੇ ਪਾਪੀ ਪੁੱਤ ਨੇ।
ਲੱਗਦਾ ਫਰੇਬ ਹੋਣ ਵਾਲਾ ਫੇਰ ਸਿੱਖਾਂ ਨਾਲ, ਬਾਪ ਵਾਲਾ ਰਾਹ ਹੀ ਫੜ ਲਿਆ ਐ 'ਕਪੁੱਤ' ਨੇ!

# ਦਲਿਤ ਸਿੱਖ ਅਤੇ ਜਾਤਪਾਤ ਦੇ ਮਸਲੇ

12 ਅਕਤੂਬਰ 1920 ਨੂੰ ਦਲਿਤ ਤੇ ਅਛੂਤ ਸਿੱਖਾਂ ਨੇ ਖਾਲਸਾ ਬਿਰਾਦਰੀ ਦੇ ਸੰਗਠਨ ਤਹਿਤ ਵੱਡਾ ਇਕੱਠ ਕਰ ਕੇ ਇਕ ਜਥੇ ਦੇ ਰੂਪ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਜੱਲ੍ਹਿਆਂਵਾਲਾ ਬਾਗ ਤੋਂ ਦਰਬਾਰ ਸਾਹਿਬ ਤੱਕ ਮਾਰਚ ਕੀਤਾ ਜਿਸ ਨੂੰ ਖਾਲਸਾ ਕਾਲਜ ਦੇ ਕੁਝ ਸੁਧਾਰਵਾਦੀ ਪ੍ਰੋਫੈਸਰਾਂ ਦੀ ਹਮਾਇਤ ਹਾਸਲ ਸੀ। ਉਸ ਵੇਲੇ ਦਰਬਾਰ ਸਾਹਿਬ ਦੇ ਤਤਕਾਲੀ ਹੈਡ ਗ੍ਰੰਥੀ ਗੁਰਬਚਨ ਸਿੰਘ ਨੇ ਪ੍ਰਸ਼ਾਦ ਲੈਣ ਤੋਂ ਇਨਕਾਰ ਕਰ ਦਿੱਤਾ ਜਿਸ ਨਾਲ ਦਰਬਾਰ ਸਾਹਿਬ ਅੰਦਰ ਤਣਾਅ ਪੈਦਾ ਹੋ ਗਿਆ। ਇਕੱਠੇ ਹੋਏ ਸਾਰੇ ਲੋਕਾਂ ਨੇ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈਣ ਦਾ ਮਤਾ



ਰਾਜਕੁਮਾਰ ਹੰਸ
ਫੋਨ: +91-73833-52176

ਪਕਾਇਆ। ਜੋ ਵਾਕ ਨਿਕਲਿਆ ਉਹ ਗੁਰੂ ਅਮਰ ਦਾਸ ਜੀ ਦਾ ਬਹੁਤ ਹੀ ਭਾਵਪੂਰਤ ਸ਼ਬਦ ਹੈ:

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥੧॥
ਹਰਿ ਜੀਉ ਆਪੇ ਬਖਸਿ ਮਿਲਾਇ॥ ਸੋਰਠਿ ਮ: ੩

ਸ਼ਬਦ ਸੁਣ ਕੇ ਹਰ ਕਿਸੇ ਦੀਆਂ ਅੱਖਾਂ ਨਮ ਹੋ ਗਈਆਂ ਅਤੇ ਜਿਹੜਾ ਹੈਡ ਗ੍ਰੰਥੀ ਪਹਿਲਾਂ ਪ੍ਰਸ਼ਾਦ ਲੈਣ ਲਈ ਨਹੀਂ ਮੰਨ ਰਿਹਾ ਸੀ, ਉਸ ਨੇ ਅਰਦਾਸ ਵੀ ਕੀਤੀ ਅਤੇ ਫਿਰ ਕੜਾਹ ਪ੍ਰਸ਼ਾਦ ਸਵੀਕਾਰ ਕਰ ਕੇ ਸਭਨਾਂ ਨੂੰ ਵਰਤਾਇਆ। ਫਿਰ ਜਥਾ ਅਕਾਲ ਤਖਤ ਵਲ ਵਧਿਆ ਜਿੱਥੋਂ ਦਾ ਪ੍ਰਬੰਧਕ ਉਥੋਂ ਖਿਸਕ ਗਿਆ। ਤਖਤ ਨੂੰ ਸੁੰਨਾ ਨਹੀਂ ਛੱਡਿਆ ਜਾ ਸਕਦਾ ਸੀ, ਲਿਹਾਜ਼ਾ ਕਰਤਾਰ ਸਿੰਘ ਝੱਬਰ ਨੇ ਸੇਵਾ ਸੰਭਾਲ ਵਾਸਤੇ 25 ਬਹਾਦਰ ਸਿੰਘਾਂ ਦੀ ਮੰਗ ਕੀਤੀ ਪਰ ਸਿਰਫ 17 ਜਣੇ ਹੀ ਸਾਹਮਣੇ ਆਏ ਜਿਨ੍ਹਾਂ 'ਚੋਂ 10 ਦਲਿਤ ਮਜ਼ਹਬੀ ਤੇ ਰਵਿਦਾਸੀਏ ਸਿੰਘ ਸਨ। ਇਸ ਨਾਲ ਅਖੌਤੀ ਉਚ ਜਾਤੀ ਸਿੱਖਾਂ ਅੰਦਰ ਘਬਰਾਹਟ ਫੈਲ ਗਈ ਤੇ ਉਨ੍ਹਾਂ ਅਫਵਾਹ ਫੈਲਾਅ ਦਿੱਤੀ ਕਿ ਦਲਿਤਾਂ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲਿਆ ਹੈ। ਸਰਕਾਰ ਨੂੰ ਵੀ ਭਾਜੜ ਪੈ ਗਈ। ਅਗਲੇ ਦਿਨ ਡਿਪਟੀ ਕਮਿਸ਼ਨਰ ਨੇ ਸੰਕਟ ਦਾ ਹੱਲ ਕੱਢਣ ਲਈ ਸਰਬਰਾਹ, ਹੈਡ ਗ੍ਰੰਥੀਆਂ ਅਤੇ ਮਾਰਚਕਾਰੀ ਸਿੱਖਾਂ ਦੇ ਨੁਮਾਇੰਦਿਆਂ ਦੀ ਮੀਟਿੰਗ ਬੁਲਾ ਲਈ। ਗ੍ਰੰਥੀ ਤਾਂ ਆਏ ਹੀ ਨਹੀਂ ਜਿਸ ਨਾਲ ਆਖਰਕਾਰ ਥੋੜ੍ਹੇ ਸਮੇਂ 'ਚ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣੀ ਪਈ। ਇਸ ਕਦਮ ਨਾਲ ਮੁੱਖ ਗੁਰਦੁਆਰਿਆਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਗਈ।

ਇਹ ਦਲੇਰਾਨਾ ਕਾਰਵਾਈ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਦਲਿਤ ਸਿੱਖਾਂ 'ਤੇ ਆਇਦ ਕੀਤੀਆਂ ਜਾ ਰਹੀਆਂ ਪਾਬੰਦੀਆਂ ਖਿਲਾਫ ਵਿਦਰੋਹ ਸੀ। ਇਹ ਪਾਬੰਦੀਆਂ ਕੀ ਸਨ ਤੇ ਕਿਹੜੇ ਲੋਕਾਂ ਨੇ ਲਾਈਆਂ ਸਨ? ਆਮ ਤੌਰ 'ਤੇ ਸਾਰੇ ਗੁਰਦੁਆਰੇ ਖਾਸ ਕਰ ਦਰਬਾਰ ਸਾਹਿਬ ਪਿਛਲੇ ਤਿੰਨ ਸੌ ਸਾਲਾਂ ਤੋਂ ਹਰ ਧਰਮ ਤੇ ਜਾਤ ਦੇ ਲੋਕਾਂ ਲਈ ਖੁੱਲ੍ਹੇ ਸਨ। ਇਹ ਅਸਲ ਵਿਚ ਬ੍ਰਾਹਮਣਵਾਦੀ ਸੋਚ ਵਾਲੇ ਮਹੰਤਾਂ ਦਾ ਸ਼ਰਮਨਾਕ ਕਾਰਾ ਸੀ ਜਿਨ੍ਹਾਂ ਨੇ ਇਤਿਹਾਸਕ ਗੁਰਦੁਆਰਿਆਂ ਦੀ ਅਥਾਹ ਸੰਪਤੀ 'ਤੇ ਕਬਜ਼ਾ ਜਮਾ ਲਿਆ ਸੀ ਅਤੇ ਉਨ੍ਹਾਂ ਨੂੰ ਨਵੇਂ ਉਭਰੇ ਉਚ ਜਾਤੀ ਸਿੱਖ ਸਰਦਾਰਾਂ ਦੀ ਹਮਾਇਤ ਹਾਸਲ ਸੀ ਜਿਹੜੇ ਆਪਣੇ ਅੰਗਰੇਜ਼ ਹਾਕਮਾਂ ਨਾਲ ਰਲੇ ਹੋਏ ਸਨ। ਸਭ ਤੋਂ ਮਾੜੀ ਗੱਲ ਇਹ ਸੀ ਕਿ ਇਹ ਜਾਤੀ ਤਫਰਕੇ ਗੁਰੂ ਸਾਹਿਬਾਨ ਦੀ ਬਾਣੀ ਤੇ ਉਨ੍ਹਾਂ ਦੇ ਕਾਰ-ਵਿਹਾਰ ਤੋਂ ਬਿਲਕੁਲ ਉਲਟ ਸਨ। ਸਿੱਖੀ ਦਾ ਬ੍ਰਾਹਮਣੀਕਰਨ ਹੌਲੀ-ਹੌਲੀ ਕਾਫੀ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ ਸੀ ਜੋ ਰਣਜੀਤ ਸਿੰਘ ਦੇ ਰਾਜ ਦੌਰਾਨ ਪਕੇਰਾ ਹੋਣ ਲੱਗ ਪਿਆ ਅਤੇ ਅੰਗਰੇਜ਼ ਹਾਕਮਾਂ ਨੇ ਇਸ 'ਤੇ ਕਾਨੂੰਨੀ ਮੋਹਰ ਲਗਾ ਦਿੱਤੀ। ਸਿੰਘ ਸਭਾ ਲਹਿਰ ਨੇ ਸਥਿਤੀ ਵਿਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਤ੍ਰਾਸਦੀ ਇਹ ਰਹੀ ਕਿ ਇਸ ਲਹਿਰ ਦੇ ਮਹਾਨ ਆਗੂ ਗਿਆਨੀ ਦਿੱਤ ਸਿੰਘ ਜੋ ਅਜ਼ੀਮ ਵਿਦਵਾਨ, ਲੇਖਕ, ਵਕਤਾ, ਪੱਤਰਕਾਰ, ਸੰਪਾਦਕ, ਪ੍ਰੋਫੈਸਰ ਤੇ ਮਿਸ਼ਨਰੀ ਸੀ, ਨੂੰ ਵੀ ਇਹੀ ਤਿਰਸਕਾਰ ਹੰਢਾਉਣਾ ਪਿਆ, ਕਿਉਂਕਿ ਉਸ ਦਾ ਵੀ ਦਲਿਤ ਪਿਛੋਕੜ ਸੀ। ਪੜ੍ਹੇ ਲਿਖੇ ਸਿੱਖਾਂ ਅੰਦਰ ਨਵੀਂ ਚੇਤਨਾ ਦੀ ਚਿਣਗ ਜਗਣ ਨਾਲ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੇ ਹਵਾਲੇ ਕਰਨ ਵਾਸਤੇ



*ਸ੍ਰੀ ਹਰਿਮੰਦਰ ਸਾਹਿਬ ਦੀ 1880ਵਿਆਂ ਵਿਚ ਖਿੱਚੀ ਤਸਵੀਰ।*

ਅੰਗਰੇਜ਼ ਹਾਕਮਾਂ ਨੂੰ ਬਹੁਤ ਸਾਰੀਆਂ ਅਰਜੋਈਆਂ ਕੀਤੀਆਂ ਗਈਆਂ ਪਰ ਕਿਸੇ ਦਾ ਕੋਈ ਅਸਰ ਨਾ ਹੋਇਆ। ਇਹ ਬਹੁਤ ਹੀ ਅਫਸੋਸਨਾਕ ਗੱਲ ਹੈ ਕਿ ਜਾਤੀਵਾਦੀ ਸਿੱਖ ਵਿਦਵਾਨਾਂ ਨੇ ਇਸ ਘਟਨਾ ਨੂੰ ਸਿੱਖ ਇਤਿਹਾਸ ਦੀ ਧਾਰਾ ਬਦਲਣ ਵਾਲੀ ਮਹਾਨ ਘਟਨਾ ਵਜੋਂ ਕਦੇ ਵੀ ਤਸਲੀਮ ਨਹੀਂ ਕੀਤਾ।

ਅਸੀਂ ਇਹ ਕਿਵੇਂ ਭੁੱਲ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਵਰਣ ਤੇ ਜਾਤੀ ਵੰਡ ਖਿਲਾਫ ਸਭ ਤੋਂ ਮੁਖਰ ਮੁਹਿੰਮ ਵਿੱਢੀ ਸੀ। ਇਹ ਸੰਦੇਸ਼ ਜਾਰੀ ਰਿਹਾ ਅਤੇ ਅਗਲੇ ਗੁਰੂ ਸਾਹਿਬਾਨ ਨੇ ਇਸ ਨੂੰ ਹੋਰ ਪੁਖਤਾ ਕੀਤਾ। ਗੁਰੂ ਸਾਹਿਬਾਨ ਦੇ ਸਮਾਨਤਾਵਾਦੀ ਤੇ ਮੁਕਤੀਵਾਦੀ ਫਲਸਫੇ ਦਾ ਅਹਿਮ ਪਹਿਲੂ ਸਿੱਖਾਂ ਨੂੰ 'ਕਿਰਤ ਕਰੋ ਤੇ ਵੰਡ ਛਕੋ' ਦਾ ਹੁਕਮ ਦੇ ਕੇ ਕਿਰਤ ਨੂੰ ਦਿੱਤਾ ਉਤਮ ਦਰਜਾ ਸੀ ਜੋ ਬ੍ਰਾਹਮਣਵਾਦੀ ਧਾਰਨਾ ਵਿਚ ਸਭ ਤੋਂ ਨੀਵੀਂ ਗਿਣੀ ਜਾਂਦੀ ਸੀ ਤੇ ਸ਼ੂਦਰਾਂ ਤੇ ਅਛੂਤਾਂ ਦੇ ਹਿੱਸੇ ਆਉਂਦੀ ਸੀ। ਇਹ ਉਪਦੇਸ਼ ਤੇ ਇਸ ਦੇ ਨਾਲੋ-ਨਾਲ ਲੰਗਰ, ਸੰਗਤ ਤੇ ਪੰਗਤ ਦੀ ਪ੍ਰੰਪਰਾ ਸਾਰੀਆਂ ਨੀਵੀਆਂ ਸਮਝਦੀਆਂ ਜਾਂਦੀਆਂ ਜਾਤੀਆਂ- ਦਲਿਤਾਂ, ਕਾਰੀਗਰਾਂ ਤੇ ਕਿਸਾਨਾਂ ਲਈ ਸਮਾਜੀ ਤੌਰ 'ਤੇ ਬਹੁਤ ਮਾਇਨਖੇਜ਼ ਸੀ ਜਿਸ ਨਾਲ ਜਾਤੀ ਭੇਦਭਾਵ ਤੇ ਵਿਤਕਰਿਆਂ ਨੂੰ ਮਿਟਾਉਣ ਦੀ ਨਿੱਗਰ ਕੋਸ਼ਿਸ਼ ਕੀਤੀ ਗਈ ਸੀ। ਸਿੱਖ ਗੁਰੂ ਸਾਹਿਬਾਨ ਦਾ 'ਸਰਬੱਤ ਦਾ ਭਲਾ' ਦਾ ਉਪਦੇਸ਼ ਜੋ ਸਿੱਖਾਂ ਦੀ ਅਰਦਾਸ ਦਾ ਹਿੱਸਾ ਬਣ ਗਿਆ ਸੀ, ਵੀ ਗੁਰੂ ਸਾਹਿਬਾਨ ਦੇ ਸਰਬਸਾਂਝੇ ਫਲਸਫੇ ਦੇ ਦੀਦਾਰ ਕਰਾਉਂਦਾ ਹੈ ਜੋ ਜਾਤ, ਜਮਾਤ, ਰੰਗ ਜਾਂ ਧਰਮ ਦੇ ਤਫਰਕਿਆਂ ਨੂੰ ਪਾਰ ਕਰ ਜਾਂਦਾ ਹੈ।

ਅਸੀਂ ਕਿਵੇਂ ਭੁੱਲ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੀਆਂ ਵੀਹ ਸਾਲ ਲੰਮੀਆਂ ਉਦਾਸੀਆਂ ਤੇ ਉਮਰ ਭਰ ਦਾ ਸਾਥੀ ਰਿਹਾ ਭਾਈ ਮਰਦਾਨਾ ਵੀ ਇਕ ਅਖੌਤੀ ਨੀਵੀਂ ਜਾਤ ਦਾ ਮੁਸਲਮਾਨ ਸੀ। ਅਸੀਂ ਕਿਵੇਂ ਭੁੱਲ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਦੇ ਸੰਪਾਦਤ ਕੀਤੇ ਪਵਿੱਤਰ ਆਦਿ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਸੂਫੀ ਮੁਸਲਮਾਨ ਫਕੀਰਾਂ ਤੇ ਦਲਿਤ ਭਗਤਾਂ ਤੇ ਸੰਤਾਂ ਦੀ ਸਰਬਸਾਂਝੀ ਬਾਣੀ ਵੀ ਸ਼ਾਮਲ ਸੀ। ਅਸੀਂ ਦਲਿਤ ਯੋਧੇ ਭਾਈ ਜੈਤਾ ਦਾ ਦਲੇਰਾਨਾ ਕਾਰਜ ਕਿਵੇਂ ਭੁੱਲ ਸਕਦੇ ਹਾਂ ਜਿਨ੍ਹਾਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਕੀਰਤਪੁਰ ਲਿਆਂਦਾ ਸੀ। ਅਸੀਂ ਇਹ ਵੀ ਕਿਵੇਂ ਭੁੱਲ ਸਕਦੇ ਹਾਂ ਕਿ ਉਨ੍ਹਾਂ ਨੇ ਸਭਨਾਂ ਲਈ ਸਿੱਖਿਆ ਦੇ ਦਰ ਖੋਲ੍ਹਣ ਵਾਲੇ ਗੁਰੂ ਗੋਬਿੰਦ ਸਿੰਘ ਬਾਬਤ ਇਕ ਲੰਮੀ ਕਵਿਤਾ 'ਸ੍ਰੀ ਗੁਰ ਕਥਾ' ਵੀ ਲਿਖੀ ਸੀ। ਅਸੀਂ ਖਾਲਸਾ ਸਾਜਨਾ ਦੀ ਉਹ ਇਤਿਹਾਸਕ ਘੜੀ ਕਿਵੇਂ ਭੁੱਲ ਸਕਦੇ ਹਾਂ ਜਿਸ ਨੇ ਸਿੱਖਾਂ ਅੰਦਰ ਨਵੀਂ ਰੂਹ ਭਰੀ ਸੀ। ਪੰਜ ਪਿਆਰਿਆਂ 'ਚੋਂ ਇਕ ਨੂੰ ਛੱਡ ਕੇ ਬਾਕੀ ਚਾਰ ਅਖੌਤੀ ਨੀਵੀਆਂ ਕੰਮੀ ਜਾਤੀਆਂ 'ਚੋਂ ਆਏ ਸਨ। ਉਨ੍ਹਾਂ ਨੂੰ ਇਕੋ ਬਾਟੇ 'ਚੋਂ ਅੰਮ੍ਰਿਤਪਾਨ ਕਰਵਾ ਕੇ ਸਾਰੇ ਜਾਤੀ ਭੇਦਭਾਵ ਤੇ ਫਰਕ ਮਿਟਾ ਦਿੱਤੇ ਗਏ ਸਨ। ਗੁਰੂ ਸਾਹਿਬ ਨੇ ਪੰਜ ਪਿਆਰਿਆਂ ਹੱਥੋਂ ਉਸੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਤੇ ਚੇਲੇ ਵਿਚਕਾਰ ਫਰਕ ਵੀ ਮਿਟਾ ਦਿੱਤੇ ਸਨ। ਇਹ ਸਮਤਾਪੂਰਨ ਸਮਾਜਿਕ ਵਿਵਸਥਾ ਕਾਇਮ ਕਰਨ ਵਲ ਇਨਕਲਾਬੀ ਕਦਮ ਸੀ। ਇਸੇ ਭਾਵਨਾ ਨੂੰ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਦੁਨੀਆ ਵਿਚ ਪਹਿਲਾ ਲੋਕਰਾਜੀ ਇਨਕਲਾਬ ਸਿਰੇ ਚੜ੍ਹਿਆ ਸੀ। ਇਸੇ ਕਰ ਕੇ ਦਲਿਤਾਂ ਸਮੇਤ ਹਰ ਬਿਰਾਦਰੀ ਵਿਚੋਂ ਸਿਰਲੱਥ ਯੋਧੇ ਤੇ ਆਗੂ ਪੈਦਾ ਹੋਏ ਸਨ। ਸਿੱਖਾਂ ਦੇ ਕਤਲੇਆਮ ਤੋਂ 30 ਸਾਲਾਂ ਬਾਅਦ ਬਣੇ ਪੰਜ ਦਲਾਂ 'ਚੋਂ ਇਕ ਦਲ ਦਾ ਸਫਲ ਆਗੂ ਬੀਰ ਸਿੰਘ ਰੰਘਰੇਟਾ ਸੀ। ਸਿੱਖਾਂ ਨੇ ਸਿਰਫ ਪੰਥ ਲਈ ਹੀ ਜਾਨਾਂ ਨਹੀਂ ਵਾਰੀਆਂ ਸਗੋਂ ਅਬਦਾਲੀ ਦਾ ਵੀ ਟਾਕਰਾ ਕੀਤਾ ਸੀ। ਸਿਤਮਜ਼ਰੀਫੀ ਇਹ ਹੋਈ ਕਿ 1760ਵਿਆਂ ਦੇ ਸ਼ੁਰੂ ਵਿਚ ਮਿਸਲਾਂ ਦੇ ਗਠਨ ਵੇਲੇ ਕੁਝ ਜਾਤੀਵਾਦੀ ਮਿਸਲਦਾਰਾਂ ਨੇ ਬਹੁਤ ਸਾਰੇ ਦਲਿਤ ਯੋਧਿਆਂ ਨੂੰ ਦਰਬਾਰ ਸਾਹਿਬ ਕੰਪਲੈਕਸ ਅੰਦਰ ਧੋਖੇ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਬਹੁਤ ਸਾਰੇ ਇਤਿਹਾਸਕਾਰ ਅਤੇ ਵਿਦਵਾਨ ਇਹ ਚੰਗੀ ਤਰ੍ਹਾਂ ਸਮਝਦੇ ਹਨ ਕਿ ਸਿੱਖ ਸਿਧਾਂਤਾਂ ਤੇ ਕਰਮਾਂ ਵਿਚ ਨਿਘਾਰ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੌਰਾਨ ਆਇਆ ਸੀ। ਰਾਜਸੀ ਸੱਤਾ ਯਕੀਨਨ ਭ੍ਰਿਸ਼ਟਾਚਾਰ ਦਾ ਸਬੱਬ ਬਣਦੀ ਹੈ, ਜਿਵੇਂ ਇਕ ਚਿੰਤਕ ਨੇ ਕਿਹਾ ਸੀ: ਸੱਤਾ ਭ੍ਰਿਸ਼ਟ ਬਣਾਉਂਦੀ ਹੈ ਤੇ ਨਿਰੰਕੁਸ਼ ਸੱਤਾ ਭ੍ਰਿਸ਼ਟਾਚਾਰ ਦੇ ਹੱਦ ਬੰਨ੍ਹੇ ਤੋੜ ਦਿੰਦੀ ਹੈ; ਤਾਂ ਵੀ ਗੁਰੂ ਸਾਹਿਬਾਨ ਦਾ ਹੀ ਇਹ ਅਸਰ ਸੀ ਕਿ 1826 ਵਿਚ ਦਰਬਾਰ ਸਾਹਿਬ ਕੰਪਲੈਕਸ ਅੰਦਰ ਮਜ਼ਹਬੀਆਂ ਦਾ ਬੁੰਗਾ ਉਸਾਰ ਦਿੱਤਾ ਗਿਆ। ਗੁਰਦੁਆਰਾ ਦਰਬਾਰ ਸਾਹਿਬ ਤਰਨ ਤਾਰਨ ਵਿਚ ਵੀ ਇਕ ਅਜਿਹਾ ਹੀ ਬੁੰਗਾ ਉਸਾਰਿਆ ਗਿਆ। ਉਂਜ, ਬਾਅਦ ਵਿਚ ਜਦੋਂ ਸਿੱਖੀ ਪੂਰੀ ਤਰ੍ਹਾਂ ਜਾਤ-ਪਾਤ ਅਤੇ ਅਛੂਤਪੁਣੇ ਦੀ ਜਕੜ ਵਿਚ ਆ ਗਈ ਤਾਂ ਇਹ ਦੋਵੇਂ ਬੁੰਗੇ ਢਾਹ ਦਿੱਤੇ ਗਏ। ਦਲਿਤ ਸਿੱਖਾਂ ਨੂੰ ਇਹ ਸਮਝ ਨਹੀਂ ਪੈ ਰਹੀ ਸੀ ਕਿ ਆਖਰ ਪੰਥ ਵਿਚ ਇਹ ਵਿਗਾੜ ਕਿਉਂ ਆ ਰਹੇ ਸਨ। ਜਦੋਂ ਸਿੰਘ ਸਭਾ ਲਹਿਰ ਉਭਰਨ ਲੱਗੀ ਤਾਂ ਇਸ ਸਵਾਲ 'ਤੇ ਵੀ ਨਵੀਂ ਸੋਚ ਵਿਕਸਤ ਹੋਣੀ ਸ਼ੁਰੂ ਹੋਈ ਅਤੇ ਦਲਿਤ ਸਿੱਖਾਂ ਨੇ ਆਪਣੇ 'ਤੇ ਕੁਲੀਨ ਸਿੱਖਾਂ ਵਲੋਂ ਲਾਈਆਂ ਪਾਬੰਦੀਆਂ ਨੂੰ ਵੰਗਾਰਨਾ ਸ਼ੁਰੂ ਕਰ ਦਿੱਤਾ। ਖਾਲਸਾ ਬਿਰਾਦਰੀ ਇਕ ਮੋਹਰੀ ਜਥੇਬੰਦੀ ਹੋ ਨਿੱਬੜੀ ਜਿਸ ਦੀ ਅਗਵਾਈ ਹੇਠ 12 ਅਕਤੂਬਰ 1920 ਨੂੰ ਹੋਏ ਮਾਰਚ ਨਾਲ ਬ੍ਰਾਹਮਣਵਾਦੀ ਸਿੱਖ ਲੀਡਰਸ਼ਿਪ ਦੇ ਥੜ੍ਹੇ ਦੀਆਂ ਚੂਲਾਂ ਹਿੱਲ ਗਈਆਂ ਸਨ।

ਇਸ ਮਹਾਨ ਘਟਨਾ ਦੀ ਯਾਦਾਸ਼ਤ ਗੁਰੂਆਂ ਨੂੰ ਪ੍ਰਣਾਈ ਸਿੱਖੀ ਲਈ ਅੱਜ ਕਿੰਨਾ ਮਹੱਤਵ ਰੱਖਦੀ ਹੈ? ਕੀ ਪਿਛਲੇ ਸੌ ਸਾਲਾਂ ਦੌਰਾਨ ਸਿੱਖੀ ਦੇ ਵਡੇਰੇ ਹਿੱਸੇ ਜਾਤੀਵਾਦ ਤੋਂ ਮੁਕਤ ਹੋ ਸਕੇ ਹਨ? ਸਿੱਖ ਧਰਮ ਦੇ ਉਘੇ ਵਿਦਵਾਨ ਮੈਕਸ ਆਰਥਰ ਮੈਕਾਲਿਫ ਨੇ 19ਵੀਂ ਸਦੀ ਦੇ ਅੰਤ 'ਤੇ ਬੜੀ ਤਿੱਖੀ ਟਿੱਪਣੀ ਕੀਤੀ ਸੀ ਕਿ ਬ੍ਰਾਹਮਣਵਾਦ ਅਜਿਹਾ ਅਜਗਰ ਹੈ ਜਿਸ ਨੇ ਪਹਿਲਾਂ ਬੁੱਧ ਧਰਮ ਨੂੰ ਨਿਗਲਿਆ ਸੀ ਅਤੇ ਹੁਣ ਇਹ ਖਤਰਾ ਸਿੱਖੀ ਦੇ ਸਿਰ 'ਤੇ ਮੰਡਰਾਅ ਰਿਹਾ ਹੈ। ਜੇ ਸਿੱਖੀ ਨੇ ਆਪਣੀ ਹੋਂਦ ਬਰਕਰਾਰ ਰੱਖਣੀ ਹੈ ਤਾਂ ਇਸ ਨੂੰ ਜਾਤੀਵਾਦੀ ਊਲ-ਜਲੂਲ ਅਤੇ ਧਾਰਮਿਕ ਆਡੰਬਰ ਤਜਣਾ ਪਵੇਗਾ ਜਿਨ੍ਹਾਂ ਦਾ ਗੁਰੂ ਸਾਹਿਬਾਨ ਨੇ ਸਾਫ ਤੇ ਜ਼ੋਰਦਾਰ ਲਫਜ਼ਾਂ ਵਿਚ ਖੰਡਨ ਕੀਤਾ ਸੀ ਅਤੇ ਸਿੱਖਾਂ ਵਿਚਾਲੇ ਬਰਾਬਰੀ ਦਾ ਸੰਚਾਰ ਕੀਤਾ ਸੀ।

# ਸਟੇਨ ਸਵਾਮੀ ਦੀ ਗ੍ਰਿਫਤਾਰੀ ਅਤੇ ਫਾਸ਼ੀਵਾਦੀ ਮਨਸੂਬੇ

**ਬੂਟਾ ਸਿੰਘ**
ਫੋਨ: +91-94634-74342





ਸਟੇਨ ਸਵਾਮੀ (ਖੱਬੇ) ਅਤੇ ਉਸ ਦੀ ਗ੍ਰਿਫਤਾਰੀ ਖਿਲਾਫ ਰਾਂਚੀ (ਝਾਰਖੰਡ) ਵਿਚ ਰੋਸ ਪ੍ਰਗਟ ਕਰ ਰਹੇ ਲੋਕ।

8 ਅਕਤੂਬਰ ਦੀ ਰਾਤ ਨੂੰ ਮੁੰਬਈ ਤੋਂ ਐਨ.ਆਈ.ਏ. (ਕੌਮੀ ਜਾਂਚ ਏਜੰਸੀ) ਦੀ ਟੀਮ ਨੇ ਸਟੇਨ ਸਵਾਮੀ ਨੂੰ ਉਸ ਦੀ ਰਾਂਚੀ ਵਿਚਲੀ ਰਿਹਾਇਸ਼ ਤੋਂ ਗ੍ਰਿਫਤਾਰ ਕਰ ਲਿਆ ਅਤੇ ਅਦਾਲਤ ਵਿਚ ਪੇਸ਼ ਕਰਨ ਦੀ ਖਾਨਾਪੂਰਤੀ ਕਰ ਕੇ ਮੁੰਬਈ ਦੀ ਤਲੋਜਾ ਜੇਲ੍ਹ ਵਿਚ ਡੱਕ ਦਿੱਤਾ। 83 ਸਾਲ ਦਾ ਇਹ ਈਸਾਈ ਮਿਸ਼ਨਰੀ ਪਾਰਕਿਨਸਨ ਰੋਗ ਤੋਂ ਪੀੜਤ ਹੈ। ਐਨੀ ਕਮਜ਼ੋਰ ਸਿਹਤ ਵਾਲੇ ਅਮਨਪਸੰਦ ਇਨਸਾਨ ਤੋਂ ਵੀ ਭਾਰਤ ਨੂੰ 'ਵਿਸ਼ਵ ਗੁਰੂ' ਬਣਾਉਣ ਦੇ ਦਾਅਵੇਦਾਰ ਭਗਵੇਂ ਹੁਕਮਰਾਨ ਭੈਭੀਤ ਹਨ।

ਆਪਣੀ ਹਯਾਤੀ ਦੇ 50 ਵਰ੍ਹੇ ਆਦਿਵਾਸੀ ਲੋਕਾਂ ਦੀ ਭਲਾਈ ਦੇ ਲੇਖੇ ਲਾਉਣ ਵਾਲਾ ਇਹ ਉਘਾ ਮਨੁੱਖੀ ਅਧਿਕਾਰ ਕਾਰਕੁਨ ਭੀਮਾ-ਕੋਰੇਗਾਓਂ ਦੇ ਕਥਿਤ ਸਾਜ਼ਿਸ਼ ਕੇਸ ਵਿਚ ਆਰ.ਐਸ.ਐਸ.-ਭਾਜਪਾ ਸਰਕਾਰ ਦੇ ਨਿਸ਼ਾਨੇ 'ਤੇ ਸੀ। ਇਸ ਕੇਸ ਵਿਚ ਇਹ 16ਵੀਂ ਗ੍ਰਿਫਤਾਰੀ ਹੈ। ਪ੍ਰੋ. ਵਰਾਵਰਾ ਰਾਓ, ਗੌਤਮ ਨਵਲੱਖਾ, ਪ੍ਰੋ. ਸ਼ੋਮਾ ਸੇਨ, ਡਾ. ਆਨੰਦ ਤੇਲਤੁੰਬੜੇ, ਐਡਵੋਕੇਟ ਸੁਧਾ ਭਾਰਦਵਾਜ, ਐਡਵੋਕੇਟ ਸੁਰਿੰਦਰ ਗੈਡਲਿੰਗ, ਪ੍ਰੋ. ਵਰਨੋਨ ਗੋਂਜ਼ਾਲਵੇਜ਼, ਅਰੁਣ ਫਰੇਰਾ, ਪ੍ਰੋ. ਹੈਨੀ ਬਾਬੂ ਸਮੇਤ ਡੇਢ ਦਰਜਨ ਉਘੇ ਬੁੱਧੀਜੀਵੀ ਅਤੇ ਕਾਰਕੁਨ ਪਹਿਲਾਂ ਹੀ ਇਸ ਕੇਸ ਵਿਚ ਜੇਲ੍ਹਾਂ ਵਿਚ ਹਨ ਅਤੇ ਉਨ੍ਹਾਂ ਨੂੰ ਗੰਭੀਰ ਜਾਨਲੇਵਾ ਬਿਮਾਰੀਆਂ ਹੋਣ ਦੇ ਬਾਵਜੂਦ ਇਲਾਜ ਲਈ ਜਾਂ ਪਰਿਵਾਰ ਵਿਚ ਕੋਈ ਮੌਤ ਹੋਣ 'ਤੇ ਜ਼ਮਾਨਤ/ਪੈਰੋਲ ਦੀ ਆਰਜ਼ੀ ਰਾਹਤ ਵੀ ਨਹੀਂ ਦਿੱਤੀ ਜਾ ਰਹੀ।

28 ਅਗਸਤ 2018 ਨੂੰ ਵਰਾਵਰਾ ਰਾਓ, ਸੁਧਾ ਭਾਰਦਵਾਜ, ਗੌਤਮ ਨਵਲੱਖਾ ਸਮੇਤ ਉਘੇ ਬੁੱਧੀਜੀਵੀਆਂ ਤੇ ਜਮਹੂਰੀ ਕਾਰਕੁਨਾਂ ਦੇ ਘਰਾਂ ਵਿਚ ਪੂਣੇ ਪੁਲਿਸ ਵਲੋਂ ਇਕੋ ਸਮੇਂ ਛਾਪੇ ਮਾਰੇ ਗਏ, ਲੇਕਿਨ ਇਨ੍ਹਾਂ ਛਾਪਿਆਂ ਵਿਰੁਧ ਪੂਰੇ ਮੁਲਕ ਵਿਚ ਜ਼ੋਰਦਾਰ ਆਵਾਜ਼ ਉਠਣ ਅਤੇ ਅਦਾਲਤੀ ਦਖਲ ਕਾਰਨ ਪੂਣੇ ਪੁਲਿਸ ਨੇ ਜਿਨ੍ਹਾਂ ਸ਼ਖਸੀਅਤਾਂ ਨੂੰ ਘਰਾਂ ਵਿਚ ਨਜ਼ਰਬੰਦ ਰੱਖਿਆ, ਉਨ੍ਹਾਂ ਵਿਚ ਸਟੇਨ ਸਵਾਮੀ ਵੀ ਸਨ। ਉਦੋਂ ਸਟੇਨ ਸਵਾਮੀ ਨੂੰ ਗ੍ਰਿਫਤਾਰ ਤਾਂ ਨਹੀਂ ਕੀਤਾ ਗਿਆ ਲੇਕਿਨ ਇਹ ਖਦਸ਼ਾ ਸੀ ਕਿ ਆਖਿਰਕਾਰ ਪੁਲਿਸ ਅਤੇ ਜਾਂਚ ਏਜੰਸੀਆਂ ਆਪਣੇ ਸੰਘੀ ਬੌਸਾਂ ਦੇ ਇਸ਼ਾਰੇ 'ਤੇ ਸਟੇਨ ਸਵਾਮੀ ਨੂੰ ਵੀ ਜੇਲ੍ਹ ਵਿਚ ਡੱਕ ਕੇ ਹੀ ਦਮ ਲੈਣਗੀਆਂ। ਆਦਿਵਾਸੀ ਲੋਕਾਂ ਦੇ ਹੱਕਾਂ ਲਈ ਅਤੇ ਹਿੰਦੂਤਵ ਦਹਿਸ਼ਤਵਾਦ ਸਮੇਤ ਸਰਕਾਰੀ ਜ਼ੁਲਮਾਂ ਵਿਰੁਧ ਬੁਲੰਦ ਆਵਾਜ਼ ਉਠਾਉਣ ਕਾਰਨ ਉਹ ਕੇਂਦਰ ਵਿਚ ਸੱਤਾਧਾਰੀ ਆਰ.ਐਸ.ਐਸ.-ਭਾਜਪਾ ਸਮੇਤ ਤਮਾਮ ਹਾਕਮ ਜਮਾਤੀ ਪਾਰਟੀਆਂ ਅਤੇ ਝਾਰਖੰਡ ਪੁਲਿਸ ਦੀ ਅੱਖ ਦਾ ਰੋੜ ਬਣ ਚੁੱਕੇ ਸਨ। ਝਾਰਖੰਡ ਵਿਚ ਭਾਜਪਾ ਦੀ ਸਰਕਾਰ ਵਲੋਂ ਸਵਾਮੀ ਅਤੇ ਉਸ ਦੇ ਸਾਥੀਆਂ ਉਪਰ ਰਾਜਧ੍ਰੋਹ ਦਾ ਕੇਸ ਵੀ ਦਰਜ ਕਰਵਾਇਆ ਲੇਕਿਨ ਜਦ ਹੇਮੰਤ ਸੋਰੇਨ ਦੀ ਅਗਵਾਈ ਹੇਠ ਝਾਰਖੰਡ ਮੁਕਤੀ ਮੋਰਚਾ ਦੀ ਸਰਕਾਰ ਬਣੀ ਤਾਂ ਉਸ ਨੇ ਇਹ ਫਰਜ਼ੀ ਕੇਸ ਵਾਪਸ ਲੈ ਲਿਆ। ਮੁੱਖ ਮੰਤਰੀ ਹੇਮੰਤ ਸੋਰੇਨ ਨੇ ਸਟੇਨ ਸਵਾਮੀ ਦੀ ਹਾਲੀਆ ਗ੍ਰਿਫਤਾਰੀ ਦੀ ਵੀ ਆਲੋਚਨਾ ਕੀਤੀ ਹੈ।

ਇਹ ਤੱਥ ਗੌਰ ਕਰਨ ਵਾਲਾ ਹੈ ਕਿ ਗ੍ਰਿਫਤਾਰ ਕੀਤੇ ਇਕ ਵੀ ਬੁੱਧੀਜੀਵੀ ਜਾਂ ਕਾਰਕੁਨ ਵਿਰੁਧ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ ਗਿਆ, ਇਸ ਦੇ ਬਾਵਜੂਦ ਗ੍ਰਿਫਤਾਰੀਆਂ ਅਤੇ ਜੇਲ੍ਹਬੰਦੀ ਦਾ ਸਿਲਸਿਲਾ ਜਾਰੀ ਹੈ। ਅਸਲ ਵਿਚ ਸੱਤਾਧਾਰੀ ਆਰ.ਐਸ.ਐਸ.-ਭਾਜਪਾ ਦਾ ਇਕੋ-ਇਕ ਮਕਸਦ ਲੋਕ ਹਿਤਾਂ ਲਈ ਆਵਾਜ਼ ਉਠਾਉਣ ਵਾਲੇ ਲੋਕ-ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁਨਾਂ ਦੀ ਜ਼ੁਬਾਨਬੰਦੀ ਕਰਨਾ ਹੈ। ਸੱਤਾ ਦੇ ਇਸ਼ਾਰੇ 'ਤੇ ਬੇਕਿਰਕ ਕਾਲਾ ਕਾਨੂੰਨ ਯੂ.ਏ.ਪੀ.ਏ. ਅਤੇ ਰਾਜਧ੍ਰੋਹ ਅਤੇ ਰਾਜ ਵਿਰੁਧ ਜੰਗ ਛੇੜਨ ਦੀਆਂ ਬਸਤੀਵਾਦੀ ਕਾਨੂੰਨੀ ਧਾਰਾਵਾਂ ਲਗਾ ਕੇ ਮਾਮਲਾ ਦਰਜ ਕੀਤਾ ਗਿਆ ਹੈ। ਇਨ੍ਹਾਂ ਕਾਨੂੰਨਾਂ ਤਹਿਤ ਪੁਲਿਸ ਜਾਂ ਜਾਂਚ ਏਜੰਸੀ ਨੇ ਸੱਤਾਧਾਰੀ ਧਿਰ ਦੇ ਇਸ਼ਾਰੇ 'ਤੇ ਨਾਪਸੰਦ ਵਿਅਕਤੀ ਉਪਰ ਸਿਰਫ ਇਲਜ਼ਾਮ ਲਗਾਉਣਾ ਹੁੰਦਾ ਹੈ। ਉਹ ਇਨ੍ਹਾਂ ਇਲਜ਼ਾਮਾਂ ਦੇ ਸਬੂਤ ਪੇਸ਼ ਕਰਨ ਲਈ ਕਿਸੇ ਕਾਨੂੰਨ ਦੀ ਪਾਬੰਦ ਨਹੀਂ ਅਤੇ ਨਾ ਹੀ ਫਰਜ਼ੀ ਮਾਮਲੇ ਦਰਜ ਕਰਨ ਲਈ ਕਿਸੇ ਸੰਸਥਾ ਅੱਗੇ ਉਹ ਜਵਾਬਦੇਹ ਹਨ। ਖੁਦ ਨੂੰ ਬੇਕਸੂਰ ਸਾਬਤ ਕਰਨਾ ਸਿਰਫ ਅਤੇ ਸਿਰਫ ਮੁਲਜ਼ਿਮ ਦੀ ਜ਼ਿੰਮੇਵਾਰੀ ਹੈ। ਯੂ.ਏ.ਪੀ.ਏ. ਤਹਿਤ ਨਾਮਜ਼ਦ ਵਿਅਕਤੀ ਨੂੰ ਅਣਮਿੱਥੇ ਸਮੇਂ ਲਈ ਬਿਨਾ ਮੁਕੱਦਮਾ ਚਲਾਏ ਜੇਲ੍ਹ ਵਿਚ ਸਾੜਿਆ ਜਾ ਸਕਦਾ ਹੈ, ਕਿਉਂਕਿ ਜ਼ਮਾਨਤ ਵੀ ਹੁਕਮਰਾਨਾਂ ਅਤੇ ਉਨ੍ਹਾਂ ਦੀ ਏਜੰਸੀ ਦੀ ਮਨਜ਼ੂਰੀ ਨਾਲ ਹੀ ਸੰਭਵ ਹੈ। ਇਨ੍ਹਾਂ ਕਾਨੂੰਨਾਂ ਤਹਿਤ ਅਮੁੱਕ ਜਾਂਚ ਅਤੇ ਬਿਨਾ ਜ਼ਮਾਨਤ ਲੰਮਾ ਸਮਾਂ ਚੱਲਣ ਵਾਲਾ ਮੁਕੱਦਮਾ ਖੁਦ ਹੀ ਸਜ਼ਾ ਹੈ।

ਅਗਸਤ 2018 ਦੇ ਛਾਪਿਆਂ ਤੋਂ ਲੈ ਕੇ ਹੁਣ ਤਕ ਦੀ ਕਥਿਤ 'ਜਾਂਚ' ਨਾਲ ਇਹ ਗੱਲ ਵਾਰ-ਵਾਰ ਸਾਬਤ ਹੋ ਚੁੱਕੀ ਹੈ ਕਿ ਇਨ੍ਹਾਂ ਗ੍ਰਿਫਤਾਰੀਆਂ ਅਤੇ ਜਾਂਚ ਦਾ ਭੀਮਾ-ਕੋਰੇਗਾਓਂ ਦੇ ਹਿੰਸਾ ਦੇ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਨ੍ਹਾਂ ਕਾਰਕੁਨਾਂ ਵਲੋਂ ਸੱਤਾ ਦੀਆਂ ਮਨਮਾਨੀਆਂ ਦੇ ਖਿਲਾਫ ਅਤੇ ਭਾਰਤ ਦੇ ਦੱਬੇ-ਕੁਚਲੇ ਅਤੇ ਲੁੱਟੇ-ਪੁੱਟੇ ਲੋਕਾਂ ਦੇ ਹੱਕ 'ਚ ਆਵਾਜ਼ ਉਠਾਉਣਾ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਡੱਟ ਕੇ ਖੜ੍ਹਨਾ ਹੀ ਉਨ੍ਹਾਂ ਦਾ ਅਸਲ 'ਜੁਰਮ' ਹੈ। ਲਾਕਾਨੂੰਨੀਆਂ ਅਤੇ ਮਨਮਾਨੀਆਂ ਜ਼ਰੀਏ ਸਮਾਜੀ ਨਿਆਂ ਦੀ ਹਰ ਆਵਾਜ਼ ਦਾ ਨਾਮੋ-ਨਿਸ਼ਾਨ ਮਿਟਾਉਣ ਦੇ ਏਜੰਡੇ ਵਾਲੇ ਭਗਵੇਂ ਗੈਂਗ ਦੀਆਂ ਨਜ਼ਰਾਂ ਵਿਚ ਸਮਾਜੀ ਨਿਆਂ ਬਾਰੇ ਸੋਚਣਾ ਅਤੇ ਦੱਬੇ-ਕੁਚਲਿਆਂ ਦੇ ਹਿਤਾਂ ਤੇ ਹੱਕਾਂ ਦੀ ਗੱਲ ਕਰਨਾ ਹੀ ਬੇਹੱਦ ਖਤਰਨਾਕ ਲਾਕਾਨੂੰਨੀ ਅਤੇ 'ਦੇਸ਼ਧ੍ਰੋਹ' ਹੈ। ਆਰ.ਐਸ.ਐਸ.-ਭਾਜਪਾ ਦੀ ਸ਼ਾਖਾ ਵਜੋਂ ਕੰਮ ਕਰਦੀ ਐਨ.ਆਈ.ਏ. ਵਲੋਂ ਹਾਲ ਹੀ ਵਿਚ ਪੇਸ਼ ਕੀਤੀ ਗਈ ਸਪਲੀਮੈਂਟਰੀ ਚਾਰਜਸ਼ੀਟ ਵਿਚ ਭਗਵੇਂ ਬ੍ਰਿਗੇਡ ਦਾ ਲੋਕ-ਬੁੱਧੀਜੀਵੀਆਂ ਅਤੇ ਹੋਰ ਇਨਸਾਫਪਸੰਦਾਂ ਦੀ ਜ਼ੁਬਾਨਬੰਦੀ ਦਾ ਮਨਸੂਬਾ ਸਾਫ ਦਿਖਾਈ ਦਿੰਦਾ ਹੈ। ਇਸ ਤੋਂ ਪਹਿਲਾਂ ਨਵੰਬਰ 2018 'ਚ ਚਾਰਜਸ਼ੀਟ ਅਤੇ ਫਰਵਰੀ 2019 'ਚ ਪਹਿਲੀ ਸਪਲੀਮੈਂਟਰੀ ਚਾਰਜਸ਼ੀਟ ਪੇਸ਼ ਕੀਤੀ ਜਾ ਚੁੱਕੀ ਹੈ। ਜਿਨ੍ਹਾਂ ਸ਼ਖਸੀਅਤਾਂ ਨੂੰ ਇਸ ਕੇਸ ਨਾਲ ਜੋੜ ਕੇ ਜੇਲ੍ਹ ਵਿਚ ਡੱਕਣਾ ਹੁੰਦਾ ਹੈ, ਉਨ੍ਹਾਂ ਦੇ ਵੇਰਵੇ ਜੋੜ ਕੇ ਪੁਲਿਸ ਅਤੇ ਜਾਂਚ ਏਜੰਸੀ ਵਲੋਂ ਕਹਾਣੀ ਵਿਚ ਨਵਾਂ ਹਿੱਸਾ ਜੋੜ ਦਿੱਤਾ ਜਾਂਦਾ ਹੈ ਅਤੇ ਨਵੀਂ ਸਪਲੀਮੈਂਟਰੀ ਚਾਰਜਸ਼ੀਟ ਪੇਸ਼ ਕਰ ਦਿੱਤੀ ਜਾਂਦੀ ਹੈ।

10000 ਪੰਨਿਆਂ ਦੀ ਇਸ ਸਪਲੀਮੈਂਟਰੀ ਚਾਰਜਸ਼ੀਟ ਵਿਚ ਡਾ. ਆਨੰਦ ਤੇਲਤੁੰਬੜੇ, ਗੌਤਮ ਨਵਲੱਖਾ, ਸਟੇਨ ਸਵਾਮੀ, ਪ੍ਰੋ. ਹੈਨੀ ਬਾਬੂ ਅਤੇ ਕਬੀਰ ਕਲਾ ਮੰਚ ਦੇ ਤਿੰਨ ਕਲਾਕਾਰਾਂ ਨੂੰ ਨਾਮਜ਼ਦ ਕਰਦੇ ਹੋਏ ਲੰਮੀ-ਚੌੜੀ ਫਰਜ਼ੀ ਕਹਾਣੀ ਪੇਸ਼ ਕੀਤੀ ਗਈ ਹੈ। ਇਸ ਨੂੰ ਵਾਜਬੀਅਤ ਮੁਹੱਈਆ ਕਰਨ ਲਈ ਇਸ ਵਿਚ ਇਕ ਗੁਪਤਵਾਸ ਮਾਓਵਾਦੀ ਆਗੂ ਮਿਲਿੰਦ ਤੇਲਤੁੰਬੜੇ ਦਾ ਨਾਮ ਜੋੜਿਆ ਗਿਆ ਹੈ ਜੋ ਡਾ. ਆਨੰਦ ਤੇਲਤੁੰਬੜੇ ਦਾ ਛੋਟਾ ਭਾਈ ਹੈ। ਐਨ.ਆਈ.ਏ. ਨੇ ਕਹਾਣੀ ਇਹ ਘੜੀ ਹੈ ਕਿ ਇਹ ਮੁਲਜ਼ਮਾਂ ਨੇ 'ਦਹਿਸ਼ਤਗਰਦ ਜਥੇਬੰਦੀ ਸੀ.ਪੀ.ਆਈ. (ਮਾਓਵਾਦੀ) ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ' ਅਤੇ 'ਕਾਨੂੰਨ ਵਲੋਂ ਸਥਾਪਿਤ ਸਰਕਾਰ ਪ੍ਰਤੀ ਨਫਰਤ ਅਤੇ ਬਦਜ਼ਨੀ ਫੈਲਾਉਣ' ਅਤੇ 'ਵੱਖ-ਵੱਖ ਸਮੂਹ ਦਰਮਿਆਨ ਧਰਮ, ਜਾਤ ਅਤੇ ਫਿਰਕੇ ਦੇ ਅਧਾਰ 'ਤੇ ਦੁਸ਼ਮਣੀ ਭੜਕਾਉਣ' ਦੀ ਸਾਜ਼ਿਸ਼ ਰਚੀ। ਏਜੰਸੀ ਨੇ ਹਾਸੋ-ਹੀਣਾ ਦਾਅਵਾ ਕੀਤਾ ਹੈ ਕਿ ਜਾਂਚ ਦੌਰਾਨ ਹਥਿਆਰਾਂ ਅਤੇ ਗੋਲਾ-ਬਾਰੂਦ ਦੀ ਸਪਲਾਈ ਦੇ ਬਹੁਤ ਹੀ ਸਿਲਸਿਲੇਵਾਰ ਮਾਓਵਾਦੀ ਤਾਣੇ-ਬਾਣੇ ਦਾ ਖੁਲਾਸਾ ਹੋਇਆ ਹੈ। ਇਸ ਤਾਣੇ-ਬਾਣੇ ਦਾ ਭਾਰਤ ਦੇ ਅੰਦਰ ਅਤੇ ਭਾਰਤ ਤੋਂ ਬਾਹਰ ਮਾਓਵਾਦੀ ਕਾਡਰਾਂ ਅਤੇ ਹੋਰ ਪਾਬੰਦੀਸ਼ੁਦਾ ਜਥੇਬੰਦੀਆਂ ਨਾਲ 'ਡੂੰਘਾ ਰਿਸ਼ਤਾ' ਹੈ। ਬਤੌਰ ਸਬੂਤ ਏਜੰਸੀ ਨੇ ਦਾਅਵਾ ਕੀਤਾ ਹੈ ਕਿ ਗ੍ਰਿਫਤਾਰ ਬੁੱਧੀਜੀਵੀਆਂ ਦੇ ਕੰਪਿਊਟਰਾਂ 'ਚੋਂ ਐਸੀ ਸਮੱਗਰੀ ਮਿਲੀ ਹੈ ਜੋ ਮਾਓਵਾਦੀ ਸਾਜ਼ਿਸ਼ ਦਾ ਸਬੂਤ ਹੈ। ਇਹ ਬੁੱਧੀਜੀਵੀ ਅਤੇ ਕਾਰਕੁਨ ਕਈ ਕਈ ਸਾਲ ਜੇਲ੍ਹਾਂ ਵਿਚ ਸੜ ਕੇ ਇਹ ਸਾਬਤ ਕਰਦੇ ਰਹਿਣਗੇ ਕਿ ਇਹ ਸਮੱਗਰੀ ਉਨ੍ਹਾਂ ਦੇ ਕੰਪਿਊਟਰਾਂ ਵਿਚੋਂ ਬਰਾਮਦ ਨਹੀਂ ਹੋਈ ਸੀ ਅਤੇ ਇਹ ਪੂਣੇ ਪੁਲਿਸ ਅਤੇ ਐਨ.ਆਈ.ਏ. ਵਲੋਂ ਉਨ੍ਹਾਂ ਨੂੰ ਫਸਾਉਣ ਲਈ ਪਲਾਂਟ ਕੀਤੀ ਗਈ ਸੀ। ਜਦਕਿ ਇਹ ਸਥਾਪਿਤ ਤੱਥ ਹੈ ਕਿ ਪਿਛਲੇ ਸਮੇਂ 'ਚ ਗ੍ਰਹਿ ਮੰਤਰਾਲੇ ਵਲੋਂ ਇਜ਼ਰਾਈਲੀ ਸਾਫਟਵੇਅਰ ਪੈਗਾਸਿਸ ਜ਼ਰੀਏ ਮੁਲਕ ਦੇ ਬਹੁਤ ਸਾਰੇ ਮਨੁੱਖੀ ਹੱਕਾਂ ਦੇ ਘੁਲਾਟੀਆਂ ਅਤੇ ਕਾਰਕੁਨਾਂ ਦੇ ਕੰਪਿਊਟਰਾਂ ਨੂੰ ਹੈਕ ਕੀਤਾ ਗਿਆ। ਇਸ ਸਾਫਟਵੇਅਰ ਨੂੰ ਕਾਨੂੰਨੀ ਤੌਰ 'ਤੇ ਅਤੇ ਬਹੁਤ ਵੱਡੇ ਬਜਟ ਦੇ ਲਿਹਾਜ਼ ਨਾਲ ਸਿਰਫ ਅਤੇ ਸਿਰਫ ਸਰਕਾਰੀ ਏਜੰਸੀਆਂ ਹੀ ਖਰੀਦ ਸਕਦੀਆਂ ਹਨ। ਇਹ ਖੁਲਾਸਾ ਸੱਤਾ ਨੂੰ ਨਾਪਸੰਦ ਕਿਸੇ ਵੀ ਵਿਅਕਤੀ ਦੇ ਕੰਪਿਊਟਰ ਜਾਂ ਸਮਾਰਟ ਡਿਵਾਈਸ ਵਿਚ ਮਨਮਰਜ਼ੀ ਦੀ ਛੇੜ-ਛਾੜ ਕਰਨ ਅਤੇ ਉਸ ਨੂੰ ਕਿਸੇ ਝੂਠੇ ਕੇਸ ਵਿਚ ਫਸਾਉਣ ਲਈ ਫਰਜ਼ੀ ਸਮੱਗਰੀ ਪਲਾਂਟ ਕਰਨ ਦੀ ਸਰਕਾਰੀ ਏਜੰਸੀਆਂ ਦੀ ਬੇਪਨਾਹ ਤਾਕਤ ਦਾ ਮੂੰਹ ਬੋਲਦਾ ਸਬੂਤ ਹੈ। ਇਸ ਤੱਥ ਨਾਲ ਜੋੜ ਕੇ ਦੇਖਿਆਂ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਵਿਚ ਫਸਾਈਆਂ ਉਘੀਆਂ ਸ਼ਖਸੀਅਤਾਂ ਵਿਰੁਧ ਪੇਸ਼ ਕੀਤੀਆਂ ਜਾ ਰਹੀਆਂ ਦਹਿ-ਹਜ਼ਾਰਾਂ ਪੰਨਿਆਂ ਦੀਆਂ ਚਾਰਜਸ਼ੀਟਾਂ ਅਤੇ ਇਨ੍ਹਾਂ ਵਿਚ ਲਾਏ ਜਾ ਰਹੇ ਇਲਜ਼ਾਮਾਂ ਦੇ ਕੱਚ-ਸੱਚ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ।

ਈਸਾਈ ਮਿਸ਼ਨਰੀ ਸਟੇਨ ਸਵਾਮੀ ਉਪਰ ਇਲਜ਼ਾਮ ਲਗਾਇਆ ਗਿਆ ਹੈ ਕਿ ਕਿ ਉਸ ਕੋਲੋਂ ਬਰਾਮਦ ਹੋਈ ਪ੍ਰਚਾਰ ਸਮੱਗਰੀ ਅਤੇ ਸਾਹਿਤ ਤੋਂ ਇਹ ਸਾਬਤ ਹੁੰਦਾ ਹੈ ਕਿ ਉਹ ਮਾਓਵਾਦੀ ਕਾਡਰ ਹੈ। ਉਹ 'ਜ਼ੁਲਮ ਦੇ ਸਤਾਏ ਕੈਦੀਆਂ ਨਾਲ ਇਕਮੁੱਠਤਾ ਕਮੇਟੀ' ਦਾ ਕਨਵੀਨਰ ਹੈ ਜੋ ਕਿ ਸੀ.ਪੀ.ਆਈ. (ਮਾਓਵਾਦੀ) ਦੀ ਫਰੰਟ ਜਥੇਬੰਦੀ ਹੈ। ਡਾ. ਆਨੰਦ ਤੇਲਤੁੰਬੜੇ ਉਪਰ ਇਲਜ਼ਾਮ ਹੈ ਕਿ ਉਹ ਭੀਮਾ-ਕੋਰੇਗਾਓਂ 'ਸ਼ੌਰਯਾ ਦਿਨ ਪ੍ਰੇਰਨਾ ਅਭਿਆਨ' ਦਾ ਕਨਵੀਨਰ ਸੀ ਅਤੇ ਉਸ ਨੇ ਮਾਓਵਾਦੀ ਕਾਡਰਾਂ ਨਾਲ ਮਿਲ ਕੇ ਐਲਗਾਰ ਪ੍ਰੀਸ਼ਦ ਜਥੇਬੰਦ ਕਰਨ 'ਚ ਭੂਮਿਕਾ ਨਿਭਾਈ ਅਤੇ ਆਪਣੀਆਂ ਸਰਗਰਮੀਆਂ ਲਈ ਉਨ੍ਹਾਂ ਤੋਂ ਫੰਡ ਹਾਸਲ ਕੀਤੇ। ਕਿ ਹਾਸਲ ਹੋਏ ਜੁਰਮ ਦੇ ਸਬੂਤ ਦਸਤਾਵੇਜ਼ਾਂ ਤੋਂ ਉਸ ਦੀ ਸੀ.ਪੀ.ਆਈ. (ਮਾਓਵਾਦੀ) ਦੀਆਂ ਕਰਵਾਈਆਂ ਵਿਚ ਡੂੰਘੀ ਸ਼ਮੂਲੀਅਤ ਦਾ ਖੁਲਾਸਾ ਹੋਇਆ ਹੈ।

ਜਮਹੂਰੀ ਹੱਕਾਂ ਦੇ ਘੁਲਾਟੀਏ ਤੇ ਇਕਨਾਮਿਕ ਐਂਡ ਪੁਲੀਟੀਕਲ ਵੀਕਲੀ ਦੇ ਸਾਬਕਾ ਸਲਾਹਕਾਰ ਸੰਪਾਦਕ ਗੌਤਮ ਨਵਲੱਖਾ ਉਪਰ ਏਜੰਸੀ ਦਾ ਇਲਜ਼ਾਮ ਹੈ ਕਿ ਉਸ ਨੂੰ ਬੁੱਧੀਜੀਵੀਆਂ ਨੂੰ ਸਰਕਾਰ ਵਿਰੁਧ ਇਕਜੁੱਟ ਕਰਨ ਅਤੇ ਸੀ.ਪੀ.ਆਈ. (ਮਾਓਵਾਦੀ) ਦੀਆਂ ਗੁਰੀਲਾ ਸਰਗਰਮੀਆਂ ਲਈ ਰੰਗਰੂਟ ਭਰਤੀ ਕਰਨ ਦਾ ਕੰਮ ਸੌਂਪਿਆ ਗਿਆ ਸੀ; ਉਹਦੇ ਪਾਕਿਸਤਾਨੀ ਖੁਫੀਆ ਏਜੰਸੀ ਨਾਲ ਸੰਪਰਕ ਸਨ ਅਤੇ ਉਹ ਅਮਰੀਕਾ ਦੌਰੇ ਸਮੇਂ ਉਹ ਪਾਕਿਸਤਾਨੀ ਏਜੰਸੀ ਦੇ ਏਜੰਟਾਂ ਨੂੰ ਮਿਲਦਾ ਰਿਹਾ।

ਪ੍ਰੋ. ਹੈਨੀ ਬਾਬੂ ਉਪਰ ਵਿਦੇਸ਼ੀ ਪੱਤਰਕਾਰਾਂ ਦੀਆਂ ਮਾਓਵਾਦੀਆਂ ਇਲਾਕਿਆਂ ਵਿਚ ਫੇਰੀਆਂ ਦਾ ਇੰਤਜ਼ਾਮ ਕਰਨ ਅਤੇ ਪ੍ਰੋ. ਜੀ.ਐਨ. ਸਾਈਬਾਬਾ ਦੀ ਰਿਹਾਈ ਲਈ ਯਤਨ ਕਰਨ ਅਤੇ ਫੰਡ ਇਕੱਠੇ ਕਰਨ ਅਤੇ ਪਾਬੰਦੀਸ਼ੁਦਾ ਦਹਿਸ਼ਤਗਰਦ ਜਥੇਬੰਦੀਆਂ ਨਾਲ ਸੰਪਰਕ ਰੱਖਣ ਦਾ ਇਲਜ਼ਾਮ ਹੈ। ਇਸੇ ਤਰ੍ਹਾਂ ਦਲਿਤ ਬਸਤੀਆਂ ਵਿਚ ਗੀਤਾਂ ਅਤੇ ਹੋਰ ਕਲਾ ਜੁਗਤਾਂ ਰਾਹੀਂ ਜਾਗਣ ਦਾ ਹੋਕਾ ਦੇਣ ਵਾਲੀ ਸਭਿਆਚਾਰਕ ਮੰਡਲੀ, ਕਬੀਰ ਕਲਾ ਮੰਚ ਨੂੰ ਸੀ.ਪੀ.ਆਈ. (ਮਾਓਵਾਦੀ) ਦੀ ਫਰੰਟ ਜਥੇਬੰਦੀ ਦੱਸਿਆ ਗਿਆ ਹੈ। ਇਸ ਤਫਸੀਲ ਤੋਂ ਸਮਝਿਆ ਜਾ ਸਕਦਾ ਹੈ ਕਿ ਲੋਕ-ਬੁੱਧੀਜੀਵੀ ਪ੍ਰੋ. ਸਾਈਬਾਬਾ ਦੇ ਕੇਸ ਦੀ ਕਾਨੂੰਨੀ ਪੈਰਵਾਈ ਦੇ ਯਤਨਾਂ ਨੂੰ ਵੀ ਗੈਰਕਾਨੂੰਨੀ ਕਾਰਵਾਈਆਂ ਦੀ ਸੂਚੀ ਵਿਚ ਰੱਖਿਆ ਗਿਆ ਹੈ ਜੋ ਕਿਸੇ ਮੁਲਜ਼ਿਮ ਦੀ ਕਾਨੂੰਨੀ ਡਿਫੈਂਸ ਉਸ ਦਾ ਸੰਵਿਧਾਨਕ ਹੱਕ ਹੈ ਅਤੇ ਜਦ ਤੱਕ ਅਦਾਲਤ ਬਾਕਾਇਦਾ ਮੁਕੱਦਮਾ ਚਲਾ ਕੇ ਠੋਸ ਸਬੂਤਾਂ ਦੇ ਆਧਾਰ 'ਤੇ ਦੋਸ਼ੀ ਕਰਾਰ ਨਹੀਂ ਦਿੰਦੀ, ਉਦੋਂ ਤੱਕ ਹਰ ਮੁਲਜ਼ਿਮ ਨਿਆਂ ਸ਼ਾਸਤਰ ਅਨੁਸਾਰ ਬੇਕਸੂਰ ਹੈ।

ਸਟੇਨ ਸਵਾਮੀ ਜੋ ਜ਼ਿਹਨੀ ਤੌਰ 'ਤੇ ਗ੍ਰਿਫਤਾਰੀ ਲਈ ਤਿਆਰ ਸਨ, ਨੇ ਗ੍ਰਿਫਤਾਰੀ ਤੋਂ ਪਹਿਲਾਂ ਆਪਣੇ ਜਨਤਕ ਬਿਆਨ ਵਿਚ ਕਥਿਤ ਜਾਂਚ ਦੀ ਇਸ ਸਾਜ਼ਿਸ਼ ਦਾ ਬਾਖੂਬੀ ਪਰਦਾਫਾਸ਼ ਕੀਤਾ ਹੈ: "ਐਨ.ਆਈ.ਏ. ਨੇ ਪੰਜ ਦਿਨਾਂ 'ਚ (27-30 ਜੁਲਾਈ ਅਤੇ 6 ਅਗਸਤ) ਕੁਲ 15 ਘੰਟੇ ਪੁੱਛਗਿੱਛ ਕੀਤੀ। ਮੇਰੇ ਅੱਗੇ ਉਨ੍ਹਾਂ ਨੇ ਮੇਰਾ ਬਾਇਓਡੇਟਾ ਅਤੇ ਕੁਝ ਤੱਥਾਤਮਕ ਜਾਣਕਾਰੀ ਤੋਂ ਇਲਾਵਾ ਬਹੁਤ ਸਾਰੇ ਦਸਤਾਵੇਜ਼ ਅਤੇ ਜਾਣਕਾਰੀ ਰੱਖੀ ਜੋ ਮੇਰੇ ਕੰਪਿਊਟਰ ਤੋਂ ਮਿਲੀ ਦੱਸੀ ਗਈ ਹੈ ਅਤੇ ਮਾਓਵਾਦੀਆਂ ਨਾਲ ਮੇਰੇ ਲਿੰਕ ਦਾ ਖੁਲਾਸਾ ਕਰਦੀ ਹੈ। ਮੈਂ ਉਨ੍ਹਾਂ ਨੂੰ ਸਾਫ ਕਿਹਾ ਕਿ ਇਹ ਛਲਾਵਾ ਹੈ ਅਤੇ ਐਸੇ ਦਸਤਾਵੇਜ਼ ਅਤੇ ਜਾਣਕਾਰੀ ਚੋਰੀ-ਚੋਰੀ ਮੇਰੇ ਕੰਪਿਊਟਰ ਵਿਚ ਪਾਈ ਗਈ ਹੈ ਅਤੇ ਇਸ ਨੂੰ ਮੈਂ ਖਾਰਿਜ ਕਰਦਾ ਹਾਂ।"

ਉਹ ਅੱਗੇ ਕਹਿੰਦੇ ਹਨ: "ਐਨ.ਆਈ.ਏ. ਦੀ ਮੌਜੂਦਾ ਛਾਣ-ਬੀਣ ਦਾ ਭੀਮਾ-ਕੋਰੇਗਾਓਂ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਜਦਕਿ ਇਸੇ ਮਾਮਲੇ ਦਾ 'ਸ਼ੱਕੀ ਮੁਲਜ਼ਿਮ' ਕਰਾਰ ਦੇ ਕੇ ਮੇਰੀ ਰਿਹਾਇਸ਼ ਉਪਰ ਦੋ ਵਾਰ ਛਾਪਾ ਮਾਰਿਆ ਗਿਆ ਸੀ (28 ਅਗਸਤ 2018 ਅਤੇ 12 ਜੂਨ 2019), ਲੇਕਿਨ ਛਾਣ-ਬੀਣ ਦਾ ਮੂਲ ਉਦੇਸ਼ ਇਹ ਗੱਲਾਂ ਸਥਾਪਤ ਕਰਨਾ ਹੈ: 1) ਮੈਂ ਵਿਅਕਤੀਗਤ ਤੌਰ 'ਤੇ ਮਾਓਵਾਦੀ ਜਥੇਬੰਦੀਆਂ ਨਾਲ ਜੁੜਿਆ ਹੋਇਆ ਹਾਂ ਅਤੇ 2) ਮੇਰੇ ਜ਼ਰੀਏ ਬਗਈਚਾ (ਬਗਈਚਾ ਈਸਾਈਆਂ ਵਲੋਂ ਚਲਾਇਆ ਜਾ ਰਿਹਾ ਸਮਾਜੀ ਕੇਂਦਰ ਜਿਸ ਦੇ ਇਕ ਕਮਰੇ ਵਿਚ ਸਵਾਮੀ ਦੀ ਰਿਹਾਇਸ਼ ਹੈ) ਵੀ ਮਾਓਵਾਦੀਆਂ ਨਾਲ ਜੁੜਿਆ ਹੋਇਆ ਹੈ। ਮੈਂ ਸਪਸ਼ਟ ਤੌਰ 'ਤੇ ਇਨ੍ਹਾਂ ਦੋਨਾਂ ਇਲਜ਼ਾਮਾਂ ਨੂੰ ਰੱਦ ਕੀਤਾ।

ਛੇ ਹਫਤੇ ਦੀ ਖਾਮੋਸ਼ੀ ਤੋਂ ਬਾਅਦ ਐਨ.ਆਈ.ਏ. ਨੇ ਮੈਨੂੰ ਆਪਣੇ ਮੁੰਬਈ ਦਫਤਰ ਵਿਚ ਹਾਜ਼ਰ ਹੋਣ ਲਈ ਕਿਹਾ ਹੈ। ਮੈਂ ਉਨ੍ਹਾਂ ਨੂੰ ਸੂਚਿਤ ਕੀਤਾ ਹੈ: 1) ਮੇਰੀ ਸਮਝ ਤੋਂ ਬਾਹਰ ਹੈ ਕਿ 15 ਘੰਟੇ ਪੁੱਛਗਿੱਛ ਤੋਂ ਬਾਅਦ ਵੀ ਮੇਰੇ ਕੋਲੋਂ ਹੋਰ ਪੁੱਛਗਿੱਛ ਕਰਨ ਦੀ ਕੀ ਜ਼ਰੂਰਤ ਹੈ, 2) ਮੇਰੀ ਉਮਰ (83 ਸਾਲ) ਅਤੇ ਮੁਲਕ ਵਿਚ ਕਰੋਨਾ ਮਹਾਮਾਰੀ ਨੂੰ ਦੇਖਦੇ ਹੋਏ ਮੇਰੇ ਲਈ ਐਨਾ ਲੰਮਾ ਸਫਰ ਕਰਨਾ ਸੰਭਵ ਨਹੀਂ ਹੈ। ਝਾਰਖੰਡ ਸਰਕਾਰ ਦੇ ਕਰੋਨਾ ਸਬੰਧੀ ਨੋਟੀਫੀਕੇਸ਼ਨ ਅਨੁਸਾਰ 60 ਸਾਲ ਤੋਂ ਵਧੇਰੇ ਉਮਰ ਦੇ ਬਜ਼ੁਰਗ ਵਿਅਕਤੀਆਂ ਨੂੰ ਲਾਕਡਾਊਨ ਦੌਰਾਨ ਬਾਹਰ ਨਹੀਂ ਨਿਕਲਣਾ ਚਾਹੀਦਾ, ਅਤੇ 3) ਜੇ ਐਨ.ਆਈ.ਏ. ਮੇਰੇ ਤੋਂ ਹੋਰ ਪੁੱਛਗਿੱਛ ਕਰਨਾ ਚਾਹੁੰਦੀ ਹੈ ਤਾਂ ਉਹ ਵੀਡੀਓ ਕਾਨਫਰੰਸ ਜ਼ਰੀਏ ਹੋ ਸਕਦੀ ਹੈ।

ਜੇਕਰ ਐਨ.ਆਈ.ਏ. ਮੇਰੀ ਗੁਜ਼ਾਰਿਸ਼ ਨੂੰ ਮੰਨਣ ਤੋਂ ਇਨਕਾਰ ਕਰੇ ਅਤੇ ਮੈਨੂੰ ਮੁੰਬਈ ਜਾਣ ਲਈ ਜ਼ੋਰ ਦੇਵੇ ਤਾਂ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਕਤ ਕਾਰਨਾਂ ਕਰ ਕੇ ਮੇਰੇ ਲਈ ਜਾਣਾ ਸੰਭਵ ਨਹੀਂ ਹੈ। ਉਮੀਦ ਹੈ ਕਿ ਉਹ ਮਨੁੱਖੀ ਅਕਲ ਤੋਂ ਕੰਮ ਲੈਣਗੇ। ਜੇ ਨਹੀਂ ਲੈਂਦੇ ਤਾਂ ਮੈਨੂੰ ਅਤੇ ਸਾਨੂੰ ਸਾਰਿਆਂ ਨੂੰ ਇਸ ਦਾ ਨਤੀਜਾ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ।"

ਸਵਾਮੀ ਸਪਸ਼ਟ ਕਹਿੰਦੇ ਹਨ, "ਮੈਂ ਸਿਰਫ ਏਨਾ ਕਹਾਂਗਾ ਕਿ ਅੱਜ ਜੋ ਮੇਰੇ ਨਾਲ ਹੋ ਰਿਹਾ ਹੈ, ਇਹੀ ਕੁਝ ਬਹੁਤ ਸਾਰੇ ਲੋਕਾਂ ਨਾਲ ਹੋ ਰਿਹਾ ਹੈ। ਸਮਾਜੀ ਕਾਰਕੁਨ, ਵਕੀਲ, ਲੇਖਕ, ਪੱਤਰਕਾਰ, ਵਿਦਿਆਰਥੀ ਆਗੂ, ਕਵੀ, ਬੁੱਧੀਜੀਵੀ ਅਤੇ ਹੋਰ ਬਹੁਤ ਸਾਰੇ ਜੋ ਆਦਿਵਾਸੀਆਂ, ਦਲਿਤਾਂ ਅਤੇ ਹੋਰ ਵਾਂਝੇ ਲੋਕਾਂ ਦੇ ਹੱਕਾਂ ਲਈ ਆਵਾਜ਼ ਉਠਾਉਂਦੇ ਹਨ ਅਤੇ ਮੁਲਕ ਦੀਆਂ ਮੌਜੂਦਾ ਸੱਤਾਧਾਰੀ ਤਾਕਤਾਂ ਦੀ ਵਿਚਾਰਧਾਰਾ ਅਸਹਿਮਤੀ ਜ਼ਾਹਰ ਕਰਦੇ ਹਨ, ਉਨ੍ਹਾਂ ਨੂੰ ਸਤਾਇਆ ਜਾ ਰਿਹਾ ਹੈ। ਏਨੇ ਸਾਲਾਂ ਦੌਰਾਨ ਜੋ ਸੰਘਰਸ਼ ਵਿਚ ਮੇਰੇ ਨਾਲ ਖੜ੍ਹੇ ਰਹੇ ਹਨ, ਮੈਂ ਉਨ੍ਹਾਂ ਦਾ ਰਿਣੀ ਹਾਂ।"

ਯਾਦ ਰਹੇ ਕਿ ਨਾਜਾਇਜ਼ ਜੇਲ੍ਹਬੰਦੀ ਦਾ ਇਹ ਜਾਬਰ ਸਿਲਸਿਲਾ ਵਕਤੀ ਹੈ। ਇਹ ਨਿਆਂਪਸੰਦਾਂ ਨੂੰ ਦਹਿਸ਼ਤਜ਼ਦਾ ਕਰ ਕੇ ਖਾਮੋਸ਼ ਕਰਨ ਦੇ ਆਪਣੇ ਘਿਨਾਉਣੇ ਮਨਸ਼ਿਆਂ ਵਿਚ ਹਮੇਸ਼ਾ ਲਈ ਕਾਮਯਾਬ ਨਹੀਂ ਹੋਵੇਗਾ, ਜਿਵੇਂ ਸੀ.ਏ.ਏ.-ਐਨ.ਆਰ.ਸੀ.-ਐਨ.ਪੀ.ਆਰ. ਵਿਰੁਧ ਅਵਾਮੀ ਉਭਾਰ, ਹਾਲੀਆ ਖੇਤੀ ਬਿੱਲਾਂ ਵਿਰੁਧ ਲੋਕ ਉਭਾਰ ਅਤੇ ਇਸ ਵਿਚ ਬੁੱਧੀਜੀਵੀਆਂ ਅਤੇ ਹੋਰ ਇਨਸਾਫਪਸੰਦ ਜਮਹੂਰੀ ਹਿੱਸਿਆਂ ਵਲੋਂ ਨਿਭਾਈ ਬੇਧੜਕ ਭੂਮਿਕਾ ਦਰਸਾਉਂਦੀ ਹੈ। ਜਿਉਂ-ਜਿਉਂ ਭਗਵੇਂ ਰਾਜ ਦਾ ਫਾਸ਼ੀਵਾਦੀ ਏਜੰਡਾ ਦਿਨੋ-ਦਿਨ ਵਧੇਰੇ ਬੇਕਿਰਕ ਹੋ ਰਿਹਾ ਹੈ, ਇਸ ਵਿਰੁਧ ਅਵਾਮੀ ਵਿਰੋਧ ਵੀ ਤਿੱਖਾ ਅਤੇ ਵਿਸ਼ਾਲ ਹੋ ਰਿਹਾ ਹੈ। ਹਰ ਜਾਬਰ ਦੇ ਸਿਰ ਨੂੰ ਆਪਣੀ ਅਜਿੱਤ ਤਾਕਤ ਦਾ ਗਰੂਰ ਚੜ੍ਹਿਆ ਹੁੰਦਾ ਹੈ ਲੇਕਿਨ ਉਹ ਆਪਣੀ ਕਬਰ ਆਪ ਹੀ ਖੋਦ ਰਿਹਾ ਹੁੰਦਾ ਹੈ। ਓੜਕ ਭਗਵੇਂ ਦਹਿਸ਼ਤਵਾਦੀ ਰਾਜ ਦਾ ਹਸ਼ਰ ਵੀ ਹਿਟਲਰ, ਮੁਸੋਲਿਨੀ ਦੀਆਂ ਖੁੱਲ੍ਹੀਆਂ ਦਹਿਸ਼ਤਗਰਦ ਤਾਨਾਸ਼ਾਹੀਆਂ ਵਾਲਾ ਹੀ ਹੋਵੇਗਾ; ਲੇਕਿਨ ਸਾਡੇ ਸਮਾਜ ਨੂੰ ਅਵਾਮ ਦੇ ਜਾਗਣ ਤੱਕ ਪ੍ਰੋ. ਵਰਾਵਰਾ ਰਾਓ ਅਤੇ ਸਟੇਨ ਸਵਾਮੀ ਵਰਗੇ ਨਿਆਂਪਸੰਦਾਂ ਦੀਆਂ ਕੁਰਬਾਨੀਆਂ ਦੇ ਰੂਪ 'ਚ ਵੱਡਾ ਮੁੱਲ ਤਾਰਨਾ ਪਵੇਗਾ। ਲਿਹਾਜ਼ਾ, ਭਾਰਤ ਦੇ ਜਾਗਰੂਕ ਹਿੱਸਿਆਂ ਨੂੰ ਬੁੱਧੀਜੀਵੀਆਂ ਅਤੇ ਹੋਰ ਜਮਹੂਰੀਅਤਪਸੰਦਾਂ ਦੀ ਰਾਖੀ ਦੇ ਸਵਾਲ ਵਲ ਪੂਰੀ ਗੰਭੀਰਤਾ ਨਾਲ ਗੌਰ ਕਰਨਾ ਚਾਹੀਦਾ ਹੈ।

## ਮੈਂ ਕੀ ਜੁਰਮ ਕੀਤਾ?

*ਗ੍ਰਿਫਤਾਰੀ ਤੋਂ ਪਹਿਲਾਂ ਦਿੱਤੇ ਆਪਣੇ ਬਿਆਨ ਵਿਚ ਸਟੇਨ ਸਵਾਮੀ ਨੇ ਇਕ ਨੋਟ 'ਕੀ ਜੁਰਮ ਕੀਤਾ ਹੈ ਮੈਂ?' ਵੀ ਨੱਥੀ ਕੀਤਾ ਹੈ ਜਿਸ ਵਿਚ ਉਨ੍ਹਾਂ ਆਪਣੀਆਂ ਸਰਗਰਮੀਆਂ ਦੀ ਝਲਕ ਪੇਸ਼ ਕਰਦਿਆਂ ਲਿਖਿਆ: "ਪਿਛਲੇ ਤਿੰਨ ਦਹਾਕਿਆਂ ਤੋਂ ਮੈਂ ਆਦਿਵਾਸੀਆਂ ਅਤੇ ਉਨ੍ਹਾਂ ਦੇ ਆਤਮ-ਸਨਮਾਨ ਅਤੇ ਸਨਮਾਨਪੂਰਵਕ ਜ਼ਿੰਦਗੀ ਦੇ ਹੱਕ ਲਈ ਸੰਘਰਸ਼ ਨਾਲ ਜੁੜਨ ਅਤੇ ਉਨ੍ਹਾਂ ਦਾ ਸਾਥ ਦੇਣ ਦਾ ਯਤਨ ਕਰ ਰਿਹਾ ਹਾਂ। ਇਕ ਲੇਖਕ ਦੇ ਰੂਪ 'ਚ ਮੈਂ ਉਨ੍ਹਾਂ ਦੇ ਵੱਖ-ਵੱਖ ਮੁੱਦਿਆਂ ਦਾ ਵਿਸ਼ਲੇਸ਼ਣ ਕਰਨ ਲਈ ਯਤਨਸ਼ੀਲ ਰਿਹਾ ਹਾਂ। ਇਸ ਦੌਰਾਨ ਮੈਂ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਕਈਆਂ ਆਦਿਵਾਸੀ ਵਿਰੋਧੀ ਅਤੇ ਲੋਕ ਵਿਰੋਧੀ ਨੀਤੀਆਂ ਵਿਰੁਧ ਆਪਣੀ ਅਸਹਿਮਤੀ ਜਮਹੂਰੀ ਤਰੀਕੇ ਨਾਲ ਜ਼ਾਹਿਰ ਕਰਦਾ ਰਿਹਾ ਹਾਂ। ਮੈਂ ਸਰਕਾਰ ਅਤੇ ਸੱਤਾਧਾਰੀ ਨਿਜ਼ਾਮ ਦੀਆਂ ਐਸੀਆਂ ਬਹੁਤ ਸਾਰੀਆਂ ਨੀਤੀਆਂ ਦੀ ਨੈਤਿਕਤਾ ਅਤੇ ਕਾਨੂੰਨੀ ਵਾਜਬੀਅਤ ਉਪਰ ਸਵਾਲ ਉਠਾਏ ਹਨ।"*

# ਭਾਜਪਾ ਦੀ ਹੁਣ ਭਾਈਵਾਲਾਂ 'ਚ ਦਿਲਚਸਪੀ ਨਹੀਂ

ਭਾਰਤ ਦਾ ਸਭ ਤੋਂ ਤਾਕਤਵਰ ਅਤੇ ਪੁਰਾਣਾ ਸੱਤਾਧਾਰੀ ਗੱਠਜੋੜ ਆਖਰੀ ਸਾਹਾਂ 'ਤੇ ਹੈ। ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੀ ਮੁੱਖ ਪਾਰਟੀ ਭਾਜਪਾ ਸਿਆਸੀ ਹਿਤਾਂ ਲਈ ਗੱਠਜੋੜ ਦੇ ਇਕ-ਇਕ ਅੰਗ ਨੂੰ ਸਿਲਸਿਲੇਵਾਰ ਕੱਟ ਰਹੀ ਹੈ। ਹੁਣ ਸ਼ਾਇਦ ਉਸ ਦੇ ਕੁਝ ਹੀ ਅੰਗ ਬਾਕੀ ਰਹਿ ਗਏ ਹਨ। ਲੋਕ ਜਨਸ਼ਕਤੀ ਪਾਰਟੀ ਦੇ ਨੇਤਾ ਅਤੇ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਦੇ ਦੇਹਾਂਤ ਤੋਂ ਬਾਅਦ ਹਾਲਤ ਇਹ ਹੈ ਕਿ ਕੇਂਦਰੀ ਮੰਤਰੀ ਮੰਡਲ

**ਅਭੈ ਕੁਮਾਰ ਦੂਬੇ**

ਵਿਚ ਸਿਰਫ ਇਕ ਗੈਰ-ਭਾਜਪਾ ਚਿਹਰਾ ਬਚਿਆ ਹੈ, ਇਹ ਹਨ ਮਹਾਰਾਸ਼ਟਰ ਦੇ ਦਲਿਤ ਨੇਤਾ ਰਾਮਦਾਸ ਅਠਾਵਲੇ। ਸ਼ਿਵ ਸੈਨਾ ਇਸ ਗੱਠਜੋੜ ਤੋਂ ਪਹਿਲਾਂ ਹੀ ਬਾਹਰ ਹੋ ਚੁੱਕੀ ਹੈ। ਅਕਾਲੀ ਦਲ ਵੀ ਇਸ ਗੱਠਜੋੜ ਤੋਂ ਬਾਹਰ ਚਲਾ ਗਿਆ ਹੈ। ਬਿਹਾਰ ਵਿਚ ਚੋਣਾਂ ਤੋਂ ਬਾਅਦ ਕਿਹੜੀ ਪਾਰਟੀ ਕੌਮੀ ਜਮਹੂਰੀ ਗੱਠਜੋੜ ਵਿਚ ਰਹੇਗੀ ਅਤੇ ਕਿਹੜੀ ਬਾਹਰ ਚਲੀ ਜਾਵੇਗੀ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਇਹ ਦਿਲਚਸਪ ਸੰਯੋਗ ਹੈ ਕਿ ਇਕ ਪਾਸੇ ਤਾਂ ਭਾਜਪਾ ਲਈ ਕੌਮੀ ਜਮਹੂਰੀ ਗੱਠਜੋੜ ਦੀ ਹੋਂਦ ਨਾਂ-ਮਾਤਰ ਰਹਿ ਗਈ ਹੈ ਅਤੇ ਦੂਜੇ ਪਾਸੇ ਨਰਿੰਦਰ ਮੋਦੀ ਨੇ ਗੁਜਰਾਤ ਤੋਂ ਲੈ ਕੇ ਦਿੱਲੀ ਤੱਕ 20 ਸਾਲ ਤੱਕ ਸੱਤਾ ਵਿਚ ਰਹਿਣ ਦਾ ਰਿਕਾਰਡ ਬਣਾ ਦਿੱਤਾ ਹੈ। ਗੁਜਰਾਤ ਵਿਚ ਉਨ੍ਹਾਂ ਦੀ 14 ਸਾਲ ਲੰਮੀ ਸੱਤਾ ਕਿਸੇ ਗੱਠਜੋੜ ਦੀ ਮੁਹਤਾਜ ਨਹੀਂ ਰਹੀ। ਇਹੀ ਹਾਲਤ ਪਿਛਲੇ 6 ਸਾਲ ਤੋਂ ਦਿੱਲੀ ਵਿਚ ਹੈ। ਮੋਦੀ ਲਈ ਗੱਠਜੋੜ ਸਿਰਫ ਦਿਖਾਵੇ ਦੀ ਚੀਜ਼ ਹੈ। ਲੋੜ ਪਵੇਗੀ ਤਾਂ ਉਸ ਦੀ ਵਰਤੋਂ ਕੀਤੀ ਜਾਵੇਗੀ, ਨਹੀਂ ਤਾਂ ਉਸ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਜਾਵੇਗਾ।

ਰਾਜਨੀਤੀ ਵਿਚ ਦਿਲਚਸਪੀ ਰੱਖਣ ਵਾਲੇ ਆਸਾਨੀ ਨਾਲ ਸਮਝ ਸਕਦੇ ਹਨ ਕਿ ਭਾਜਪਾ ਦੇ ਇਕ ਤੋਂ ਬਾਅਦ ਇਕ ਪੁਰਾਣੇ ਸਹਿਯੋਗੀ ਕੌਮੀ ਜਮਹੂਰੀ ਗੱਠਜੋੜ ਦਾ ਸਾਥ ਕਿਉਂ ਛੱਡ ਰਹੇ ਹਨ? ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਕਹਿੰਦੇ ਸਨ ਕਿ ਭਾਜਪਾ ਅਤੇ ਉਨ੍ਹਾਂ ਦਾ ਰਿਸ਼ਤਾ ਨਹੁੰ-ਮਾਸ ਦੇ ਰਿਸ਼ਤੇ ਵਰਗਾ ਹੈ। ਇਸ ਡੂੰਘੇ ਰਿਸ਼ਤੇ ਕਾਰਨ 1992 ਵਿਚ ਅਕਾਲੀ ਦਲ ਨੇ ਆਪਣੇ ਵਰਕਰਾਂ ਦੇ ਇਕ ਜਥੇ ਨੂੰ ਅਯੁੱਧਿਆ ਭੇਜਿਆ ਸੀ, ਭਾਵ ਸਿੱਖਾਂ ਦੀ ਪ੍ਰਤੀਨਿਧ ਪਾਰਟੀ ਅਤੇ ਹਿੰਦੂਤਵ ਦੀ ਪ੍ਰਤੀਨਿਧ ਪਾਰਟੀ ਦਰਮਿਆਨ ਸਬੰਧ ਸਿਰਫ ਸਿਆਸੀ ਨਾ ਹੋ ਕੇ ਵਿਚਾਰਧਾਰਕ ਵੀ ਸਨ। ਸ਼ਿਵ ਸੈਨਾ ਅਤੇ ਭਾਜਪਾ ਦੇ ਸਬੰਧਾਂ ਦਾ ਹਾਲ ਤਾਂ ਇਹ ਸੀ ਕਿ ਦੋਵਾਂ ਪਾਸਿਆਂ ਤੋਂ ਦੋਸਤੀ ਦੀਆਂ ਕਸਮਾਂ ਖਾਧੀਆਂ ਜਾਂਦੀਆਂ ਸਨ। ਦੂਜੇ ਪਾਸੇ ਬਾਲ ਠਾਕਰੇ ਆਪਣੇ-ਆਪ ਨੂੰ ਹਿੰਦੂ ਨੇਤਾ ਦੇ ਰੂਪ ਵਿਚ ਪੇਸ਼ ਕਰਦੇ ਸਨ ਅਤੇ ਇਧਰ ਭਾਜਪਾ ਖੁਦ ਨੂੰ ਹਿੰਦੂ ਹਿਤਾਂ ਦੀ ਪੈਰੋਕਾਰ ਦੱਸਦੀ ਸੀ। ਇਕ ਤਰ੍ਹਾਂ ਨਾਲ ਦੇਖਿਆ ਜਾਵੇ ਤਾਂ ਮਹਾਰਾਸ਼ਟਰ ਦੀ ਰਾਜਨੀਤੀ 'ਤੇ ਕਾਂਗਰਸ ਦਾ ਪ੍ਰਭਾਵ ਘਟਾਉਣ ਵਿਚ ਇਨ੍ਹਾਂ ਦੋਵਾਂ ਪਾਰਟੀਆਂ ਦੇ ਗੱਠਜੋੜ ਦੀ ਅਹਿਮ ਭੂਮਿਕਾ ਰਹੀ ਹੈ। ਦੋਵਾਂ ਦਾ ਉਭਾਰ ਇਕ-ਦੂਜੇ ਦਾ ਸਾਥ ਨਿਭਾਉਣ ਦੀ ਪ੍ਰਕਿਰਿਆ ਨਾਲ ਹੀ ਸ਼ੁਰੂ ਹੋਇਆ ਹੈ। ਇਸ ਦੇ ਬਾਵਜੂਦ ਅੱਜ ਦੋਵੇਂ ਇਕ-ਦੂਜੇ ਖਿਲਾਫ ਖੜ੍ਹੇ ਹਨ।

ਬਿਹਾਰ ਵਿਚ ਨਿਤੀਸ਼ ਕੁਮਾਰ ਦੀ ਅਗਵਾਈ ਵਾਲੇ ਜਨਤਾ ਦਲ (ਯੂ.) ਦੇ ਦਿੱਲੀ ਸਥਿਤ ਪ੍ਰਤੀਨਿਧ ਕੇ.ਸੀ. ਤਿਆਗੀ ਤਾਂ ਟੀ.ਵੀ. 'ਤੇ ਅਤੇ ਨਿੱਜੀ ਗੱਲਬਾਤ ਵਿਚ ਹਮੇਸ਼ਾ ਕਹਿੰਦੇ ਸਨ ਕਿ ਭਾਜਪਾ, ਕਾਂਗਰਸ ਜਾਂ ਕਿਸੇ ਹੋਰ ਪਾਰਟੀ ਦੇ ਮੁਕਾਬਲੇ ਗੱਠਜੋੜ ਚੰਗੇ ਤਰੀਕੇ ਨਾਲ ਨਿਭਾਉਂਦੀ ਹੈ। ਤਿਆਗੀ ਅੱਜ ਅਫਸੋਸ ਨਾਲ ਦੇਖ ਰਹੇ ਹੋਣਗੇ ਕਿ ਉਹੀ ਭਾਜਪਾ ਅੱਜ ਉਨ੍ਹਾਂ ਦੀ ਪਾਰਟੀਆਂ ਦੀਆਂ ਜੜ੍ਹਾਂ ਵੱਢਣ ਲਈ ਲੋਕ ਜਨਸ਼ਕਤੀ ਪਾਰਟੀ ਦੀ ਵਰਤੋਂ ਕਰ ਰਹੀ ਹੈ।

ਸਵਾਲ ਇਹ ਹੈ ਕਿ ਗੱਠਜੋੜ ਦੇ ਬਿਖਰਾਅ ਦੇ ਕਾਰਨ ਕੀ ਹਨ? ਕੀ ਇਸ ਦੀ ਜ਼ਿੰਮੇਵਾਰੀ ਸਿਰਫ ਭਾਜਪਾ ਦੀ ਹੈ ਜਾਂ ਉਸ ਦੇ ਨਾਲ ਲੰਮੇ ਸਮੇਂ ਤੋਂ ਜੁੜੀਆਂ ਖੇਤਰੀ ਪਾਰਟੀਆਂ ਨੂੰ ਵੀ ਇਸ ਦਾ ਜ਼ਿੰਮੇਵਾਰ ਸਮਝਿਆ ਜਾਣਾ ਚਾਹੀਦਾ ਹੈ? 2013 ਵਿਚ ਜਦੋਂ ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ 2014 ਦੀਆਂ ਲੋਕ ਸਭਾ ਚੋਣਾਂ ਲਈ ਪ੍ਰਧਾਨ ਮੰਤਰੀ ਉਮੀਦਵਾਰ ਐਲਾਨਿਆ ਗਿਆ ਤਾਂ ਮੋਦੀ ਨੇ ਜਿਵੇਂ ਹੀ ਚੋਣ ਮੁਹਿੰਮ ਦੀ ਕਮਾਨ ਸੰਭਾਲੀ, ਉਦੋਂ ਤੋਂ ਹੀ ਉਨ੍ਹਾਂ ਨੇ ਲਾਲ ਕ੍ਰਿਸ਼ਨ ਅਡਵਾਨੀ ਅਤੇ ਅਟਲ ਬਿਹਾਰੀ ਵਾਜਪਾਈ ਵਲੋਂ ਬਣਾਏ ਕੌਮੀ ਜਮਹੂਰੀ ਗੱਠਜੋੜ ਨਾਲ ਜੁੜੀਆਂ ਪਾਰਟੀਆਂ ਸਬੰਧੀ ਕੰਮਕਾਰ ਵਿਚ ਸੋਧ ਕਰਨ ਦਾ ਅਣਐਲਾਨਿਆ ਫੈਸਲਾ ਕਰ ਦਿੱਤਾ। ਉਦੋਂ ਅਟਲ ਬਿਹਾਰੀ ਵਾਜਪਾਈ ਸੇਵਾ-ਮੁਕਤ ਹੋ ਚੁੱਕੇ ਸਨ ਪਰ ਅਡਵਾਨੀ ਦੀ ਰਣਨੀਤੀ ਸੀ ਕਿ ਕੌਮੀ ਜਮਹੂਰੀ ਗੱਠਜੋੜ ਨੂੰ ਜਿੰਨਾ ਮਜ਼ਬੂਤ ਕੀਤਾ ਜਾਵੇਗਾ, ਓਨਾ ਹੀ ਭਾਜਪਾ ਕੇਂਦਰੀ ਰਾਜਨੀਤੀ ਦੀ



ਜ਼ਮੀਨ 'ਤੇ ਠੋਸ ਢੰਗ ਨਾਲ ਅੱਗੇ ਵਧ ਸਕੇਗੀ। ਮੋਦੀ ਇਸ ਨਾਲ ਸਹਿਮਤ ਨਹੀਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਭਾਜਪਾ ਦੀ ਜ਼ਿੰਮੇਵਾਰੀ ਕੌਮੀ ਜਮਹੂਰੀ ਗੱਠਜੋੜ ਨੂੰ ਮਜ਼ਬੂਤ ਕਰਨ ਦੀ ਨਹੀਂ ਹੈ। ਉਸ ਨੂੰ ਆਪਣੀ ਸਾਰੀ ਊਰਜਾ ਖੁਦ ਨੂੰ ਮਜ਼ਬੂਤ ਕਰਨ ਵਿਚ ਲਾਉਣੀ ਚਾਹੀਦੀ ਹੈ।

ਮੋਦੀ ਜਿਵੇਂ ਚਾਹੁੰਦੇ ਸਨ, ਉਵੇਂ ਹੀ ਹੋਇਆ। ਅਮਿਤ ਸ਼ਾਹ ਰਾਹੀਂ ਉਨ੍ਹਾਂ ਭਾਜਪਾ ਨੂੰ ਪਾਰਟੀ ਵਜੋਂ ਬਹੁਤ ਵੱਡਾ ਬਣਾ ਦਿੱਤਾ। ਸਿੱਟਾ ਇਹ ਨਿਕਲਿਆ ਕਿ ਅੰਦਰੂਨੀ ਹਲਕਿਆਂ ਵਿਚ ਭਾਜਪਾ ਜਿਸ ਸਥਿਤੀ ਦੀ ਕਲਪਨਾ ਕਰਦੀ ਸੀ, ਉਸ ਨੂੰ ਆਪਣਾ ਸੁਪਨਾ ਸਾਕਾਰ ਕਰਨ ਦਾ ਮੌਕਾ ਮਿਲ ਗਿਆ। ਨਿਤਿਨ ਗਡਕਰੀ ਦੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਉਨ੍ਹਾਂ ਦੀ ਪਾਰਟੀ ਚੱਪੇ-ਚੱਪੇ 'ਤੇ ਭਾਜਪਾ ਦੇ ਉਦੇਸ਼ ਨੂੰ ਸਾਹਮਣੇ ਰੱਖ ਕੇ ਕੰਮ ਕਰਦੀ ਹੈ। ਇਹ ਉਦੇਸ਼ ਉਦੋਂ ਹੀ ਪੂਰਾ ਹੋ ਸਕਦਾ ਸੀ, ਜਦੋਂ ਭਾਜਪਾ ਖੇਤਰੀ ਸਹਿਯੋਗੀ ਪਾਰਟੀਆਂ ਨੂੰ ਸੂਬਿਆਂ ਵਿਚ ਸੱਤਾ ਹਾਸਲ ਕਰਨ ਲਈ ਦੂਜੇ ਦਰਜੇ ਦੀ ਭੂਮਿਕਾ ਵਿਚ ਰਹਿ ਕੇ ਸਹਿਯੋਗ ਦੇਣ ਦੀ ਬਜਾਏ ਉਨ੍ਹਾਂ ਦੇ ਵਿਰੋਧੀ ਦੀ ਭੂਮਿਕਾ ਨਿਭਾਉਣ 'ਤੇ ਉਤਰ ਆਵੇ। ਇਸ ਦੀ ਪਹਿਲੀ ਝਲਕ ਉੜੀਸਾ ਵਿਚ ਦਿਸੀ, ਜਦੋਂ ਕੌਮੀ ਜਮਹੂਰੀ ਗੱਠਜੋੜ ਦੇ ਸਹਿਯੋਗੀ ਬੀਜੂ ਜਨਤਾ ਦਲ ਨੂੰ ਲੱਗਾ ਕਿ ਭਾਜਪਾ ਸੂਬੇ ਵਿਚ ਸੱਤਾ ਦੀ ਮੁੱਖ ਦਾਅਵੇਦਾਰ ਬਣ ਕੇ ਉਭਰਨਾ ਚਾਹੁੰਦੀ ਹੈ। ਦੂਜੀ ਝਲਕ ਆਂਧਰਾ ਪ੍ਰਦੇਸ਼ ਵਿਚ ਦਿਸੀ, ਜਦੋਂ ਤੇਲਗੂ ਦੇਸਮ ਦੇ ਚੰਦਰ ਬਾਬੂ ਨਾਇਡੂ ਨੂੰ ਭਾਜਪਾ ਦੇ ਸਥਾਨਕ ਲੀਡਰਾਂ ਨੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਕੌਮੀ ਜਮਹੂਰੀ ਗੱਠਜੋੜ ਨਾਲੋਂ ਸਭ ਤੋਂ ਪਹਿਲਾਂ ਬੀਜੂ ਜਨਤਾ ਦਲ ਅਤੇ ਤੇਲਗੂ ਦੇਸਮ ਨੇ ਹੀ ਨਾਤਾ ਤੋੜਿਆ ਸੀ। ਇਸ ਤੋਂ ਪਹਿਲਾਂ ਭਾਜਪਾ ਨੇ ਆਸਾਮ ਵਿਚ ਅਸਮ ਗਣ ਪ੍ਰੀਸ਼ਦ ਨਾਲ ਝਗੜਾ ਕੀਤਾ। ਅੱਜ ਵੀ ਹਰ ਚੋਣ ਤੋਂ ਪਹਿਲਾਂ ਇਹੀ ਲਗਦਾ ਹੈ ਕਿ ਦੋਵਾਂ ਵਿਚਕਾਰ ਤਰੇੜ ਆ ਜਾਏਗੀ। ਇਸ ਤੋਂ ਬਾਅਦ ਮਹਾਰਾਸ਼ਟਰ ਵਿਚ ਭਾਜਪਾ ਨੇ ਸ਼ਿਵ ਸੈਨਾ ਦਾ 'ਜੂਨੀਅਰ ਪਾਰਟਨਰ' ਬਣਨ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਦੋਵਾਂ ਪਾਰਟੀਆਂ ਵਿਚ ਤਣਾਅ ਵਧਿਆ। ਆਖਰ ਭਾਜਪਾ ਨੇ ਮੁੱਖ ਮੰਤਰੀ ਦਾ ਅਹੁਦਾ ਸ਼ਿਵ ਸੈਨਾ ਤੋਂ ਖੋਹ ਹੀ ਲਿਆ। ਪੰਜਾਬ ਵਿਚ ਵੀ ਹੌਲੀ-ਹੌਲੀ ਭਾਜਪਾ ਅਕਾਲੀਆਂ ਦੇ ਬਰਾਬਰ ਸੀਟਾਂ ਮੰਗਣ ਵੱਲ ਵਧ ਰਹੀ ਸੀ।

ਬੀਜੂ ਜਨਤਾ ਦਲ ਅਤੇ ਤੇਲਗੂ ਦੇਸਮ ਤਾਂ ਐਲਾਨੇ ਰੂਪ ਨਾਲ ਵੱਖ ਹੋਏ ਪਰ ਇਹ ਵੀ ਮੰਨਣਾ ਪਏਗਾ ਕਿ ਘੱਟੋ-ਘੱਟ ਸ਼ਿਵ ਸੈਨਾ ਅਤੇ ਅਕਾਲੀ ਦਲ ਨੇ ਭਾਜਪਾ ਦੇ ਇਨ੍ਹਾਂ ਇਰਾਦਿਆਂ ਦਾ ਜਵਾਬ ਉਸ ਤੋਂ ਵੀ ਜ਼ਿਆਦਾ ਕੁਟਿਲ ਸਿਆਸਤ ਨਾਲ ਦਿੱਤਾ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਮਿਲਜੁਲ ਕੇ ਬਹੁਮਤ ਹਾਸਲ ਕਰਨ ਦੇ ਬਾਵਜੂਦ ਜਿਸ ਤਰ੍ਹਾਂ ਸ਼ਿਵ ਸੈਨਾ ਨੇ ਮੁੱਖ ਮੰਤਰੀ ਦੇ ਅਹੁਦੇ ਦੀ ਦਾਅਵੇਦਾਰੀ ਦੇ ਸਵਾਲ 'ਤੇ ਭਾਜਪਾ ਦਾ ਵਿਰੋਧ ਕੀਤਾ, ਉਹ ਇਸ ਦਾ ਸਭ ਤੋਂ ਵੱਡਾ ਸਬੂਤ ਹੈ। ਇਸ ਮਾਮਲੇ ਵਿਚ ਭਾਜਪਾ ਦੀ ਸਥਿਤੀ ਜ਼ਿਆਦਾ ਤਰਕਪੂਰਨ ਸੀ। ਉਸ ਕੋਲ ਸਾਬਕਾ ਮੁੱਖ ਮੰਤਰੀ ਸੀ ਅਤੇ ਸੀਟਾਂ ਵੀ ਵੱਧ ਸਨ।

ਪੰਜਾਬ ਵਿਚ ਅਕਾਲੀ ਦਲ ਪਹਿਲਾਂ ਤਾਂ 3 ਖੇਤੀਬਾੜੀ ਆਰਡੀਨੈਂਸਾਂ ਦਾ ਸਮਰਥਨ ਕਰਦਾ ਰਿਹਾ। ਹਰਸਿਮਰਤ ਕੌਰ ਬਾਦਲ ਨੇ ਮੰਤਰੀ ਮੰਡਲ ਦੀਆਂ ਬੈਠਕਾਂ ਵਿਚ ਆਪਣਾ ਵਿਰੋਧ ਦਰਜ ਨਹੀਂ ਕਰਾਇਆ ਪਰ ਉਨ੍ਹਾਂ ਦੇ ਪਤੀ ਸੁਖਬੀਰ ਸਿੰਘ ਬਾਦਲ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਦਾ ਪੱਤਰ ਦਿਖਾ ਕੇ ਕਿਸਾਨਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੇ ਰਹੇ ਪਰ ਐਨ ਮੌਕੇ 'ਤੇ ਆ ਕੇ ਪਹਿਲਾਂ ਇਸ ਪਾਰਟੀ ਨੇ ਸਰਕਾਰ ਛੱਡੀ ਅਤੇ ਫਿਰ ਗੱਠਜੋੜ।

ਕੀ ਇਹ ਮੰਨ ਲਿਆ ਜਾਵੇ ਕਿ ਭਾਜਪਾ ਨੇ ਐਨ.ਡੀ.ਏ. ਤੋਂ ਸਾਰੀਆਂ ਉਮੀਦਾਂ ਛੱਡ ਦਿੱਤੀਆਂ ਹਨ। ਨਹੀਂ, ਹਾਲ ਹੀ ਵਿਚ ਭਾਜਪਾ ਨੇ ਕੋਸ਼ਿਸ਼ ਜ਼ਰੂਰ ਕੀਤੀ ਹੈ ਕਿ ਆਂਧਰਾ ਪ੍ਰਦੇਸ਼ ਦੇ ਜਗਨਮੋਹਨ ਰੈਡੀ ਨੂੰ ਕੇਂਦਰ ਵਿਚ ਜਗ੍ਹਾ ਦਿੱਤੀ ਜਾਵੇ। ਇਸ ਨਾਲ ਇਕ ਵਾਰ ਫਿਰ ਕੌਮੀ ਜਮਹੂਰੀ ਗੱਠਜੋੜ ਵਿਚ ਨਵੀਂ ਜਾਨ ਪੈ ਸਕਦੀ ਹੈ ਪਰ ਜਿਵੇਂ ਹੀ ਭਾਜਪਾ ਨੇ ਉਸ ਸੂਬੇ ਵਿਚ ਮੁੱਖ ਮੰਤਰੀ ਦੀ ਕੁਰਸੀ 'ਤੇ ਨਿਗ੍ਹਾ ਰੱਖੀ ਤਾਂ ਇਹ ਸਬੰਧ ਟੁੱਟ ਜਾਵੇਗਾ। ਸਾਨੂੰ ਪਤਾ ਹੈ ਕਿ ਆਂਧਰਾ ਪ੍ਰਦੇਸ਼ ਵਿਚ ਆਰ.ਐਸ.ਐਸ. ਦੀਆਂ ਸ਼ਕਤੀਆਂ ਪਰਦੇ ਪਿੱਛੇ ਭਾਜਪਾ ਲਈ ਜ਼ਮੀਨ ਤਿਆਰ ਕਰ ਰਹੀਆਂ ਹਨ। ਇਹ ਪ੍ਰਕਿਰਿਆ ਇਕ ਵਾਰ ਫਿਰ ਕੌਮੀ ਜਮਹੂਰੀ ਗੱਠਜੋੜ ਦੇ ਭਵਿੱਖ ਨੂੰ ਚੌਰਾਹੇ 'ਤੇ ਲਿਆ ਕੇ ਖੜ੍ਹਾ ਕਰ ਦੇਵੇਗੀ।

# ਹਾਥਰਸ ਕਾਂਡ: ਨਿਆਂ ਦਾ ਪਤਨ

ਇਕ ਦਲਿਤ ਔਰਤ ਅਤੇ ਉਸ ਦੀ 19 ਸਾਲਾ ਧੀ ਨੇੜਲੇ ਖੇਤਾਂ ਵਿਚ ਪਸ਼ੂਆਂ ਲਈ ਚਾਰਾ ਲੈਣ ਜਾਂਦੀਆਂ ਹਨ। ਕੁਝ ਸਮੇਂ ਬਾਅਦ ਮਾਂ ਨੂੰ ਧੀ ਦਿਖਾਈ ਨਹੀਂ ਦਿੰਦੀ। ਫਿਕਰਮੰਦ ਹੋਈ ਮਾਂ ਉਸ ਨੂੰ ਉਚੀਆਂ ਫਸਲਾਂ ਵਿਚ ਇਧਰ-ਉਧਰ ਤਲਾਸ਼ਦੀ ਹੈ। ਲੜਕੀ ਉਸ ਨੂੰ ਮਿਲ ਤਾਂ ਜਾਂਦੀ ਹੈ ਪਰ ਨਿਰਵਸਤਰ, ਜ਼ਖਮੀ। ਉਹ ਆਪਣੀ ਸਾੜੀ ਦਾ ਕੱਪੜਾ ਪਾੜ ਕੇ ਧੀ ਨੂੰ ਢਕਦੀ ਹੈ। ਕੁੜੀ ਦੀ ਰੀੜ੍ਹ ਦੀ ਹੱਡੀ ਅਤੇ ਹੋਰ ਅੰਗ ਟੁੱਟੇ ਹੋਏ ਹਨ, ਹਾਲਤ ਬਹੁਤ ਨਾਜ਼ੁਕ ਸੀ। ਔਰਤ ਦਾ ਪੁੱਤਰ ਮੋਟਰਸਾਈਕਲ ਉਤੇ ਆਪਣੀ ਮਾਂ ਨੂੰ ਬਿਠਾ ਕੇ ਤੇ ਵਿਚਕਾਰ ਲੜਕੀ ਨੂੰ ਲੱਦ ਕੇ ਥਾਣੇ ਲਿਜਾਂਦੇ ਹਨ। ਉਥੇ ਲੜਕੀ ਨੂੰ ਦੇਖਦਿਆਂ ਹੀ ਉਸ ਨੂੰ ਜ਼ਿਲ੍ਹਾ ਹਸਪਤਾਲ ਹਾਥਰਸ ਲਿਜਾਣ ਲਈ

**ਗੁਰਬਚਨ ਜਗਤ**

ਆਖਿਆ ਗਿਆ ਪਰ ਇਸ ਦੌਰਾਨ ਨਾ ਕੋਈ ਕਾਗਜ਼ੀ ਕਾਰਵਾਈ ਕੀਤੀ, ਨਾ ਐਫ.ਆਈ.ਆਰ. ਦਰਜ ਕੀਤੀ ਅਤੇ ਨਾ ਹੀ ਰੋਜ਼ਨਾਮਚੇ ਵਿਚ ਕੋਈ ਇੰਦਰਾਜ ਕੀਤਾ। ਹਾਥਰਸ ਦੇ ਜ਼ਿਲ੍ਹਾ ਹਸਪਤਾਲ ਵਿਚੋਂ ਉਨ੍ਹਾਂ ਨੂੰ ਅਲੀਗੜ੍ਹ ਜਾਣ ਲਈ ਕਹਿ ਦਿੱਤਾ ਗਿਆ। ਉਹ ਉਸ ਨੂੰ ਲੈ ਕੇ ਕਿਵੇਂ ਨਾ ਕਿਵੇਂ ਅਲੀਗੜ੍ਹ ਪੁੱਜੇ ਅਤੇ ਉਥੇ ਬਿਪਤਾ ਭਰੇ ਕੁਝ ਦਿਨਾਂ ਤੋਂ ਬਾਅਦ ਉਨ੍ਹਾਂ ਨੂੰ ਸਫਦਰਜੰਗ ਹਸਪਤਾਲ ਨਵੀਂ ਦਿੱਲੀ ਜਾਣ ਲਈ ਆਖ ਦਿੱਤਾ ਗਿਆ। ਅਫਸੋਸ, ਉਥੇ ਲੜਕੀ ਦੀ ਮੌਤ ਹੋ ਗਈ। ਇਹ ਸਾਰਾ ਕੁਝ ਵਾਪਰਿਆ ਪਰ ਰਿਆਸਤ/ਸਟੇਟ ਸੁੱਤੀ ਰਹੀ- ਪੁਲਿਸ, ਪੰਚਾਇਤ, ਜ਼ਿਲ੍ਹਾ ਮੈਜਿਸਟਰੇਟ, ਮੀਡੀਆ- ਸਭ ਸੁੱਤੇ ਰਹੇ।

ਹੋਣਾ ਕੀ ਚਾਹੀਦਾ ਸੀ: ਸਰਪੰਚ ਸਥਾਨਕ ਪ੍ਰਸ਼ਾਸਨ ਦਾ ਨੁਮਾਇੰਦਾ ਹੈ, ਉਸ ਨੂੰ ਪੀੜਤਾ ਨਾਲ ਥਾਣੇ ਜਾਣਾ ਚਾਹੀਦਾ ਸੀ ਅਤੇ ਰਿਪੋਰਟ ਦਰਜ ਕਰਨ ਲਈ ਜ਼ੋਰ ਦੇਣਾ ਚਾਹੀਦਾ ਸੀ। ਜੇ ਸਰਪੰਚ ਨਹੀਂ ਗਿਆ ਤਾਂ ਵੀ ਹਸਪਤਾਲ ਨੂੰ ਉਨ੍ਹਾਂ ਦੇ ਅਲੀਗੜ੍ਹ ਜਾਣ ਲਈ ਐਂਬੂਲੈਂਸ ਮੁਹੱਈਆ ਕਰਾਉਣੀ ਚਾਹੀਦੀ ਸੀ ਅਤੇ ਪੁਲਿਸ ਨੂੰ ਵੀ ਉਨ੍ਹਾਂ ਦੇ ਨਾਲ ਜਾਣਾ ਚਾਹੀਦਾ ਸੀ ਤਾਂ ਕਿ ਪੀੜਤਾ ਅਤੇ ਉਸ ਦੀ ਮਾਂ ਦੇ ਬਿਆਨ ਦਰਜ ਕੀਤੇ ਜਾ ਸਕਦੇ। ਪੁਲਿਸ, ਹਸਪਤਾਲ ਅਤੇ ਸਰਪੰਚ ਦੀ ਜ਼ਿੰਮੇਵਾਰੀ ਸੀ ਕਿ ਉਹ ਉਨ੍ਹਾਂ ਨਾਲ ਅਲੀਗੜ੍ਹ ਤੱਕ ਜਾਂਦੇ ਅਤੇ ਪੀੜਤਾ ਦਾ ਇਲਾਜ ਯਕੀਨੀ ਬਣਾਉਂਦੇ, ਉਸ ਦਾ ਮੈਡੀਕੋ-ਲੀਗਲ ਮੁਆਇਨਾ ਕਰਵਾਉਂਦੇ ਅਤੇ ਉਸ ਨੂੰ ਛੇਤੀ ਤੋਂ ਛੇਤੀ ਦਿੱਲੀ ਦੇ ਹਸਪਤਾਲ ਲਿਜਾਏ ਜਾਣ ਦਾ ਪ੍ਰਬੰਧ ਕਰਦੇ। ਇਸ ਦੇ ਨਾਲ ਹੀ ਪੁਲਿਸ ਪਿੰਡ ਜਾਂਦੀ ਅਤੇ ਇਸ ਭਿਆਨਕ ਜੁਰਮ ਦੀ ਜਾਂਚ ਸ਼ੁਰੂ ਕਰਦੀ, ਮੁਲਜ਼ਮਾਂ ਨੂੰ ਗ੍ਰਿਫਤਾਰ ਕਰਦੀ। ਪੀੜਤ ਨੇ ਚਾਰ ਨਾਂ ਲਏ ਸਨ। ਸਬ ਡਿਵੀਜ਼ਨ ਪੱਧਰ ਦੇ ਪੁਲਿਸ ਅਫਸਰ ਤੇ ਜ਼ਿਲ੍ਹਾ ਮੈਜਿਸਟਰੇਟ ਨੂੰ ਵੀ ਇਸ ਘਟਨਾ ਦੇ ਫੌਰੀ ਬਾਅਦ ਪਿੰਡ ਅਤੇ ਹਸਪਤਾਲ ਦਾ ਦੌਰਾ ਕਰਨਾ ਚਾਹੀਦਾ ਸੀ।

ਨਿਯਮਾਂ ਅਨੁਸਾਰ ਘਟਨਾ ਸਥਾਨ ਦੇ ਦ੍ਰਿਸ਼ ਦਾ ਨਕਸ਼ਾ ਵਾਹਿਆ ਜਾਣਾ ਚਾਹੀਦਾ ਹੈ, ਫੌਰੈਂਸਿਕ ਟੀਮ ਦੀ ਜਾਂਚ ਲਈ ਘਟਨਾ ਵਾਲੀ ਥਾਂ ਨੂੰ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ ਅਤੇ ਫੌਰੈਂਸਿਕ ਟੀਮ ਨੂੰ ਜਾਂਚ ਕਰ ਕੇ ਸਬੂਤ ਇਕੱਤਰ ਕਰਨੇ ਚਾਹੀਦੇ ਹਨ। ਮਿੱਟੀ ਤੇ ਖੂਨ ਦੇ ਨਮੂਨੇ, ਕੁੜੀ ਦੇ ਕੱਪੜਿਆਂ, ਵਾਲਾਂ ਅਤੇ ਉਸ ਦੇ ਨਹੁੰਆਂ ਦੇ ਅੰਦਰ ਜੋ ਕੁਝ ਫਸਿਆ ਹੋਵੇ, ਦੇ ਨਮੂਨੇ ਲੈ ਕੇ ਡੀ.ਐਨ.ਏ. ਟੈਸਟ ਕੀਤਾ ਜਾਣਾ ਚਾਹੀਦਾ ਸੀ। ਉਸ ਦੇ ਕੱਪੜੇ ਕਿੱਥੇ ਸਨ? ਉਨ੍ਹਾਂ ਨੂੰ ਵੀਰਜ ਆਦਿ ਦੇ ਟੈਸਟ ਲਈ ਸਾਂਭਿਆ ਜਾਣਾ ਚਾਹੀਦਾ ਸੀ। ਕੀ ਇਹ ਸਾਰਾ ਕੁਝ ਕੀਤਾ ਗਿਆ?

ਪਰ ਹੁਣ ਤੁਸੀਂ ਦੇਖ ਸਕਦੇ ਹੋ ਕਿ ਰਿਆਸਤ ਆਪਣੀ ਅਤੇ ਉਚ ਜਾਤੀ ਮੁਲਜ਼ਮਾਂ ਦੀ ਚਮੜੀ ਬਚਾਉਣ ਲਈ ਕਿਵੇਂ ਫੁਰਤੀ ਨਾਲ ਕੰਮ ਕਰ ਰਹੀ ਹੈ। ਉਹ ਦਨਦਨਾਉਂਦੇ ਦਿੱਲੀ ਪੁੱਜੇ ਅਤੇ ਪਰਿਵਾਰ ਨੂੰ ਆਪਣੇ ਹਾਲ 'ਤੇ ਛੱਡ ਕੇ ਲੜਕੀ ਦੀ ਲਾਸ਼ ਲੈ ਕੇ ਪਿੰਡ ਵੱਲ ਤੁਰ ਪਏ। ਪਰਿਵਾਰ ਕਿਸੇ ਤਰ੍ਹਾਂ ਪਿੰਡ ਪੁੱਜਿਆ। ਲਾਸ਼ ਪੁਲਿਸ ਦੇ ਕਬਜ਼ੇ ਵਿਚ ਸੀ ਜਿਸ ਨੇ ਪਰਿਵਾਰ ਨਾਲ ਸਵੇਰੇ ਸੁਵਖਤੇ ਸਸਕਾਰ ਕਰਨ ਦਾ ਵਾਅਦਾ ਕੀਤਾ ਪਰ ਸਸਕਾਰ ਤੜਕੇ 2.30 ਵਜੇ ਹੀ ਕਰ ਦਿੱਤਾ। ਪਰਿਵਾਰ ਨੂੰ ਸਸਕਾਰ ਵਾਲੀ ਥਾਂ ਨਹੀਂ ਜਾਣ ਦਿੱਤਾ, ਇੱਥੋਂ ਤੱਕ ਆਪਣੀ ਧੀ ਦਾ ਆਖਰੀ ਵਾਰ ਮੂੰਹ ਵੀ ਦੇਖਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਹੁਣ ਪੁਲਿਸ, ਮੈਜਿਸਟਰੀ ਅਤੇ ਰਿਆਸਤ/ਸਟੇਟ ਆਪਸ ਵਿਚ ਮਿਲ ਗਏ ਹਨ। ਇਸ ਦੇ ਨਾਲ ਹੀ ਮੀਡੀਆ ਨੇ ਆਪਣੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਤਾਂ ਕਿ ਉਸ ਨੂੰ ਵੀ ਕੁਝ ਦਿਖਾਉਣ ਨੂੰ ਮਿਲ ਜਾਵੇ, ਨਾਲ ਹੀ ਵਿਰੋਧੀ ਪਾਰਟੀਆਂ ਹਰਕਤ ਵਿਚ ਆ ਗਈਆਂ। ਸਰਕਾਰੀ ਢਾਂਚਾ ਪਹਿਲਾਂ ਹੀ ਪੂਰੀ ਰਫਤਾਰ ਫੜ ਚੁੱਕਾ ਸੀ, ਪੁਲਿਸ ਨੇ ਪਿੰਡ ਦੁਆਲੇ ਬਹੁ-ਪਰਤੀ ਘੇਰੇ ਘੱਤ ਲਏ ਅਤੇ ਪਿੰਡ ਨੂੰ ਜਾਂਦੇ ਸਾਰੇ ਰਾਹਾਂ 'ਤੇ ਨਾਕੇ ਲਾ ਦਿੱਤੇ। ਸਾਫ ਹੁਕਮ ਸਨ- ਕਿਸੇ ਮੀਡੀਆ ਕਰਮੀ, ਕਿਸੇ ਵਿਰੋਧੀ ਸਿਆਸਤਦਾਨ ਅਤੇ ਕਿਸੇ ਹੋਰ ਓਪਰੇ-ਪਰਾਏ ਬੰਦੇ ਨੂੰ ਪਿੰਡ ਨੇੜੇ ਨਾ ਫਟਕਣ ਦਿੱਤਾ ਜਾਵੇ, ਨਾ ਪਰਿਵਾਰ ਨੂੰ ਮਿਲਣ ਦਿੱਤਾ ਜਾਵੇ।

ਸੰਖੇਪ ਵਿਚ ਆਖਿਆ ਜਾਵੇ ਤਾਂ ਕੁਝ ਕੁ ਆਗੂਆਂ ਨੂੰ ਹੀ ਲੋਕਾਂ ਨੂੰ ਮਿਲਣ ਦਿੱਤਾ ਗਿਆ। ਪਰਿਵਾਰ ਹੁਣ ਜ਼ਿਆਦਾ ਕੁਝ ਨਹੀਂ ਆਖ ਸਕਦਾ, ਕਿਉਂਕਿ ਡੀ.ਐਮ. ਨੇ ਉਨ੍ਹਾਂ ਨੂੰ ਸਮਝਾ ਦਿੱਤਾ ਹੈ ਕਿ ਮੀਡੀਆ ਤੇ ਹੋਰ ਲੋਕ ਤਾਂ ਆਖਰ ਚਲੇ ਜਾਣਗੇ ਪਰ ਉਨ੍ਹਾਂ ਨੇ ਇੱਥੇ ਹੀ ਸਥਾਨਕ 'ਹਾਕਮਾਂ' ਦੇ ਰਹਿਮੋ-ਕਰਮ 'ਤੇ ਰਹਿਣਾ ਹੈ। ਸਰਕਾਰ ਨੇ ਕੁਝ ਪੁਲਿਸ ਅਫਸਰਾਂ ਨੂੰ ਮੁਅੱਤਲ ਕੀਤਾ ਹੈ (ਅਜਿਹੇ ਕੇਸਾਂ ਵਿਚ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਬਹਾਲ ਕਰ ਦਿੱਤਾ ਜਾਂਦਾ ਹੈ) ਅਤੇ ਨਾਲ ਹੀ ਵਾਅਦਾ ਕੀਤਾ ਹੈ ਕਿ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣਗੀਆਂ ਪਰ ਡੀ.ਐਮ. ਇਸ ਮੁਅੱਤਲੀ ਤੋਂ ਕਿਵੇਂ ਬਚ ਗਿਆ?

ਪਿੰਡ ਦੇ ਉਚ ਜਾਤੀ ਲੋਕਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਮੁੰਡੇ ਬੇਕਸੂਰ ਹਨ। ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ (ਏ.ਡੀ.ਜੀ.ਪੀ.) ਵਰਗੇ ਸੀਨੀਅਰ ਪੁਲਿਸ ਅਫਸਰ ਨੇ ਆਖਿਆ ਹੈ ਕਿ ਪੀੜਤਾ ਨਾਲ ਬਲਾਤਕਾਰ ਹੋਇਆ ਹੀ ਨਹੀਂ। ਭਾਰਤ ਦੀ ਇਕ ਨਾਗਰਿਕ ਨਾਲ ਬਲਾਤਕਾਰ ਹੋਇਆ, ਕੁੱਟ-ਮਾਰ ਹੋਈ, ਹੱਡੀਆਂ ਤੱਕ ਤੋੜ ਦਿੱਤੀਆਂ, ਫਿਰ ਰਿਆਸਤ/ਸਟੇਟ ਨੇ ਉਸ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਅਤੇ ਅਖੀਰ ਇਸ 'ਨਾਗਰਿਕ' ਦਾ ਪਰਿਵਾਰ ਦੀ ਗੈਰਹਾਜ਼ਰੀ 'ਚ ਰਾਤ ਵੇਲੇ ਸਸਕਾਰ ਕਰ ਦਿੱਤਾ ਗਿਆ; ਅਸੀਂ ਆਪਣੇ ਦੁਸ਼ਮਣਾਂ ਨਾਲ ਵੀ ਬੀਤੇ ਵਿਚ ਇਸ ਤੋਂ ਕਿਤੇ ਚੰਗਾ ਵਰਤਾਉ ਕੀਤਾ ਹੈ ਪਰ ਕੀ ਇਹ ਗਰੀਬ ਦਲਿਤ ਕੁੜੀ ਦੇਸ਼ ਦੀ 'ਨਾਗਰਿਕ' ਨਹੀਂ ਸੀ? ਭਾਰਤੀ ਗਣਰਾਜ ਦੀ ਨਾਗਰਿਕ, ਜਿਸ ਗਣਰਾਜ ਨੇ ਹਾਲ ਹੀ ਵਿਚ ਆਪਣੇ ਦੋ ਮਹਾਨਤਮ ਸਪੂਤਾਂ- ਮਹਾਤਮਾ ਗਾਂਧੀ ਤੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮਨਾਏ ਹਨ। ਇਨ੍ਹਾਂ ਦੋਵਾਂ ਨੇ ਮੁਲਕ ਦੀ ਆਜ਼ਾਦੀ ਲਈ ਜਾਨਾਂ ਵਾਰੀਆਂ।

ਹੋਰ ਕੇਸਾਂ ਵਾਂਗ ਇਸ ਕੇਸ ਵਿਚ ਵੀ ਸਮੁੱਚਾ ਨਿਆਂ ਢਾਂਚਾ ਨਾਕਾਮ ਰਿਹਾ ਹੈ। ਹੁਣ ਇਹ ਸਾਰਾ ਢਾਂਚਾ ਹਾਕਮ ਪਾਰਟੀ ਦੀ ਮਰਜ਼ੀ, ਖਾਸ ਕਰ ਮੁੱਖ ਮੰਤਰੀ ਦੀ ਨਿੱਜੀ ਇੱਛਾ ਮੁਤਾਬਕ ਚਲਦਾ ਹੈ। ਸਾਰੀਆਂ ਤਾਕਤਾਂ ਸਿਆਸੀ ਲੀਡਰਸ਼ਿਪ ਦੇ ਹੱਥ ਹੁੰਦੀਆਂ ਹਨ ਅਤੇ ਸੰਵਿਧਾਨਿਕ ਤੌਰ 'ਤੇ ਤੈਅ ਢਾਂਚਾ, ਜਿਹੜਾ ਐਸ.ਪੀ., ਡੀ.ਐਮ. ਅਤੇ ਜੱਜਾਂ ਦੀ ਅਗਵਾਈ ਹੇਠ ਚੱਲਣਾ ਹੁੰਦਾ ਹੈ, ਵਿਚ ਇਹ ਮਹਿਜ਼ ਮੋਹਰੇ ਸਾਬਤ ਹੁੰਦੇ ਹਨ। ਪੁਲਿਸ ਹੁਣ ਦਾਅਵੇ ਨਾਲ ਆਖ ਸਕਦੀ ਹੈ ਕਿ ਕੋਈ ਬਲਾਤਕਾਰ ਨਹੀਂ ਹੋਇਆ, ਉਸ ਕੋਲ ਇਸ ਸਬੰਧੀ ਹਵਾਲੇ ਲਈ ਅਤੇ ਕੇਸ ਨੂੰ ਦਬਾਉਣ ਲਈ ਮੈਡੀਕੋ-ਲੀਗਲ ਰਿਪੋਰਟਾਂ ਹਨ। ਇਹ ਡਾਕਟਰੀ ਮੁਆਇਨਾ ਘਟਨਾ ਤੋਂ ਗਿਆਰਾਂ ਦਿਨ ਬਾਅਦ ਕੀਤਾ ਗਿਆ ਤਾਂ ਇਸ ਤੋਂ ਕੀ ਉਮੀਦ ਕੀਤੀ ਜਾ ਸਕਦੀ ਸੀ? ਪੁਲਿਸ ਜਾਂਚ ਤੋਂ ਕੀ ਪਤਾ ਲੱਗਦਾ ਹੈ? ਕੀ ਕੋਈ ਪੁਲਿਸ ਜਾਂਚ ਹੋਈ ਵੀ ਹੈ? ਐਫ.ਆਈ.ਆਰ. ਕਦੋਂ ਦਰਜ ਕੀਤੀ? ਕੇਸ ਡਾਇਰੀਆਂ ਕਦੋਂ ਲਿਖੀਆਂ ਗਈਆਂ? ਕੀ ਕੋਈ ਨਿਗਰਾਨ ਅਫਸਰ ਘਟਨਾ ਸਥਾਨ 'ਤੇ ਗਿਆ ਅਤੇ ਡਾਇਰੀ ਦਰਜ ਕੀਤੀ? ਕੀ ਫੌਰੈਂਸਿਕ ਮਾਹਿਰਾਂ ਨੇ ਘਟਨਾ ਸਥਾਨ ਦਾ ਮੁਆਇਨਾ ਕੀਤਾ, ਜੇ ਹਾਂ ਤਾਂ ਉਨ੍ਹਾਂ ਦੀ ਰਿਪੋਰਟ ਕੀ ਕਹਿੰਦੀ ਹੈ? ਕੀ ਐਫ.ਆਈ.ਆਰ. ਦੀ ਨਕਲ ਅਤੇ ਕੇਸ ਡਾਇਰੀਆਂ ਦੀਆਂ ਨਕਲਾਂ ਮਿਥੇ ਸਮੇਂ ਵਿਚ ਜੁਡੀਸ਼ੀਅਲ ਮੈਜਿਸਟਰੇਟ ਨੂੰ ਪਹੁੰਚਾਈਆਂ ਗਈਆਂ? ਕੀ ਡੀ.ਐਮ. ਨੇ ਇਹ ਯਕੀਨੀ ਬਣਾਇਆ ਕਿ ਪ੍ਰਾਸੀਕਿਊਸ਼ਨ ਬਰਾਂਚ ਵਲੋਂ ਮਾਮਲੇ ਦੀ ਨਿਗਰਾਨੀ ਕੀਤੀ ਜਾ ਰਹੀ ਸੀ? ਕੀ ਉਸ ਨੇ ਖੁਦ ਪੁਲਿਸ ਜਾਂਚ 'ਤੇ ਨਜ਼ਰ ਰੱਖੀ? ਕਾਨੂੰਨਾਂ ਤੇ ਨਿਯਮਾਂ ਮੁਤਾਬਿਕ ਕੁਝ ਵੀ ਨਹੀਂ ਕੀਤਾ ਗਿਆ, ਹੁਣ ਪਿਛਲੀਆਂ ਤਾਰੀਖਾਂ ਵਿਚ ਇੰਦਰਾਜ ਕੀਤੇ ਜਾਣਗੇ। ਸਿਆਸਤਦਾਨਾਂ ਨੇ ਢਾਂਚੇ ਨੂੰ ਢਹਿ-ਢੇਰੀ ਕਰ ਦਿੱਤਾ ਹੈ।

ਉਪਰੋਕਤ ਸਭ ਕਾਸੇ ਨੂੰ ਭੁੱਲਦਿਆਂ ਪੀੜਤਾ ਦਾ ਉਹ ਬਿਆਨ, ਜਿਸ ਵਿਚ ਉਸ ਨੇ ਦੋਸ਼ੀਆਂ ਦੇ ਨਾਂ ਲਏ ਅਤੇ ਆਪਣੇ ਨਾਲ ਜਬਰ ਜਨਾਹ ਹੋਣ ਦੇ ਦੋਸ਼ ਲਾਏ, ਉਸ ਦਾ ਮਰਨ ਵੇਲੇ ਦਾ ਬਿਆਨ ਹੈ। ਸਰਕਾਰ ਅਤੇ ਪੁਲਿਸ ਇਸ ਨੂੰ ਮੰਨਣ ਤੋਂ ਕਿਉਂ ਸ਼ਰਮਾ ਰਹੇ ਹਨ? ਕੁਝ ਵੀ ਹੋਵੇ, ਸੂਬਾ ਸਰਕਾਰ ਨੇ ਕੇਸ ਤੋਂ ਆਪਣਾ ਪੱਲਾ ਝਾੜ ਲਿਆ ਹੈ ਅਤੇ ਮਾਮਲਾ ਸੀ.ਬੀ.ਆਈ. ਕੋਲ ਪੁੱਜ ਗਿਆ ਹੈ। ਕਿਸੇ ਦਿਨ ਕਹਾਣੀ ਹੋਰ ਦੀ ਹੋਰ ਬਣ ਜਾਵੇਗੀ। ਜਾਂਚ ਬਾਰੇ ਮੈਂ ਕੋਈ ਪੂਰਵ-ਧਾਰਨਾ ਨਹੀਂ ਬਣਾਵਾਂਗਾ ਪਰ ਜਾਂਚ ਏਜੰਸੀ ਦੀ ਬੀਤੇ ਦੀ ਕਾਰਗੁਜ਼ਾਰੀ ਤੋਂ ਕੋਈ ਖਾਸ ਉਮੀਦ ਨਹੀਂ ਬੱਝਦੀ।

ਉਂਜ, ਕਿਸੇ ਨਾ ਕਿਸੇ ਤਰ੍ਹਾਂ ਹਾਥਰਸ ਇਕ ਵੱਡਾ ਮਾਮਲਾ ਬਣ ਗਿਆ ਅਤੇ ਇਸ ਕਾਰਨ ਮੀਡੀਆ ਯੋਧਿਆਂ ਨੂੰ ਸੁਸ਼ਾਂਤ ਸਿੰਘ ਰਾਜਪੂਤ ਮਾਮਲੇ ਤੋਂ ਹਟਾ ਕੇ ਇਸ ਪਾਸੇ ਤਾਇਨਾਤ ਕਰ ਦਿੱਤਾ ਗਿਆ ਹੈ। ਹੁਣ ਉਨ੍ਹਾਂ ਦੋਹਾਂ ਮਾਮਲਿਆਂ ਵਿਚ ਕੌਮਾਂਤਰੀ ਤੇ ਕੌਮੀ ਪੱਧਰਾਂ 'ਤੇ ਸਾਜ਼ਿਸ਼ ਹੋਣ ਦਾ ਦਾਅਵਾ ਕਰਦਿਆਂ ਇਹ ਕਿਹਾ ਜਾ ਰਿਹਾ ਹੈ ਕਿ ਇਸ ਸਾਰਾ ਰੌਲਾ ਯੂ.ਪੀ. ਸਰਕਾਰ ਨੂੰ ਬਦਨਾਮ ਕਰਨ ਲਈ ਪਾਇਆ ਜਾ ਰਿਹਾ ਹੈ। ਕਹਾਣੀ ਵਿਚ ਤਾਜ਼ਾ ਮੋੜ ਇਹ ਹੈ ਕਿ ਦੋਸ਼ੀ ਹੁਣ ਪੀੜਤ ਹਨ ਅਤੇ ਦੁੱਖਾਂ ਦੇ ਮਾਰੇ ਪੀੜਤ ਦੋਸ਼ੀ ਬਣਾਏ ਜਾ ਰਹੇ ਹਨ।

ਹੁਣ ਸਮਾਂ ਇਕ ਹੋਰ ਗਾਂਧੀ, ਇਕ ਹੋਰ ਭਗਤ ਸਿੰਘ ਦੀ ਮੰਗ ਕਰਦਾ ਹੈ ਪਰ ਕੀ ਇਸ ਪਰਿਵਾਰ ਦੇ ਵਿਰਲਾਪ ਨੂੰ ਹੁੰਗਾਰਾ ਮਿਲੇਗਾ?

# ਆਮ ਰਾਏ ਦੇ ਅਹਿਸਾਸ ਤੋਂ ਸੱਖਣਾ ਹੋ ਰਿਹਾ ਭਾਰਤੀ ਲੋਕਤੰਤਰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਵਿਚ ਕੋਈ ਸ਼ੱਕ ਨਹੀਂ ਕਿ ਜੰਗਲਾਂ ਤੋਂ ਆਣ ਕੇ ਜਦੋਂ ਇਨਸਾਨ ਬਸਤੀਆਂ ਵਿਚ ਆਬਾਦ ਹੋਇਆ ਸੀ ਅਤੇ ਝੁੰਡਾਂ ਦੀ ਚੌਧਰ ਤੋਂ ਰਾਜਾਂ ਅਤੇ ਰਾਜਿਆਂ ਦਾ ਯੁੱਗ ਤੁਰਿਆ ਸੀ, ਉਦੋਂ ਤੋਂ ਰਾਜ ਕਾਇਮ ਰੱਖਣ ਵਾਸਤੇ ਤਾਕਤ ਦੀ ਵਰਤੋਂ ਹੁੰਦੀ ਰਹੀ ਹੈ। ਜਿਹੜੇ ਰਾਜੇ ਬਹੁਤ ਨਰਮ-ਦਿਲ ਅਤੇ ਲੋਕ-ਹਿਤੂ ਹੋਣ ਵਜੋਂ ਇਤਿਹਾਸ ਵਿਚ ਦਰਜ ਹਨ, ਉਹ ਵੀ ਇੱਕ ਵਕਤ ਤੱਕ ਆਪਣੀ ਤਾਕਤ ਦਾ ਅਹਿਸਾਸ ਕਰਵਾ ਚੁਕਣ ਪਿਛੋਂ ਹੀ ਨਰਮ-ਦਿਲ ਵਜੋਂ ਵਿਹਾਰ ਕਰਨ ਲੱਗੇ ਸਨ ਤੇ 'ਅਸ਼ੋਕ ਮਹਾਨ' ਜਿਹਾ ਅਮਨ ਦਾ ਪੁਜਾਰੀ ਵੀ ਕਾਲਿੰਗਾ ਦੀ ਲੜਾਈ ਦੌਰਾਨ ਖੂਨ ਦੀਆਂ ਨਦੀਆਂ ਵਹਾ ਚੁਕਣ ਪਿੱਛੋਂ ਹੀ ਇਸ ਰਸਤੇ 'ਤੇ ਚੱਲਿਆ ਸੀ। ਇਸ ਤਰ੍ਹਾਂ ਮੁਢਲੇ ਸਮਿਆਂ ਤੋਂ ਰਾਜ ਲਈ ਤਾਕਤ ਦੀ ਵਰਤੋਂ ਹੁੰਦੀ ਆਈ ਹੈ। ਫਿਰ ਵੀ ਉਹ ਰਾਜਿਆਂ ਦੇ ਇੱਕ-ਅਧਿਕਾਰ ਦਾ ਯੁੱਗ ਸੀ, ਜਿਸ ਵਿਚ ਮੰਤਰੀ ਜਾਂ ਦਰਬਾਰੀ ਸਿਰਫ ਸਲਾਹ ਦੇਣ ਲਈ ਹੁੰਦੇ ਸਨ, ਉਨ੍ਹਾਂ ਦੀ ਰਾਏ ਮੰਨਣੀ ਰਾਜੇ ਲਈ ਜ਼ਰੂਰੀ ਨਹੀਂ ਸੀ ਹੁੰਦੀ। ਕਰਨੀ ਉਸ ਨੇ ਆਪਣੀ ਮਰਜ਼ੀ ਹੁੰਦੀ ਸੀ। ਅੱਜ ਵਾਲੇ ਸਮੇਂ ਵਿਚ ਜਿਹੜੇ ਦੇਸ਼ਾਂ ਵਿਚ ਰਾਜੇ ਅਤੇ ਰਾਜ ਅਜੇ ਤੱਕ ਕਾਇਮ ਹਨ, ਉਥੇ ਵੀ ਉਹ ਏਦਾਂ ਦੀ ਮੂੰਹੋਂ ਨਿਕਲੀ ਗੱਲ ਨੂੰ ਕਾਨੂੰਨ ਬਣਾ ਕੇ ਵਰਤਣ ਦੀ ਹੱਦ ਤੱਕ ਆਮ ਕਰ ਕੇ ਨਹੀਂ ਜਾਂਦੇ, ਵਿਰਲਾ-ਟਾਂਵਾਂ ਹੀ ਕੋਈ ਇਹ ਕੁਝ ਕਰ ਸਕਦਾ ਹੈ। ਬਾਕੀ ਦੇ ਸੰਸਾਰ ਵਿਚ ਇਸ ਵਕਤ ਵੱਖ-ਵੱਖ ਵੰਨਗੀਆਂ ਦਾ ਲੋਕ-ਰਾਜੀ ਪ੍ਰਬੰਧ ਚੱਲਦਾ ਹੈ, ਜਿਸ ਵਿਚ ਜਿੰਨੀਆਂ ਵੀ ਵੋਟਾਂ ਨਾਲ ਜਿੱਤ ਹੋਈ ਹੋਵੇ, ਰਾਜ ਕਰਨ ਵਾਲਿਆਂ ਨੂੰ ਆਪਣੇ ਦੇਸ਼ ਦੀ ਆਮ ਰਾਏ ਦਾ ਖਿਆਲ ਰੱਖਣਾ ਪੈਂਦਾ ਹੈ।

ਆਜ਼ਾਦੀ ਪਿੱਛੋਂ ਅਸੀਂ ਭਾਰਤ ਵਿਚ ਬਹੁਤ ਸਾਰੇ ਰਾਜ ਵੇਖੇ ਹਨ। ਪੰਡਿਤ ਜਵਾਹਰ ਲਾਲ ਨਹਿਰੂ ਬਾਰੇ ਆਮ ਪ੍ਰਭਾਵ ਸੀ ਕਿ ਉਹ ਆਮ ਰਾਏ ਨਾਲ ਚੱਲਦਾ ਸੀ। ਲਾਲ ਬਹਾਦਰ ਸ਼ਾਸਤਰੀ ਵੀ ਏਦਾਂ ਕਰਦਾ ਸੀ। ਇੰਦਰਾ ਗਾਂਧੀ ਏਦਾਂ ਦੀ ਆਮ ਰਾਏ ਵੇਖਣ ਦੀ ਥਾਂ ਧੌਂਸ ਦਾ ਯੁੱਗ ਸ਼ੁਰੂ ਕਰਨ ਵਾਲੀ ਕਹੀ ਜਾ ਸਕਦੀ ਹੈ, ਪਰ ਉਸ ਦੇ ਇਸ ਵਿਹਾਰ ਕਾਰਨ ਦੇਸ਼ ਵਿਚ ਐਮਰਜੈਂਸੀ ਲਾਉਣੀ ਪਈ ਸੀ ਅਤੇ ਸਿਰਫ ਪੰਜ ਸਾਲ ਪਹਿਲਾਂ ਬੰਗਲਾ ਦੇਸ਼ ਦੀ ਸ਼ਾਨਦਾਰ ਜਿੱਤ ਦੇ ਬਾਵਜੂਦ ਉਸ ਦੀ ਏਨੀ ਬੁਰੀ ਹਾਲਤ ਹੋਈ ਸੀ ਕਿ ਪਾਰਟੀ ਤਾਂ ਕੀ, ਉਹ ਆਪਣੀ ਸੀਟ ਵੀ ਹਾਰ ਗਈ ਸੀ। ਉਸ ਦਾ ਪੁੱਤਰ ਵੀ ਤੇ ਪੁੱਤਰ ਦੇ ਜੋਟੀਦਾਰ ਵੀ ਹਾਰ ਗਏ ਸਨ ਅਤੇ ਉੱਤਰੀ ਭਾਰਤ ਦੇ ਸਾਰੇ ਰਾਜਾਂ ਵਿਚ ਉਸ ਦੀ ਪਾਰਟੀ ਨੂੰ ਇਸ ਤਰ੍ਹਾਂ ਹੂੰਝਾ ਫਿਰ ਗਿਆ ਕਿ ਲੋਕਤੰਤਰ ਦੀ ਅਸਲੀ ਤਾਕਤ ਦੀ ਹਰ ਕਿਸੇ ਨੂੰ ਸਮਝ ਆ ਗਈ ਸੀ। ਉਦੋਂ ਪਿੱਛੋਂ ਕਿਸੇ ਹੋਰ ਲੀਡਰ ਨੇ ਆਮ ਰਾਏ ਨੂੰ ਅੱਖੋਂ ਪਰੋਖਾ ਨਹੀਂ ਸੀ ਕੀਤਾ। ਹੋਰ ਤਾਂ ਹੋਰ, ਅਟਲ ਬਿਹਾਰੀ ਵਾਜਪਾਈ




ਸਰਕਾਰ ਬਣਨ ਦੇ ਬਾਅਦ ਜਿਵੇਂ ਸਮਝਿਆ ਜਾਂਦਾ ਸੀ ਕਿ ਆਮ ਰਾਏ ਦੀ ਕਦਰ ਨਹੀਂ ਰਹਿਣੀ, ਉਸ ਦੇ ਉਲਟ ਜਿੱਥੇ ਜਾਪਦਾ ਸੀ ਕਿ ਲੋਕ ਰਾਏ ਦੇ ਉਲਟ ਕਦਮ ਪੁੱਟੇ ਜਾ ਰਹੇ ਹਨ, ਵਾਜਪਾਈ ਵਰਗੇ ਆਗੂ ਨੂੰ ਵੀ ਪੈਰ ਪਿੱਛੇ ਖਿੱਚਣ ਵਿਚ ਝਿਜਕ ਨਹੀਂ ਸੀ ਹੁੰਦੀ।

ਅੱਜ ਦਾ ਭਾਰਤ ਇੱਕ ਨਵੇਂ ਦੌਰ ਵਿਚ ਦਾਖਲ ਹੋ ਚੁਕਾ ਹੈ। ਇਸ ਵਿਚ ਬਣੀਆਂ ਹੋਈਆਂ ਮਾਨਤਾਵਾਂ ਤੇ ਕਦਰਾਂ-ਕੀਮਤਾਂ ਦੇ ਥਾਂ ਇੱਕ ਆਗੂ ਦੀ ਮਰਜ਼ੀ ਪੁਗਾਉਣ ਲਈ ਸਾਰਾ ਤੰਤਰ ਟਿੱਲ ਲਾ ਦਿੰਦਾ ਹੈ। ਭਾਰਤ ਵਿਚ ਵਿਦੇਸ਼ੀ ਲੋਕ ਹੋਣ ਦਾ ਰੌਲਾ ਤਾਂ ਪੰਤਾਲੀ ਸਾਲ ਪਹਿਲਾਂ ਆਸਾਮ ਵਿਚ ਚੱਲੀ ਵਿਦਿਆਰਥੀ ਐਜੀਟੇਸ਼ਨ ਵੇਲੇ ਤੋਂ ਸੁਣਿਆ ਜਾਂਦਾ ਸੀ, ਜਿਸ ਨੂੰ ਚਲਾਉਣ ਵਾਲਿਆਂ ਨੇ ਬਾਅਦ ਵਿਚ ਆਸਾਮ ਗਣ ਪ੍ਰੀਸ਼ਦ ਬਣਾਈ ਅਤੇ ਵੱਖ-ਵੱਖ ਸਰਕਾਰਾਂ ਵਿਚ ਸ਼ਾਮਲ ਹੋਣ ਲੱਗ ਪਏ ਸਨ, ਪਰ ਵਾਜਪਾਈ ਸਰਕਾਰ ਨੇ ਇਸ ਮੁੱਦੇ ਉੱਤੇ ਨਵੀਂ ਖੱਪ ਨਹੀਂ ਸੀ ਪਵਾਈ। ਜੰਮੂ-ਕਸ਼ਮੀਰ ਵਿਚ ਲਾਗੂ ਹੋਈ ਧਾਰਾ 370 ਦੇ ਖਿਲਾਫ ਪਹਿਲਾਂ ਜਨ ਸੰਘ ਵੀ ਬੋਲਦੀ ਆਈ ਸੀ ਤੇ ਫਿਰ ਨਵਾਂ ਰੂਪ ਧਾਰਨ ਦੇ ਬਾਅਦ ਬਣਾਈ ਭਾਰਤੀ ਜਨਤਾ ਪਾਰਟੀ ਵੀ ਇਸ ਦਾ ਵਿਰੋਧ ਕਰਦੀ ਰਹੀ ਸੀ, ਪਰ ਇਸ ਨੂੰ ਤੋੜਨ ਵਾਲਾ ਕਦਮ ਚੁੱਕਣ ਤੱਕ ਵਾਜਪਾਈ ਸਰਕਾਰ ਵੀ ਨਹੀਂ ਸੀ ਗਈ।

ਅੱਜ ਵਾਲੇ ਆਗੂ ਇਹ ਕਹਿੰਦੇ ਹਨ ਕਿ ਉਦੋਂ ਭਾਜਪਾ ਕੋਲ ਆਪਣੇ ਸਿਰ ਬਹੁ-ਸੰਮਤੀ ਨਾ ਹੋਣ ਕਾਰਨ ਵਾਜਪਾਈ ਨੇ ਇਹ ਕਦਮ ਨਹੀਂ ਚੁੱਕਿਆ, ਪਰ ਅਸਲੀ ਗੱਲ ਇਹ ਹੈ ਕਿ ਆਪਣੇ ਵੇਲੇ ਵਾਜਪਾਈ ਨੂੰ ਸਿਰਫ ਸੱਤਾ ਨਹੀਂ, ਲੋਕ-ਲਾਜ ਦਾ ਵੀ ਅਹਿਸਾਸ ਰਹਿੰਦਾ ਸੀ ਤੇ ਦੁਨੀਆਂ ਵਿਚ ਦੇਸ਼ ਦੀ ਦਿੱਖ ਦਾ ਵੀ ਖਿਆਲ ਸੀ, ਇਸ ਕਰ ਕੇ ਏਦਾਂ ਨਹੀਂ ਸੀ ਕੀਤਾ। ਅਜਿਹੇ ਕਈ ਹੋਰ ਫੈਸਲੇ ਗਿਣਾਏ ਜਾ ਸਕਦੇ ਹਨ, ਜਿਨ੍ਹਾਂ ਕਾਰਨ ਅੱਜ ਦੇ ਕੇਂਦਰੀ ਹਾਕਮ ਉਦੋਂ ਦੇ ਵਾਜਪਾਈ ਵਾਲੇ ਦੌਰ ਤੋਂ ਵੀ ਬਹੁਤ ਵੱਖਰੇ ਢੰਗ ਨਾਲ ਚੱਲਦੇ ਦਿੱਸ ਸਕਦੇ ਹਨ।

ਇਸੇ ਲੜੀ ਵਿਚ ਇਸ ਵਕਤ ਦੀ ਸਰਕਾਰ ਦਾ ਤਾਜ਼ਾ ਕਦਮ ਕਿਸਾਨਾਂ ਦੇ ਵਿਰੁੱਧ ਪਾਸ ਕੀਤੇ ਗਏ ਤਿੰਨ ਕਾਨੂੰਨਾਂ ਦਾ ਹੈ, ਜੋ ਭੁੱਖੇ ਬਘਿਆੜ ਅੱਗੇ ਨੂੜ ਕੇ ਹਿਰਨ ਸੁੱਟ ਦੇਣ ਵਾਂਗ ਸਿੱਧੇ ਤੌਰ ਉੱਤੇ ਵੱਡੇ ਪੂੰਜੀਪਤੀਆਂ ਅੱਗੇ ਕਿਸਾਨਾਂ ਨੂੰ ਸੁੱਟਣ ਜਿਹਾ ਹੈ। ਜਿਸ ਢੰਗ ਨਾਲ ਇਸ ਵਾਰੀ ਇਸ ਤਰ੍ਹਾਂ ਦੇ ਬਿੱਲ ਪੇਸ਼ ਕੀਤੇ ਤੇ ਪਾਸ ਕਰਾਏ ਗਏ ਹਨ, ਉਸ ਨਾਲ ਪਾਰਲੀਮੈਂਟ ਦੀ ਕਾਰਵਾਈ ਵੀ ਹਾਸੋਹੀਣੀ ਜਾਪਣ ਲੱਗ ਪਈ ਹੈ। ਅਵਾਜ਼ ਦੀ ਵੋਟ ਨਾਲ ਜਿਵੇਂ ਬਹੁ-ਸੰਮਤੀ ਦਾ ਪ੍ਰਭਾਵ ਬਣਾਇਆ ਗਿਆ ਹੈ, ਉਸ ਨੂੰ ਬਹੁ-ਸੰਮਤੀ ਕਹਿਣ ਵਾਲਾ ਸਰਕਾਰ ਦੇ ਹੱਥਾਂ ਵਿਚ ਖੇਡ ਰਹੇ ਕਾਲਮ-ਨਵੀਸਾਂ ਤੋਂ ਸਿਵਾ ਕੋਈ ਵੀ ਨਹੀਂ ਲੱਭਦਾ। ਫਿਰ ਇਹ ਕੰਮ ਕੀਤਾ ਵੀ ਏਨਾ ਮਿਥ ਕੇ ਗਿਆ ਕਿ ਕਾਨੂੰਨ ਬਣਨ ਤੋਂ ਪਹਿਲਾਂ ਬਿੱਲ ਅਤੇ ਬਿੱਲ ਪੇਸ਼ ਕਰਨ ਤੋਂ ਪਹਿਲਾਂ ਜਦੋਂ ਹਾਲੇ ਆਰਡੀਨੈਂਸ ਵੀ ਜਾਰੀ ਨਹੀਂ ਸੀ ਹੋਏ, ਜਿਹੜੇ ਪੂੰਜੀਪਤੀਆਂ ਨੇ ਕਿਸਾਨਾਂ ਦਾ ਝਟਕਾ ਕਰਨ ਲਈ ਆਉਣਾ ਸੀ, ਉਨ੍ਹਾਂ ਨੇ ਪੰਜਾਬ ਵਿਚ ਗੋਦਾਮਾਂ ਲਈ ਜ਼ਮੀਨਾਂ ਉਸ ਤੋਂ ਵੀ ਪਹਿਲਾਂ ਮੱਲ ਲਈਆਂ ਸਨ।

ਮਾਲਵੇ ਦੇ ਕੋਟਕਪੂਰੇ ਵਿਚ ਗੁਜਰਾਤ ਦੇ ਵੱਡੇ ਪੂੰਜੀਪਤੀ ਦਾ ਗੋਦਾਮ ਬਣਨਾ ਸ਼ੁਰੂ ਹੋਣ ਤੱਕ ਕਿਸੇ ਕਾਨੂੰਨ ਜਾਂ ਕਾਨੂੰਨ ਬਣ ਸਕਣ ਵਾਲੇ ਬਿੱਲ ਤਾਂ ਕੀ, ਆਰਡੀਨੈਂਸ ਦੇ ਜਾਰੀ ਹੋਣ ਦਾ ਨਾਂ ਤੱਕ ਵੀ ਕਿਸੇ ਨਹੀਂ ਸੀ ਸੁਣਿਆ। ਇਸ ਦਾ ਅਰਥ ਇਹ ਹੈ ਕਿ ਸਾਰਾ ਕੰਮ ਪੂੰਜੀਪਤੀਆਂ ਦੀ ਰਾਏ ਨਾਲ ਏਦਾਂ ਤੈਅ ਕੀਤਾ ਗਿਆ ਸੀ ਕਿ ਉਨ੍ਹਾਂ ਨੇ ਪਾਸ ਹੋਣ ਦੀ ਆਸ ਵਿਚ ਇਹ ਸਭ ਕੁਝ ਸਿਰੇ ਚੜ੍ਹਨ ਤੋਂ ਪਹਿਲਾਂ ਹੀ ਏਥੇ ਅੱਡੇ ਆਣ ਗੱਡੇ ਸਨ। ਪੰਜਾਬੀ ਮੁਹਾਵਰਾ ਹੈ ਕਿ 'ਪਿੰਡ ਬੱਝਾ ਨਹੀਂ, ਉਚੱਕੇ ਆਣ ਪਹੁੰਚੇ' ਅਤੇ ਜੋ ਕੁਝ ਇਹ ਕਾਨੂੰਨ ਪਾਸ ਹੋਣ ਤੋਂ ਪਹਿਲਾਂ ਇਸ ਦਾ ਲਾਹਾ ਲੈਣ ਵਾਲਿਆਂ ਨੇ ਕੀਤਾ ਹੈ, ਉਹ ਪੰਜਾਬੀ ਬੋਲੀ ਦੇ ਇਸ ਮੁਹਾਵਰੇ ਦੇ ਅੰਦਰ ਛੁਪੀ ਸੱਚਾਈ ਇਸ ਦੇਸ਼ ਦੀ ਨਵੀਂ ਪੀੜ੍ਹੀ ਦੇ ਲੋਕਾਂ ਨੂੰ ਵੀ ਸਮਝਾ ਦੇਵੇਗਾ।

ਜਦੋਂ ਇਹ ਸਤਰਾਂ ਲਿਖੀਆਂ ਜਾ ਰਹੀਆਂ ਹਨ, ਉਦੋਂ ਕਿਸਾਨਾਂ ਦਾ ਸੰਘਰਸ਼ ਜਾਰੀ ਹੈ ਅਤੇ ਕੇਂਦਰ ਸਰਕਾਰ ਵੱਲੋਂ ਆਮ ਰਾਏ ਅੱਖੋਂ ਪਰੋਖੀ ਕਰ ਕੇ ਆਪਣੀ ਹਠ ਪੁਗਾਉਣ ਦੇ ਯਤਨ ਵੀ ਜਾਰੀ ਹਨ। ਬਹੁਤ ਜ਼ਿਆਦਾ ਰੌਲਾ ਪੈਣ ਪਿੱਛੋਂ ਕੇਂਦਰ ਸਰਕਾਰ ਨੇ ਇੱਕ ਸੁਨੇਹਾ ਵੀ ਕਿਸਾਨਾਂ ਨੂੰ ਭੇਜਿਆ ਤਾਂ ਇਹ ਨਹੀਂ ਸੀ ਭੇਜਿਆ ਕਿ ਆਓ ਮਤਭੇਦਾਂ ਬਾਰੇ ਵਿਚਾਰ ਕਰ ਲੈਂਦੇ ਹਾਂ, ਸਗੋਂ ਇਹ ਭੇਜਿਆ ਸੀ, ਤੁਸੀਂ ਆਓ ਤਾਂ ਤੁਹਾਡੇ ਸ਼ੰਕੇ ਦੂਰ ਕਰਨ ਲਈ ਵਿਚਾਰ ਕਰ ਲਈਏ। ਕਿਸਾਨ ਧਿਰਾਂ ਨੇ ਇਸ ਸੱਦੇ ਦਾ ਹੁੰਗਾਰਾ ਨਹੀਂ ਭਰਿਆ ਤਾਂ ਕਈ ਲੋਕਾਂ ਨੂੰ ਆਸ ਸੀ ਕਿ ਸਰਕਾਰ ਇਸ ਦੇ ਬਾਅਦ ਵੀ ਆਮ ਰਾਏ ਬਾਰੇ ਸੋਚ ਸਕਦੀ ਹੈ, ਪਰ ਸਾਨੂੰ ਇਹ ਆਸ ਬਿਲਕੁਲ ਨਹੀਂ ਸੀ। ਆਸ ਨਾ ਹੋਣ ਦਾ ਕਾਰਨ ਇਹ ਹੈ ਕਿ ਕੇਂਦਰ ਸਰਕਾਰ ਨੂੰ ਉਹ ਵਿਅਕਤੀ ਚਲਾ ਰਿਹਾ ਹੈ, ਜਿਹੜਾ ਆਮ ਰਾਏ ਨੂੰ ਮਾਨਤਾ ਹੀ ਨਹੀਂ ਦਿੰਦਾ। ਗੁਜਰਾਤ ਵਿਚਲਾ ਉਸ ਦਾ ਤਜਰਬਾ ਇਹੋ ਹੈ ਕਿ ਰਾਜ ਨੂੰ ਰਾਜ ਦੀ ਤਾਕਤ ਨਾਲ ਚਲਾਇਆ ਜਾਂਦਾ ਹੈ, ਆਮ ਰਾਏ ਨੂੰ ਅੱਖੋਂ ਪਰੋਖੇ ਵੀ ਕਰ ਲਈਏ ਤਾਂ ਕੋਈ ਫਰਕ ਨਹੀਂ ਪੈਂਦਾ। ਇੱਕ ਖਾਸ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਹਵਾ ਦੇ ਕੇ ਵੋਟਾਂ ਦੇ ਪਰਾਗੇ ਭਰਨ ਦੇ ਬਾਅਦ ਉਸ ਨੂੰ ਹੋਰ ਕਿਸੇ ਧਿਰ ਨਾਲ ਆਮ ਰਾਏ ਬਣਾਉਣ ਦੀ ਲੋੜ ਨਹੀਂ ਜਾਪਦੀ। ਅੱਜ ਭਾਰਤ ਦਾ ਰਾਜਤੰਤਰ ਪੁਰਾਣੇ ਸਮੇਂ ਦੀ ਯਾਦ ਕਰਵਾ ਰਿਹਾ ਹੈ, ਜਿਸ ਵਿਚ ਹਾਕਮ ਦੇ ਮੂੰਹੋਂ ਨਿਕਲੇ ਸ਼ਬਦ ਹੀ ਕਾਨੂੰਨ ਦਾ ਰੂਪ ਧਾਰ ਸਕਦੇ ਸਨ ਅਤੇ ਕੋਈ ਕਿੰਤੂ ਨਹੀਂ ਹੋ ਸਕਦਾ ਸੀ। ਉਂਜ ਅਜੇ ਇਸ ਦੇਸ਼ ਵਿਚ ਲੋਕਤੰਤਰ ਹੈ। ਇਸ ਲੋਕਤੰਤਰ ਵਿਚ ਲੋਕਾਂ ਦੀ ਆਮ-ਰਾਏ ਦੀ ਧਾਰਨਾ ਨਹੀਂ ਲੱਭਦੀ ਤਾਂ ਨਾ ਸਹੀ, ਆਪਣੇ ਦੇਸ਼ ਦੀ ਮਿੱਟੀ ਉੱਤੇ ਜਦੋਂ ਮਾਣ ਕਰਨਾ ਹੋਵੇ ਤਾਂ ਕਹਿਣ ਲਈ ਇਹ ਵੀ ਕੋਈ ਛੋਟਾ ਅਹਿਸਾਸ ਨਹੀਂ ਕਿ ਹਾਂ, ਹਾਲੇ ਵੀ ਭਾਰਤ ਵਿਚ ਲੋਕਤੰਤਰ ਹੈ।

# ਕਿਥੋਂ ਲਿਆਈਏ ਲੱਭ ਕੇ ਫੂਲਨ ਦੇਵੀ ਇਕ ਹੋਰ!

ਹਾਲਾਤ ਕਈ ਵਾਰ ਅਜਿਹੇ ਮੋੜ 'ਤੇ ਲੈ ਆਉਂਦੇ ਹਨ ਕਿ ਉਹ ਇਨਸਾਨ ਵੀ ਯਾਦ ਆ ਜਾਂਦੇ ਹਨ, ਜਿਨ੍ਹਾਂ ਦਾ ਅਸੀਂ ਨਾਂ ਵੀ ਨਹੀਂ ਲੈਣਾ ਚਾਹੁੰਦੇ। ਅਜਿਹਾ ਹੀ ਇਕ ਨਾਂ ਹੈ, ਫੂਲਨ ਦੇਵੀ। ਭਾਵੇਂ ਉਹ ਐਮ. ਪੀ. ਬਣ ਗਈ ਸੀ, ਪਰ ਉਸ ਦੇ ਨਾਂ ਨਾਲ ਡਾਕੂ ਸ਼ਬਦ ਅਜੇ ਵੀ ਜੁੜਿਆ ਹੋਇਆ ਹੈ। ਉਸ ਦੇ ਡਾਕਿਆਂ ਨਾਲੋਂ ਉਸ ਦੀ ਬਹਾਦਰੀ ਦੀ ਇਕ ਘਟਨਾ ਜ਼ਿਆਦਾ ਪ੍ਰਸਿਧ ਹੈ। ਜਦੋਂ ਉਹ ਆਪਣੇ ਪਿੰਡ ਰਹਿੰਦੀ ਸੀ ਤਾਂ ਪਿੰਡ ਦੀ ਉਚੀ ਜਾਤ ਦੇ ਵੀਹ ਠਾਕੁਰਾਂ ਨੇ ਉਸ ਮਾਸੂਮ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਸੀ।



ਰਵਿੰਦਰ ਸਿੰਘ ਸੋਢੀ
ਫੋਨ: 604-369-2371

ਇਸ ਘਟਨਾ ਨੇ ਉਸ ਦੀ ਜ਼ਿੰਦਗੀ ਬਦਲ ਦਿੱਤੀ ਅਤੇ ਉਹ ਡਾਕੂਆਂ ਨਾਲ ਜਾ ਰਲੀ। ਇਕ ਦਿਨ ਉਹ ਆਪਣੇ ਕੁਝ ਸਾਥੀਆਂ ਨਾਲ ਆਪਣੇ ਪਿੰਡ ਆਈ ਅਤੇ ਉਨ੍ਹਾਂ ਵੀਹ ਠਾਕੁਰਾਂ ਨੂੰ ਇਕ ਲਾਈਨ ਵਿਚ ਖੜ੍ਹੇ ਕਰਕੇ ਗੋਲੀਆਂ ਨਾਲ ਭੁੰਨ ਕੇ ਤੁਰਦੀ ਬਣੀ। ਚਾਰੇ ਪਾਸੇ ਹਾਹਾਕਾਰ ਮੱਚ ਗਈ। ਉਸ ਦੇ ਸਿਰ 'ਤੇ ਇਨਾਮ ਰੱਖਿਆ ਗਿਆ।

ਕੁਝ ਮਹੀਨੇ ਪਹਿਲਾਂ ਕਿਸੇ ਸੂਬੇ ਵਿਚ ਵੀ ਅਜਿਹੀ ਘਟਨਾ ਵਾਪਰੀ ਸੀ। ਪੁਲਿਸ ਦੋਸ਼ੀਆਂ ਨੂੰ ਪਕੜਨ ਗਈ ਤਾਂ ਮੁਕਾਬਲਾ ਹੋ ਗਿਆ। ਸਾਰੇ ਦੋਸ਼ੀ ਮੁਕਾਬਲੇ ਵਿਚ ਮਾਰੇ ਗਏ। ਚਾਰੇ ਪਾਸੇ ਪੁਲਿਸ ਦੀ ਸ਼ੋਭਾ ਹੋਈ ਕਿ ਇਸ ਤਰ੍ਹਾਂ ਹੀ ਹੋਣਾ ਚਾਹੀਦਾ ਹੈ, ਪਰ ਇਕ ਮਾਣਯੋਗ ਜੱਜ ਸਾਹਿਬ ਨੇ ਕਿਹਾ ਕਿ 'ਤੁਰਤ-ਫੁਰਤ ਇਨਸਾਫ ਦਾ ਕੋਈ ਆਧਾਰ ਨਹੀਂ।' ਜੱਜ ਦਾ ਕਹਿਣਾ ਠੀਕ ਹੋ ਸਕਦਾ ਹੈ, ਕਿਉਂਕਿ ਕਾਨੂੰਨ ਦੀਆਂ ਕਿਤਾਬਾਂ ਵਿਚ ਮੌਕੇ ਦੇ ਗਵਾਹਾਂ ਦੇ ਸੱਚੇ-ਝੂਠੇ ਬਿਆਨਾਂ ਦਾ, ਪੁਖਤਾ ਸਬੂਤਾਂ, ਵਕੀਲਾਂ ਦੀਆਂ ਬਹਿਸਾਂ, ਦੋਸ਼ੀ ਨੂੰ ਆਪਣਾ ਪੱਖ ਰੱਖਣ ਦਾ, ਛੋਟੀ ਅਦਾਲਤ ਦੇ ਫੈਸਲੇ ਨੂੰ ਵੱਡੀ ਅਦਾਲਤ ਵਿਚ ਚੁਣੌਤੀ ਦੇਣ ਦਾ, ਫੈਸਲੇ ਨੂੰ ਮੁੜ ਵਾਚਣ ਦੀ ਬੇਨਤੀ ਕਰਨ ਦਾ, ਵਕੀਲ ਦੇ ਕਿਤੇ ਮਸ਼ਹੂਰ ਹੋਣ ਕਾਰਨ ਨਵੀਂ ਤਰੀਕ ਲੈਣ ਦਾ ਹੱਕ ਹੋਣਾ ਹੀ ਚਾਹੀਦਾ ਹੈ। ਕਈ ਵਾਰ ਜੱਜ ਨੂੰ ਕਾਨੂੰਨੀ ਮਜਬੂਰੀ ਵੱਸ 'Benefit of Doubt' ਦਾ ਸਹਾਰਾ ਲੈ ਕੇ ਦੋਸ਼ੀ ਨੂੰ ਬਰੀ ਵੀ ਕਰਨਾ ਪੈਂਦਾ ਹੈ। ਇਹ ਕਾਨੂੰਨੀ ਹੱਕਾਂ ਦੀ ਫਹਿਰਿਸਤ ਏਨੀ ਲੰਬੀ ਹੈ ਕਿ ਬਹੁਤੇ ਮੁਕੱਦਮੇ ਕੀੜੀ ਦੀ ਚਾਲ ਚੱਲਦੇ ਰਹਿੰਦੇ ਹਨ। ਦਿੱਲੀ ਦੀ ਬੱਸ ਵਿਚ ਹੋਏ ਨਿਰਭਯਾ ਕਾਂਡ ਵਿਚ ਅਸੀਂ ਦੇਖ ਹੀ ਚੁਕੇ ਹਾਂ ਕਿ ਦੋਸ਼ੀਆਂ ਨੇ ਸੁਪਰੀਮ ਕੋਰਟ ਵਿਚ ਵੀ ਫਾਂਸੀ ਟਾਲਣ ਲਈ ਕੀ ਕੀ ਨਹੀਂ ਕੀਤਾ। ਕਾਨੂੰਨ ਦੇ ਦਾਇਰੇ ਵਿਚ ਬੰਨੀ ਅਦਾਲਤ ਮਜਬੂਰ ਸੀ।

ਇਹ ਸਾਰੀ ਭੂਮਿਕਾ ਦੇਣ ਦੀ ਲੋੜ ਇਸ ਲਈ ਪਈ ਕਿ ਉੱਤਰ ਪ੍ਰਦੇਸ਼ ਦੇ ਪਿੰਡ ਹਾਥਰਸ ਵਿਚ ਇਕ ਉਨੀ ਸਾਲ ਦੀ ਦਲਿਤ ਮੁਟਿਆਰ ਮਨੀਸ਼ਾ ਨਾਲ ਉਚੀ ਜਾਤ ਕਹਾਉਣ ਵਾਲੇ ਠਾਕਰਾਂ ਦੇ ਚਾਰ ਦਰਿੰਦੇ ਨੌਜਵਾਨਾਂ ਨੇ ਕੁਕਰਮ ਕਰਨ ਪਿਛੋਂ ਉਸ ਦੀ ਜੀਭ ਕੱਟ ਦਿੱਤੀ, ਰੀੜ੍ਹ ਦੀ ਹੱਡੀ ਤੋੜ ਦਿੱਤੀ, ਜਿਸ ਕਾਰਨ ਉਹ ਮੁਟਿਆਰ ਆਪਣੀ ਜਾਨ ਤੋਂ ਹੱਥ ਧੋ ਬੈਠੀ। ਇਹੋ ਨਹੀਂ, ਪੁਲਿਸ ਨੇ ਤਾਂ ਰਾਤ ਦੇ ਦੋ-ਢਾਈ ਵਜੇ ਮ੍ਰਿਤਕ ਕੁੜੀ ਦੇ ਮਾਪਿਆਂ ਨੂੰ ਦੱਸੇ ਬਿਨਾ ਹੀ ਉਸ ਕੁੜੀ ਦਾ ਸਸਕਾਰ ਵੀ ਕਰ ਦਿੱਤਾ।



ਫੂਲਨ ਦੇਵੀ

ਇਹ ਘਿਨਾਉਣੀ ਘਟਨਾ ਸਾਡੇ ਮਹਾਨ ਦੇਸ਼, ਰਿਸ਼ੀਆਂ-ਮੁਨੀਆਂ, ਗੁਰੂਆਂ-ਪੀਰਾਂ, ਕੰਜਕਾਂ ਪੂਜਣ ਵਾਲੇ ਦੇਸ਼ ਵਿਚ ਪਹਿਲੀ ਵਾਰ ਨਹੀਂ ਵਾਪਰੀ ਅਤੇ ਨਾ ਹੀ ਇਹ ਅਜਿਹੀ ਆਖਰੀ ਘਟਨਾ ਹੀ ਹੋਵੇਗੀ। ਇਕ ਅਖਬਾਰੀ ਖਬਰ ਅਨੁਸਾਰ ਭਾਰਤ ਵਿਚ ਹਰ ਚੌਦਾਂ ਮਿੰਟਾ ਬਾਅਦ ਕੋਈ ਨਾ ਕੋਈ ਲੜਕੀ ਦਰਿੰਦਿਆਂ ਦੀ ਹਵਸ ਦਾ ਸ਼ਿਕਾਰ ਹੋ ਜਾਂਦੀ ਹੈ।

ਇਸ ਘਟਨਾ ਪਿਛੋਂ ਜਿਵੇਂ ਕੁਝ ਜ਼ਿੰਮੇਵਾਰ ਵਿਅਕਤੀਆਂ ਨੇ ਚੁੱਪ ਸਾਧੀ ਹੈ ਜਾਂ ਗਲਤ ਬਿਆਨੀ ਕੀਤੀ ਹੈ, ਉਹ ਵੀ ਅਤਿ ਨਿੰਦਣਯੋਗ ਹੈ। ਸਭ ਤੋਂ ਪਹਿਲਾਂ ਤਾਂ ਦੇਸ਼ ਦੇ ਪ੍ਰਧਾਨ ਮੰਤਰੀ ਨੇ ਹੀ ਇਸ ਘਟਨਾ ਦੀ ਨਿਖੇਧੀ ਨਹੀਂ ਕੀਤੀ। ਇਹ ਨਹੀਂ ਕਿ ਉਸ ਵੱਲੋਂ ਬੋਲੇ ਕੁਝ ਸ਼ਬਦਾਂ ਨਾਲ ਲੜਕੀ ਵਾਪਿਸ ਆ ਜਾਵੇਗੀ, ਪਰ ਘੱਟੋ-ਘੱਟ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਅਜਿਹੀ ਦਰਿੰਦਗੀ ਦੀ ਨਿਖੇਧੀ ਤਾਂ ਕਰਨੀ ਹੀ ਚਾਹੀਦੀ ਹੈ। ਦੇਸ਼ ਦੀ ਜਨਤਾ ਨੂੰ ਇਹ ਤਾਂ ਪਤਾ ਲੱਗੇ ਕਿ ਪ੍ਰਧਾਨ ਮੰਤਰੀ ਦੇਸ਼ ਵਿਚ ਵਾਪਰ ਰਹੀਆਂ ਘਟਨਾਵਾਂ ਤੋਂ ਜਾਣੂ ਹਨ। ਸੂਬੇ ਦੇ ਮੁੱਖ ਮੰਤਰੀ ਨੇ ਵੀ ਕੁਝ ਦਿਨ ਤਾਂ ਆਪਣਾ ਮੂੰਹ ਬੰਦ ਹੀ ਰੱਖਿਆ। ਡਾ. ਮਨਮੋਹਨ ਸਿੰਘ ਨੂੰ ਚੂੜੀਆਂ ਭੇਜਣ ਵਾਲੀ ਵੀ ਮੂੰਹ ਵਿਚ ਘੁੰਗਣੀਆਂ ਪਾ ਕੇ ਬੈਠੀ ਰਹੀ। ਇਕ ਕੇਂਦਰ ਪ੍ਰਸ਼ਾਸਤ ਦੀ ਐਮ. ਪੀ. ਨੇ ਤਾਂ ਭਲਾ ਕਹਿਣਾ ਹੀ ਕੀ ਸੀ, ਕਿਉਂਕਿ ਉਸ ਅਨੁਸਾਰ ਤਾਂ ਬਲਾਤਕਾਰ ਸਾਡੀ ਸਭਿਅਤਾ ਦਾ ਹਿੱਸਾ ਹੀ ਹਨ (ਪਤਾ ਨਹੀਂ ਉਹ ਕਿਹੜੀ ਸਭਿਅਤਾ ਦੀ ਗੱਲ ਕਰਦੀ ਹੈ)।

ਪਾਰਲੀਮੈਂਟ ਵਿਚ ਜਿੰਨੀਆਂ ਵੀ ਔਰਤ ਮੈਂਬਰ ਹਨ, ਉਨ੍ਹਾਂ ਵਿਚੋਂ ਕਿਸੇ ਨੇ ਵੀ ਅਜੇ ਤੱਕ ਇਸ ਘਟਨਾ ਦੀ ਨਿਖੇਧੀ ਨਹੀਂ ਕੀਤੀ। ਕੇਂਦਰ ਵਿਚ ਰਾਜ ਸੱਤਾ ਦਾ ਸੁਖ ਭੋਗ ਰਹੀ ਰਾਜਸੀ ਪਾਰਟੀ ਦੇ ਇਕ ਵਿਧਾਇਕ ਨੇ ਆਪਣੀ ਮੂਰਖਤਾ ਦਾ ਸਬੂਤ ਦਿੰਦਿਆਂ ਕਿਹਾ ਕਿ ਬਲਾਤਕਾਰ ਲਈ ਕੁੜੀਆਂ ਹੀ ਜ਼ਿੰਮੇਦਾਰ ਹੁੰਦੀਆਂ ਹਨ। ਹਰਿਆਣਾ ਦੇ ਮੌਜੂਦਾ ਮੁੱਖ ਮੰਤਰੀ ਨੇ ਤਾਂ ਸਭਿਅਤਾ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਬਲਾਤਕਾਰ ਦਾ ਸ਼ਿਕਾਰ ਕੁੜੀਆਂ ਲਈ ਨਾ-ਲਿਖਣਯੋਗ ਟਿਪਣੀ ਕੀਤੀ ਸੀ। ਯੂ. ਪੀ. ਦੇ ਹੀ ਇਕ ਸਾਬਕਾ ਮੁੱਖ ਮੰਤਰੀ ਅਤੇ ਕੇਂਦਰੀ ਸਰਕਾਰ ਵਿਚ ਰਹਿ ਚੁਕੇ ਮੰਤਰੀ ਵੀ ਕਿਸੇ ਤੋਂ ਘੱਟ ਨਹੀਂ ਸੀ ਰਹੇ, ਜਦੋਂ ਉਨ੍ਹਾਂ ਨੇ ਫੁਰਮਾਇਆ ਸੀ ਕਿ ਜੇ ਲੜਕਿਆਂ ਤੋਂ ਥੋੜ੍ਹੀ-ਬਹੁਤ ਗਲਤੀ ਹੋ ਜਾਵੇ ਤਾਂ ਉਨ੍ਹਾਂ ਨੂੰ ਫਾਂਸੀ ਤਾਂ ਨਹੀਂ ਦਿੱਤੀ ਜਾ ਸਕਦੀ। ਆਪਣੇ-ਆਪ ਨੂੰ ਧਰਮ ਗੁਰੂ ਕਹਿਣ ਵਾਲਾ ਇਕ 'ਮਹਾਨ ਪੁਰਸ਼', ਜੋ ਲੋਕਾਂ ਨੂੰ ਜ਼ਿੰਦਗੀ ਜਿਉਣ ਦਾ ਢੰਗ ਦੱਸ ਕੇ ਜੱਸ ਖੱਟਣ ਵਿਚ ਲੱਗਾ ਹੋਇਆ ਹੈ, ਉਸ ਨੇ ਵੀ ਦਿੱਲੀ ਦੀ ਇਕ ਬਸ ਵਿਚ ਹੋਏ ਜਬਰ-ਜਨਾਹ ਤੋਂ ਬਾਅਦ ਕਿਹਾ ਸੀ ਕਿ ਲੜਕੀ ਨੂੰ ਚਾਹੀਦਾ ਸੀ ਕਿ ਉਹ ਲੜਕਿਆਂ ਨੂੰ ਅਜਿਹਾ ਨਾ ਕਰਨ ਦੀ ਬੇਨਤੀ ਕਰਦੀ। ਇੱਕ ਹੋਰ ਨੇ ਵੀ ਲੜਕੀ ਦਾ ਕਸੂਰ ਕੱਢਦਿਆਂ ਕਿਹਾ ਸੀ ਕਿ ਉਹ ਦੇਰ ਰਾਤ ਤੱਕ ਘਰੋਂ ਬਾਹਰ ਕੀ ਕਰ ਰਹੀ ਸੀ?

## ਦੁਖਾਂਤ

ਹਾਥਰਸ ਵਾਲੀ ਘਟਨਾ ਵਿਚ ਕਈ ਇਤਰਾਜ਼ਯੋਗ ਟਿੱਪਣੀਆਂ ਸਾਹਮਣੇ ਆ ਰਹੀਆਂ ਹਨ। ਫੇਸਬੁੱਕ 'ਤੇ ਕਿਸੇ ਨੇ ਕਿਹਾ ਹੈ ਕਿ ਠਾਕੁਰਾਂ ਦਾ ਖੂਨ ਜ਼ਿਆਦਾ ਗਰਮ ਹੁੰਦਾ ਹੈ, ਇਸ ਲਈ ਉਹ ਜਲਦੀ ਉਤੇਜਿਤ ਹੋ ਜਾਂਦੇ ਹਨ। ਇਕ ਦੋਸ਼ੀ ਮੁੰਡੇ ਦੀ ਮਾਂ ਨੇ ਆਪਣੀ ਉਚੀ ਜਾਤ ਦੀ ਧੌਂਸ ਦਿੰਦਿਆਂ ਕਿਹਾ ਹੈ ਕਿ ਉਹ ਠਾਕੁਰ ਹੁੰਦੇ ਹਨ! ਪੁਲਿਸ ਵਾਲਿਆਂ, ਜੋ ਲੜਕੀ ਦੇ ਪਰਿਵਾਰ 'ਤੇ ਸਮਝੌਤਾ ਕਰਨ ਲਈ ਜੋਰ ਪਾ ਰਹੇ ਹਨ, ਦਾ ਕਹਿਣਾ ਹੈ ਕਿ ਮੀਡੀਆ ਵਾਲਿਆਂ ਨੇ ਤਾਂ ਦੋ-ਚਾਰ ਦਿਨ ਰੌਲਾ ਪਾ ਕੇ ਚਲੇ ਜਾਣਾ ਹੈ। ਲੜਕੀ ਦੇ ਪਰਿਵਾਰ ਨੇ ਤਾਂ ਸਾਰੀ ਉਮਰ ਪਿੰਡ ਵਿਚ ਠਾਕੁਰਾਂ ਨਾਲ ਹੀ ਰਹਿਣਾ ਹੈ। ਫੇਸਬੁੱਕ 'ਤੇ ਪਾਈ ਗਈ ਇਕ ਪੋਸਟ ਵਿਚ ਦਿਖਾਇਆ ਗਿਆ ਹੈ ਕਿ ਮੁੱਖ ਮੰਤਰੀ ਲੈਪਟਾਪ ਕੋਲ ਬੈਠਾ ਹੈ ਅਤੇ ਲੈਪਟਾਪ 'ਤੇ ਚਿਤਾ ਜਿਹੀ ਬਲ ਰਹੀ ਹੈ ਭਾਵ ਉਹ ਮਨੀਸ਼ਾ ਦੀ ਬਲਦੀ ਹੋਈ ਚਿਤਾ ਦੇਖ ਰਿਹਾ ਹੈ। ਜੇ ਇਹ ਪੋਸਟ ਠੀਕ ਹੈ ਤਾਂ ਇਸ ਦਾ ਭਾਵ ਹੈ ਕੇ ਅੱਧੀ ਰਾਤ ਨੂੰ ਸਸਕਾਰ ਕਰਨ ਦਾ ਫੈਸਲਾ ਸਰਕਾਰ ਦਾ ਹੀ ਸੀ।

ਪੰਜਾਬੀ ਕਹਾਵਤ 'ਇੱਕ ਝੂਠ ਲੁਕਾਉਣ ਲਈ ਸੌ ਝੂਠ ਬੋਲਣੇ ਪੈਂਦੇ ਹਨ', ਉੱਤਰ ਪ੍ਰਦੇਸ਼ ਦੀ ਸਰਕਾਰ 'ਤੇ ਪੂਰੀ ਤਰ੍ਹਾਂ ਢੁਕਦੀ ਹੈ। ਅੱਧੀ ਰਾਤ ਨੂੰ ਲਾਸ਼ ਦੇ ਸਸਕਾਰ ਦੇ ਦੋਸ਼ ਤੋਂ ਬਚਣ ਲਈ ਹੁਣ ਯੂ. ਪੀ. ਸਰਕਾਰ ਨੇ ਨਵਾਂ ਸ਼ੋਸ਼ਾ ਛੱਡ ਦਿੱਤਾ ਹੈ ਕਿ ਜੇ ਲਾਸ਼ ਵਾਰਿਸਾਂ ਦੇ ਹਵਾਲੇ ਕੀਤੀ ਜਾਂਦੀ ਤਾਂ ਕੁਝ ਰਾਜਸੀ ਪਾਰਟੀਆਂ ਅਤੇ ਹੁੱਲੜਬਾਜ਼ਾਂ ਦੀ ਯੋਜਨਾ ਸੀ ਕਿ ਲਾਸ਼ ਨੂੰ ਕਾਬੂ ਕਰਕੇ ਵੱਡੇ ਪੱਧਰ 'ਤੇ ਦੰਗੇ ਕੀਤੇ ਜਾਂਦੇ।

ਇਕ ਵੱਡੇ ਪੁਲਿਸ ਅਫਸਰ ਦਾ ਇਹ ਕਹਿਣਾ ਕਿ ਡਾਕਟਰਾਂ ਦੀ ਰਿਪੋਰਟ ਅਨੁਸਾਰ ਲੜਕੀ ਨਾਲ ਬਲਾਤਕਾਰ ਹੋਣ ਦੇ ਸਬੂਤ ਨਹੀਂ ਮਿਲੇ, ਤੋਂ ਸਹਿਜੇ ਹੀ ਇਸ ਗੱਲ ਦਾ ਪਤਾ ਲੱਗਦਾ

(ਬਾਕੀ ਅਗਲੇ ਸਫੇ 'ਤੇ)

# ਦੋ ਸਾਜ਼ਿਸ਼ਾਂ ਅਤੇ ਇਕ ਦਾਹ-ਸਸਕਾਰ-2

**ਸੰਸਾਰ ਪ੍ਰਸਿੱਧ ਲੇਖਕਾ ਅਤੇ ਕਾਰਕੁਨ ਅਰੁੰਧਤੀ ਰਾਏ ਨੇ ਆਪਣੇ ਇਸ ਲੇਖ ਵਿਚ ਹਾਥਰਸ (ਉਤਰ ਪ੍ਰਦੇਸ਼) ਵਿਚ ਜਬਰ ਜਨਾਹ ਦੀ ਹੋਈ ਵਾਰਦਾਤ, ਚਿਰਾਂ ਤੋਂ ਚੱਲਦੇ ਬਾਬਰੀ ਮਸਜਿਦ ਕੇਸ ਅਤੇ ਇਸ ਸਾਲ ਦੇ ਆਰੰਭ ਵਿਚ ਹੋਏ ਦਿੱਲੀ ਦੰਗਿਆਂ ਬਾਰੇ ਕੁਝ ਅਣਕਹੀਆਂ ਅਤੇ ਅਣਛੋਹੀਆਂ ਗੱਲਾਂ ਸਾਂਝੀਆਂ ਹਨ। ਇਸ ਲੰਮੇ ਲੇਖ ਦੀ ਦੂਜੀ ਅਤੇ ਆਖਰੀ ਕਿਸ਼ਤ ਪੇਸ਼ ਹੈ। ਇਸ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ**

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਵਿਦਿਆਰਥੀ ਆਗੂ ਉਮਰ ਖਾਲਿਦ ਖਿਲਾਫ ਇਕੱਠੇ ਕੀਤੇ ਇਹਨਾਂ ਦਸ ਲੱਖ ਪੰਨਿਆਂ 'ਚ ਜਾਫਰਾਬਾਦ ਮੈਟਰੋ ਸਟੇਸ਼ਨ ਦਾ ਸੀ.ਸੀ.ਟੀ.ਵੀ. ਫੁਟੇਜ ਸ਼ਾਮਿਲ ਨਹੀਂ ਹੈ, ਜਿੱਥੇ ਇਲਜ਼ਾਮ ਹੈ ਕਿ ਉਨ੍ਹਾਂ ਨੇ ਖਤਰਨਾਕ ਸਾਜ਼ਿਸ਼ਾਂ ਰਚੀਆਂ ਅਤੇ ਭੜਕਾਊ ਗੱਲਾਂ ਕੀਤੀਆਂ। 25 ਫਰਵਰੀ ਨੂੰ, ਜਦ ਹਿੰਸਾ ਹੋ ਰਹੀ ਸੀ, ਕਾਰਕੁਨਾਂ ਨੇ ਦਿੱਲੀ ਹਾਈਕੋਰਟ ਨੂੰ ਅਪੀਲ ਕੀਤੀ ਸੀ ਕਿ ਇਸ ਫੁਟੇਜ ਨੂੰ ਮਹਿਫੂਜ਼ ਰੱਖਿਆ ਜਾਵੇ; ਲੇਕਿਨ ਇਹ ਫੁਟੇਜ ਡਿਲੀਟ ਕਰ ਦਿੱਤੀ ਗਈ ਹੈ, ਤੇ ਇਸ ਦਾ ਕਿਸੇ ਨੂੰ ਨਹੀਂ ਪਤਾ। ਉਮਰ ਖਾਲਿਦ ਹਾਲ ਹੀ ਵਿਚ ਗ੍ਰਿਫਤਾਰ ਕੀਤੇ ਸੈਂਕੜੇ ਮੁਸਲਮਾਨਾਂ ਨਾਲ ਜੇਲ੍ਹ ਵਿਚ ਬੰਦ ਹੈ, ਜਿਹਨਾਂ ਉਪਰ ਯੂ.ਏ.ਪੀ.ਏ. ਤਹਿਤ ਹੱਤਿਆ, ਕਤਲ ਦੀ ਸਾਜ਼ਿਸ਼ ਅਤੇ ਦੰਗੇ-ਫਸਾਦ ਕਰਾਉਣ ਦਾ ਇਲਜ਼ਾਮ ਹੈ। ਦਸ ਲੱਖ ਪੰਨਿਆਂ ਦਾ 'ਸਬੂਤ' ਦੇਖਣ ਵਿਚ ਅਦਾਲਤਾਂ ਅਤੇ ਵਕੀਲਾਂ ਨੂੰ ਕਿੰਨਾ ਵਕਤ ਲੱਗੇਗਾ?



ਅਰੁੰਧਤੀ ਰਾਏ
ਅਨੁਵਾਦ: ਬੂਟਾ ਸਿੰਘ

ਜਿਸ ਤਰ੍ਹਾਂ ਜ਼ਾਹਿਰ ਹੋਇਆ ਕਿ ਬਾਬਰੀ ਮਸਜਿਦ ਨੇ ਖੁਦ ਨੂੰ ਆਪ ਹੀ ਤਬਾਹ ਕਰ ਲਿਆ ਸੀ, ਉਸੇ ਤਰ੍ਹਾਂ, 2020 ਦਿੱਲੀ ਕਤਲੇਆਮ ਦੀ ਪੁਲਿਸ ਦੀ ਕਹਾਣੀ ਵਿਚ ਮੁਸਲਮਾਨਾਂ ਨੇ ਖੁਦ ਹੀ ਆਪਣੇ ਕਤਲਾਂ ਦੀ ਸਾਜ਼ਿਸ਼ ਰਚੀ, ਖੁਦ ਆਪਣੀਆਂ ਮਸਜਿਦਾਂ ਜਲਾਈਆਂ, ਖੁਦ ਹੀ ਆਪਣੇ ਘਰ ਤਬਾਹ ਕੀਤੇ, ਆਪਣੇ ਬੱਚਿਆਂ ਨੂੰ ਯਤੀਮ ਬਣਾਇਆ; ਤੇ ਇਹ ਸਭ ਕੀਤਾ ਗਿਆ ਡੋਨਾਲਡ ਟਰੰਪ ਨੂੰ ਦਿਖਾਉਣ ਲਈ ਕਿ ਭਾਰਤ ਵਿਚ ਉਨ੍ਹਾਂ ਦੇ ਦਿਨ ਕਿੰਨੀ ਮੁਸੀਬਤ ਵਿਚੋਂ ਗੁਜ਼ਰ ਰਹੇ ਹਨ!

ਆਪਣੇ ਕੇਸ ਨੂੰ ਮਜ਼ਬੂਤ ਬਣਾਉਣ ਲਈ ਪੁਲਿਸ ਨੇ ਆਪਣੀ ਚਾਰਜਸ਼ੀਟ ਵਿਚ ਵੱਟਸਐਪ ਉਪਰ ਹੋਈ ਗੱਲਬਾਤ ਦੇ ਹਜ਼ਾਰਾਂ ਪੰਨੇ ਜੋੜੇ ਹਨ। ਇਹ ਗੱਲਬਾਤ ਵਿਦਿਆਰਥੀਆਂ ਅਤੇ ਕਾਰਕੁਨਾਂ ਅਤੇ ਕਾਰਕੁਨਾਂ ਦੇ ਸਹਾਇਤਾ ਸਮੂਹਾਂ ਦਰਮਿਆਨ ਚੱਲੀ ਸੀ ਜੋ ਦਿੱਲੀ ਵਿਚ ਸ਼ੁਰੂ ਹੋਏ ਅੰਦੋਲਨਾਂ ਅਤੇ ਸ਼ਾਂਤਮਈ ਧਰਨਿਆਂ ਵਾਲੀਆਂ ਬੇਸ਼ੁਮਾਰ ਥਾਵਾਂ ਨੂੰ ਮਦਦ ਪਹੁੰਚਾਉਣ ਅਤੇ ਉਨ੍ਹਾਂ ਵਿਚਾਲੇ ਤਾਲਮੇਲ ਬਣਾਉਣ ਦਾ ਯਤਨ ਕਰ ਰਹੇ ਸਨ। ਇਸ ਗੱਲਬਾਤ ਤੇ ਉਨ੍ਹਾਂ ਵੱਟਸਐਪ ਗਰੁਪਾਂ ਵਿਚ ਹੋਣ ਵਾਲੀ ਗੱਲਬਾਤ ਵਿਚ ਜ਼ਮੀਨ-ਆਸਮਾਨ ਦਾ ਫਰਕ ਹੈ ਜੋ 'ਕੱਟੜ ਹਿੰਦੂ ਏਕਤਾ' ਨਾਮ ਨਾਲ ਚਲਾਏ ਜਾਂਦੇ ਹਨ। ਇਹਨਾਂ ਦੂਜੇ ਕਿਸਮ ਦੇ ਗਰੁਪਾਂ ਵਿਚ ਲੋਕ ਸੱਚੀਮੁੱਚੀ ਮੁਸਲਮਾਨਾਂ ਨੂੰ ਮਾਰਨ ਬਾਰੇ ਵੱਧ-ਚੜ੍ਹ ਕੇ ਗੱਲਾਂ ਕਰਦੇ ਹਨ, ਤੇ ਖੁੱਲ੍ਹੇਆਮ ਭਾਜਪਾ ਆਗੂਆਂ ਦੀਆਂ ਤਾਰੀਫਾਂ ਕਰਦੇ ਹਨ। ਉਹ ਇਕ ਵੱਖਰੀ ਚਾਰਜਸ਼ੀਟ ਦਾ ਹਿੱਸਾ ਹੈ।

ਵਿਦਿਆਰਥੀਆਂ-ਕਾਰਕੁਨਾਂ ਦੀ ਗੱਲਬਾਤ ਜ਼ਿਆਦਾਤਰ, ਜੋਸ਼ੋ-ਖਰੋਸ਼ ਅਤੇ ਮਕਸਦ ਨਾਲ ਭਰੀ ਹੈ, ਜਿਵੇਂ ਜਾਇਜ਼ ਗੁੱਸੇ ਦੇ ਅਹਿਸਾਸ ਨਾਲ ਭਰੇ ਨੌਜਵਾਨ ਲੋਕਾਂ ਵਿਚ ਹੁੰਦੀ ਹੀ ਹੈ। ਇਹਨਾਂ ਨੂੰ ਪੜ੍ਹਨਾ ਤਾਕਤ ਦੇਣ ਵਾਲਾ ਹੈ। ਇਹ ਤੁਹਾਨੂੰ ਕੋਵਿਡ ਤੋਂ ਪਹਿਲੇ ਉਨ੍ਹਾਂ ਤੂਫਾਨੀ ਦਿਨਾਂ ਵਿਚ ਵਾਪਸ ਲੈ ਜਾਂਦਾ ਹੈ, ਜਦ ਨੌਜਵਾਨ ਪੀੜ੍ਹੀ ਨੂੰ ਆਪਣੇ ਪੈਰਾਂ ਉਪਰ ਅੱਗੇ ਵੱਧਦੇ ਦੇਖਣਾ ਕਿੰਨਾ ਉਤਸ਼ਾਹ ਨਾਲ ਭਰ ਦੇਣ ਵਾਲਾ ਸੀ। ਉਸ ਗੱਲਬਾਤ ਵਿਚ ਅਸੀਂ ਦੇਖਦੇ ਹਾਂ ਕਿ ਕਈ ਵਾਰ, ਜ਼ਿਆਦਾ ਅਨੁਭਵ ਵਾਲੇ ਕਾਰਕੁਨਾਂ ਨੇ ਦਖਲ ਦੇ ਕੇ ਉਨ੍ਹਾਂ ਨੂੰ ਖਬਰਦਾਰ ਕੀਤਾ ਕਿ ਉਨ੍ਹਾਂ ਨੂੰ ਸ਼ਾਂਤੀ ਅਤੇ ਸਬਰ ਤੋਂ ਕੰਮ ਲੈਣ ਦੀ ਜ਼ਰੂਰਤ ਹੈ। ਉਹ ਬਹਿਸਾਂ ਕਰਦੇ, ਮਾਮੂਲੀ ਤਰੀਕਿਆਂ ਨਾਲ ਲੜਦੇ-ਝਗੜਦੇ - ਲੇਕਿਨ ਜਮਹੂਰੀ ਹੋਣ ਦਾ ਮਤਲਬ ਇਹ ਵੀ ਤਾਂ ਹੁੰਦਾ ਹੈ। ਇਸ ਲਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਹਨਾਂ ਸਾਰੀਆਂ ਗੱਲਾਂ 'ਚ ਵਿਵਾਦ ਦਾ ਮੁੱਦਾ ਇਹ ਸੀ ਕਿ ਸ਼ਾਹੀਨ ਬਾਗ਼ ਦੀਆਂ ਹਜ਼ਾਰਾਂ ਔਰਤਾਂ ਦੇ ਅੰਦੋਲਨ ਦੀ ਸ਼ਾਨਦਾਰ ਕਾਮਯਾਬੀ ਨੂੰ ਹੋਰ ਥਾਵਾਂ ਉਪਰ ਦੁਹਰਾਇਆ ਜਾਵੇ ਜਾਂ ਨਹੀਂ।

ਇਹਨਾਂ ਔਰਤਾਂ ਨੇ ਕੰਬਣੀ ਛੇੜਨ ਵਾਲੀ ਠੰਢ ਵਿਚ ਹਫਤਿਆਂ ਤਕ ਮੁੱਖ ਸੜਕ ਉਪਰ ਧਰਨਾ ਦੇ ਕੇ ਆਵਾਜਾਈ ਠੱਪ ਕਰ ਦਿੱਤੀ ਸੀ ਜਿਸ ਨਾਲ ਹਲਚਲ ਤਾਂ ਮੱਚੀ ਲੇਕਿਨ ਜਿਸ ਨਾਲ ਉਨ੍ਹਾਂ ਉਪਰ ਅਤੇ ਉਨ੍ਹਾਂ ਦੇ ਮਕਸਦ ਵਲ ਲੋਕਾਂ ਦਾ ਧਿਆਨ ਵੀ ਖਿੱਚਿਆ ਗਿਆ ਸੀ। ਸ਼ਾਹੀਨ ਬਾਗ਼ ਦੀ ਦਾਦੀ ਬਿਲਕਿਸ ਬਾਨੋ ਨੂੰ 'ਟਾਈਮ' ਰਸਾਲੇ ਦੀ 2020 ਦੇ ਸਭ ਤੋਂ ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ ਵਿਚ ਜਗ੍ਹਾ ਮਿਲੀ ਹੈ (ਕੋਈ ਗਲਤਫਹਿਮੀ ਨਾ ਹੋਵੇ, 19 ਸਾਲ ਦੀ ਉਹ ਦੂਜੀ ਬਿਲਕਿਸ ਬਾਨੋ ਗੁਜਰਾਤ ਦੀ ਸੀ ਜੋ 2002 ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਵਿਚ ਬਚ ਗਈ ਸੀ, ਜਦ ਨਰਿੰਦਰ ਮੋਦੀ ਗੁਜਰਾਤ ਦਾ ਮੁੱਖ ਮੰਤਰੀ ਸੀ। ਉਸ ਬਿਲਕਿਸ ਨੇ ਆਪਣੇ ਪਰਿਵਾਰ ਦੇ 14 ਲੋਕਾਂ ਨੂੰ ਬੈਸਟ ਬੇਕਰੀ ਕਤਲੇਆਮ ਵਿਚ ਮਾਰੇ ਜਾਂਦੇ ਦੇਖਿਆ ਸੀ ਜਿਹਨਾਂ ਵਿਚ ਉਸ ਦੀ ਤਿੰਨ ਸਾਲ ਦੀ ਧੀ ਨੂੰ ਹਥਿਆਰਬੰਦ ਹਿੰਦੂਆਂ ਦੇ ਫਸਾਦੀ ਹਜੂਮ ਨੇ ਕਤਲ ਕਰ ਦਿੱਤਾ ਸੀ। ਬਿਲਕਿਸ ਗਰਭਵਤੀ ਸੀ ਅਤੇ ਉਸ ਦਾ ਸਮੂਹਿਕ ਬਲਾਤਕਾਰ ਹੋਇਆ ਸੀ)।

ਦਿੱਲੀ ਵਿਚ ਕਾਰਕੁਨਾਂ ਦੀ ਵੱਟਸਐਪ ਗੱਲਬਾਤ ਵਿਚ ਲੋਕਾਂ 'ਚ ਇਸ ਬਾਰੇ ਮਤਭੇਦ ਸੀ ਕਿ ਪੂਰਬ-ਉਤਰੀ ਦਿੱਲੀ ਵਿਚ ਚੱਕਾ ਜਾਮ ਕੀਤਾ ਜਾਵੇ ਜਾਂ ਨਹੀਂ। ਚੱਕਾ ਜਾਮ ਦੀ ਯੋਜਨਾ ਬਣਾਉਣਾ ਕੋਈ ਨਵੀਂ ਗੱਲ ਨਹੀਂ ਹੈ - ਕਿਸਾਨਾਂ ਨੇ ਕਿੰਨੀ ਵਾਰ ਚੱਕਾ ਜਾਮ ਕੀਤਾ ਹੈ। ਅੱਜ ਦੀ ਤਾਰੀਕ 'ਚ ਪੰਜਾਬ ਅਤੇ ਹਰਿਆਣਾ 'ਚ ਕਿਸਾਨਾਂ ਨੇ ਚੱਕਾ ਜਾਮ ਕੀਤਾ ਹੋਇਆ ਹੈ। ਉਹ ਹਾਲ ਹੀ ਵਿਚ ਪਾਸ ਕੀਤੇ ਬਿਲਾਂ ਦਾ ਵਿਰੋਧ ਕਰ ਰਹੇ ਹਨ ਜਿਹਨਾਂ ਵਿਚ ਭਾਰਤੀ ਖੇਤੀ ਦਾ ਕਾਰਪੋਰੇਟੀਕਰਨ ਹੋ ਜਾਵੇਗਾ, ਤੇ ਛੋਟੇ ਕਿਸਾਨਾਂ ਦੀ ਹੋਂਦ ਹੀ ਖਤਰੇ ਵਿਚ ਪੈ ਜਾਵੇਗੀ।

ਦਿੱਲੀ ਅੰਦੋਲਨ ਦੇ ਮਾਮਲੇ 'ਚ ਇਹਨਾਂ ਚੈਟ ਗਰੁਪਾਂ ਵਿਚ ਕੁਝ ਕਾਰਕੁਨਾਂ ਨੇ ਦਲੀਲ ਦਿੱਤੀ ਕਿ ਚੱਕਾ ਜਾਮ ਦਾ ਉਲਟਾ ਅਸਰ ਪਵੇਗਾ। ਕੁਝ ਹੀ ਹਫਤੇ ਪਹਿਲਾਂ ਦਿੱਲੀ ਚੋਣਾਂ ਵਿਚ ਹਾਰ ਦੇ ਅਪਮਾਨ ਨਾਲ ਉਬਲ ਰਹੇ ਭਾਜਪਾ ਆਗੂਆਂ ਦੀਆਂ ਖੁੱਲ੍ਹੀਆਂ ਧਮਕੀਆਂ ਦੇ ਮਾਹੌਲ ਵਿਚ, ਕੁਝ ਸਥਾਨਕ ਕਾਰਕੁਨਾਂ ਨੂੰ ਡਰ ਸੀ ਕਿ ਚੱਕਾ ਜਾਮ ਕਰਨ ਨਾਲ ਗੁੱਸਾ ਭੜਕ ਸਕਦਾ ਹੈ ਜਿਸ ਵਿਚ ਹਿੰਸਾ ਦਾ ਰੁਖ ਉਨ੍ਹਾਂ ਦੇ ਭਾਈਚਾਰਿਆਂ ਵਲ ਮੁੜ ਸਕਦਾ ਹੈ। ਉਹ ਜਾਣਦੇ ਸਨ ਕਿ ਕਿਸਾਨਾਂ, ਗੁੱਜਰਾਂ ਜਾਂ ਇੱਥੋਂ ਤੱਕ ਕਿ ਦਲਿਤਾਂ ਵਲੋਂ ਚੱਕਾ ਜਾਮ ਕਰਨਾ ਇਕ ਗੱਲ ਹੈ, ਲੇਕਿਨ ਮੁਸਲਮਾਨਾਂ ਵਲੋਂ ਚੱਕਾ ਜਾਮ ਕਰਨਾ ਬਿਲਕੁਲ ਹੋਰ ਗੱਲ ਹੈ।



ਵਿਦਿਆਰਥੀ ਆਗੂ ਉਮਰ ਖਾਲਿਦ।

ਇਹੀ ਅੱਜ ਦੇ ਭਾਰਤ ਦੀ ਹਕੀਕਤ ਹੈ। ਦੂਜਿਆਂ ਨੇ ਦਲੀਲ ਦਿੱਤੀ ਕਿ ਜਦ ਤਕ ਚੱਕਾ ਜਾਮ ਨਹੀਂ ਕੀਤਾ ਜਾਵੇਗਾ ਅਤੇ ਸ਼ਹਿਰ ਨੂੰ ਆਪਣੇ ਹਾਲਾਤ ਉਪਰ ਗੌਰ ਕਰਨ ਲਈ ਮਜਬੂਰ ਨਹੀਂ ਕੀਤਾ ਜਾਵੇਗਾ, ਉਦੋਂ ਤਕ ਲੋਕ ਅੰਦੋਲਨਕਾਰੀਆਂ ਨੂੰ ਅਣਡਿੱਠ ਕਰਦੇ ਰਹਿਣਗੇ; ਜਿਵੇਂ ਬਾਅਦ ਵਿਚ ਹੋਇਆ, ਕੁਝ ਜਗ੍ਹਾ 'ਤੇ ਸੜਕਾਂ ਜਾਮ ਕੀਤੀਆਂ ਗਈਆਂ। ਜਿਵੇਂ ਅੰਦੇਸ਼ਾ ਜ਼ਾਹਿਰ ਕੀਤਾ ਗਿਆ ਸੀ, ਹਿੰਸਕ ਨਾਅਰੇ ਲਾਉਂਦੇ ਹਥਿਆਰਬੰਦ ਹਿੰਦੂ ਹਜੂਮ ਨੂੰ ਉਹ ਮੌਕਾ ਮਿਲ ਗਿਆ, ਜਿਸ ਦੀ ਉਹ ਤਾਕ ਵਿਚ ਸਨ।

ਅਗਲੇ ਕੁਝ ਦਿਨਾਂ ਤੱਕ, ਉਨ੍ਹਾਂ ਨੇ ਜਿਸ ਤਰ੍ਹਾਂ ਦੀ ਕਰੂਰਤਾ ਦਿਖਾਈ, ਉਸ ਨਾਲ ਅਸੀਂ ਸਾਰੇ ਸੁੰਨ ਹੋ ਗਏ। ਵੀਡੀਓ ਵਿਚ ਦੇਖਿਆ ਗਿਆ ਕਿ ਉਨ੍ਹਾਂ ਨੂੰ ਪੁਲਿਸ ਦੀ ਖੁੱਲ੍ਹੀ ਹਮਾਇਤ ਹਾਸਲ ਸੀ। ਮੁਸਲਮਾਨਾਂ ਨੇ ਜਵਾਬ ਦਿੱਤਾ। ਦੋਹਾਂ ਪਾਸਿਆਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ, ਲੇਕਿਨ ਇਸ ਵਿਚ ਬਰਾਬਰੀ ਕੋਈ ਨਹੀਂ ਸੀ। ਹਿੰਸਾ ਭੜਕਾਉਣ ਅਤੇ ਫੈਲਣ ਦੀ ਖੁੱਲ੍ਹ ਦਿੱਤੀ ਗਈ। ਅਸੀਂ ਬੇਵਿਸ਼ਵਾਸੀ ਨਾਲ ਦੇਖਿਆ ਕਿ ਪੁਲਿਸ ਨੇ ਸੜਕ ਉਪਰ ਡਿਗੇ ਗੰਭੀਰ ਜ਼ਖਮੀ ਨੌਜਵਾਨ ਮੁਸਲਮਾਨਾਂ ਨੂੰ ਘੇਰ ਕੇ ਉਨ੍ਹਾਂ ਨੂੰ ਰਾਸ਼ਟਰੀ ਗੀਤ ਗਾਉਣ ਲਈ ਮਜਬੂਰ ਕੀਤਾ। ਉਨ੍ਹਾਂ ਵਿਚੋਂ ਇਕ ਨੌਜਵਾਨ ਫੈਜ਼ਾਨ ਦੀ ਛੇਤੀ ਹੀ ਮੌਤ ਹੋ ਗਈ। ਸੰਕਟ ਵਿਚ ਘਿਰੇ, ਡਰੇ ਹੋਏ ਲੋਕਾਂ ਦੀਆਂ ਸੈਂਕੜੇ ਕਾਲਾਂ ਪੁਲਿਸ ਨੇ ਨਜ਼ਰਅੰਦਾਜ਼ ਕਰ ਦਿੱਤੀਆਂ।

ਜਦ ਅੱਗਜ਼ਨੀ ਅਤੇ ਕਤਲਾਂ ਦਾ ਸਿਲਸਿਲਾ ਥੰਮ੍ਹ ਗਿਆ, ਤੇ ਆਖਿਰਕਾਰ ਜਦ ਸੈਂਕੜੇ ਸ਼ਿਕਾਇਤਾਂ ਸੁਣਨ ਦੀ ਵਾਰੀ ਆਈ ਤਾਂ ਪੀੜਤਾਂ ਦਾ ਬਿਆਨ ਹੈ ਕਿ ਪੁਲਿਸ ਨੇ ਉਨ੍ਹਾਂ ਨੂੰ ਆਪਣੀਆਂ ਸ਼ਿਕਾਇਤਾਂ 'ਚੋਂ ਹਮਲਾਵਰਾਂ ਦੇ ਨਾਮ ਅਤੇ ਉਨ੍ਹਾਂ ਦੀ ਸ਼ਨਾਖਤ ਹਟਾ ਦੇਣ, ਤੇ ਬੰਦੂਕਾਂ ਅਤੇ ਤਲਵਾਰਾਂ ਲਹਿਰਾਉਣ ਵਾਲੇ ਹਜੂਮ ਦੇ ਫਿਰਕੂ ਨਾਅਰੇ ਕੱਢ ਦੇਣ ਲਈ ਮਜਬੂਰ ਕੀਤਾ। ਵੱਖ ਵੱਖ ਲੋਕਾਂ ਦੀਆਂ ਵਿਸ਼ੇਸ਼ ਸ਼ਿਕਾਇਤਾਂ ਨੂੰ ਸਾਰਿਆਂ ਦੀਆਂ ਆਮ ਸ਼ਿਕਾਇਤਾਂ ਵਿਚ ਬਦਲ ਦਿੱਤਾ ਗਿਆ ਜਿਸ ਵਿਚ ਸਭ ਕੁਝ ਅੱਧ-ਅਧੂਰਾ ਸੀ ਅਤੇ ਕਸੂਰਵਾਰਾਂ ਨੂੰ ਬਚਾਉਣ ਵਾਲਾ ਸੀ (ਨਫਰਤ ਨਾਲ ਅੰਜਾਮ ਦਿੱਤੇ ਗਏ ਜੁਰਮਾਂ ਵਿਚੋਂ ਨਫਰਤ ਦੀ ਗੱਲ ਕੱਟ ਕੇ ਹਟਾ ਦਿੱਤੀ ਗਈ)।

ਇਕ ਵੱਟਸਐਪ ਚੈਟ ਵਿਚ ਪੂਰਬ-ਉਤਰੀ ਦਿੱਲੀ ਵਿਚ ਰਹਿਣ ਵਾਲੇ ਇਕ ਖਾਸ ਮੁਸਲਮਾਨ ਕਾਰਕੁਨ ਨੇ ਚੱਕਾ ਜਾਮ ਦੇ ਖਿਲਾਫ ਵਾਰ-ਵਾਰ ਆਪਣੀ ਰਾਇ ਜ਼ਾਹਿਰ ਕੀਤੀ ਸੀ। ਆਖਿਰਕਾਰ ਗਰੁਪ ਛੱਡਣ ਤੋਂ ਪਹਿਲਾਂ ਉਸ ਨੇ ਆਪਣਾ ਆਖਰੀ, ਕੁੜੱਤਣ ਭਰਿਆ ਸੰਦੇਸ਼ ਗਰੁਪ ਵਿਚ ਪਾਇਆ। ਇਹੀ ਉਹ ਸੰਦੇਸ਼ ਹੈ ਜਿਸ ਨੂੰ ਚੁੱਕ ਕੇ ਪੁਲਿਸ ਅਤੇ ਮੀਡੀਆ ਨੇ ਆਪਣੀ ਗੰਦੀ ਖੇਡ ਖੇਡਣੀ ਸ਼ੁਰੂ ਕੀਤੀ, ਤੇ ਪੂਰੇ ਗਰੁਪ ਨੂੰ ਬਦਨਾਮ ਕਰਨ 'ਚ ਜੁੱਟ ਗਈ। ਇਸ ਗਰੁਪ ਜਿਸ ਵਿਚ ਭਾਰਤ ਦੇ ਸਭ ਤੋਂ ਸਨਮਾਨਿਤ ਕਾਰਕੁਨ, ਟੀਚਰ, ਫਿਲਮਸਾਜ਼ ਸ਼ਾਮਿਲ ਹਨ, ਨੂੰ ਜਾਨਲੇਵਾ ਇਰਾਦਿਆਂ ਵਾਲੇ ਹਿੰਸਕ ਸਾਜ਼ਿਸ਼ ਕਰਤਾਵਾਂ ਦੇ ਰੂਪ 'ਚ ਪੇਸ਼ ਕੀਤਾ ਗਿਆ। ਇਸ ਤੋਂ ਬੇਤੁਕੀ ਗੱਲ ਹੋਰ ਕੋਈ ਹੋ ਸਕਦੀ ਹੈ?

ਲੇਕਿਨ ਇਹ ਸਾਬਤ ਕਰਨ 'ਚ ਉਨ੍ਹਾਂ ਨੂੰ ਵਰ੍ਹੇ ਲੱਗ ਜਾਣਗੇ ਕਿ ਉਹ ਬੇਗੁਨਾਹ ਹਨ। ਉਦੋਂ ਤਕ ਸੰਭਵ ਹੈ, ਉਨ੍ਹਾਂ ਨੂੰ ਜੇਲ੍ਹ ਵਿਚ ਸੜਨਾ ਪਵੇ, ਉਨ੍ਹਾਂ ਦੀਆਂ ਜ਼ਿੰਦਗੀਆਂ ਪੂਰੀ ਤਰ੍ਹਾਂ ਤਬਾਹ ਹੋ ਜਾਣ, ਜਦਕਿ ਅਸਲ ਕਾਤਲ ਅਤੇ ਹਿੰਸਾ ਭੜਕਾਉਣ ਵਾਲੇ ਸੜਕਾਂ ਉਪਰ ਆਜ਼ਾਦੀ ਨਾਲ ਘੁੰਮਦੇ ਰਹਿਣਗੇ, ਤੇ ਚੋਣਾਂ ਜਿੱਤਦੇ ਰਹਿਣਗੇ। ਇਹ ਪੂਰਾ ਅਮਲ ਹੀ ਇਕ ਸਜ਼ਾ ਹੈ।

ਇਸ ਦੌਰਾਨ, ਬਹੁਤ ਸਾਰੀਆਂ ਆਜ਼ਾਦ ਮੀਡੀਆ ਰਿਪੋਰਟਾਂ, ਸਿਟੀਜ਼ਨਜ਼ ਤੱਥ ਖੋਜ ਰਿਪੋਰਟਾਂ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਦਿੱਲੀ ਪੁਲਿਸ ਨੂੰ ਪੂਰਬ-ਉਤਰੀ ਦਿੱਲੀ ਵਿਚ ਹੋਈ ਹਿੰਸਾ ਵਿਚ ਭਾਈਵਾਲ ਕਰਾਰ ਦਿੱਤਾ ਹੈ। ਐਮਨੈਸਟੀ ਇੰਟਰਨੈਸ਼ਨਲ ਨੇ ਸਭ ਤੋਂ ਝੰਜੋੜਨ ਵਾਲੀਆਂ ਵੀਡੀਓ ਦੇਖਣ ਅਤੇ ਉਨ੍ਹਾਂ ਦੀ ਫੋਰੈਂਸਿਕ ਜਾਂਚ ਤੋਂ ਬਾਅਦ ਅਗਸਤ 2020 ਵਿਚ ਜਾਰੀ ਆਪਣੀ ਰਿਪੋਰਟ ਵਿਚ ਕਿਹਾ ਕਿ ਦਿੱਲੀ ਪੁਲਿਸ ਅੰਦੋਲਨਕਾਰੀਆਂ ਦੀ ਕੁੱਟਮਾਰ ਕਰਨ ਅਤੇ ਉਨ੍ਹਾਂ ਨੂੰ ਤਸੀਹੇ ਦੇਣ ਅਤੇ ਹਜੂਮ ਨਾਲ ਮਿਲੀਭੁਗਤ ਦੀ ਦੋਸ਼ੀ ਹੈ। ਉਦੋਂ ਤੋਂ ਲੈ ਕੇ ਐਮਨੈਸਟੀ ਉਪਰ ਵਿੱਤੀ ਗੜਬੜਾਂ ਕਰਨ ਦਾ ਇਲਜ਼ਾਮ ਲਗਾਇਆ ਗਿਆ ਹੈ, ਤੇ ਉਸ ਦੇ ਬੈਂਕ ਖਾਤੇ ਸੀਲ ਕਰ ਦਿੱਤੇ ਗਏ ਹਨ। ਉਸ ਨੂੰ ਭਾਰਤ ਵਿਚ ਆਪਣਾ ਦਫਤਰ ਬੰਦ ਕਰਨਾ ਪਿਆ ਅਤੇ ਇੱਥੇ ਕੰਮ ਕਰਨ ਵਾਲੇ ਸਾਰੇ 150 ਲੋਕਾਂ ਨੂੰ ਆਪਣੀ ਨੌਕਰੀ ਗਵਾਉਣੀ ਪਈ ਹੈ।

ਜਦ ਹਾਲਾਤ ਸੰਗੀਨ ਹੋਣ ਲੱਗਦੇ ਹਨ ਤਾਂ ਕੌਮਾਂਤਰੀ ਨਿਗਰਾਨ ਸਭ ਤੋਂ ਪਹਿਲਾਂ ਚਲੇ ਜਾਂਦੇ ਹਨ ਜਾਂ ਉਨ੍ਹਾਂ ਨੂੰ ਨਿਕਲ ਜਾਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। ਕਿੰਨੇ ਮੁਲਕਾਂ ਵਿਚ ਅਸੀਂ ਇਹ ਪਹਿਲਾਂ ਵੀ ਹੁੰਦਾ ਦੇਖ ਚੁੱਕੇ ਹਾਂ? ਜ਼ਰਾ ਸੋਚੋ। ਜਾਂ ਫਿਰ ਗੂਗਲ ਸਰਚ ਕਰ ਲਓ।

ਭਾਰਤ ਨੂੰ ਯੂ.ਐਨ. ਸਲਾਮਤੀ ਕੌਂਸਲ ਵਿਚ ਜਗ੍ਹਾ ਮਿਲਣੀ ਚਾਹੀਦੀ ਹੈ, ਦੁਨੀਆ ਦੇ ਮਾਮਲੇ ਤੈਅ ਕਰਨ ਦੇ ਹੱਕ ਵਿਚ ਹਿੱਸੇਦਾਰੀ ਮਿਲਣੀ ਚਾਹੀਦੀ ਹੈ; ਲੇਕਿਨ ਇਹ ਦੁਨੀਆ ਦੇ ਉਨ੍ਹਾਂ ਮੁਲਕਾਂ ਵਿਚੋਂ ਵੀ ਇਕ ਹੋਣਾ ਚਾਹੁੰਦਾ ਹੈ ਜੋ ਟਾਰਚਰ ਦੇ ਖਿਲਾਫ ਕੌਮਾਂਤਰੀ ਇਕਰਾਰਨਾਮੇ ਉਪਰ ਦਸਤਖਤ ਨਹੀਂ ਕਰਨਗੇ। ਇਹ ਇਕ-ਪਾਰਟੀ ਲੋਕਤੰਤਰ (ਇਕ ਵਿਡੰਬਨਾ ਜਾਂ ਵਿਰੋਧਾਭਾਸ) ਬਣਨਾ ਚਾਹੁੰਦਾ ਹੈ, ਤਮਾਮ ਜਵਾਬਦੇਹੀਆਂ ਤੋਂ ਮੁਕਤ।

ਪੁਲਿਸ ਨੇ 2020 ਦਿੱਲੀ ਸਾਜ਼ਿਸ਼ ਦੀ ਜੋ ਬੇਤੁਕੀ ਕਹਾਣੀ ਘੜੀ ਹੈ, ਤੇ ਉਨੀ ਹੀ ਬੇਤੁਕੀ 2018 ਦੀ ਭੀਮਾ-ਕੋਰੇਗਾਓਂ ਸਾਜ਼ਿਸ਼ ਦੀ ਕਹਾਣੀ ਸੀ (ਬੇਤੁਕਾ ਹੋਣਾ ਧਮਕੀਆਂ ਤੇ ਅਪਮਾਨ ਦਾ ਹਿੱਸਾ ਹੈ)। ਉਸ ਦਾ ਇਰਾਦਾ ਕਾਰਕੁਨਾਂ, ਵਿਦਿਆਰਥੀਆਂ, ਵਕੀਲਾਂ, ਲੇਖਕਾਂ, ਕਵੀਆਂ, ਪ੍ਰੋਫੈਸਰਾਂ, ਮਜ਼ਦੂਰ ਯੂਨੀਅਨ ਦੇ ਕਾਰਕੁਨਾਂ ਅਤੇ ਨਾਫਰਮਾਨੀ ਕਰਨ ਵਾਲੇ ਐਨ.ਜੀ.ਓਜ਼ ਨੂੰ ਗ੍ਰਿਫਤ ਵਿਚ ਲੈਣਾ ਅਤੇ ਜੇਲ੍ਹ ਭੇਜਣਾ ਹੈ। ਇਸ ਦਾ ਇਰਾਦਾ ਸਿਰਫ ਅਤੀਤ ਅਤੇ ਵਰਤਮਾਨ ਦੀਆਂ ਦਹਿਸ਼ਤਾਂ ਦਾ ਨਾਮੋ-ਨਿਸ਼ਾਨ ਮਿਟਾਣਾ ਹੀ ਨਹੀਂ ਹੈ ਸਗੋਂ ਆਉਣ ਵਾਲੇ ਵਕਤ ਦੇ ਲਈ ਰਾਹ ਪੱਧਰਾ ਕਰਨਾ ਵੀ ਹੈ।

ਮੇਰਾ ਅੰਦਾਜ਼ਾ ਹੈ ਕਿ ਸਾਡੇ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਅਸੀਂ ਦਸ ਲੱਖ ਪੰਨਿਆਂ ਦੇ ਸਬੂਤ ਇਕੱਠੇ ਕਰਨ ਦੀਆਂ ਕਵਾਇਦਾਂ ਅਤੇ 2000 ਪੰਨਿਆਂ ਦੇ ਅਦਾਲਤੀ ਫੈਸਲਿਆਂ ਦੇ ਲਈ ਸ਼ੁਕਰਗੁਜ਼ਾਰ ਬਣੀਏ। ਕਿਉਂਕਿ ਇਹ ਇਸ ਦੇ ਸਬੂਤ ਹਨ ਕਿ ਲੋਕਤੰਤਰ ਦੀ ਲਾਸ਼ ਅਜੇ ਵੀ ਘੜੀਸੀ ਜਾ ਰਹੀ ਹੈ। ਹਾਥਰਸ ਦੀ ਉਸ ਮਾਰ ਦਿੱਤੀ ਗਈ ਲੜਕੀ ਦੇ ਉਲਟ, ਅਜੇ ਉਸ ਦਾ ਦਾਹ-ਸੰਸਕਾਰ ਨਹੀਂ ਹੋਇਆ ਹੈ। ਲਾਸ਼ ਦੇ ਰੂਪ 'ਚ ਵੀ ਉਹ ਆਪਣਾ ਤਾਣ ਲਾ ਰਹੀ ਹੈ, ਇਸ ਨਾਲ ਚੀਜ਼ਾਂ ਦੀ ਰਫਤਾਰ ਮੱਠੀ ਪੈ ਗਈ ਹੈ। ਉਹ ਦਿਨ ਦੂਰ ਨਹੀਂ, ਜਦ ਇਸ ਨੂੰ ਟਿਕਾਣੇ ਲਗਾ ਦਿੱਤਾ ਜਾਵੇਗਾ ਅਤੇ ਫਿਰ ਚੀਜ਼ਾਂ ਰਫਤਾਰ ਫੜਨਗੀਆਂ। ਸਾਡੇ ਉਪਰ ਜੋ ਲੋਕ ਹਕੂਮਤ ਕਰ ਰਹੇ ਹਨ, ਉਨ੍ਹਾਂ ਦਾ ਅਣਕਿਹਾ ਨਾਅਰਾ ਸ਼ਾਇਦ ਇਹ ਹੋ ਸਕਦਾ ਹੈ - ਇਕ ਧੱਕਾ ਹੋਰ ਦਿਓ, ਲੋਕਤੰਤਰ ਨੂੰ ਖਤਮ ਕਰੋ।

ਜਦ ਉਹ ਦਿਨ ਆਵੇਗਾ ਤਾਂ ਹਿਰਾਸਤ ਵਿਚ ਸਾਲਾਨਾ 1700 ਕਤਲ ਸਾਡੇ ਹਾਲੀਆ, ਗੌਰਵਮਈ ਅਤੀਤ ਦੀ ਖੁਸ਼ਨੁਮਾ ਯਾਦ ਲੱਗਣ ਲੱਗ ਜਾਣਗੇ; ਲੇਕਿਨ ਸਾਨੂੰ ਇਸ ਨਿੱਕੀ ਜਿਹੀ ਗੱਲ ਦੀ ਕੋਈ ਪ੍ਰਵਾਹ ਨਹੀਂ। ਅਸੀਂ ਤਾਂ ਬੱਸ, ਉਨ੍ਹਾਂ ਲੋਕਾਂ ਨੂੰ ਵੋਟ ਪਾਉਂਦੇ ਰਹੀਏ ਜਿਹੜੇ ਸਾਨੂੰ ਬਦਹਾਲੀ ਤੇ ਯੁੱਧ ਵਲ ਲਿਜਾ ਰਹੇ ਹਨ, ਜੋ ਸਾਨੂੰ ਲੀਰੋ ਲੀਰ ਕਰ ਰਹੇ ਹਨ। ਘੱਟੋ-ਘੱਟ ਉਹ ਸਾਡੇ ਲਈ ਮਹਾਂ ਮੰਦਿਰ ਤਾਂ ਬਣਾ ਰਹੇ ਹਨ। ਇਹ ਕਿਤੇ ਛੋਟੀ ਗੱਲ ਹੈ!

(ਸਮਾਪਤ)



ਦਿੱਲੀ ਦੰਗਿਆਂ ਦੌਰਾਨ ਕੱਟੜਪੰਥੀਆਂ ਦੀ ਮਚਾਈ ਤਬਾਹੀ।

## ਕਿਥੋਂ ਲਿਆਈਏ ਲੱਭ ਕੇ ਫੂਲਨ ਦੇਵੀ ਇਕ ਹੋਰ!

(ਪਿਛਲੇ ਸਫੇ ਦੀ ਬਾਕੀ)

ਹੈ ਕਿ ਸਰਕਾਰ ਉਚ ਅਧਿਕਾਰੀਆਂ 'ਤੇ ਦਬਾ ਪਾ ਕੇ ਮਾਮਲੇ ਨੂੰ ਰਫਾ-ਦਫਾ ਕਰ ਦੇਵੇਗੀ। ਖਬਰ ਇਹ ਵੀ ਹੈ ਕਿ ਉਸ ਇਲਾਕੇ ਦਾ ਐਮ. ਐਲ. ਏ. ਦੋਸ਼ੀਆਂ ਨੂੰ ਮਿਲਣ ਜੇਲ੍ਹ ਵਿਚ ਗਿਆ ਸੀ, ਪਰ ਉਸ ਨੂੰ ਮਿਲਣ ਨਹੀਂ ਦਿੱਤਾ ਗਿਆ। ਹਾਈ ਕੋਰਟ ਨੇ ਆਪਣੇ ਤੌਰ 'ਤੇ ਹੀ ਇਸ ਮਾਮਲੇ ਦੀ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ, ਜੋ ਸਵਾਗਤਯੋਗ ਹੈ।

ਪ੍ਰਧਾਨ ਮੰਤਰੀ ਅਤੇ ਹੋਮ ਮਨਿਸਟਰ ਦੀ ਮੁੱਖ ਮੰਤਰੀ ਯੋਗੀ ਨੂੰ ਪੂਰੀ ਸ਼ਹਿ ਹੈ। ਉਹ ਸ਼ਹਿਰਾਂ ਦੇ ਨਾਂ ਬਦਲਣ 'ਤੇ ਭਾਵੇਂ ਕਰੋੜਾਂ ਰੁਪਏ ਉਜਾੜ ਦੇਵੇ, ਕੁਝ ਸਾਧੂ-ਸੰਤਾਂ ਨੂੰ ਭਾਵੇਂ ਰਾਜ ਮੰਤਰੀ ਦਾ ਦਰਜਾ ਦੇ ਦੇਵੇ, ਆਕਸੀਜਨ ਦੀ ਕਮੀ ਕਰਕੇ ਭਾਵੇਂ ਕਈ ਬੱਚੇ ਮਰ ਜਾਣ, ਰਾਜ ਵਿਚ ਕਿਤੇ ਦੰਗੇ ਫਸਾਦ ਹੋ ਜਾਣ-ਉਸ ਨੂੰ ਕੋਈ ਨਹੀਂ ਪੁਛਦਾ। ਅਜਿਹੇ ਰਾਜ ਵਿਚ ਇਕ ਦਲਿਤ ਲੜਕੀ ਨਾਲ ਬਲਾਤਕਾਰ ਕਰ ਕੇ ਉਸ ਦੀ ਰੀੜ੍ਹ ਦੀ ਹੱਡੀ ਤੋੜ ਦੇਣਾ ਅਸਲ ਵਿਚ ਸਾਡੇ ਲੋਕ ਰਾਜ ਦੀ ਤੇ ਸਮਾਜ ਦੀ ਰੀੜ੍ਹ ਦੀ ਹੱਡੀ ਤੋੜ ਦੇਣ ਦੇ ਤੁਲ ਹੈ। ਜ਼ਾਲਮਾਂ ਨੇ ਕੁੜੀ ਦੀ ਜੀਭ ਵੀ ਕੱਟ ਦਿੱਤੀ ਸੀ, ਪਰ ਹਾਕਮ ਜਮਾਤ ਦੇ ਨੇਤਾਵਾਂ ਦੀ ਜੀਭ ਵੀ ਤਾਂ ਕੱਟੀ ਹੋਈ ਹੀ ਹੈ, ਜੋ ਉਹ ਇਸ ਦਰਿੰਦਗੀ ਖਿਲਾਫ ਬੋਲ ਨਹੀਂ ਰਹੇ!

# ਮਹਾਨ ਵਿਅੰਗਕਾਰ-ਫਿਕਰ ਤੌਂਸਵੀ

ਜਦੋਂ ਵੀ ਉਰਦੂ ਭਾਸ਼ਾ ਵਿਚ ਵਿਅੰਗ ਅਤੇ ਮਜ਼ਾਹੀਆ ਕਾਲਮਾਂ ਦਾ ਜ਼ਿਕਰ ਹੁੰਦਾ ਹੈ, ਤਾਂ 'ਪਿਆਜ਼ ਦੇ ਛਿਲਕੇ' ਵਾਲੇ ਕਾਲਮਨਵੀਸ ਫਿਕਰ ਤੌਂਸਵੀ ਦਾ ਨਾਂ ਵਿਸ਼ੇਸ਼ ਤੌਰ 'ਤੇ ਆਉਂਦਾ ਹੈ। ਫਿਕਰ ਤੌਂਸਵੀ ਨੇ ਆਪਣੇ ਇਸ ਵਿਅੰਗਮਈ ਕਾਲਮ 'ਪਿਆਜ਼ ਦੇ ਛਿਲਕੇ' ਰਾਹੀਂ ਜੋ ਪ੍ਰਸਿੱਧੀ ਹਾਸਲ ਕੀਤੀ, ਉਹ ਸ਼ਾਇਦ ਹੀ ਕਿਸੇ ਦੂਜੇ ਵਿਅੰਗਕਾਰ ਦੇ ਹਿੱਸੇ ਆਈ ਹੋਵੇ।

ਤੌਂਸਵੀ ਦਾ ਅਸਲ ਨਾਮ ਰਾਮ ਲਾਲ ਭਾਟੀਆ ਸੀ ਤੇ ਜਨਮ 7 ਅਕਤੂਬਰ 1918 ਨੂੰ ਬਸਤੀ ਮੰਗਰੋਠਾ ਤੌਂਸਾ ਸ਼ਰੀਫ ਵਿਖੇ ਹੋਇਆ, ਜਦੋਂ ਕਿ ਮੁਹੰਮਦ ਆਜ਼ਮ ਅਨੁਸਾਰ ਫਿਕਰ ਤੌਂਸਵੀ ਦਾ ਜਨਮ ਸ਼ੁਜ਼ਾਬਾਦ, ਮੁਲਤਾਨ ਜਿਲੇ ਵਿਚ ਹੋਇਆ ਸੀ। ਫਿਕਰ ਦੇ ਪਿਤਾ ਧਨਪਤ ਰਾਏ ਇਕ ਜ਼ਿਮੀਦਾਰ ਚੌਧਰੀ ਨਰਾਇਣ ਸਿੰਘ ਦੇ ਘਰ ਮੁਨਸ਼ੀ ਸਨ। ਉਨ੍ਹਾਂ ਆਪਣੀ ਮੁਢਲੀ ਵਿੱਦਿਆ ਆਪਣੇ ਪਿੰਡੋਂ ਹੀ ਪ੍ਰਾਪਤ ਕੀਤੀ ਅਤੇ ਬਾਅਦ ਵਿਚ ਦਸਵੀਂ ਜਮਾਤ ਦਾ ਇਮਤਿਹਾਨ ਹਾਈ ਸਕੂਲ ਤੌਂਸਾ ਤੋਂ ਪਾਸ ਕਰਨ ਉਪਰੰਤ ਐਮਰਸਨ ਕਾਲਜ ਵਿਖੇ ਦਾਖਲਾ ਲੈ ਲਿਆ। ਅਫਸੋਸ!



ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਇਕ ਸਾਲ ਬਾਅਦ ਹੀ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ, ਜਿਸ ਦੇ ਸਦਮੇ ਨੇ ਉਨ੍ਹਾਂ ਨੂੰ ਬੇਹਾਲ ਕਰ ਦਿੱਤਾ। ਨਤੀਜੇ ਵਜੋਂ, ਉਨ੍ਹਾਂ ਨੂੰ ਜ਼ਿੰਦਗੀ ਦੀ ਗੁਜਰ ਬਸਰ ਕਰਨ ਲਈ ਪੜ੍ਹਾਈ ਛਡਣੀ ਪਈ ਤੇ ਸ਼ੁਰੂ ਸ਼ੁਰੂ ਵਿਚ ਉਨ੍ਹਾਂ ਨੇ ਇਕ ਹਫਤਾਵਾਰੀ ਰਸਾਲੇ 'ਕਿਸਾਨ' ਵਿਚ ਕੰਮ ਕੀਤਾ।

ਫਿਕਰ ਅਨੁਸਾਰ ਉਨ੍ਹਾਂ ਦੇ ਸਾਹਿਤਕ ਜੀਵਨ ਦੀ ਸ਼ੁਰੂਆਤ 1942 ਵਿਚ 'ਅਦਬੀ ਦੁਨੀਆਂ' ਦੀ ਪ੍ਰਕਾਸ਼ਿਤ ਹੋਈ ਕਵਿਤਾ 'ਤਨਹਾਈ' ਨਾਲ ਹੋਇਆ। ਉਨ੍ਹਾਂ ਇਸ ਉਕਤ ਤਨਹਾਈ ਕਵਿਤਾ ਨੂੰ ਅਦਬੀ ਸੰਗਠਨ ਅਰਬਾਬ-ਏ-ਜ਼ੌਕ ਵਲੋਂ ਸਾਲ ਦੀ ਸਰਬੋਤਮ ਕਵਿਤਾ ਐਲਾਨਿਆ ਗਿਆ। ਇਸ ਪਿਛੋਂ ਉਨ੍ਹਾਂ ਨੇ ਪ੍ਰਸਿੱਧ ਫਿਕਸ਼ਨ ਨਿਗਾਰ ਮੁਮਤਾਜ਼ ਮੁਫਤੀ ਦੇ ਨਾਲ ਮਿਲ ਕੇ ਮੈਗਜ਼ੀਨ 'ਸਵੇਰਾ' ਦੀ ਸੰਪਾਦਨਾ ਕੀਤੀ। ਇਸ ਦੇ ਇਲਾਵਾ 'ਅਦਬ ਲਤੀਫ' ਦੇ ਸੰਪਾਦਕ ਰਹੇ, ਇਸ ਦੀ ਇਦਾਰਤ ਦੌਰਾਨ ਹੀ ਉਨ੍ਹਾਂ ਕੈਲਾਸ਼ ਵਤੀ ਨੂੰ ਆਪਣਾ ਜੀਵਨ ਸਾਥੀ ਬਣਾਇਆ।

ਇਸ ਪਿਛੋਂ 1947 ਦੇ ਫਿਰਕੂ ਦੰਗਿਆਂ ਦੌਰਾਨ ਫਿਕਰ ਤੌਂਸਵੀ ਬਤੌਰ ਰਿਫਿਊਜ਼ੀ ਭਾਰਤ ਆ ਗਏ। ਇਥੇ ਆ ਕੇ ਉਨ੍ਹਾਂ ਆਪਣੀਆਂ ਕਵਿਤਾਵਾਂ ਦਾ ਸੰਗ੍ਰਹਿ 'ਹਿਉਲੇ' ਪ੍ਰਕਾਸ਼ਿਤ ਕਰਵਾਇਆ, ਪਰ ਫਿਰਕੂ ਦੰਗਿਆਂ ਉਪਰੰਤ ਉਨ੍ਹਾਂ ਕਵਿਤਾ ਨੂੰ ਅਲਵਿਦਾ ਕਹਿ ਦਿੱਤਾ ਤੇ ਵਾਰਤਕ 'ਚ ਵਿਅੰਗ ਸ਼ੈਲੀ ਨੂੰ ਅਪਨਾਇਆ। ਵਾਰਤਕ ਵਿਚ ਉਨ੍ਹਾਂ ਦੀ ਪਹਿਲੀ ਰਚਨਾ 'ਛੱਟਾ ਦਰਿਆ' ਆਈ, ਜੋ ਇਕ ਡਾਇਰੀ ਦੀ ਸ਼ਕਲ ਵਿਚ ਹੈ ਅਤੇ ਇਹ ਫਿਰਕੂ ਫਸਾਦਾਂ, ਦਰਦਨਾਕ ਹਾਦਸਿਆਂ ਨੂੰ ਬਿਆਨ ਕਰਦੀ ਹੈ, ਜਦੋਂ ਕਿ ਉਨ੍ਹਾਂ ਦੀ ਇਕ ਹੋਰ ਕਿਤਾਬ 'ਸਾਤਵਾਂ ਸ਼ਾਸਤਰ' ਵੀ ਫਿਰਕੂ ਹਿੰਸਾ ਦੇ ਆਲੇ-ਦੁਆਲੇ ਘੁੰਮਦੀ ਹੈ।

ਲੁਗਾਤ-ਏ-ਫਿਕਰੀ, ਅਰਥਾਤ ਫਿਕਰ ਦੁਆਰਾ ਲਿਖੇ ਕੁਝ ਪੰਨਿਆਂ ਦਾ 'ਸ਼ਬਦਕੋਸ਼' ਆਪਣੀ ਕਿਸਮ ਦਾ ਬਹੁਤ ਹੀ ਦਿਲਚਸਪ ਅਤੇ ਮਜ਼ਾਕੀਆ ਲਿਪੀ ਹੈ। ਇਸ ਵਿਚ ਫਿਕਰ ਨੇ ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਵਰਤੇ ਜਾਂਦੇ ਸ਼ਬਦਾਂ ਦੇ ਅਰਥ ਸਮਾਜ ਦੇ ਕੌੜੇ ਹਕੀਕਤ ਦੇ ਬਹੁਤ ਨੇੜੇ ਲਿਖੇ ਹਨ। ਇੱਥੇ ਨੇਤਾ ਦਾ ਅਰਥ ਸਿਰਫ ਇੱਕ ਨੇਤਾ ਜਾਂ ਰਾਜਨੇਤਾ ਨਹੀਂ ਹੁੰਦਾ, ਸਗੋਂ ਉਹ ਵਿਅਕਤੀ, ਜੋ ਉਸ ਦੀ ਸ਼ਖਸੀਅਤ ਅਤੇ ਉਸ ਦੇ ਕੰਮਾਂ ਦੁਆਰਾ ਨਿਰਧਾਰਤ ਹੁੰਦਾ ਹੈ।

ਫਿਕਰ ਆਪਣੇ ਹੋਰ ਹਾਸੋਹੀਣੇ ਲੇਖਾਂ ਦੇ ਨਾਲ, ਉਸ ਦੇ ਅਖਬਾਰ ਦੇ ਕਾਲਮ 'ਪਿਆਜ਼ ਕੇ ਛਿਲਕੇ' ਅਤੇ ਵੰਡ ਦੇ ਸਮੇਂ ਦੇ ਇਤਿਹਾਸ ਦੀ ਯਾਦਗਾਰੀ ਕਿਤਾਬ 'ਛੱਟਾ ਦਰਿਆ' ਲਈ ਉਨ੍ਹਾਂ ਨੂੰ ਸਭ ਤੋਂ ਵੱਧ ਜਾਣਿਆ ਜਾਂਦਾ ਹੈ।

ਹੇਠਾਂ ਦਰਜ ਫਿਕਰ ਤੌਂਸਵੀ ਦੀਆਂ ਵੱਖ ਵੱਖ ਰਚਨਾਵਾਂ 'ਚੋਂ ਕੁਝ ਗਿਣੇ-ਚੁਣੇ ਸ਼ਬਦ ਲਏ ਹਨ, ਜਿਨ੍ਹਾਂ ਨੂੰ ਉਨ੍ਹਾਂ ਆਪਣੇ ਅਲੱਗ ਅੰਦਾਜ਼ ਵਿਚ ਪਰਿਭਾਸ਼ਿਤ ਕੀਤਾ ਹੈ। ਯਕੀਨਨ ਪਾਠਕਾਂ ਨੂੰ ਇਹ ਕਾਫੀ ਲੁਤਫ ਦੇਣਗੇ ਅਤੇ ਉਨ੍ਹਾਂ ਨੂੰ ਸੇਧ ਵੀ ਦੇਣਗੇ:

ਇਲੈਕਸ਼ਨ: ਇੱਕ ਦੰਗਾ ਜੋ ਵੋਟਰਾਂ ਅਤੇ ਨੇਤਾਵਾਂ ਵਿਚਾਲੇ ਹੁੰਦਾ ਹੈ ਅਤੇ ਜਿਸ ਵਿਚ ਆਗੂ ਜਿੱਤਦੇ ਹਨ, ਵੋਟਰ ਹਾਰ ਜਾਂਦੇ ਹਨ।

ਵੋਟ: ਕੀੜੇ ਦੇ ਖੰਭ ਜੋ ਬਰਸਾਤ ਦੇ ਮੌਸਮ ਵਿਚ ਬਾਹਰ ਆਉਂਦੇ ਹਨ।

ਵੋਟਰ: ਅੱਖਾਂ ਵਿਚੋਂ ਡਿੱਗਿਆ ਹੋਇਆ ਇਕ ਹੰਝੂ, ਜਿਸ ਨੂੰ ਮਿੱਟੀ ਵਿਚੋਂ ਚੋਣ ਦੌਰਾਨ ਮੋਤੀ ਸਮਝ ਕੇ ਚੁੱਕਿਆ ਜਾਂਦਾ ਹੈ ਅਤੇ ਚੋਣ ਪਿਛੋਂ ਮੁੜ ਮਿੱਟੀ ਵਿਚ ਮਿਲਾ ਦਿੱਤਾ ਜਾਂਦਾ ਹੈ।

ਵੋਟਰ ਸੂਚੀ: ਜੌਹਰੀ ਦੀ ਦੁਕਾਨ 'ਤੇ ਲਟਕ ਰਹੀਆਂ ਮੋਤੀਆਂ ਦੀਆਂ ਲੜੀਆਂ।

ਉਮੀਦਵਾਰ: ਵੱਡੇ ਵੱਡੇ ਅਕਲਮੰਦਾਂ (ਸਿਆਣਿਆਂ) ਨੂੰ ਵੀ ਬੇਵਕੂਫ ਬਣਾਉਣ ਵਾਲਾ ਅਕਲਮੰਦ।

ਚੁਣਾਵੀ ਸਫ: ਇਕ ਤੁੰਬੜਾ, ਜਿਸ 'ਤੇ ਬੇਸੁਰੇ ਗੀਤ ਗਾਏ ਜਾਂਦੇ ਹਨ।

ਚੋਣ ਮੈਨੀਫੈਸਟੋ: ਜਿਸ ਵਿਚ ਵਾਅਦੇ ਬਾਅਦ ਵਿਚ ਤੋੜਨ ਲਈ ਕੀਤੇ ਜਾਂਦੇ ਹਨ।

ਚੋਣ ਭਾਸ਼ਣ: ਚੋਣਾਂ ਦੇ ਜੰਗਲ ਵਿਚ ਗਿੱਦੜਾਂ ਵਲੋਂ ਗਾਇਆ ਜਾਣ ਵਾਲਾ ਗੀਤ ਕਿ 'ਮੇਰੇ ਪਿਤਾ ਬਾਦਸ਼ਾਹ ਸਨ।'

ਚੋਣ ਝੰਡੇ: ਰੰਗ-ਬਰੰਗੇ ਪਤੰਗਾਂ ਦੀ ਦੁਕਾਨ।

ਚੋਣ ਪੋਸਟਰ: ਉਮੀਦਵਾਰ ਦਾ ਸ਼ਜਰਾ-ਏ-ਨਸਬ, ਜਿਸ ਵਿਚ ਉਮੀਦਵਾਰ ਦੇ ਖਾਨਦਾਨ ਦੀ ਪੂਰੀ (ਤਾਰੀਖ) ਇਤਿਹਾਸ ਦਰਜ ਹੁੰਦਾ ਹੈ।

ਪੋਲਿੰਗ ਏਜੰਟ: ਉਮੀਦਵਾਰ ਦਾ ਚਮਚਾ।

ਚੋਣ ਖਰਚੇ: ਜੂਏ 'ਤੇ ਲਾਈ ਹੋਈ ਨਕਦੀ।

ਇਸੇ ਤਰ੍ਹਾਂ ਫਿਕਰ ਤੌਂਸਵੀ ਇਕ ਥਾਂ ਹੋਰ ਸਮਾਜ ਵਿਚ ਵਰਤੇ ਜਾਂਦੇ ਕੁਝ ਹੋਰ ਪ੍ਰਚਲਿਤ ਸ਼ਬਦਾਂ ਦੀ ਪਰਿਭਾਸ਼ਾ ਆਪਣੇ ਨਿਵੇਕਲੇ ਪਰ ਜਾਣੇ-ਪਛਾਣੇ ਸ਼ਬਦ ਘੜਦਿਆਂ ਜਿਵੇਂ ਹਕੀਕਤ ਬਿਆਨ ਕਰ ਦਿੱਤੀ ਹੈ,



ਮਹਿਬੂਬਾ: ਇਕ ਕਿਸਮ ਦੀ ਨਾਜਾਇਜ਼ (ਗੈਰਕਾਨੂੰਨੀ) ਪਤਨੀ।

ਪਤਨੀ: ਮਹਿਬੂਬਾ ਦਾ ਅੰਜਾਮ।

ਇਸ਼ਕ: ਖੁਦਕੁਸ਼ੀ ਕਰਨ ਤੋਂ ਪਹਿਲਾਂ ਦੀ ਸਥਿਤੀ।

ਰਿਸ਼ਤੇਦਾਰ: ਇਕ ਰੱਸੀ, ਜੋ ਟੁੱਟਣ 'ਤੇ ਵੀ ਸਿਰ ਉੱਤੇ ਲਟਕਦੀ ਰਹਿੰਦੀ ਹੈ।

ਦਿੱਲੀ: ਜਿੱਥੇ ਘਰ ਵੱਡੇ ਹੁੰਦੇ ਹਨ ਅਤੇ ਲੋਕ ਛੋਟੇ ਹੁੰਦੇ ਹਨ।

ਬੰਬੇ: ਇਕ ਮੰਦਿਰ, ਜਿਸ 'ਚੋਂ ਭਗਵਾਨ ਨਿਕਲ ਗਿਆ ਹੈ।

ਸਾਈਕਲ: ਕਲਰਕ ਬਾਬੂ ਦੀ ਦੂਜੀ ਪਤਨੀ।

ਕਲਰਕ: ਇਕ ਗਿੱਦੜ, ਜੋ ਸ਼ੇਰ ਦੀ ਪੋਸ਼ਾਕ ਵਿਚ ਕੁਰਸੀ 'ਤੇ ਬੈਠਾ ਹੈ।

ਬੁੱਢਾ ਆਦਮੀ: ਦੀਵਾਲੀਆ ਦੁਕਾਨ ਦੇ ਬਾਹਰ ਲਟਕਿਆ ਇੱਕ ਪੁਰਾਣਾ ਸਾਈਨ ਬੋਰਡ।

ਆਵਾਮ: ਚੌਕ 'ਤੇ ਰੱਖਿਆ ਹੋਇਆ ਇਕ ਹੁੱਕਾ, ਜਿਸ ਨੂੰ ਹਰ ਰਾਹਗੀਰ ਆ ਕੇ ਪੀਂਦਾ ਹੈ।

ਪਤਨੀ: ਮਹਿਬੂਬਾ ਦਾ ਵਿਗੜਿਆ ਹੋਇਆ ਚਿਹਰਾ।

ਬੇਰੁਜ਼ਗਾਰੀ: ਸਨਮਾਨ ਪ੍ਰਾਪਤੀ ਤੋਂ ਪਹਿਲਾਂ ਅਪਮਾਨਿਤ ਹੋਣ ਦਾ ਤਜਰਬਾ।

ਕੁਰਪਸ਼ਨ : ਇੱਕ ਜ਼ਹਿਰ, ਜੋ ਸ਼ਹਿਦ ਵਾਂਗ ਸੁਆਦ ਲੈ ਖੁਸ਼ੀ ਖੁਸ਼ੀ ਚੱਟਿਆ ਜਾਂਦਾ ਹੈ।

ਰਾਜਨੀਤੀ: ਪੈਸਾ ਰੱਖਣ ਵਾਲਿਆਂ ਦੀ ਅਯਾਸ਼ੀ ਅਤੇ ਬਿਨਾ ਪੈਸੇ ਵਾਲਿਆਂ ਲਈ ਇਕ ਗਲੇ ਦਾ ਢੋਲ।

ਬੀਵੀ: ਇੱਕ ਚੁਟਕਲਾ, ਜੋ ਵਾਰ ਵਾਰ ਦੁਹਰਾਉਣ ਨਾਲ ਬਾਸਾ (ਫਾਲਤੂ) ਹੋ ਜਾਂਦਾ ਹੈ।

ਸੱਚਾਈ: ਇੱਕ ਚੋਰ, ਜੋ ਡਰ ਦੇ ਮਾਰੇ ਬਾਹਰ ਨਹੀਂ ਆਉਂਦੀ।

ਝੂਠ: ਇੱਕ ਫਲ, ਜੋ ਵੇਖਣ ਲਈ ਸੁੰਦਰ ਹੈ ਤੇ ਖਾਣ 'ਚ ਸੁਆਦੀ, ਪਰ ਜਿਸ ਨੂੰ ਹਜ਼ਮ ਕਰਨਾ ਮੁਸ਼ਕਿਲ ਹੈ।

ਲੋਕਤੰਤਰ: ਇੱਕ ਮੰਦਿਰ, ਜਿੱਥੇ ਸ਼ਰਧਾਲੂ ਚੜ੍ਹਾਵਾ ਚੜ੍ਹਾਉਂਦੇ ਹਨ ਅਤੇ ਪੁਜਾਰੀ ਖਾਂਦੇ ਹਨ।

ਗਰੀਬੀ: ਇੱਕ ਕਸ਼ਕੋਲ, ਜਿਸ ਵਿਚ ਅਮੀਰ ਲੋਕ ਪੈਸੇ ਸੁੱਟ ਕੇ ਆਪਣੇ ਪਾਪ ਘਟਾਉਂਦੇ ਹਨ।

ਸ਼ਾਇਰ: ਇਕ ਪੰਛੀ, ਜੋ ਸਾਰੀ ਉਮਰ ਆਪਣੇ ਗੁਆਚੇ ਹੋਏ ਨੂੰ ਲੱਭਣ 'ਚ ਗੁਆ ਲੈਂਦਾ ਹੈ।

ਲੀਡਰ: ਉਹ ਵਿਅਕਤੀ, ਜੋ ਆਪਣਾ ਬੀਜ ਦੂਜਿਆਂ ਦੇ ਖੇਤ ਵਿਚ ਪਾ ਕੇ ਫਸਲਾਂ ਵੇਚ ਖਾਂਦਾ ਹੈ।

ਕਬਰਿਸਤਾਨ: ਮਰੇ ਹੋਏ ਮਨੁੱਖਾਂ ਦਾ (ਵਰਤਮਾਨ) ਅਤੇ ਜਿਉਂਦੇ ਮਨੁੱਖਾਂ ਦਾ ਮੁਸਤਕਬਲ (ਭਵਿੱਖ)।

ਚਾਪਲੂਸੀ: ਕਮਜ਼ੋਰ ਦੀ ਤਾਕਤ ਅਤੇ ਮਜ਼ਬੂਤ ਦੀ ਕਮਜ਼ੋਰੀ।

ਸ਼ਰਾਫਤ: ਅੰਨ੍ਹੇ ਵਲੋਂ ਪਾਇਆ ਹੋਇਆ ਚਸ਼ਮਾ।

ਸਿਖਲਾਈ: ਅਨਪੜ੍ਹ ਲੋਕਾਂ ਨੂੰ ਮੂਰਖ ਬਣਾਉਣ ਦਾ ਇੱਕ ਹਥਿਆਰ।

ਬਹਾਦੁਰ: ਅੱਗ ਨੂੰ ਪਾਣੀ ਸਮਝ ਕੇ ਪੀ ਜਾਣ ਵਾਲਾ ਕਮਅਕਲ।

ਰਸੋਈ: ਘਰੇਲੂ ਔਰਤਾਂ ਦੀ ਰਾਜਧਾਨੀ।

ਕਿਲ੍ਹਾ: ਝੌਂਪੜੀ ਦੇ ਵਿਚਕਾਰ ਖਿੱਚੀ ਗਈ ਇੱਕ ਵੱਡੀ ਲਾਈਨ।

ਵਿਦਿਆਰਥੀ: ਪਿਆਸਾ ਵਿਅਕਤੀ, ਜੋ ਸਮੁੰਦਰ ਵਿਚ ਧੱਕਿਆ ਜਾਂਦਾ ਹੈ ਅਤੇ ਸਾਰੀ ਉਮਰ ਡੁੱਬਦਾ ਹੈ।

ਜੇਬ ਕਤਰਾ: ਇਕ ਸ਼ਰਾਰਤੀ ਲੜਕਾ, ਜੋ ਕਿਸੇ ਹੋਰ ਦੇ ਸਾਈਕਲ ਵਿਚ ਪਿੰਨ ਲਾਉਂਦਾ ਹੈ, ਇਸ ਨੂੰ ਪੈਂਚਰ ਕਰਕੇ ਭੱਜ ਜਾਂਦਾ ਹੈ।

ਸੜਕ: ਉਹ ਮਾਰਗ, ਜੋ ਸਵਰਗ ਅਤੇ ਨਰਕ-ਦੋਹਾਂ ਵੱਲ ਲੈ ਜਾਂਦਾ ਹੈ।

ਆਤਮ ਹੱਤਿਆ: ਜਾਇਜ਼ ਚੀਜ਼ਾਂ ਦੀ ਦੁਰਵਰਤੋਂ।

ਕੁਰਸੀ: ਸਿਆਣਾ ਆਦਮੀ ਇਸ 'ਤੇ ਬੈਠ ਕੇ ਮੂਰਖ ਬਣ ਜਾਂਦਾ ਹੈ।

ਨੇਕੀ: ਜਿਸ ਨੂੰ ਲੋਕ ਪਹਿਲਾਂ ਦਰਿਆ ਵਿਚ ਸੁੱਟ ਦਿੰਦੇ ਸਨ, ਅੱਜ ਕੱਲ੍ਹ ਬਾਜ਼ਾਰ ਵਿਚ ਬਾਰਾਏ ਵਿਕਰੀ ਲਈ ਭੇਜੋ।

ਅਖਬਾਰ: ਇੱਕ ਫਲ, ਜੋ ਆਰਾਮ ਲਈ ਖਾਧਾ ਜਾਂਦਾ ਹੈ, ਪਰ ਖਾਣ ਤੋਂ ਬੇਚੈਨੀ ਪੈਦਾ ਕਰਦਾ ਹੈ।

ਸ਼ਰਾਬੀ: ਰਾਤ ਦਾ ਸ਼ਹਿਨਸ਼ਾਹ, ਸਵੇਰ ਦਾ ਫਕੀਰ।

ਤਵਾਇਫ: ਡਿਸਪੋਜ਼ਲ ਚੀਜ਼ਾਂ, ਜੋ ਮਾਮੂਲੀ ਭਾਅ ਉਤੇ ਨਿਲਾਮੀ 'ਤੇ ਵੇਚੀਆਂ ਜਾਂਦੀਆਂ ਹਨ।

ਮਹਿਮਾਨ: ਜਦੋਂ ਉਹ ਆਉਂਦਾ ਹੈ ਤਾਂ ਖੁਸ਼ੀ ਹੁੰਦੀ ਹੈ ਅਤੇ ਜਦੋਂ ਉਹ ਰਵਾਨਾ ਹੁੰਦਾ ਤਾਂ ਹੋਰ ਵਧੇਰੇ ਖੁਸ਼ੀ ਹੁੰਦੀ ਹੈ।

ਜੱਜ: ਨਿਆਂ ਕਰਨ ਲਈ ਸੁਤੰਤਰ, ਪਰ ਕਾਨੂੰਨ ਦਾ ਗੁਲਾਮ।

ਗਵਾਹ: ਝੂਠ ਅਤੇ ਸੱਚ ਦੇ ਵਿਚਾਲੇ ਲਟਕਿਆ ਪੈਂਡੂਲਮ।

ਕੋਸ਼ਿਸ਼: ਹਨੇਰੇ ਵਿਚ ਤੀਰ ਚਲਾਉਣਾ। ਲੱਗ ਜਾਏ ਤਾਂ ਵਾਹ ਵਾਹ, ਜੇ ਖੁੰਝ ਜਾਏ ਤਾਂ ਆਹ ਆਹ।

ਹਨੇਰਾ: ਬਿਜਲੀ ਕੰਪਨੀ ਦਾ ਸਿਰਦਰਦ।

ਸ਼ਕਤੀ: ਚੋਰਾਂ ਦਾ ਸਿਰ ਦਰਦ।

ਚੋਰ: ਇਕ ਕਲਾਕਾਰ, ਜੋ ਇਕ ਜੇਬ ਤੋਂ ਦੂਜੀ ਵਿਚ ਸਮਾਨ ਲੈ ਜਾਂਦਾ ਹੈ।

ਉਸਤਾਦ: ਮੂਰਖ, ਜੋ ਆਪਣੇ ਦੁਸ਼ਮਣਾਂ ਨੂੰ ਸਿਆਣਾ ਬਣਾ ਕੇ ਮੂਰਖ ਬਣਦਾ ਹੈ।

ਕੂੜਾ ਕਰਕਟ: ਵਰਤੀਆਂ ਜਾਂਦੀਆਂ ਚੀਜ਼ਾਂ ਦੀ ਜਨਾਜ਼ਗਾਹ।

ਕਮਜ਼ੋਰੀ: ਇਕ ਲਾਸ਼, ਜਿਸ 'ਤੇ ਜਿਉਂਦੇ ਲੋਕਾਂ ਵਲੋਂ ਹਮਲਾ ਕੀਤਾ ਜਾਂਦਾ ਹੈ।

ਕਤਲ: ਅੱਖਾਂ ਨਾਲ ਕੀਤਾ ਅੰਨ੍ਹਾ ਕੰਮ।

ਹਕੂਮਤ: ਕੰਡਿਆਂ ਦਾ ਤਾਜ, ਜਿਸ ਨੂੰ ਹਰ ਗੰਜਾ ਆਦਮੀ ਪਹਿਨਣਾ ਚਾਹੁੰਦਾ ਹੈ।

ਬੁੱਧੀ: ਪਿਆਰ ਤੇ ਖਲੂਸ ਦਾ ਕਬਰਿਸਤਾਨ।

ਮੂਰਖਤਾ: ਇਕ ਖਜਾਨਾ, ਜੋ ਕਦੇ ਖਾਲੀ ਨਹੀਂ ਹੁੰਦਾ।

ਵਿਆਹ: ਪਿਆਰ ਦੀ ਸਮਾਪਤੀ, ਬੱਚਿਆਂ ਦੀ ਸ਼ੁਰੂਆਤ।

ਦਿਲ: ਇਕ ਕਬਰ, ਜਿਸ ਦੇ ਹੇਠਾਂ ਅਕਸਰ ਜੀਵਤ ਮੁਰਦੇ ਦਫਨਾਏ ਜਾਂਦੇ ਹਨ।

ਦਿਮਾਗ: ਪਰਮਾਤਮਾ ਅਤੇ ਸ਼ੈਤਾਨ-ਦੋਵਾਂ ਦਾ ਸਾਂਝਾ ਘਰ।

ਪੈਰ: ਜਿਹੜਾ ਦੂਜਿਆਂ ਨੂੰ ਠੋਕਰ ਮਾਰਦਾ ਹੈ ਅਤੇ ਆਪਣੇ ਆਪ ਠੋਕਰ ਖਾਂਦਾ ਹੈ।

ਵਿਦੇਸ਼ੀ ਰਿਣ: ਇੱਕ ਡੈਣ, ਜੋ ਬੱਚਿਆਂ ਨੂੰ ਜਨਮ ਦਿੰਦੀ ਹੈ, ਉਨ੍ਹਾਂ ਦਾ ਪਾਲਣ ਪੋਸ਼ਣ ਕਰਦੀ ਹੈ ਅਤੇ ਫਿਰ ਉਹ ਉਨ੍ਹਾਂ ਨੂੰ ਖੁਦ ਹੀ ਖਾ ਜਾਂਦੀ ਹੈ।

ਹਿੱਲ ਸਟੇਸ਼ਨ: ਸਿਹਤਮੰਦ ਮਰੀਜ਼ਾਂ ਦਾ ਹਸਪਤਾਲ।

ਹਕੂਮਤ: ਕੰਡਿਆਂ ਦਾ ਤਾਜ, ਜਿਸ ਨੂੰ ਹਰ ਗੰਜਾ ਆਦਮੀ ਪਹਿਨਣਾ ਚਾਹੁੰਦਾ ਹੈ।

ਸਾਹਿਤ ਦੀ ਦੁਨੀਆਂ ਦਾ ਇਹ ਬੇਮਿਸਾਲ ਸਿਤਾਰਾ ਉਮਰ ਦੇ ਆਖਰੀ ਦਿਨਾਂ ਵਿਚ ਫਾਲਿਜ ਦਾ ਸ਼ਿਕਾਰ ਹੋ ਗਿਆ ਤੇ 12 ਸਤੰਬਰ 1987 ਨੂੰ ਇਸ ਫਾਨੀ ਦੁਨੀਆਂ ਨੂੰ ਹਮੇਸ਼ਾ ਹਮੇਸ਼ਾ ਲਈ ਅਲਵਿਦਾ ਕਹਿ ਗਿਆ ਅਤੇ ਵਿਅੰਗ ਦੇ ਖੇਤਰ ਵਿਚ ਕਦੇ ਨਾ ਪੂਰਿਆ ਜਾਣ ਵਾਲਾ ਘਾਟਾ ਪਾ ਗਿਆ।

# ਕਾਵਿ-ਜਗਤ

## ਮੈਂ ਪੰਜਾਬ ਪੱਗਾਂ ਵਾਲਿਆਂ ਦਾ

ਤੂੰ ਗੂੰਗੀ ਬੋਲੀ ਹੋ ਕੇ,
ਮਾਰਦੀ ਮਾਰ ਦਿੱਲੀਏ ਨੀ
ਤੇਰੇ ਤੋਂ ਕੀ ਉਮੀਦ ਸਾਨੂੰ,
ਤੂੰ ਗੱਦਾਰ ਦਿੱਲੀਏ ਨੀ,
ਤੂੰ ਖੋਹ ਖੋਹ ਕੇ ਮੂੰਹ ਤੋਂ ਹੀ,
ਸਾਡਾ ਹੱਕ ਖਾ ਲਿਆ ਸੀ,
ਮੈਂ ਪੰਜਾਬ ਪੱਗਾਂ ਵਾਲਿਆਂ ਦਾ,
ਤੂੰ ਦਿੱਲੀਏ ਟੋਪੀ ਵਾਲਿਆਂ ਦੀ।

ਤੂੰ ਉਦੋਂ ਵੀ ਨਾ ਬੋਲੀ, ਕਹਿਰ
ਜਦੋਂ ਚਾਂਦਨੀ ਚੌਕ ਹੋਇਆ ਸੀ,
ਗੁਰੂ ਸਾਡੇ ਨੇ ਸੀਸ ਦਿੱਤਾ,
ਤੈਥੋਂ ਨਾਲ ਵੀ ਗਿਆ ਖਲੋਇਆ ਨੀਂ,
ਤੂੰ ਬੇਕਾਰ ਹੈਂ ਭ੍ਰਿਸ਼ਟੇ ਲੀਡਰ ਵਾਂਗ,
ਤਾਂਹੀ ਤਾਂ ਸਾਨੂੰ ਤੜਫਾਇਆ ਨੀ।
ਮੈਂ ਪੰਜਾਬ ਪੱਗਾਂ ਵਾਲਿਆਂ ਦਾ,
ਤੂੰ ਦਿੱਲੀਏ ਟੋਪੀ ਵਾਲਿਆਂ ਦੀ।

ਵਿਚ ਚੌਰਾਸੀ ਪਤਾ ਸੀ ਤੈਨੂੰ,
ਗਲ ਪਾ ਟਾਇਰ ਰਤ ਸਾਡੀ ਡੁੱਲਣੀ,
ਖੂਨ ਦੀ ਹੋਲੀ ਖੇਡੀ ਜਿਹੜੀ,
ਸਾਡੀਆਂ ਪੁਸ਼ਤਾਂ ਕਦੇ ਨੀਂ ਭੁੱਲਣੀ,
ਭੁੱਲ ਜਾਣੇ ਸੀ ਜ਼ਖਮ ਸਾਰੇ,
ਜੇ ਸਜ਼ਾ ਗੱਦਾਰਾਂ ਨੂੰ ਦੇ ਜਾਂਦੀ ਨੀ।
ਮੈਂ ਪੰਜਾਬ ਪੱਗਾਂ ਵਾਲਿਆਂ ਦਾ,
ਤੂੰ ਦਿੱਲੀਏ ਟੋਪੀ ਵਾਲਿਆਂ ਦੀ।

ਹੁਣ ਫੇਰ ਤੇਰੇ ਕਪੁੱਤ ਦਿੱਲੀਏ,
ਚੜ੍ਹ ਆ'ਗੇ ਸਾਡੇ ਕਿਸਾਨਾਂ 'ਤੇ,
ਅਸੀਂ ਸਦਾ ਯਕੀਨ ਕਰਦੇ ਰਹੇ,
ਨੀ ਤੇਰੇ ਝੂਠੇ ਜਿਹੇ ਫੁਰਮਾਨਾਂ 'ਤੇ,
ਹੁਣ ਜਾਗੇ ਧੱਕਾ ਨੀਂ ਸਹਿਣਾ ਫੌਜ ਭਾਵੇਂ,
ਆ'ਜੇ ਅਡਾਨੀ, ਅੰਬਾਨੀ ਵਾਲਿਆਂ ਦੀ।
ਮੈਂ ਪੰਜਾਬ ਪੱਗਾਂ ਵਾਲਿਆਂ ਦਾ,
ਤੂੰ ਦਿੱਲੀਏ ਟੋਪੀ ਵਾਲਿਆਂ ਦੀ।

*-ਕਰਮਜੀਤ ਕੌਰ ਸਮਾਓ, ਮਾਨਸਾ*

---

## ਹਾਕਮ ਦੇ ਸਿਰ ਚੜ੍ਹ ਕੇ ਮਰਨਾ

ਸਾਡੀ ਮੰਜ਼ਿਲ ਹੈ ਜਦੋਂ ਇੱਕ ਮਿੱਤਰੋ,
ਅਸੀਂ ਕਿਉਂ ਨਾ ਹੁੰਦੇ ਇੱਕਮਿੱਕ ਮਿੱਤਰੋ!
ਇੱਕੋ ਜਥੇਬੰਦੀ ਹੋਵੇ,
ਤੇ ਹੋਵੇ ਇੱਕ ਥਾਂ 'ਤੇ ਹੀ ਧਰਨਾ।
ਚੰਗਾ ਖੁਦਕੁਸ਼ੀਆਂ ਨਾਲੋਂ,
ਹਾਕਮ ਦੇ ਸਿਰ ਚੜ੍ਹ ਕੇ ਮਰਨਾ।

ਜਦ ਸੀ ਗੋਰੇ ਹਾਕਮਾਂ ਨੇ
ਸਾਡੀ ਕੀਤੀ ਬੜੀ ਬਰਬਾਦੀ,
ਸਾਡੇ ਵੱਡੇ ਵਡੇਰਿਆਂ ਨੇ
ਏਕੇ ਨਾਲ ਸੀ ਲਈ ਆਜ਼ਾਦੀ।
ਸਾਨੂੰ ਅੱਜ ਵੀ ਓਸੇ ਤਰ੍ਹਾਂ
ਏਕਾ ਰਲ ਮਿਲ ਕੇ ਪਊ ਕਰਨਾ...।

ਤਿੰਨ ਉਤੇ ਸੱਤਰ ਸਾਲ ਹੋ ਗਏ
ਸਾਨੂੰ ਆਪਣੇ ਹੱਕਾਂ ਲਈ ਲੜਦਿਆਂ,
ਸੜਕਾਂ 'ਤੇ ਬਹਿ ਬਹਿ ਕੇ
ਠੰਡ ਵਿਚ ਠਰਦਿਆਂ, ਧੁੱਪ ਵਿਚ ਸੜਦਿਆਂ।
'ਚੜ੍ਹਿਆ ਹੜ੍ਹ' ਜਦੋਂ ਲੋਕਾਂ ਦਾ
ਸਭ ਨੇ ਲੂਣ ਵਾਂਗਰਾਂ ਖੁਰਨਾ...।

ਸਾਡੇ ਆਪ ਚੁਣੇ ਆਗੂ
ਸਾਡੇ ਹੱਕ ਦੀ ਗੱਲ ਨਹੀਂਓਂ ਕਰਦੇ।
ਹਰ ਇੱਕ ਪੰਜ ਸਾਲਾਂ ਮਗਰੋਂ
ਉਹ ਕਿਉਂ ਜਿਤਦੇ, ਅਸੀਂ ਕਿਉਂ ਹਰਦੇ।
ਆਪੇ ਬਣੇ ਗੱਦਾਰਾਂ ਦਾ
ਖੇਤ ਵਿਚ ਗੱਡਣਾ ਪਊਗਾ ਡਰਨਾ...।

ਮਸਲਾ ਨਹੀਂ ਕਿਸਾਨਾਂ ਦਾ
ਇਹ ਹੈ ਮਸਲਾ ਨਿਰਾ ਜਮਾਤੀ।
ਜੰਗ ਅਸਲ ਆਜ਼ਾਦੀ ਦੀ
ਸੋਚ ਹੁਣ ਛੇੜਨੀ ਪਊਗੀ ਜਾਤੀ।
ਇੱਕ ਦਿਨ ਪਿੰਡ ਰੰਚਣਾਂ ਨੂੰ
ਪਊਗਾ ਸੀਸ ਤਲੀ 'ਤੇ ਧਰਨਾ।
ਚੰਗਾ ਖੁਦਕੁਸ਼ੀਆਂ ਨਾਲੋਂ
ਹਾਕਮ ਦੇ ਸਿਰ ਚੜ੍ਹ ਕੇ ਮਰਨਾ।

*-ਮੂਲ ਚੰਦ ਸ਼ਰਮਾ*
*ਪ੍ਰਧਾਨ, ਪੰਜਾਬੀ ਸਾਹਿਤ ਸਭਾ*
*ਧੂਰੀ, ਸੰਗਰੂਰ।*

## ਕਿਸਾਨ

ਸ਼ਾਇਦ ਤੁਸੀਂ ਇਹ ਗੱਲ ਭੁੱਲੇ ਫਿਰਦੇ ਓ।
ਜਿਸ ਦਾਤਰੀ ਨਾਲ ਅੰਨਦਾਤਾ
ਕਣਕਾਂ ਵੱਢ ਕੇ ਥੋਡਾ ਢਿੱਡ ਭਰਦਾ ਹੈ।
ਉਹੀ ਦਾਤਰੀ ਥੋਡੇ ਗਲ 'ਚ ਪਾ ਕੇ
ਆਪਣਾ ਹੱਕ ਖੋਹ ਵੀ ਸਕਦਾ ਹੈ।
ਪਰ ਉਹ "ਜੈ ਜਵਾਨ ਜੈ ਕਿਸਾਨ"
ਦਾ ਨਾਹਰਾ ਹਾਲੇ ਭੁੱਲਿਆ ਨਹੀਂ ਵੀਰ।

---

ਕਵਿਤਾ ਤੋਂ ਪਰੇ
ਚੋਂਦੀਆਂ ਛੱਤਾਂ ਨੂੰ
ਰੁਲਦੀਆਂ ਫਸਲਾਂ ਨੂੰ।
ਪਾਲੀਥੀਨ 'ਚ ਪਾਏ ਖਾਲੀ ਬਟੂਏ ਨੂੰ।
ਪਾਣੀ ਵਾਹਰੀ ਜ਼ਮੀਨ ਨੂੰ।
ਚੁੰਧਿਆਈਆਂ ਅੱਖਾਂ ਵਾਲੇ ਬਲਦਾਂ ਨੂੰ।
ਕੋਠੇ ਦੇ ਖੂੰਜੇ ਲੱਗੀ ਦਾਤੀ ਨੂੰ।
ਸਰਕਾਰੀ ਜ਼ਹਿਰ ਨੂੰ।
ਅੰਬ ਤੇ ਲਟਕਦੇ ਫਾਹੇ ਨੂੰ।
ਵਾਰਿਸਾਂ ਨੂੰ ਉਡੀਕਦੇ ਖੇਤਾਂ ਨੂੰ।
ਤੁਸੀਂ ਭਲਾ ਕਿਹੜੀਆਂ ਕਵਿਤਾਵਾਂ ਸੁਣਾਓਗੇ?

*-ਰਸ਼ਪਿੰਦਰ ਸਰੋਏ, ਬਰੇਟਾ, ਮਾਨਸਾ*
*ਫੋਨ: 91-98154-28027*

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬੋਲਾਂ ਦੇ ਬੋਲ ਸੁਣਾਏ ਸਨ ਕਿ ਕਈ ਵਾਰ ਇਕ ਹੀ ਬੋਲ ਮਨੁੱਖੀ ਸਮੁੱਚਤਾ ਨੂੰ ਬਦਲ ਦਿੰਦਾ ਤੇ ਇਕ ਹੀ ਬੋਲ ਕੁਰਾਹੇ ਪਾਉਂਦਾ; ਇਕ ਹੀ ਬੋਲ ਕਾਇਆ-ਕਲਪ ਤੇ ਇਕ ਹੀ ਬੋਲ ਬਰਬਾਦੀ; ਇਕ ਹੀ ਬੋਲ ਅੱਗ ਦੇ ਭਾਂਬੜ ਅਤੇ ਇਕ ਹੀ ਬੋਲ ਪਾਣੀ ਦੀਆਂ ਫੁਹਾਰਾਂ। ਇਕ ਹੀ ਬੋਲ ਰਿਸ਼ਤਿਆਂ ਵਿਚਲੀ ਤ੍ਰੇੜ ਅਤੇ ਇਕ ਹੀ ਬੋਲ ਸਬੰਧਾਂ ਦੀ ਭਰਪਾਈ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਜਗਿਆਸਾ ਦੀ ਜਾਗ ਲਾਉਣ ਦੀ ਨਸੀਹਤ ਕੀਤੀ ਹੈ। ਉਹ ਕਹਿੰਦੇ ਹਨ ਕਿ ਜਗਿਆਸਾ ਜਿਉਂਦੀ ਤਾਂ ਬੰਦਾ ਜਿਉਂਦਾ। 'ਕੇਰਾਂ ਜਗਿਆਸਾ ਮਰ ਜਾਵੇ ਤਾਂ ਵਿਅਕਤੀਤਵ ਦਾ ਵਿਕਾਸ ਰੁਕ ਜਾਂਦਾ। ਜਗਿਆਸਾ ਜਦ ਵਿਅਕਤੀ ਵਿਚ ਪੈਦਾ ਹੁੰਦੀ ਤਾਂ ਵਿਅਕਤੀ ਪੂਰਨ ਰੂਪ ਵਿਚ ਬਦਲ ਜਾਂਦਾ, ਕਿਉਂਕਿ ਜਗਿਆਸਾ ਹੀ ਬਦਲਾਅ ਦਾ ਸ਼ੁਭ-ਅਰੰਭ ਹੁੰਦਾ। ਡਾ. ਭੰਡਾਲ ਕਹਿੰਦੇ ਹਨ, "ਜਗਿਆਸਾ, ਗਿਆਨ ਦੀ ਹੋਵੇ ਜਾਂ ਧਿਆਨ ਦੀ, ਸ਼ਬਦਾਂ ਦੀ ਹੋਵੇ ਜਾਂ ਸਿਆਣਪ ਦੀ, ਜਾਗਰੂਕਤਾ ਦੀ ਹੋਵੇ ਜਾਂ ਜਜ਼ਬਾਤ ਦੀ ਅਤੇ ਜਰੂਰਤਾਂ ਦੀ ਹੋਵੇ ਜਾਂ ਜੋਖਮ ਦੀ-ਹਰੇਕ ਕਿਸਮ ਦੀ ਜਗਿਆਸਾ ਹੀ ਜ਼ਿੰਦਗੀ ਨੂੰ ਨਿਰਧਾਰਤ ਤੇ ਪਰਿਭਾਸ਼ਤ ਕਰਨ ਲਈ ਬਹੁਤ ਅਹਿਮ।" ਉਨ੍ਹਾਂ ਸੁਚੇਤ ਕੀਤਾ ਹੈ ਕਿ ਜਗਿਆਸੂ ਬਣੋ, ਪਰ ਕਦੇ ਵੀ ਭਿੱਖਸ਼ੂ ਨਾ ਬਣੋ, ਕਿਉਂਕਿ ਜਗਿਆਸਾ ਨਵੀਆਂ ਕਿਰਨਾਂ ਨੂੰ ਮਸਤਕ ਵਿਸ਼ਾਲਤਾ ਦੇ ਨਾਮ ਕਰਦੀ, ਜਦੋਂ ਕਿ ਭਿੱਖਸ਼ੂ ਬਣ ਕੇ ਹੱਥ ਵਿਚ ਤਸਲੀ ਅਤੇ ਮੋਢੇ 'ਤੇ ਬਗਲੀ ਪਾ ਕੇ ਦਰ-ਬ-ਦਰ ਭਟਕਣਾ ਪੈਂਦਾ। -ਸੰਪਾਦਕ***

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਜਗਿਆਸਾ ਦੀ ਜੋਤ

ਜਗਿਆਸਾ ਕਿਸੇ ਵਸਤੂ, ਵਰਤਾਰਾ, ਵਿਲੱਖਣਤਾ, ਵਿਹਾਰ, ਵਿਅਕਤੀ, ਵਿਚਾਰ ਜਾਂ ਵਰਤਾਰੇ ਨੂੰ ਸਮਝਣ, ਸੋਚਣ ਅਤੇ ਇਸ ਦੀਆਂ ਪਰਤਾਂ ਨੂੰ ਉਘਾੜਨ ਦੀ ਤਾਂਘ।

ਜਗਿਆਸਾ, ਆਲੇ-ਦੁਆਲੇ ਨੂੰ ਨਿਹਾਰਨ, ਇਸ ਦੀਆਂ ਸ਼ੀਤਾਂ ਵਿਚੋਂ ਕੁਝ ਨਵੇਂ, ਨਰੋਏ, ਨਿਵੇਕਲੇ ਤੇ ਨਿੱਗਰ ਨੂੰ ਜਾਚਣ ਅਤੇ ਨਵੀਆਂ ਤਰਜੀਹਾਂ ਤੇ ਤਦਬੀਰਾਂ ਵਿਚੋਂ ਵਿਸਥਾਰਨ ਦੀ ਲੋਚਾ।

ਜਗਿਆਸਾ, ਮਨੁੱਖ ਵਿਚੋਂ ਮਾਨਵਤਾ ਨੂੰ ਲੱਭਣ, ਮਨੁੱਖੀ ਬਿਰਤੀਆਂ ਨੂੰ ਤਲਾਸ਼ਣ ਜਾਂ ਮਨੁੱਖ ਦੇ ਅਮਾਨਵੀ ਵਰਤਾਰਿਆਂ ਨੂੰ ਸਮਝ ਕੇ ਇਨ੍ਹਾਂ ਤੋਂ ਦੂਰੀ ਬਣਾਉਣ ਦਾ ਤਰੀਕਾ।

ਜਗਿਆਸਾ, ਮਨੁੱਖੀ ਸੋਚ ਦਾ ਉਹ ਹਿੱਸਾ, ਜਿਸ ਵਿਚੋਂ ਨਵੀਆਂ ਸੋਚਾਂ, ਸੰਭਾਵਨਾਵਾਂ, ਸੁਪਨਿਆਂ ਅਤੇ ਸਫਲਤਾਵਾਂ ਨੂੰ ਆਪਣੇ ਨਾਮ ਕਰਨ ਦਾ ਹੌਸਲਾ ਅਤੇ ਹੱਠ ਪੈਦਾ ਹੁੰਦਾ।

ਜਗਿਆਸਾ, ਸਮਰੱਥਾ ਤੇ ਸਾਧਨਾ, ਸਿਰੜ ਤੇ ਸਮਰਪਣ ਅਤੇ ਸੇਧ ਤੇ ਸਫਰ ਨੂੰ ਨਵੀਂ ਉਡਾਣ ਦੇਣ ਦਾ ਨਾਮ, ਜਿਸ ਵਿਚੋਂ ਹੁੰਦੀ ਬਹੁਤ ਸਾਰੀਆਂ ਧਰਾਤਲਾਂ ਦੀ ਨਿਸ਼ਾਨਦੇਹੀ।

ਜਗਿਆਸਾ, ਜੱਗ ਨੂੰ ਨੀਝ ਨਾਲ ਨਿਹਾਰਨਾ, ਜੀਵ ਸੰਸਾਰ ਵਿਚਲੀਆਂ ਵਿਲੱਖਣਤਾਵਾਂ ਅਤੇ ਵਿਭਿੰਨਤਾਵਾਂ ਨੂੰ ਵਿਚਾਰਨ ਅਤੇ ਇਸ ਦੀਆਂ ਤਹਿਆਂ ਫਰੋਲਣ ਦਾ ਕਰਮ।

ਜਗਿਆਸਾ ਸਮੇਂ ਦਾ ਹਾਣੀ ਹੋਣਾ, ਸਮਰੱਥਾ ਨੂੰ ਵਧਾਉਣਾ ਅਤੇ ਨਵੀਆਂ ਪੈੜਾਂ ਦੀ ਸਿਰਜਣਾ ਦਾ ਨਾਮ। ਖੁਦ ਵਿਚੋਂ ਖੁਦਾਈ ਨੂੰ ਰੁਸ਼ਨਾਉਣ ਅਤੇ ਚਮਕਾਉਣ ਦੀ ਲੋਚਾ।

ਜਗਿਆਸਾ, ਜਜ਼ਬਾਤ ਨੂੰ ਜਜ਼ਬ ਕਰ ਕੇ, ਇਸ ਦੀ ਸ਼ੀਤ ਵਿਚੋਂ ਨਵੀਆਂ ਰਾਹਾਂ ਤੇ ਪੈੜਾਂ ਦੀ ਨਿਸ਼ਾਨਦੇਹੀ ਕਰਨਾ, ਜਿਨ੍ਹਾਂ ਨਾਲ ਮਨੁੱਖਤਾ ਦਾ ਮੁਹਾਂਦਰਾ ਰੁਸ਼ਨਾਇਆ ਜਾ ਸਕੇ।

ਜਗਿਆਸਾ ਹੀ ਜਨਮਦੀ ਏ ਜੋਗੀਆਂ ਵਿਚ ਜੋਗ ਕਮਾਉਣ ਦੀ ਬਿਰਤੀ। ਖੁਦ ਦੀ ਤਲਾਸ਼ ਵਿਚ ਜੰਗਲ ਬੇਲਿਆਂ ਨੂੰ ਗਾਹੁਣਾ। ਇਸ ਜਗਿਆਸਾ ਦੀ ਪੂਰਤੀ, ਜੀਵਨ ਭਰ ਦਾ ਜੋਗ ਕਮਾਉਣ ਨਾਲ ਹੀ ਨੇਪਰੇ ਚੜ੍ਹਦੀ।

ਜਗਿਆਸਾ ਜੁਝਾਰੂਆਂ, ਜੰਗਜੂਆਂ ਦੀ ਅਮਾਨਤ। ਜਜ਼ਬਾਤ ਤੇ ਜਜ਼ਬਿਆਂ ਨਾਲ ਭਰਪੂਰ। ਜ਼ਬਤ ਵਿਚ ਰਹਿ ਕੇ ਨਵੀਆਂ ਰਹਿਤਲਾਂ ਨੂੰ ਆਪਣੀ ਸੋਚ ਦੇ ਨਾਮ ਲਾਉਣ ਦਾ ਕਰਮ। ਰਹਿਤਲਾਂ, ਜਿਨ੍ਹਾਂ ਵਿਚੋਂ ਸੁਰਖ ਸਵੇਰਿਆਂ ਦਾ ਜਨਮ ਹੁੰਦਾ।

ਜਗਿਆਸਾ, ਜਨਮਜਾਤ ਹੁੰਦੀ। ਨਵ-ਜਨਮੇ ਬੱਚੇ ਦੇ ਮਨ ਵਿਚ ਖਾਣ ਪੀਣ ਦੀ ਜਗਿਆਸਾ। ਨਵਾਂ ਸਿੱਖਣ ਤੇ ਕੁਝ ਅਵੱਲਾ ਕਰਨ ਦੀ ਲੋਚਾ। ਇਸ ਜਗਿਆਸਾ ਕਾਰਨ ਕਈ ਵਾਰ ਅਣਭੋਲ ਬੱਚਾ ਸੱਟਾਂ ਵੀ ਲਵਾ ਬਹਿੰਦਾ ਜਾਂ ਹੋਰ ਵੀ ਨੁਕਸਾਨ ਹੁੰਦਾ, ਪਰ ਬੱਚੇ ਦੇ ਮਨ ਵਿਚਲੀ ਜਗਿਆਸਾ ਕਦੇ ਮੱਠੀ ਨਹੀਂ ਪੈਂਦੀ। ਉਹ ਹਰਦਮ ਕੁਝ ਨਾ ਕੁਝ ਨਵਾਂ ਸਿੱਖਣ ਅਤੇ ਸਮਝਣ ਲਈ ਉਤਾਵਲਾ ਹੀ ਰਹਿੰਦਾ। ਕਈ ਵਾਰ ਮਾਸੂਮ ਬੱਚੇ ਦਾ ਤਵੇ 'ਤੇ ਹੱਥ ਧਰਨਾ, ਬਲਦੇ ਦੀਵੇ ਦੀ ਲਾਟ ਨੂੰ ਪਕੜਨਾ ਜਾਂ ਕਿਸੇ ਜ਼ਹਿਰੀਲੀ ਚੀਜ਼ ਨੂੰ ਚੱਖਣਾ, ਆਦਿ ਦਰਅਸਲ ਉਸ ਦੀ ਜਗਿਆਸਾ ਦਾ ਇਕ ਰੂਪ ਹੁੰਦਾ ਅਤੇ ਅਜਿਹੀ ਜਗਿਆਸਾ, ਨਾ-ਸਮਝੀ ਕਾਰਨ ਕਈ ਵਾਰ ਘਾਤਕ ਵੀ ਹੁੰਦੀ।

ਜਗਿਆਸਾ ਜਿਉਂਦੀ ਤਾਂ ਬੰਦਾ ਜਿਉਂਦਾ। ਉਸ ਦੇ ਮਨ ਵਿਚ ਕੁਝ ਨਵਾਂ ਸਿੱਖਣ, ਕਰਨ ਅਤੇ ਵਿਚਾਰਾਂ ਦੀ ਨਿਰੰਤਰਤਾ ਜਾਰੀ ਰਹਿੰਦੀ ਤਾਂ ਮਨੁੱਖ ਸਮੇਂ ਨਾਲ ਮੋਢਾ ਮਿਲਾ ਕੇ ਚੱਲਣ ਦੇ ਸਮਰੱਥ ਹੁੰਦਾ। ਵਰਨਾ ਮਨੁੱਖ ਬਹੁਤ ਪੱਛੜ ਜਾਂਦਾ। ਜੀਵਨ ਵਿਚ ਆਪਣੇ ਆਪ ਦਾ ਨਵੀਨੀਕਰਨ ਦਰਅਸਲ ਮਨੁੱਖ ਦੇ ਵਿਸਥਾਰ ਦਾ ਇਕ ਹੀ ਰੂਪ। ਇਹ ਜਿਉਂਦੇ, ਜਾਗਦੇ ਅਤੇ ਸੁਚੇਤ ਮਨੁੱਖ ਦਾ ਪਹਿਲਾ ਕਰਮ ਅਤੇ ਉਦਮ। ਕਦਰਾਂ-ਕੀਮਤਾਂ 'ਤੇ ਪਹਿਰਾ ਦਿੰਦਿਆਂ ਜਦ ਅਸੀਂ ਨਵੀਂ ਤਕਨਾਲੋਜੀ, ਲੋੜਾਂ ਅਤੇ ਸਿਸਟਮ ਨੂੰ ਸਮਝ ਕੇ ਇਸ ਦੀ ਸਹੀ ਵਰਤੋਂ ਨੂੰ ਆਪਣੀ ਜੀਵਨ-ਜਾਚ ਬਣਾਂਵਾਂਗੇ ਤਾਂ ਅਸੀਂ ਪਿਛਲੱਗ ਕਹਾਉਣ ਤੋਂ ਬਚੇ ਰਹਾਂਗੇ।

ਜਗਿਆਸਾ ਹਰ ਮਨੁੱਖ ਦਾ ਸਭ ਤੋਂ ਉਤਮ ਅਤੇ ਸੁੱਚਮ ਗੁਣ। ਇਸ ਗੁਣ ਸਦਕਾ ਹੀ ਮਨੁੱਖ ਨੂੰ ਦੂਜੇ ਕੋਲੋਂ ਵਖਰਿਆਇਆ ਜਾ ਸਕਦਾ। ਜਗਿਆਸੂ ਲੋਕ ਹੀ ਸਮਿਆਂ ਦੀਆਂ ਨਵੀਆਂ ਚੁਣੌਤੀਆਂ, ਮਜਬੂਰੀਆਂ, ਮੁਸ਼ਕਿਲਾਂ ਅਤੇ ਮੁਸੀਬਤਾਂ ਨੂੰ ਸਮਝ ਕੇ ਇਸ ਦੇ ਉਪਾਅ ਲਈ ਸਾਜ਼ਗਾਰ ਹੱਲ ਜਰੂਰ ਤਲਾਸ਼ਦੇ, ਕਿਉਂਕਿ ਵਕਤ ਦੇ ਬਦਲਣ ਨਾਲ ਬਹੁਤ ਕੁਝ ਬਦਲਦਾ ਹੈ। ਇਨ੍ਹਾਂ ਬਦਲਾਵਾਂ ਵਿਚ ਮਨੁੱਖ ਦਾ ਬਦਲਣਾ ਅਤੇ ਬਦਲਦੇ ਹਾਲਾਤਾਂ ਅਨੁਸਾਰ ਖੁਦ ਨੂੰ ਢਾਲਣਾ, ਪ੍ਰਗਤੀ ਦਾ ਸੂਚਕ ਹੁੰਦਾ।

ਜਗਿਆਸਾ, ਗਿਆਨ ਦੀ ਹੋਵੇ ਜਾਂ ਧਿਆਨ ਦੀ, ਸ਼ਬਦਾਂ ਦੀ ਹੋਵੇ ਜਾਂ ਸਿਆਣਪ ਦੀ, ਜਾਗਰੂਕਤਾ ਦੀ ਹੋਵੇ ਜਾਂ ਜਜ਼ਬਾਤ ਦੀ ਅਤੇ ਜਰੂਰਤਾਂ ਦੀ ਹੋਵੇ ਜਾਂ ਜੋਖਮ ਦੀ-ਹਰੇਕ ਕਿਸਮ ਦੀ ਜਗਿਆਸਾ ਹੀ ਜ਼ਿੰਦਗੀ ਨੂੰ ਨਿਰਧਾਰਤ ਤੇ ਪਰਿਭਾਸ਼ਤ ਕਰਨ ਲਈ ਬਹੁਤ ਅਹਿਮ।

ਜਗਿਆਸਾ, ਸਿਰਫ ਜਾਗਦੇ ਮਨੁੱਖਾਂ ਦੀ ਵਿਸ਼ੇਸ਼ਤਾ। ਸੁੱਤੇ ਹੋਏ ਲੋਕਾਂ ਨੂੰ ਤਾਂ ਜਗਿਆਸਾ ਦਾ ਪਤਾ ਹੀ ਨਹੀਂ। ਸੋ ਜਗਿਆਸਾ ਦਾ ਜਾਗ ਲਾਉਣ ਲਈ ਕੁਝ ਉਦਮੀ ਤੇ ਕਰਮਯੋਗੀ ਆਪਣੇ ਜੀਵਨ ਨੂੰ ਮਾਨਵਤਾ ਦੇ ਨਾਮ ਲਾਉਂਦੇ। ਜਦ ਮਨੁੱਖ ਨੂੰ ਆਪਣੇ ਆਦਰਸ਼ਾਂ, ਅਮਲਾਂ, ਅਸੂਲਾਂ, ਫਰਜ਼ਾਂ ਅਤੇ ਹੱਕਾਂ ਪ੍ਰਤੀ ਚੇਤਨਾ ਹੋਵੇਗੀ ਤਾਂ ਉਸ ਨੂੰ ਕੋਈ ਵਰਗਲਾ ਨਹੀਂ ਸਕਦਾ।

ਜਗਿਆਸਾ ਕਈ ਵਾਰ ਨੁਕਸਾਨ ਦੇਹ। ਨੌਜਵਾਨ ਪੀੜ੍ਹੀ ਦਾ ਨਸ਼ਿਆਂ ਪ੍ਰਤੀ ਰੁਝਾਨ, ਸਭ ਤੋਂ ਪਹਿਲਾਂ ਜਗਿਆਸਾ ਵਿਚੋਂ ਹੀ ਪੈਦਾ ਹੁੰਦਾ ਕਿ ਨਸ਼ਾ ਲੈਣ ਨਾਲ ਕੀ ਹੁੰਦਾ ਏ? ਇਸ ਪਿਛੋਂ ਉਹ ਨਸ਼ਿਆਂ ਦੀ ਦਲਦਲ ਵਿਚ ਅਜਿਹੇ ਗ੍ਰਸਤ ਹੋ ਜਾਂਦੇ ਕਿ ਉਨ੍ਹਾਂ ਦੀ ਜੀਵਨ-ਪਗਡੰਡੀ, ਸਿਵਿਆਂ ਨੂੰ ਜਾਂਦਾ ਰਾਹ ਬਣ ਜਾਂਦੀ। ਅਜਿਹੀ ਜਗਿਆਸਾ ਮਨ ਵਿਚ ਪੈਦਾ ਕਰਨ ਤੋਂ ਪਹਿਲਾਂ ਜਗਿਆਸਾ ਦੇ ਰੂਪ, ਰੰਗ, ਸੁਭਾਅ, ਪਰਤਾਂ ਨੂੰ ਫਰੋਲਣ ਅਤੇ ਇਸ ਦੇ ਸਿੱਟਿਆਂ ਨੂੰ ਸਮਝਣ ਦੀ ਸੋਝੀ ਜਰੂਰੀ ਹੈ।

ਜਗਿਆਸਾ ਹੀ ਮਨ ਵਿਚ ਪੈਦਾ ਹੋਈ ਸੀ ਕਿ ਬਾਬੇ ਨਾਨਕ ਨੇ ਉਦਾਸੀਆਂ ਨੂੰ ਜੀਵਨ ਦਾ ਮਕਸਦ ਬਣਾਇਆ ਤਾਂ ਕਿ ਉਹ ਆਪਣੇ ਮਨ ਵਿਚ ਉਪਜੀ ਜਗਿਆਸਾ ਦਾ, ਲੋਕਾਈ ਦੇ ਮਨਾਂ ਵਿਚ ਜਾਗ ਲਾ, ਉਨ੍ਹਾਂ ਦੀਆਂ ਸੁੱਤੀਆਂ ਚੇਤਨਾਵਾਂ ਨੂੰ ਜਗਾਉਣ ਅਤੇ ਉਨ੍ਹਾਂ ਦੇ ਦੁੱਖਾਂ ਦੇ ਨਿਵਾਰਨ ਲਈ ਦਵਾ ਬਣ ਸਕਣ।

ਜਗਿਆਸਾ, ਖੋਜੀਆਂ, ਵਿਗਿਆਨੀਆਂ, ਕਲਾਕਾਰਾਂ, ਕਵੀਆਂ, ਕਲਮਕਾਰਾਂ ਅਤੇ ਕਿਰਤੀਆਂ ਦਾ ਸਭ ਤੋਂ ਸੁੰਦਰ ਅਤੇ ਸਾਰਥਕ ਹਥਿਆਰ, ਕਿਉਂਕਿ ਉਨ੍ਹਾਂ ਦੀ ਜਗਿਆਸਾ ਹੀ ਨਵੀਆਂ ਖੋਜਾਂ, ਪ੍ਰਾਪਤੀਆਂ, ਕੀਰਤੀਆਂ, ਕਿਰਤਾਂ ਤੇ ਕਲਾਵਾਂ ਨੂੰ ਜਨਮ ਦਿੰਦੀ, ਜਿਨ੍ਹਾਂ 'ਤੇ ਮਨੁੱਖ ਨੂੰ ਮਾਣ ਹੁੰਦਾ। ਇਹ ਅਗਲੀਆਂ ਨਸਲਾਂ ਲਈ ਪ੍ਰੇਰਨਾ ਵੀ ਬਣਦੀਆਂ, ਕਿਉਂਕਿ ਅਜਿਹੇ ਲੋਕ ਹੀ ਰੋਲ ਮਾਡਲ ਬਣ ਕੇ, ਲੋਕ-ਸੋਚਾਂ ਤੇ ਸੁਪਨਿਆਂ ਨੂੰ ਪ੍ਰਭਾਵਤ ਕਰਦੇ। ਉਨ੍ਹਾਂ ਦੇ ਮਨ ਵਿਚ ਕੁਝ ਨਵਾਂ ਕਰਨ ਅਤੇ ਸਿਰਜਣ ਦਾ ਸੂਹਜ ਪੈਦਾ ਹੁੰਦਾ।

ਜਗਿਆਸਾ, ਅਚਨਚੇਤੀ ਆਫਤ ਦੇ ਮੌਕੇ 'ਤੇ ਸਭ ਤੋਂ ਸਾਜ਼ਗਾਰ, ਕਿਉਂਕਿ ਨਵੀਆਂ ਚੁਣੌਤੀਆਂ 'ਤੇ ਕਾਬੂ ਪਾਉਣ ਲਈ ਜਗਿਆਸੂ ਹੀ ਕਿਸੇ ਕਸ਼ਟ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਦੇਖਣ, ਸਮਝਣ ਅਤੇ ਅਲਾਮਤਾਂ ਨਾਲ ਨਜਿੱਠਣ ਲਈ ਸਹੀ ਤੇ ਸਿੱਕੇਬੰਦ ਹੱਲ ਤਲਾਸ਼ਣ ਵਿਚ ਮਦਦਗਾਰ ਸਾਬਤ ਹੁੰਦੇ।

ਜਗਿਆਸਾ ਨੂੰ ਜਦ ਜ਼ਰਬ ਦਿੱਤੀ ਜਾਂਦੀ, ਹਲੂਣਿਆ ਜਾਂਦਾ ਜਾਂ ਕਿਸੇ ਦੀਆਂ ਸੁੱਤੀਆਂ ਕਲਾਂ ਨੂੰ ਜਗਾਇਆ ਜਾਂਦਾ ਤਾਂ ਇਹ ਕ੍ਰਿਸ਼ਮੇ ਕਰਦੀ। ਇਹ ਜਗਿਆਸਾ ਹੀ ਸੀ, ਜਿਸ ਕਾਰਨ ਨਿਊਟਨ ਨੇ ਡਿੱਗ ਰਹੇ ਅੰਬ ਨੂੰ ਦੇਖ ਕੇ ਗੁਰੂਤਾ ਦੇ ਸਿਧਾਂਤ, ਵਿਗਿਆਨ ਦੀ ਝੋਲੀ ਪਾਏ।

ਜਗਿਆਸਾ ਦਰਅਸਲ ਕਿਉਂ, ਕੀ, ਕਿਵੇਂ, ਕਿਸ ਤਰਾਂ, ਕੀਕਣ, ਕਿੰਜ ਆਦਿ ਪ੍ਰਸ਼ਨਾਂ ਤੋਂ ਪੈਦਾ ਹੁੰਦੀ, ਜਿਹੜੇ ਕਿਸੇ ਵਿਅਕਤੀ ਦੇ ਮਨ ਵਿਚ ਕਿਸੇ ਵਰਤਾਰੇ, ਵਿਹਾਰ ਜਾਂ ਕਿਰਿਆ ਨੂੰ ਦੇਖ ਕੇ ਪੈਦਾ ਹੁੰਦੇ। ਇਸ ਲਈ ਜਗਿਆਸੂ ਬਣਨ ਲਈ ਜਰੂਰੀ ਹੈ ਕਿ ਬੰਦੇ ਦੇ ਮਨ ਵਿਚ ਪ੍ਰਸ਼ਨ ਜਰੂਰ ਪੈਦਾ ਹੋਣ ਕਿ ਅਜਿਹਾ ਕਿਉਂ ਹੋ ਰਿਹਾ ਏ, ਕੀ ਹੋ ਰਿਹਾ ਏ, ਕੌਣ ਕਰ ਰਿਹਾ ਏ, ਕੀ ਕਾਰਨ ਹਨ ਅਤੇ ਇਸ ਦੀਆਂ ਕੀ ਸੰਭਾਵਨਾਵਾਂ, ਸੀਮਾਵਾਂ ਅਤੇ ਸਾਰਥਿਕਤਾਵਾਂ ਹਨ? ਇਕ ਪਰਤ ਫਰੋਲਣ ਪਿਛੋਂ ਪਰਤ ਦਰ ਪਰਤ ਬਹੁਤ ਸਾਰੇ ਪ੍ਰਸ਼ਨ ਸਮਝ ਵੀ ਆ ਜਾਂਦੇ ਹਨ, ਪਰ ਕਈ ਵਾਰ ਕੁਝ ਨਵੇਂ ਪ੍ਰਸ਼ਨ ਵੀ ਪੈਦਾ ਹੋ ਜਾਂਦੇ ਨੇ। ਇਸ ਲਈ ਖੋਜ, ਵਿਕਾਸ ਤੇ ਵਿਸਥਾਰ ਇਕ ਬਿੰਦੂ 'ਤੇ ਕਦੇ ਵੀ ਖਤਮ ਨਹੀਂ ਹੁੰਦੇ, ਸਗੋਂ ਇਕ ਪੜਾਅ ਪਿਛੋਂ ਹੋਰ ਦਿਸਹੱਦਿਆਂ ਦੀ ਨਿਸ਼ਾਨਦੇਹੀ ਹੋ ਜਾਂਦੀ, ਜਿਨ੍ਹਾਂ ਨੂੰ ਪ੍ਰਾਪਤ ਕਰਨ ਦੀ ਜਗਿਆਸਾ ਮਨ ਵਿਚ ਪੈਦਾ ਹੁੰਦੀ। ਇਸੇ ਲਈ ਕਲਾ, ਵਿਗਿਆਨ ਸਮੇਤ ਸਾਰੇ ਖੇਤਰਾਂ ਵਿਚ ਵਿਕਾਸ ਦੀ ਪ੍ਰਕ੍ਰਿਆ ਨਿਰੰਤਰ ਜਾਰੀ ਹੈ।

ਜਗਿਆਸਾ ਕਾਰਨ ਹੀ ਬੱਚੇ, ਵੱਡਿਆਂ ਕੋਲੋਂ ਹਮੇਸ਼ਾ ਸਵਾਲ ਪੁੱਛਦੇ ਨੇ। ਇਨ੍ਹਾਂ ਦੇ ਸਹੀ ਜਵਾਬਾਂ ਵਿਚੋਂ ਬੱਚਾ ਬਹੁਤ ਕੁਝ ਸਿੱਖਦਾ ਅਤੇ ਅਚੇਤ ਤੇ ਸੁਚੇਤ ਰੂਪ ਵਿਚ ਆਪਣੀ ਸਮਝ ਅਤੇ ਸੋਚ ਨੂੰ ਵਿਸ਼ਾਲਦਾ ਹੈ। ਬੱਚਾ ਜਦ ਪ੍ਰਸ਼ਨ ਪੁੱਛੇ ਤਾਂ ਕਦੇ ਵੀ ਝਿੜਕੋ ਨਾ। ਸਗੋਂ ਆਪਣੀ ਸੋਝੀ ਮੁਤਾਬਕ ਇਸ ਦੀ ਵਿਆਖਿਆ ਕਰੋ। ਬੱਚਾ ਜ਼ਿਆਦਾ ਸਿਆਣਾ ਅਤੇ ਸਮਝਦਾਰ ਹੋਵੇਗਾ। ਸਭ ਤੋਂ ਅਹਿਮ ਹੈ ਕਿ ਉਸ ਦੀ ਜਗਿਆਸਾ ਜਿਉਂਦੀ ਰਹੇਗੀ। 'ਕੇਰਾਂ ਜਗਿਆਸਾ ਮਰ ਜਾਵੇ ਤਾਂ ਵਿਅਕਤੀਤੱਵ ਦਾ ਵਿਕਾਸ ਰੁਕ ਜਾਂਦਾ। ਇਹੀ ਵਰਤਾਰਾ ਅਧਿਆਪਕ ਅਤੇ ਵਿਦਿਆਰਥੀ ਦੇ ਸਬੰਧਾਂ ਨੂੰ ਸੁੱਚਜਤਾ ਜਾਂ ਕੁੱਚਜਤਾ ਦੇ ਸਕਦਾ। ਇਹ ਨਿਰੋਲ ਅਧਿਆਪਕ 'ਤੇ ਨਿਰਭਰ ਏ ਕਿ ਉਸ ਨੇ ਆਪਣੇ ਵਿਦਿਆਰਥੀ ਦੇ ਪ੍ਰਸ਼ਨਾਂ ਦਾ ਜਵਾਬ ਦੇਣਾ ਏ ਜਾਂ ਝਿੜਕ ਕੇ ਬਿਠਾਉਣਾ ਹੈ? ਉਨ੍ਹਾਂ ਨੂੰ ਪ੍ਰਸ਼ਨ ਪੁੱਛਣ ਲਈ ਉਤਸ਼ਾਹਿਤ ਜਾਂ ਨਿਰਉਤਸ਼ਾਹਿਤ ਕਰਨਾ ਏ? ਇਸੇ ਲਈ ਕੁਝ ਅਧਿਆਪਕ ਵਿਦਿਆਰਥੀਆਂ ਦੇ ਚੇਤਿਆਂ ਵਿਚ ਪਿਆਰ ਨਾਲ ਯਾਦ ਕੀਤੇ ਜਾਂਦੇ, ਜਦੋਂ ਕਿ ਕੁਝ ਨਫਰਤ ਦੇ ਪਾਤਰ ਹੁੰਦੇ।

ਜਗਿਆਸਾ ਜਦ ਜ਼ਖਮੀ ਹੁੰਦੀ ਤਾਂ ਬੰਦਾ ਤੜਫੜਾਉਂਦਾ। ਇਸ ਦੀ ਚੀਸ ਨਾਲ ਬਹੁਤ ਕੁਝ ਅਜਿਹਾ ਤਹਿਸ਼-ਨਹਿਸ਼ ਹੋ ਜਾਂਦਾ, ਜਿਸ ਨੇ ਸਿਰਜਣਾ ਦੇ ਮਾਰਗ ਵਿਚੋਂ ਮਾਣਕ-ਮੋਤੀਆਂ ਦੀ ਖੇਤੀ ਕਰਨੀ ਹੁੰਦੀ ਆ।

ਜਗਿਆਸਾ, ਜ਼ਰੂਰਤ ਵਿਚੋਂ ਵੀ ਪੈਦਾ ਹੁੰਦੀ, ਕਿਉਂਕਿ ਲੋੜ ਕਾਢ ਦੀ ਮਾਂ ਹੁੰਦੀ ਹੈ। ਇਸ ਲਈ ਜਦ ਜਗਿਆਸਾ ਵਿਚੋਂ ਜ਼ਰੂਰਤ ਪੂਰਤੀ ਦਾ ਅਹਿਸਾਸ ਹੁੰਦਾ ਤਾਂ ਜਗਿਆਸਾ ਆਪਣੇ ਫਰਜ਼ ਪੂਰਤੀ ਨਾਲ ਨਸ਼ਿਆ ਜਾਂਦੀ।

ਜਗਿਆਸਾ ਨੂੰ ਕਦੇ ਵੀ ਨਾ ਰੋਕੋ, ਸਦਾ ਜਾਰੀ ਰੱਖੋ। ਕਿਸੇ ਮੋੜ, ਚੁਰਸਤੇ ਜਾਂ ਭੁੱਲ-ਭੁਲੱਈਆਂ ਵਿਚ ਕਦੇ ਵੀ ਨਾ ਗਵਾਚੋ, ਸਗੋਂ ਆਪਣੀ ਸੋਚ ਵਿਚਲੀ ਪਾਕੀਜ਼ਗੀ, ਪੁਖਤਗੀ ਅਤੇ ਪਕਿਆਈ ਨੂੰ ਕਾਇਮ ਰੱਖਦਿਆਂ, ਰਾਹਾਂ ਨੂੰ ਨਵੀਂ ਦਿਸ਼ਾ ਤੇ ਦਸ਼ਾ ਪ੍ਰਦਾਨ ਕਰੋ। ਰੁਕਾਵਟ ਜੀਵਨ ਨਹੀਂ, ਸਗੋਂ ਨਿਰੰਤਰਤਾ ਹੀ ਜ਼ਿੰਦਗੀ ਦਾ ਨਾਮ ਹੈ।

ਜਗਿਆਸਾ ਕਦੇ ਜੰਗਾਲੀ ਨਹੀਂ ਜਾਂਦੀ। ਸਦਾ ਤਾਜ਼ਗੀ ਭਰਪੂਰ, ਸਾਫ, ਸਪਾਟ, ਸਪੱਸ਼ਟ ਜਾਂ ਲਿਸ਼ਕਵੀਂ ਆਭਾ ਵਾਲੀ। ਇਸ ਦੀ ਲਿਸ਼ਕੋਰ ਨੂੰ ਆਪਣੇ ਅੰਤਰੀਵ ਵਿਚ ਉਤਾਰੋ, ਤੁਹਾਨੂੰ ਖੁਦ ਵਿਚੋਂ ਖੁਦ ਨੂੰ ਵਿਸਥਾਰਨ ਅਤੇ ਉਭਾਰਨ ਦਾ ਸੁਨਹਿਰੀ ਮੌਕਾ ਮਿਲੇਗਾ।

ਜਗਿਆਸਾ, ਜ਼ਿੰਦਗੀ ਨੂੰ ਸਮਝਣ ਅਤੇ ਇਸ ਦੇ ਮੂਲ ਨੂੰ ਜਾਣਨਾ। ਇਸ ਦੀ ਸਮਰੂਪਤਾ ਅਤੇ ਸਦੀਵਤਾ ਨਾਲ ਸਬੰਧਤ ਪ੍ਰਸ਼ਨਾਂ ਨੂੰ ਸੁਲਝਾਉਣ ਲਈ ਧਰਮੀ ਲੋਕ, ਜੀਵਨ ਨੂੰ ਦਾਅ 'ਤੇ ਲਾਉਂਦੇ। ਇਸ ਦੀਆਂ ਗੁੱਝੀਆਂ ਗੁੰਝਲਾਂ, ਰਹਿਮਤਾਂ ਅਤੇ ਰਹੱਸਾਂ ਨੂੰ ਸਮਝਣ ਲਈ ਵੱਖੋ-ਵੱਖਰੇ ਧਰਮ। ਇਨ੍ਹਾਂ ਨੂੰ ਸਮਝਾਉਣ ਤੇ ਅਪਨਾਉਣ ਲਈ ਆਪੋ ਆਪਣੀਆਂ ਪਰੰਪਰਾਵਾਂ ਅਤੇ ਮਰਿਆਦਾਵਾਂ ਚਲਾਉਂਦੇ।

ਜਗਿਆਸਾ ਹੀ ਭਵਿੱਖ ਨੂੰ ਨਿਸ਼ਚਿਤ ਕਰਦੀ, ਕਿਉਂਕਿ ਜਗਿਆਸਾ ਵਿਚਲਾ ਦ੍ਰਿਸ਼ਟੀਕੋਣ, ਦਿੱਖ, ਸਿਧਾਂਤ ਅਤੇ ਸਮਝ ਭਵਿੱਖ ਨੂੰ ਵਿਉਂਤਣ ਅਤੇ ਉਸਾਰਨ ਵਿਚ ਅਹਿਮ।

ਜਗਿਆਸਾ ਜਦ ਵਿਅਕਤੀ ਵਿਚ ਪੈਦਾ ਹੁੰਦੀ ਤਾਂ ਵਿਅਕਤੀ ਪੂਰਨ ਰੂਪ ਵਿਚ ਬਦਲ ਜਾਂਦਾ, ਕਿਉਂਕਿ ਜਗਿਆਸਾ ਹੀ ਬਦਲਾਅ ਦਾ ਸ਼ੁਭ-ਅਰੰਭ ਹੁੰਦਾ।

ਜਗਿਆਸਾ, ਇਕ ਚਿਣਗ। ਮਹਾਨ ਵਿਚਾਰ, ਵੱਡੀਆਂ ਖੋਜਾਂ ਅਤੇ ਨਵੇਂ ਸਿਧਾਂਤ ਸਿਰਜਣ ਲਈ ਪ੍ਰਮੁੱਖ। ਇਸ ਚੰਗਿਆੜੀ ਨੂੰ ਕਦੇ ਨਾ ਬੁਝਾਓ ਅਤੇ ਨਾ ਹੀ ਇਸ 'ਤੇ ਪਾਣੀ ਪਾਓ।

ਜਗਿਆਸਾ ਖੁਸ਼ੀ, ਖੇੜੇ, ਖੁਸ਼ਹਾਲੀ, ਖਬਤ ਅਤੇ ਖੈਰੀਅਤ ਦੀ ਖੈਰ-ਖੁਆਹ। ਅੰਤਰੀਵੀ ਹੁਲਾਸ, ਆਸ, ਸਕੂਨ, ਸਹਿਜ, ਸੁਹਜਤਾ ਅਤੇ ਸੁਖਨਤਾ ਦਾ ਆਧਾਰ ਅਤੇ ਅਪਣੱਤ ਭਰਪੂਰ ਖੁਦ ਨਾਲ ਪਿਆਰ।

ਜਗਿਆਸਾ ਵਿਚ ਕਦੇ ਡਰ ਨਾ ਪੈਦਾ ਕਰੋ, ਸਗੋਂ ਇਸ ਨੂੰ ਆਪਣੀ ਅਮਾਨਤ ਅਤੇ ਅੰਤਰੀਵਤਾ ਬਣਾਓ। ਇਹ ਅਮੀਰੀ ਗੁਣ, ਜੋ ਮਨੁੱਖ ਨੂੰ ਦੂਸਰਿਆਂ ਤੋਂ ਵੱਖ ਕਰਦਾ। ਜਗਿਆਸੂ, ਆਮ ਲੋਕਾਂ ਨਾਲੋਂ ਜ਼ਿਆਦਾ ਸੂਖਮ, ਸੰਵੇਦਨਸ਼ੀਲ ਅਤੇ ਤੀਖਣ ਬੁੱਧੀ ਦੇ ਮਾਲਕ।

ਜਗਿਆਸਾ ਇਕ ਪੁਲ ਜਿਹੀ, ਜੋ ਬਹੁਤ ਸਾਰੇ ਮਾਰਗਾਂ ਨੂੰ ਜੋੜਦੀ। ਨਵੀਆਂ ਸੰਭਾਵਨਾਵਾਂ ਪੈਦਾ ਕਰਦੀ ਅਤੇ ਨਿਵੇਕਲੀਆਂ ਪ੍ਰਾਪਤੀਆਂ ਲਈ ਮਾਰਗ ਸਿਰਜਦੀ। ਇਹ ਕਦੇ ਵੀ ਦੀਵਾਰ ਨਹੀਂ ਹੁੰਦੀ, ਜੋ ਪ੍ਰਗਤੀ ਦਾ ਰੋੜਾ ਬਣੇ।

ਜਗਿਆਸੂ ਲੋਕ ਨਿਰਸੁਆਰਥੀ ਅਤੇ ਨਿਆਰੇ, ਜੋ ਮਨੁੱਖਤਾ ਦੇ ਭਲੇ ਲਈ ਅਜਿਹੀਆਂ ਸੰਦਲੀ ਪੈੜਾਂ ਸਿਰਜਦੇ, ਜਿਨ੍ਹਾਂ ਨਾਲ ਸਿਰਜੇ ਇਤਿਹਾਸ ਨੂੰ ਆਪਣੀ ਅਹਿਮੀਅਤ ਅਤੇ ਹੈਸੀਅਤ 'ਤੇ ਸਦਾ ਨਾਜ਼ ਰਹਿੰਦਾ।

ਜਗਿਆਸਾ, ਅੰਬਰ ਵਿਚਲੇ ਤਾਰਿਆਂ ਨੂੰ ਨਿਹਾਰਨਾ ਹੁੰਦਾ, ਨਾ ਕਿ ਆਪਣੇ ਪੈਰਾਂ ਵੱਲ ਹੀ ਝਾਕੀ ਜਾਣਾ। ਜਗਿਆਸਾ ਪਿਛਲਖੁਰੀ ਨਹੀਂ ਹੁੰਦੀ, ਇਹ ਅਗਲੇ ਸਫਰ ਦੀ ਤਿਆਰੀ ਅਤੇ ਤਾਜ਼ਗੀ

(ਬਾਕੀ ਅਗਲੇ ਸਫੇ 'ਤੇ)




***ਜਗਿਆਸਾ, ਨਿੱਜੀ ਜਾਇਦਾਦ। ਮਨੁੱਖ ਦਾ ਹਾਸਲ, ਜਿਸ ਨੂੰ ਕੋਈ ਨਹੀਂ ਵੰਡਾ ਸਕਦਾ। ਨਾ ਹੀ ਇਸ ਦੀ ਬੋਲੀ ਲੱਗਦੀ, ਨਾ ਖਰੀਦੀ ਜਾ ਸਕਦੀ। ਕੋਈ ਹਾਕਮ ਇਸ 'ਤੇ ਆਪਣੀ ਅਜਾਰੇਦਾਰੀ ਨਹੀਂ ਕਾਇਮ ਕਰ ਸਕਦਾ? ਮਨੁੱਖ ਦੇ ਮਨ ਵਿਚ ਪੈਦਾ ਹੋ ਰਹੀਆਂ ਸੋਚਾਂ, ਸੁਪਨਿਆਂ ਅਤੇ ਮਾਨਵੀ ਬਿਰਤੀਆਂ ਨੂੰ ਕਿਹੜੀਆਂ, ਜੰਜ਼ੀਰਾਂ, ਜੇਲਾਂ, ਜ਼ਬਰ ਜਾਂ ਜਬਰਦਸਤੀ ਦਬਾਇਆ ਜਾਂ ਜ਼ਬਤ ਕੀਤਾ ਜਾ ਸਕਦਾ? ਕਾਲ ਕੋਠੜੀ ਵਿਚ ਰਹਿੰਦੇ ਜਗਿਆਸੂ ਲੋਕ ਵੀ ਆਪਣੇ ਮਨ ਦੇ ਅੰਬਰਾਂ ਨੂੰ ਗਾਹੁੰਦੇ, ਨਰੋਈਆਂ ਸੁਪਨ-ਧਰਤੀਆਂ ਦੀ ਟੋਹ ਲਾਉਂਦੇ। ਇਨ੍ਹਾਂ ਨੂੰ ਮਨ ਦੀਆਂ ਸੂਖਮ ਸੋਚਾਂ ਦੇ ਨਾਮ ਲਾ, ਸਕੂਨ ਅਤੇ ਸਬਰ-ਸਬੂਰੀ ਅਵਚੇਤਨ ਦੇ ਨਾਮ ਕਰਦੇ। ਬਾਬਰ ਦੀ ਜੇਲ੍ਹ, ਬਾਬਾ ਨਾਨਕ ਦੀ ਜਗਿਆਸਾ ਨੂੰ ਖਤਮ ਨਾ ਕਰ ਸਕੀ। ਫਾਂਸੀ ਨੂੰ ਉਡੀਕਦਾ ਭਗਤ ਸਿੰਘ ਆਖਰੀ ਰਾਤ ਵੀ ਕਿਤਾਬ ਪੜ੍ਹਨ ਵਿਚ ਮਸ਼ਰੂਫ ਸੀ, ਕਿਉਂਕਿ ਉਸ ਨੇ ਚੰਗੇਰਾ ਪੜ੍ਹਨ ਦੀ ਜਗਿਆਸਾ, ਆਖਰੀ ਸਾਹ ਤੀਕ ਕਾਇਮ ਰੱਖੀ।***

# ਬਾਜ਼ ਵਾਲਾ ਪਾਸਪੋਰਟ




ਪਰਵਾਸ ਨਾਲ ਸਬੰਧਤ ਸਮੇਂ ਸਮੇਂ ਬਹੁਤ ਹੀ ਮੰਦਭਾਗੀਆਂ ਖਬਰਾਂ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ। ਕਈ ਵਾਰ ਪਰਵਾਸ ਕਰਦਿਆਂ ਇੰਨੇ ਦਰਦਨਾਕ ਹਾਦਸੇ ਵਾਪਰ ਜਾਂਦੇ ਹਨ ਕਿ ਸੰਵੇਦਨਸ਼ੀਲ ਬੰਦਾ ਕੰਬ ਜਾਂਦਾ ਹੈ। ਬਿਹਤਰ ਜ਼ਿੰਦਗੀ ਦੀ ਤਲਾਸ਼ ਲਈ ਜਾ ਰਹੇ ਪਰਵਾਸੀਆਂ ਨੂੰ ਚਿੱਤ-ਚੇਤਾ ਵੀ ਨਹੀਂ ਹੁੰਦਾ, ਰਾਹ ਵਿਚ ਮੌਤ ਉਨ੍ਹਾਂ ਨੂੰ ਉਡੀਕ ਰਹੀ ਹੈ। ਇਸ ਤਰ੍ਹਾਂ ਵੱਖ ਵੱਖ ਮੁਲਕਾਂ ਨੂੰ ਨਾਜਾਇਜ਼ ਢੰਗ ਨਾਲ ਜਾਣ ਵਾਲੇ ਹਜ਼ਾਰਾਂ ਪਰਵਾਸੀ ਰਾਹ ਵਿਚ ਹੀ ਮਰ-ਖਪ ਜਾਂਦੇ ਹਨ, ਜਿਨ੍ਹਾਂ ਦਾ ਕੋਈ ਥਹੁ ਪਤਾ ਨਹੀਂ ਲੱਗਦਾ।

ਇਸ ਤਰ੍ਹਾਂ ਅਮਰੀਕਾ ਵਿਚ ਨਾਜਾਇਜ਼ ਦਾਖਲ ਹੋਣ ਵਾਲਿਆਂ ਨੂੰ ਵੀ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਸਫਰ ਅਮਰੀਕਾ-ਮੈਕਸੀਕੋ ਸਰਹੱਦ 'ਤੇ ਹੀ ਖਤਮ ਹੋ ਜਾਵੇਗਾ। ਹਰ ਸਾਲ ਸੈਂਕੜੇ ਲੋਕ ਸਰਹੱਦ ਪਾਰ ਕਰਨ ਤੋਂ ਪਹਿਲਾਂ



**ਸੰਤੋਖ ਮਿਨਹਾਸ**
ਫੋਨ: 559-283-6376

ਹੀ ਮੌਤ ਦੇ ਮੂੰਹ ਵਿਚ ਜਾ ਡਿਗਦੇ ਹਨ। ਇੱਕ ਖਬਰ ਇਹ ਵੀ ਦੱਸਦੀ ਹੈ ਕਿ 2014 ਤੋਂ ਜੁਲਾਈ 2019 ਤੱਕ ਅਮਰੀਕਾ ਦੀ ਸਰਹੱਦ ਤੱਕ ਪਹੁੰਚਣ ਤੋਂ ਪਹਿਲਾਂ ਹੀ ਮੌਤ ਦੇ ਮੂੰਹ ਵਿਚ ਜਾਣ ਵਾਲਿਆਂ ਦੀ ਗਿਣਤੀ 32 ਹਜ਼ਾਰ ਤੋਂ ਵੱਧ ਹੈ। ਇੰਟਰਨੈਸ਼ਨਲ ਆਰਗੇਨਾਈਜੇਸ਼ਨ ਆਫ ਮਾਈਗ੍ਰੇਸ਼ਨ ਦੇ ਅੰਕੜੇ ਦਰਸਾਉਂਦੇ ਹਨ ਕਿ ਵੱਡੀ ਗਿਣਤੀ ਵਿਚ ਪਰਵਾਸੀ ਆਪਣਾ ਸਫਰ ਪੂਰਾ ਕਰਨ ਤੋਂ ਪਹਿਲਾਂ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਦਿੰਦੇ ਹਨ।

ਪਿਛਲੇ ਦਿਨੀਂ ਇਹ ਖਬਰ ਸੰਸਾਰ ਪੱਧਰ 'ਤੇ ਚਰਚਾ ਵਿਚ ਆਈ ਕਿ ਅਮਰੀਕਾ ਵਿਚ ਦਾਖਲ ਹੋਣ ਲਈ ਨਦੀ ਪਾਰ ਕਰਦਿਆਂ ਪਿਉ-ਧੀ ਦੀਆਂ ਲਾਸ਼ਾਂ ਨਦੀ ਦੇ ਕਿਨਾਰੇ ਮਿਲੀਆਂ। ਪਿਉ ਨੇ ਆਪਣੀ ਧੀ ਨੂੰ ਟੀ-ਸ਼ਰਟ ਵਿਚ ਫਸਾਇਆ ਹੋਇਆ ਸੀ ਅਤੇ ਮਾਸੂਮ ਬੱਚੀ ਦੀਆਂ ਬਾਹਾਂ ਪਿਉ ਦੀ ਗਰਦਨ ਨੂੰ ਵਲੀਆਂ ਹੋਈਆਂ ਸਨ। ਇਸ ਦੇ ਨਾਲ ਹੀ ਇੱਕ ਹੋਰ ਖਬਰ ਸੀ ਕਿ ਗੁਰਪ੍ਰੀਤ ਨਾਂ ਦੀ ਬੱਚੀ ਅਤਿ ਦੀ ਗਰਮੀ ਅਤੇ ਪਿਆਸ ਨਾਲ ਰਾਹ ਵਿਚ ਹੀ ਦਮ ਤੋੜ ਗਈ, ਜੋ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰ ਰਹੀ ਮਾਂ ਦੇ ਸੰਗ ਸੀ। ਇਸ ਤਰ੍ਹਾਂ ਦੀਆਂ ਸੈਂਕੜੇ ਘਟਨਾਵਾਂ ਹਨ, ਜੋ ਕਿਸੇ ਦੇਸ਼ ਵਿਚ ਨਾਜਾਇਜ਼ ਦਾਖਲ ਹੁੰਦਿਆਂ ਵਾਪਰਦੀਆਂ ਹਨ।

ਪਰਵਾਸ ਮਨੁੱਖ ਦੀ ਮੁੱਢ ਤੋਂ ਹੀ ਲੋੜ ਰਹੀ ਹੈ। ਉਹ ਚੰਗੇਰੇ ਭਵਿੱਖ ਦੀ ਤਲਾਸ਼ ਵਿਚ ਇੱਕ ਥਾਂ ਤੋਂ ਦੂਜੀ ਥਾਂ ਜਾਂਦਾ ਰਿਹਾ ਹੈ। ਮਨੁੱਖ ਨੂੰ ਜਦੋਂ ਇਹ ਲੱਗਦਾ ਹੈ ਕਿ ਇਹ ਥਾਂ ਉਸ ਦੇ ਜਿਉਣ ਦੀਆਂ ਹਾਲਤਾਂ ਦੇ ਅਨੁਕੂਲ ਨਹੀਂ ਹੈ, ਉਹ ਨਵੀਆਂ ਥਾਂਵਾਂ ਦੀ ਤਲਾਸ਼ ਕਰਦਾ ਹੈ-ਇਹ ਮਨੁੱਖ ਦੇ ਜਿਉਂਦੇ ਰਹਿਣ ਲਈ ਜਰੂਰੀ ਵੀ ਹੁੰਦਾ ਹੈ।

ਆਮ ਮਿੱਥ ਹੈ ਕਿ ਕੁਦਰਤ ਨੇ ਮਨੁੱਖ ਲਈ ਜਿੱਥੇ ਜਿੱਥੇ ਚੋਗ ਖਿਲਾਰੀ ਹੁੰਦੀ ਹੈ, ਉਸ ਨੂੰ ਉੱਥੇ ਉੱਥੇ ਹੀ ਚੁਗਣੀ ਪੈਂਦੀ ਹੈ; ਪਰ ਪੰਜਾਬੀਆਂ ਲਈ ਇਹ ਚੋਗ ਪਤਾ ਨਹੀਂ ਸੰਸਾਰ ਦੇ ਕਿਹੜੇ ਕਿਹੜੇ ਕੋਨੇ ਵਿਚ ਖਿਲਾਰੀ ਪਈ ਹੈ। ਚੋਗ ਦੀ ਤਲਾਸ਼ ਵਿਚ ਬਹੁਤ ਸਾਰੇ ਲੋਕਾਂ ਨੂੰ ਤਾਂ ਕਈ ਕਈ ਮੁਲਕਾਂ ਦਾ ਟਿਕਾਣਾ-ਦਰ-ਟਿਕਾਣਾ ਬਦਲਣਾ ਪੈਂਦਾ ਹੈ। ਕਈਆਂ ਨੂੰ ਤਾਂ ਆਖਰ ਪੱਕਾ ਟਿਕਾਣਾ ਲੱਭ ਪੈਂਦਾ ਹੈ, ਜਿੱਥੇ ਉਨ੍ਹਾਂ ਨੇ ਸਾਰੀ ਉਮਰ ਚੋਗ ਚੁਗਣੀ ਹੁੰਦੀ ਹੈ, ਪਰ ਕਈਆਂ ਦੇ ਹਿੱਸੇ ਵਿਚੋਂ ਪੱਕੇ ਟਿਕਾਣੇ ਵਾਲੀ ਚੋਗ ਗਵਾਚੀ ਰਹਿੰਦੀ ਹੈ ਅਤੇ ਕੋਈ ਥਹੁ ਨਹੀਂ ਮਿਲਦਾ।

ਪਰਵਾਸ ਦਾ ਕਾਰਨ ਕੋਈ ਵੀ ਹੋ ਸਕਦਾ ਹੈ। ਲਾਲਸਾ ਵੀ ਤੇ ਮਜਬੂਰੀ ਵੀ। ਕਿਸੇ ਲਈ ਚਾਅ ਮੱਤਾ ਵੀ ਹੋ ਸਕਦਾ ਤੇ ਕਿਸੇ ਲਈ ਸੰਤਾਪ ਵੀ। ਪਰਵਾਸ ਦਾ ਰੂਪ ਕੋਈ ਵੀ ਹੋ ਸਕਦਾ ਹੈ, ਪਰ ਪਰਵਾਸ ਮਨੁੱਖ ਦੇ ਹਿੱਸੇ ਆਇਆ ਜਰੂਰ ਹੈ।

ਜਦੋਂ ਮੈਂ ਪਹਿਲੀ ਵਾਰ ਅਮਰੀਕਾ ਆਇਆ, ਮੈਨੂੰ ਵੀ ਬੜਾ ਚਾਅ ਸੀ। ਪਹਿਲੀ ਵਾਰ ਆਪਣੇ ਦੇਸ਼ ਤੋਂ ਬਾਹਰ ਕਿਸੇ ਹੋਰ ਦੇਸ਼ ਨੂੰ ਵੇਖਣ ਦਾ ਮੌਕਾ ਮਿਲਣਾ ਸੀ। ਦੇਸ਼ ਵੀ ਉਹ, ਜਿੱਥੇ ਜਾਣ ਲਈ ਬਹੁਤੇ ਲੋਕੀਂ ਸਾਰੀ ਉਮਰ ਤਰਸਦੇ ਰਹਿੰਦੇ ਹਨ। ਜਦ ਮੈਂ ਅਮਰੀਕਾ ਦੀ ਧਰਤੀ 'ਤੇ ਪੈਰ ਰੱਖਿਆ ਤਾਂ ਹੈਰਾਨ ਹੋ ਗਿਆ। ਖੁੱਲ੍ਹੀਆਂ ਸੜਕਾਂ 'ਤੇ ਤੇਜ ਦੌੜਦੀਆਂ ਕਾਰਾਂ, ਵੱਡੇ ਵੱਡੇ ਪੁਲ, ਉਚੀਆਂ ਉਚੀਆਂ ਇਮਾਰਤਾਂ-ਸਭ ਕੁਝ ਇਕ ਕਰੀਨੇ ਵਿਚ ਬਝਿਆ ਹੋਇਆ। ਮੈਨੂੰ ਇਹ ਸਾਰਾ ਕੁਝ ਵੱਖਰਾ ਵੱਖਰਾ ਲੱਗਿਆ। ਜਦੋਂ ਮੈਂ ਇਸ ਸਭ ਕੁਝ ਨੂੰ ਆਪਣੇ ਦੇਸ਼ ਭਾਰਤ ਨਾਲ ਮਿਲਾ ਕੇ ਦੇਖਦਾ, ਆਪਣਾ ਦੇਸ਼ ਗਰੀਬੜਾ ਜਿਹਾ ਗੰਦਗੀ ਦੇ ਢੇਰਾਂ ਵਾਲਾ, ਭ੍ਰਿਸ਼ਟਾਚਾਰ ਵਿਚ ਡੁੱਬਿਆ ਹੋਇਆ ਮਾਤਚੂ ਜਿਹਾ ਲਗਦਾ। ਅਮਰੀਕਾ ਦੀ ਹਰ ਚੀਜ਼ ਵੇਖਣ ਨੂੰ ਚੰਗੀ ਲੱਗਦੀ ਤੇ ਅੱਖਾਂ ਨੂੰ ਚੁੰਧਿਆਉਂਦੀ।

ਮੈਂ, ਮੇਰੀ ਪਤਨੀ ਤੇ ਦੋਨੋਂ ਬੇਟੀਆਂ-ਅਸੀਂ ਆਪਣੇ ਛੋਟੇ ਭਰਾ ਕੋਲ ਠਹਿਰੇ ਹੋਏ ਸਾਂ। ਉਸ ਦਾ ਕਾਫੀ ਚੰਗਾ ਕਾਰੋਬਾਰ ਹੈ। ਕਈ ਦਿਨ ਤਾਂ ਭੈਣ-ਭਰਾਵਾਂ ਤੇ ਰਿਸ਼ਤੇਦਾਰਾਂ ਨੂੰ ਮਿਲਣ ਵਿਚ ਬੀਤ ਗਏ। ਚੰਗੀ ਖਾਤਰਦਾਰੀ ਵੀ ਹੋਈ, ਕਿਉਂਕਿ ਮੇਰੇ ਸਾਰੇ ਭੈਣ ਭਰਾ, ਮੈਥੋਂ ਪਹਿਲਾਂ ਹੀ ਰਹਿ ਰਹੇ ਸਨ, ਪਰ ਕੁਝ ਦਿਨ ਬਾਅਦ ਹੀ ਕੰਮ ਦੀਆਂ ਗੱਲਾਂ ਹੋਣ ਲੱਗ ਪਈਆਂ। ਜਿਵੇਂ ਸਾਡੇ ਆਉਣ ਤੋਂ ਪਹਿਲਾਂ ਹੀ ਸਾਡੇ ਲਈ ਕੰਮ ਭਾਲੇ ਹੋਏ ਸਨ। ਮੈਨੂੰ ਸਾਡੀ ਭੈਣ ਦੇ ਗੈਸ ਸਟੇਸ਼ਨ 'ਤੇ ਕੰਮ ਸਿੱਖਣ ਲਈ ਤੋਰ ਦਿੱਤਾ ਅਤੇ ਮੇਰੀ ਪਤਨੀ ਨੂੰ ਛੋਟੇ ਭਰਾ ਦੇ ਸਬਵੇ 'ਤੇ ਕੰਮ ਸਿੱਖਣ ਲਾ ਦਿੱਤਾ। ਬੱਚਿਆਂ ਨੂੰ ਸਕੂਲ ਦਾਖਲ ਕਰਾ ਦਿੱਤਾ। ਸਾਡੀ ਗੱਡੀ ਨੂੰ ਲੀਹ 'ਤੇ ਲਿਆਉਣ ਲਈ ਜਿਵੇਂ ਉਹ ਕਾਹਲੇ ਸਨ। ਮੈਨੂੰ ਮੇਰਾ ਭਰਾ ਤੜਕੇ ਹੀ ਕੁਝ ਖੁਆ ਪਿਆ ਕੇ ਗੈਸ ਸਟੇਸ਼ਨ 'ਤੇ ਛੱਡ ਜਾਂਦਾ ਅਤੇ ਮੇਰੀ ਪਤਨੀ ਨੂੰ ਆਪਣੇ ਸਬਵੇ 'ਤੇ ਲਾਹ ਦਿੰਦਾ। ਜਦੋਂ ਮੈਂ ਗੈਸ ਸਟੇਸ਼ਨ ਵਿਚ ਵੜਦਾ ਤਾਂ ਉਥੇ ਪਹਿਲਾਂ ਕੰਮ ਕਰਦਾ ਮੁੰਡਾ, ਮੈਨੂੰ ਕੰਮ ਬਾਰੇ ਦਸਦਾ। ਕਿਵੇਂ ਗੈਸ ਸਟੇਸ਼ਨ 'ਤੇ ਪੰਪਾਂ ਦੀ




ਸਫਾਈ ਕਰਨੀ ਹੈ, ਟਰੈਸ਼ ਬੈਗ ਕਿਵੇਂ ਖਾਲੀ ਕਰਨੇ ਹਨ। ਆਸੇ-ਪਾਸੇ ਦੀ ਸਫਾਈ ਕਿਵੇਂ ਜਰੂਰੀ ਹੈ। ਬਾਥਰੂਮ ਦੀ ਸਫਾਈ ਦਾ ਧਿਆਨ ਕਿਵੇਂ ਰੱਖਣਾ ਹੈ। ਮੌਬ ਕਿਵੇਂ ਮਾਰਨਾ ਹੈ? ਸੋਢੇ ਵਾਲੀ ਮਸ਼ੀਨ ਵਿਚ ਬਰਫ ਕਿਵੇਂ ਪਾਉਣੀ ਹੈ? ਆਈਸ ਦੇ ਬੈਗ ਕਿਵੇਂ ਭਰਨੇ ਹਨ? ਵੱਖ ਵੱਖ ਚੀਜਾਂ ਕੂਲਰ ਵਿਚ ਕਿਵੇਂ ਭਰਨੀਆਂ ਹਨ? ਜਦੋਂ ਗਰੌਸਰੀ ਦੀ ਡਲਿਵਰੀ ਆਉਂਦੀ ਹੈ, ਕਿਵੇਂ ਰੈਕਾਂ 'ਚ ਸਜਾਉਣੀ ਹੈ? ਆਦਿ। ਇਸ ਸਾਰੇ ਕੰਮਾਂ ਦੀ ਲਿਸਟ ਉਸ ਕੋਲ ਪਹਿਲਾਂ ਹੀ ਤਿਆਰ ਹੁੰਦੀ ਸੀ। ਇਥੇ ਬਹੁਤੇ ਮਾਲਕ ਆਪ ਮੁਲਾਜ਼ਮ ਨੂੰ ਘੱਟ ਕਹਿੰਦੇ ਹਨ, ਉਹ ਆਪਣੇ ਪਹਿਲੇ ਮੁਲਾਜ਼ਮ ਤੋਂ ਸਿੱਖਿਆ ਦੇ ਗੁਰ ਪੜ੍ਹਾਉਂਦੇ ਹਨ।

ਮੈਂ ਸਵੇਰ ਤੋਂ ਸ਼ਾਮ ਤਕ ਚੱਲੋ ਸੋ ਚੱਲ ਵਿਚ ਰਹਿੰਦਾ। ਮੈਂ ਇਸੇ ਭੱਜ ਦੌੜ ਵਿਚ ਹੰਭ ਜਾਂਦਾ। ਜਦੋਂ ਕਦੇ ਮੈਂ ਕੰਮ ਮੁਕਾ ਕੇ ਰਜਿਸਟਰ ਕੋਲ ਆ ਕੇ ਗਾਹਕ ਲੈਣ ਦੇ ਸਿਸਟਮ ਨੂੰ ਸਿੱਖਣ ਦੀ ਕੋਸ਼ਿਸ਼ ਕਰਦਾ, ਉਹ ਮੈਨੂੰ ਹੋਰ ਕੰਮ ਗਿਣਾ ਦਿੰਦਾ। ਅਮਰੀਕਾ ਵਾਲਾ ਬੁਖਾਰ ਹੁਣ ਉਤਰਨ ਲੱਗ ਪਿਆ ਸੀ। ਉਹ ਅਮਰੀਕਾ, ਜੋ ਆਉਣ ਸਾਰ ਬੜਾ ਮਹਾਨ ਲੱਗਦਾ ਸੀ, ਹੁਣ ਬੜਾ ਚੁਭਣ ਲੱਗ ਪਿਆ ਸੀ। ਬਾਹਰ ਪੰਪ ਸਾਫ ਕਰਦਿਆਂ ਜਾਂ ਟਰੈਸ਼ ਦੇ ਬੈਗ ਚੁੱਕਦਿਆਂ ਸੋਚਦਾ, "...ਆਹ ਅਮਰੀਕਾ? ਜਿਸ ਪਿੱਛੇ ਅੱਡੀਆਂ ਚੁੱਕ ਕੇ ਫਾਹਾ ਲੈਣ ਨੂੰ ਫਿਰਦਾ ਸੀ। ਇੰਡੀਆ ਚੰਗੀ ਭਲੀ ਦੋਹਾਂ ਜਣਿਆਂ ਦੀ ਸਰਕਾਰੀ ਨੌਕਰੀ ਸੀ। ਇੱਜਤ ਮਾਣ ਵਾਲੀ। ਸੋਹਣਾ ਘਰ ਸੀ, ਆਉਣ-ਜਾਣ ਨੂੰ ਵਹੀਕਲ ਕੋਲ ਸਨ; ਕਾਸੇ ਦੀ ਥੁੜ ਨਹੀਂ ਸੀ।" ਇਹ ਸੋਚ ਮਨ ਪਛਤਾਉਣ ਲੱਗ ਪੈਂਦਾ। ਕਾਹਨੂੰ ਇਹ ਪੰਗਾ ਲੈਣਾ ਸੀ। ਸ਼ਾਮ ਨੂੰ ਘਰ ਪਰਤਦਾ, ਪਤਨੀ ਦਾ ਵੀ ਇਹੀ ਰੋਣਾ ਹੁੰਦਾ। ਅਮਰੀਕਾ ਆਉਣ ਦਾ ਫੈਸਲਾ ਸਾਨੂੰ ਗਲਤ ਲੱਗਦਾ। ਪਤਨੀ ਹਮੇਸ਼ਾ ਪੰਜਾਬ ਵਿਚਲੇ ਘਰ ਦੀਆਂ ਗੱਲਾਂ ਲੈ ਬੈਠਦੀ, ਉਥੋਂ ਦੀਆਂ ਸੁੱਖ ਸਹੂਲਤਾਂ ਦੀ ਕਹਾਣੀ ਛੇੜ ਲੈਂਦੀ।

ਦੋ ਕੁ ਮਹੀਨਿਆਂ ਬਾਅਦ ਮੈਂ ਰਜਿਸਟਰ 'ਤੇ ਖੜ੍ਹਨ ਲੱਗ ਪਿਆ। ਗਾਹਕਾਂ ਨੂੰ ਲੈਣ ਦਾ ਵਲ ਵੀ ਆ ਗਿਆ ਸੀ, ਤੇ ਮੇਰੀ ਤਨਖਾਹ ਵੀ ਸ਼ੁਰੂ ਹੋ ਗਈ ਸੀ। ਗਾਹਕਾਂ ਨਾਲ ਵੀ ਜਾਣ-ਪਛਾਣ ਹੋਣ ਲੱਗ ਪਈ ਸੀ। ਡੰਗ ਸਾਰਨ ਜੋਗੀ ਅੰਗਰੇਜ਼ੀ ਨੂੰ ਵੀ ਮੂੰਹ ਮਾਰਨ ਲੱਗ ਪਿਆ ਸਾਂ। ਅਜੇ ਮੈਨੂੰ ਹਫਤਾ ਕੁ ਹੀ ਹੋਇਆ ਸੀ, ਰਾਤ ਦੀ ਸ਼ਿਫਟ ਕਰਦਿਆਂ, ਕੋਈ ਨੌਂ ਕੁ ਵਜੇ ਗਾਹਕ ਦੇ ਰੂਪ ਵਿਚ ਆਏ ਰੌਬਰ ਨੇ ਪਿਸਤੌਲ ਦੀ ਨੋਕ 'ਤੇ ਮੇਰੇ ਉਤੇ ਹਮਲਾ ਕਰ ਦਿੱਤਾ ਅਤੇ ਸਾਰੀ ਕੈਸ਼ ਲੁਟ ਕੇ ਲੈ ਗਿਆ, ਤੇ ਜਾਂਦੇ ਸਮੇਂ ਉਸ ਨੇ ਫਾਇਰ ਵੀ ਕਰ ਦਿੱਤਾ। ਮੇਰੀ ਜਾਨ ਤਾਂ ਬਚ ਗਈ ਸੀ, ਪਰ ਮੈਂ ਬਹੁਤ ਡਰ ਗਿਆ ਸਾਂ। ਰਾਤ ਨੂੰ ਕੰਮ ਕਰਨਾ ਹੁਣ ਮੈਨੂੰ ਔਖਾ ਲੱਗਣ ਲੱਗ ਪਿਆ; ਪਰ ਮਜਬੂਰੀ ਸੀ, ਹੋਰ ਕੋਈ ਕੰਮ ਨਹੀਂ ਸੀ ਆਉਂਦਾ। ਪਤਨੀ ਦੀ ਖਿਚ-ਖਿਚ ਹਰ ਰੋਜ ਵਧਦੀ ਜਾ ਰਹੀ ਸੀ। ਅਮਰੀਕਾ ਤੋਂ ਜੀਅ ਹੁਣ ਉਕਤਾ ਗਿਆ ਸੀ। ਵਾਪਸ ਜਾਣ ਦੀਆਂ ਗੱਲਾਂ ਹੋਣ ਲੱਗ ਪਈਆਂ ਸਨ।

ਐਤਵਾਰ ਆਮ ਪੰਜਾਬੀਆਂ ਵਾਂਗ ਮੈਂ ਵੀ ਆਪਣੇ ਭਰਾ ਨਾਲ ਗੁਰਦੁਆਰੇ ਚਲਾ ਜਾਂਦਾ। ਜਾਣ-ਪਛਾਣ ਵਾਲੇ ਲੋਕਾਂ ਨਾਲ ਗੱਲਾਂ ਕਰਕੇ ਦਿਲ ਹੌਲਾ ਕਰ ਲੈਂਦਾ। ਇੱਕ ਦਿਨ ਗੱਲਾਂ ਗੱਲਾਂ ਵਿਚ ਮੈਂ ਕਿਹਾ, ਮੈਂ ਤਾਂ ਇੰਡੀਆ ਜਾਣ ਦਾ ਮਨ ਬਣਾ ਲਿਆ ਹੈ। ਮੇਰੇ ਭਰਾ ਦਾ ਦੋਸਤ, ਜੀਹਨੂੰ ਸਾਰੇ ਢਿੱਲੋਂ ਬਾਈ ਸੱਦਦੇ ਹਨ, ਕਹਿੰਦਾ, "ਔਖਾ ਸੌਖਾ ਹੋ ਕੇ ਕੇਰਾਂ ਬਾਜ਼ ਵਾਲਾ ਪਾਸਪੋਰਟ ਲੈ ਲਾ, ਫੇਰ ਭਾਵੇਂ ਜਿੱਥੇ ਮਰਜ਼ੀ ਰਹੀਂ ਜਾਵੀਂ।" ਉਹਦੀ ਗੱਲ ਭਾਵੇਂ ਮੈਨੂੰ ਜੱਚਦੀ ਸੀ, ਪਰ ਸਟੋਰ 'ਤੇ ਕੰਮ ਕਰਨਾ ਮੈਨੂੰ ਹੁਣ ਔਖਾ ਲੱਗ ਰਿਹਾ ਸੀ। ਉਂਜ ਢਿੱਲੋਂ ਬਾਈ ਦੀ ਗੱਲ ਨੇ ਮੈਨੂੰ ਸੋਚਣ ਜਰੂਰ ਲਾ ਦਿੱਤਾ ਸੀ। ਅਜੇ ਤਾਂ ਸਾਨੂੰ ਕੁਝ ਮਹੀਨੇ ਹੀ ਹੋਏ ਸਨ ਆਇਆਂ ਨੂੰ, ਕਿੱਥੇ ਪੰਜ ਸਾਲ! ਮੇਰੇ ਲਈ ਇੰਨਾ ਸਮਾਂ ਇੰਤਜ਼ਾਰ ਕਰਨਾ ਔਖਾ ਲੱਗਦਾ ਸੀ।

ਸ਼ਾਮ ਦੇ ਕੋਈ ਸੱਤ ਕੁ ਵੱਜੇ ਹੋਣਗੇ, ਮੇਰੀ ਪਤਨੀ ਅਤੇ ਮੇਰਾ ਭਤੀਜਾ ਤੇ ਇੱਕ ਹੋਰ ਲੜਕੀ ਸਬਵੇ ਸਟੋਰ 'ਤੇ ਕੰਮ ਕਰ ਰਹੇ ਸਨ। ਇੱਕ ਹੱਟੇ ਕੱਟੇ ਕਾਲੇ ਨੇ ਮੇਰੇ ਭਤੀਜੇ 'ਤੇ ਹਮਲਾ ਕਰ ਦਿੱਤਾ, ਜੋ ਉਸ ਵੇਲੇ ਕੈਸ਼ ਰਜਿਸਟਰ 'ਤੇ ਖੜ੍ਹਾ ਸੀ। ਸਾਰੀ ਕੈਸ਼ ਲੁੱਟ ਕੇ ਦੌੜ ਗਿਆ। ਮੇਰੇ ਭਤੀਜੇ ਦੇ ਮੂੰਹ 'ਚੋਂ ਲਹੂ ਵੱਗ ਰਿਹਾ ਸੀ। ਮੇਰੀ ਪਤਨੀ ਇਹ ਸਾਰਾ ਕੁਝ ਵੇਖ ਕੇ ਡਰ ਗਈ। ਅਗਲੇ ਦਿਨ ਉਸ ਨੇ ਸਟੋਰ 'ਤੇ ਕੰਮ ਕਰਨਾ ਬੰਦ ਕਰ ਦਿੱਤਾ। ਇੰਡੀਆ ਵਾਪਸ ਜਾਣ ਦੀ ਉਸ ਦੀ ਰੱਟ ਜੋਰ ਫੜ ਗਈ। ਅਸਲ ਵਿਚ ਇਸ ਤਰ੍ਹਾਂ ਦਾ ਮਾਹੌਲ ਉਸ ਨੇ ਪਹਿਲੀ ਵਾਰ ਵੇਖਿਆ ਸੀ। ਮੈਂ ਬੱਚਿਆਂ ਦੇ ਅਤੇ ਆਪਣੇ ਗਰੀਨ ਕਾਰਡ ਦੇ ਰੱਦ ਹੋਣ ਦੀ ਸੰਭਾਵਨਾ ਬਾਰੇ ਵੀ ਗੱਲ ਕੀਤੀ, ਪਰ ਉਹ ਆਪਣੀ ਜ਼ਿਦ 'ਤੇ ਅੜੀ ਹੋਈ ਸੀ।

ਮੈਂ ਸੋਚ ਰਿਹਾ ਸਾਂ ਕਿ ਕਿਵੇਂ ਲੋਕ ਅਮਰੀਕਾ ਆਉਣ ਲਈ ਤਰਲੋ ਮੱਛੀ ਹੋਈ ਫਿਰਦੇ ਹਨ। ਉਨ੍ਹਾਂ ਦੀ ਇੱਕੋ ਖਾਹਸ਼ ਹੁੰਦੀ ਹੈ, ਕਿਵੇਂ ਨਾ ਕਿਵੇਂ ਅਮਰੀਕਾ ਵਿਚ ਦਾਖਲ ਹੋਇਆ ਜਾ ਸਕੇ। ਅਮਰੀਕਾ ਆਉਣ ਲਈ ਉਹ ਆਪਣੀ ਜਾਨ ਵੀ ਜੋਖਮ ਵਿਚ ਪਾ ਲੈਂਦੇ ਹਨ। ਵੱਡੀ ਗਿਣਤੀ ਵਿਚ ਲੋਕ ਅਜਿਹੇ ਵੀ ਹਨ, ਜੋ ਵਰ੍ਹਿਆਂ ਤੋਂ ਗਰੀਨ ਕਾਰਡ ਦੀ ਉਡੀਕ ਵਿਚ ਹਨ ਅਤੇ ਉਨ੍ਹਾਂ ਦੀ ਸਾਰੀ ਕਮਾਈ ਵਕੀਲ ਖਾਈ ਜਾ ਰਹੇ ਹਨ। ਪਰ ਸਾਨੂੰ ਤਾਂ ਆਉਂਦਿਆਂ ਹੀ ਗਰੀਨ ਕਾਰਡ ਮਿਲ ਗਿਆ ਸੀ। ਇਸ ਕਰ ਕੇ ਸਾਡੇ ਲਈ ਗਰੀਨ ਕਾਰਡ ਦੀ ਕੀਮਤ ਉਨੀ ਨਹੀਂ ਸੀ, ਜਿੰਨੀ ਹੋਰ ਲੋਕਾਂ ਲਈ ਹੁੰਦੀ ਹੈ। ਆਖਰ ਕੁਝ ਦਿਨਾਂ ਦੇ ਬਹਿਸ-ਮੁਬਾਹਸੇ ਬਾਅਦ ਜਾਣ ਦਾ ਫੈਸਲਾ ਕਰ ਲਿਆ। ਟਿਕਟਾਂ ਵੀ ਬੁੱਕ ਕਰਾ ਲਈਆਂ। ਜਾਣ ਦੀਆਂ ਤਿਆਰੀਆਂ ਹੋਣ ਲੱਗ ਪਈਆਂ।

ਹਰ ਐਤਵਾਰ ਰੁਟੀਨ ਵਾਂਗ ਜਦ ਗੁਰਦੁਆਰੇ ਗਏ ਤਾਂ ਬਹੁਤ ਸਾਰੇ ਜਾਣ-ਪਛਾਣ ਵਾਲੇ ਮਿਲ ਗਏ। ਮੇਰੇ ਛੋਟੇ ਭਰਾ ਦਾ ਦੋਸਤ ਢਿੱਲੋਂ ਬਾਈ ਵੀ ਮਿਲ ਪਿਆ, ਜਿਸ ਨੇ ਸਮਝਾਇਆ ਸੀ ਕਿ ਔਖਾ-ਸੌਖਾ ਹੋ ਕੇ ਕੇਰਾਂ ਬਾਜ਼ ਵਾਲਾ ਪਾਸਪੋਰਟ ਲੈ ਲਾ, ਫੇਰ ਭਾਵੇਂ ਇੰਡੀਆ ਜਿੰਨਾ ਚਿਰ ਮਰਜੀ ਰਹਿ ਲਵੀਂ। ਕਹਿਣ ਲੱਗਾ, "ਬਣਾ ਲਿਆ ਮਨ ਫੇਰ ਰਹਿਣ ਦਾ?"

ਛੋਟਾ ਭਰਾ ਕਹਿਣ ਲੱਗਾ, "ਭਾਜੀ ਨੇ ਟਿਕਟਾਂ ਬੁੱਕ ਕਰਾ ਲਈਆਂ, ਅਗਲੇ ਹਫਤੇ ਵਾਪਸ ਚਲੇ ਜਾਣਾ।"

"ਫਿਰ ਨਹੀਂ ਬਣਿਆ ਮਨ, ਬਾਜ਼ ਵਾਲਾ ਪਾਸਪੋਰਟ ਲੈਣ ਦਾ?"

ਮੈਂ ਕੱਚਾ ਜਿਹਾ ਹੁੰਦਿਆਂ ਆਖਿਆ, "ਅਜੇ ਸ਼ੇਰ ਵਾਲਾ ਹੀ ਚੰਗਾ।"

"ਇਹ ਤੇਰੀ ਮਰਜੀ ਐ, ਪਰ ਬਾਜ਼ ਵਾਲਾ ਪਾਸਪੋਰਟ, ਬਾਜ਼ ਵਾਲਾ ਹੀ ਹੈ, ਜਦੋਂ ਤੇਰੇ ਜਵਾਕ ਵੱਡੇ ਹੋ'ਗੇ, ਇਸ ਦੀ ਅਹਿਮੀਅਤ ਦਾ ਸ਼ਾਇਦ ਤੈਨੂੰ ਉਦੋਂ ਪਤਾ ਲੱਗੇ।" ਢਿੱਲੋਂ ਬਾਈ ਸੀਰੀਅਸ ਹੋ ਗਿਆ ਸੀ।

ਮੈਂ ਛੇ ਕੁ ਮਹੀਨੇ ਬਾਅਦ ਫਿਰ ਵਾਪਸ ਅਮਰੀਕਾ ਆ ਗਿਆ ਸਾਂ। ਜਦੋਂ ਭਾਰਤ ਤੇ ਪੰਜਾਬ ਦੇ ਹਾਲਾਤ ਦੇਖਦਾਂ, ਮੈਂ ਅੱਜ ਵੀ ਸੋਚਦਾਂ, 'ਮੇਰਾ ਵਾਪਸ ਅਮਰੀਕਾ ਆਉਣ ਦਾ ਫੈਸਲਾ ਸਹੀ ਸੀ।' ਢਿੱਲੋਂ ਬਾਈ ਦੇ ਬੋਲ ਕਦੇ ਕਦੇ ਮਨ ਵਿਚ ਬਿਜਲੀ ਵਾਂਗ ਫਿਰ ਜਾਂਦੇ ਹਨ, "ਬਾਜ਼ ਵਾਲਾ ਪਾਸਪੋਰਟ, ਬਾਜ਼ ਵਾਲਾ ਹੀ ਹੈ!"

# ਜਗਿਆਸਾ ਦੀ ਜੋਤ

*(ਪਿਛਲੇ ਸਫੇ ਦੀ ਬਾਕੀ)*

ਹੁੰਦੀ। ਦਰਅਸਲ ਜਗਿਆਸਾ ਵਚਿੱਤਰਤਾ ਵਿਚੋਂ ਹੀ ਪੈਦਾ ਹੁੰਦੀ।

ਜਗਿਆਸਾ ਵਪਾਰ, ਰਾਜਨੀਤੀ, ਵਿਦਿਆ, ਸਿਹਤ, ਆਦਿ ਜੀਵਨ ਦੇ ਹਰ ਖੇਤਰ ਵਿਚ ਹਾਜ਼ਰ-ਨਾਜ਼ਰ। ਆਧੁਨਿਕ ਵਪਾਰ ਦੇ ਰੂਪਾਂ, ਪੜ੍ਹਾਈ ਦੇ ਤਰੀਕੇ, ਮੀਡੀਆ 'ਚ ਆਇਆ ਇਨਕਲਾਬ ਜਾਂ ਮਾਡਰਨ ਤਕਨਾਲੋਜੀ ਵਿਚਲਾ ਅਥਾਹ ਵਿਸਥਾਰ, ਜਗਿਆਸਾ ਵਿਚੋਂ ਹੀ ਪੈਦਾ ਹੋਇਆ।

ਜਗਿਆਸਾ ਤਾਂ ਇਹ ਵੀ ਰਹਿੰਦੀ ਕਿ ਮੇਰੇ ਦੋਸਤ ਕੌਣ ਨੇ? ਕਿਹੜੇ ਸੱਚੇ ਤੇ ਕਿਹੜੇ ਫਰੇਬੀ? ਮੇਰੇ ਲਈ ਉਹ ਕੀ ਕਰ ਸਕਦੇ ਅਤੇ ਮੈਂ ਉਨ੍ਹਾਂ ਲਈ ਕੀ ਕਰ ਸਕਦਾਂ? ਦੋਸਤੀ ਨੂੰ ਨਿੱਜੀ ਮੁਫਾਦ ਜਾਂ ਸਰਬੱਤ ਦੇ ਭਲੇ ਲਈ ਕਿਵੇਂ ਵਰਤਿਆ ਜਾ ਸਕਦਾ? ਜਗਿਆਸੂ ਕੁਝ ਪਲ ਲਈ ਮੂਰਖ ਬਣ ਸਕਦਾ, ਪਰ ਜਗਿਆਸੂ ਨਾ ਹੋਣਾ ਤਾਂ ਸਦਾ ਲਈ ਮੂਰਖ ਬਣਨਾ ਹੁੰਦਾ।

ਜਗਿਆਸਾ, ਨਿੱਜੀ ਜਾਇਦਾਦ। ਮਨੁੱਖ ਦਾ ਹਾਸਲ, ਜਿਸ ਨੂੰ ਕੋਈ ਨਹੀਂ ਵੰਡਾ ਸਕਦਾ। ਨਾ ਹੀ ਇਸ ਦੀ ਬੋਲੀ ਲੱਗਦੀ, ਨਾ ਖਰੀਦੀ ਜਾ ਸਕਦੀ। ਕੋਈ ਹਾਕਮ ਇਸ 'ਤੇ ਆਪਣੀ ਅਜਾਰੇਦਾਰੀ ਨਹੀਂ ਕਾਇਮ ਕਰ ਸਕਦਾ? ਮਨੁੱਖ ਦੇ ਮਨ ਵਿਚ ਪੈਦਾ ਹੋ ਰਹੀਆਂ ਸੋਚਾਂ, ਸੁਪਨਿਆਂ ਅਤੇ ਮਾਨਵੀ ਬਿਰਤੀਆਂ ਨੂੰ ਕਿਹੜੀਆਂ, ਜੰਜ਼ੀਰਾਂ, ਜੇਲਾਂ, ਜ਼ਬਰ ਜਾਂ ਜਬਰਦਸਤੀ ਦਬਾਇਆ ਜਾਂ ਜ਼ਬਤ ਕੀਤਾ ਜਾ ਸਕਦਾ? ਕਾਲ ਕੋਠੜੀ ਵਿਚ ਰਹਿੰਦੇ ਜਗਿਆਸੂ ਲੋਕ ਵੀ ਆਪਣੇ ਮਨ ਦੇ ਅੰਬਰਾਂ ਨੂੰ ਗਾਹੁੰਦੇ, ਨਰੋਈਆਂ ਸੁਪਨ-ਧਰਤੀਆਂ ਦੀ ਟੋਹ ਲਾਉਂਦੇ। ਇਨ੍ਹਾਂ ਨੂੰ ਮਨ ਦੀਆਂ ਸੂਖਮ ਸੋਚਾਂ ਦੇ ਨਾਮ ਲਾ, ਸਕੂਨ ਅਤੇ ਸਬਰ-ਸਬੂਰੀ ਅਵਚੇਤਨ ਦੇ ਨਾਮ ਕਰਦੇ। ਬਾਬਰ ਦੀ ਜੇਲ੍ਹ, ਬਾਬਾ ਨਾਨਕ ਦੀ ਜਗਿਆਸਾ ਨੂੰ ਖਤਮ ਨਾ ਕਰ ਸਕੀ। ਫਾਂਸੀ ਨੂੰ ਉਡੀਕਦਾ ਭਗਤ ਸਿੰਘ ਆਖਰੀ ਰਾਤ ਵੀ ਕਿਤਾਬ ਪੜ੍ਹਨ ਵਿਚ ਮਸ਼ਰੂਫ ਸੀ, ਕਿਉਂਕਿ ਉਸ ਨੇ ਚੰਗੇਰਾ ਪੜ੍ਹਨ ਦੀ ਜਗਿਆਸਾ, ਆਖਰੀ ਸਾਹ ਤੀਕ ਕਾਇਮ ਰੱਖੀ।

ਜਗਿਆਸਾ ਨੂੰ ਕਦੇ ਵੀ ਜਹਾਲਤ, ਜ਼ੁਲਮ, ਜ਼ਬਰ, ਜੋਖਮ ਜਾਂ ਜਖਮ ਨਾ ਬਣਾਓ, ਕਿਉਂਕਿ ਜਗਿਆਸਾ ਵਿਚੋਂ ਹੀ ਜੀਵਨ ਦੀ ਉਤਪਤੀ ਹੁੰਦੀ ਹੈ। ਨਕਾਰਾਤਮਕ ਜਗਿਆਸਾ ਮਰਨ ਮਿੱਟੀ ਢੋਣ ਲਈ ਮਜਬੂਰ ਹੁੰਦੀ। ਅਜਿਹੀ ਜਗਿਆਸਾ ਪਾਲਣ ਵਾਲੇ ਲੋਕ ਜਲਦੀ ਹੀ ਲੋਕ-ਚੇਤਿਆਂ ਵਿਚ ਨਫਰਤ ਦੇ ਪਾਤਰ ਬਣ ਜਾਂਦੇ।

ਜਗਿਆਸਾ ਜਰੂਰੀ ਹੈ ਸਾਹਾਂ ਦੀ ਸੁੱਚਮਤਾ ਤੇ ਸਦੀਵਤਾ ਲਈ, ਸਥਿਰਤਾ ਤੇ ਸੰਜੀਵਨੀ ਲਈ, ਸਪੱਸ਼ਟਤਾ ਤੇ ਸੰਖੇਪਤਾ ਲਈ ਅਤੇ ਸੁਪਨੇ ਤੇ ਸੰਪੂਰਨਤਾ ਲਈ, ਕਿਉਂਕਿ ਜਗਿਆਸਾ ਨਾਲ ਹੀ ਜੀਵਨ ਜੋਤ ਜਗਦੀ।

ਜਗਿਆਸਾ ਕਦੇ ਵੀ ਜਕੜੀ ਨਹੀਂ ਜਾ ਸਕਦੀ ਅਤੇ ਨਾ ਹੀ ਬੇਪਤੀ ਜਾਂ ਬੇਪ੍ਰਤੀਤੀ ਕੀਤੀ ਜਾ ਸਕਦੀ। ਇਸ ਨੇ ਤੂਫਾਨਾਂ, ਝੱਖੜਾਂ, ਹਨੇਰੀਆਂ, ਕਹਿਰਾਂ ਅਤੇ ਕੁਰੱਖਤ ਸਮਿਆਂ ਵਿਚ ਸਦਾ ਚਿਰੰਜੀਵ ਰਹਿਣਾ ਅਤੇ ਰਹੀ ਏ। ਨਿਰਮੂਲ ਨੇ ਹਾਕਮਾਂ ਦੇ ਦਾਅਵੇ ਕਿ ਜਗਿਆਸਾ ਨੂੰ ਸੂਲੀ 'ਤੇ ਚਾੜ੍ਹਿਆ ਜਾ ਸਕਦਾ। ਸੁਕਰਾਤ ਅਤੇ ਗੈਲੀਲੀਓ ਮਰ ਕੇ ਵੀ ਤਹਿਜ਼ੀਬ ਦੇ ਵਰਕਿਆਂ ਵਿਚ ਜਿਉਂਦੇ ਨੇ, ਜਦੋਂ ਕਿ ਉਨ੍ਹਾਂ ਨੂੰ ਫਾਂਸੀ ਚੜ੍ਹਾਉਣ ਵਾਲੇ ਕਿਸੇ ਨੂੰ ਯਾਦ ਨਹੀਂ।

ਜਗਿਆਸੂਆਂ ਦੇ ਹਿੱਸੇ ਅਕਸਰ ਹੀ ਬੇਹੀਆਂ ਮਰਿਆਦਾਵਾਂ ਨੂੰ ਤੋੜਨ, ਬੇਹੂਦਾ ਪਰੰਪਰਾਵਾਂ ਨੂੰ ਭੰਡਣ, ਬੇਲੋੜੇ ਰਸਮੋ-ਰਿਵਾਜਾਂ ਨੂੰ ਨਿੰਦਣ ਅਤੇ ਵਹਿਮਾਂ-ਭਰਮਾਂ, ਜਾਦੂ-ਟੂਣਿਆਂ ਨੂੰ ਨਕਾਰਨ ਦੇ ਦੋਸ਼ ਲਾ ਕੇ ਦੰਡ ਦਿੱਤੇ ਜਾਂਦੇ ਨੇ, ਪਰ ਉਹ ਜਗਿਆਸਾ ਦੀ ਜ਼ਿੰਦਾਦਿਲੀ ਸਦਕਾ ਜ਼ਿੰਦਗੀ ਨੂੰ ਠੋਕਰ ਮਾਰਨ ਤੋਂ ਕਦੇ ਵੀ ਗੁਰੇਜ਼ ਨਹੀਂ ਕਰਦੇ।

ਜਗਿਆਸੂ ਬਣੋ, ਪਰ ਕਦੇ ਵੀ ਭਿੱਖਿਆ ਨਾ ਬਣੋ, ਕਿਉਂਕਿ ਜਗਿਆਸਾ ਨਵੀਆਂ ਕਿਰਨਾਂ ਨੂੰ ਮਸਤਕ ਵਿਸ਼ਾਲਤਾ ਦੇ ਨਾਮ ਕਰਦੀ, ਜਦੋਂ ਕਿ ਭਿੱਖਿਆ ਬਣ ਕੇ ਹੱਥ ਵਿਚ ਤਸਲੀ ਅਤੇ ਮੋਢੇ 'ਤੇ ਬਗਲੀ ਪਾ ਕੇ ਦਰ-ਬ-ਦਰ ਭਟਕਣਾ ਪੈਂਦਾ।

ਜਗਿਆਸਾ ਕਦੇ ਵੀ ਜਾਹਲ ਨਹੀਂ ਹੁੰਦੀ। ਇਹ ਤਾਂ ਜ਼ਿੰਦਗੀ ਦਾ ਸੁੱਚਾ ਸਰੂਪ ਸਿਰਜਣ ਲਈ ਸਭ ਤੋਂ ਸੁਚੱਜਾ ਤੇ ਸਾਰਥਕ ਸਾਧਨ। ਇਸ ਨਾਲ ਸਰੀਰਕ ਅਤੇ ਮਾਨਸਿਕ ਪੱਧਰ 'ਤੇ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਜਾ ਸਕਦਾ।

ਜਗਿਆਸੂ ਹੀ ਸੰਸਾਰ, ਸਮਾਜ, ਸੰਸਥਾਵਾਂ, ਸਰਕਾਰਾਂ, ਸੁਪਨਿਆਂ ਅਤੇ ਸਫਲਤਾਵਾਂ ਨੂੰ ਨਵੀਆਂ ਬੁਲੰਦੀਆਂ ਤੇ ਪਹੁੰਚਾਉਂਦੇ। ਨਵੀਆਂ ਤਰਜੀਹਾਂ ਅਤੇ ਤਦਬੀਰਾਂ ਨਾਲ ਇਸ ਦੀਆਂ ਬਿਰਤੀਆਂ ਨੂੰ ਬਹੁਲਤਾ ਦਾ ਨਾਮ ਦਿੰਦੇ।

ਜਗਿਆਸਾ ਨੂੰ ਜੋਤ ਬਣਾਓ, ਜੋ ਚਾਨਣ ਦਾ ਵਣਜ ਕਰੇ। ਹਨੇਰੀਆਂ ਰਾਤਾਂ ਨੂੰ ਰੁਸ਼ਨਾਵੇ। ਸਰਘੀਆਂ ਦੀ ਜਨਮਦਾਤੀ ਹੋਵੇ। ਸੁੰਨੇ ਬਨੇਰਿਆਂ 'ਤੇ ਦੀਵਿਆਂ ਦੀਆਂ ਡਾਰਾਂ ਬਣ ਕੇ ਵਿਹੜਿਆਂ ਨੂੰ ਰੌਸ਼ਨੀ ਨਾਲ ਓਤਪੋਤ ਕਰਨ ਦੇ ਕਾਬਲ ਹੋਵੇ। ਜਦ ਉਝੜ ਰਾਹਾਂ ਵਿਚ ਚਾਨਣ ਦਾ ਛਿੜਕਾਓ ਹੁੰਦਾ ਤਾਂ ਮੰਜ਼ਿਲਾਂ ਦੇ ਸਿਰਨਾਵੇਂ ਰਾਹੀਆਂ ਦੇ ਮੱਥਿਆਂ ਵਿਚ ਲਿਸ਼ਕਦੇ। ਉਨ੍ਹਾਂ ਨੂੰ ਨਿਵੇਕਲੇ ਦਿਸਹੱਦਿਆਂ ਨੂੰ ਸ਼ਿਲਾਲੇਖ ਬਣਾਉਣ 'ਚ ਮਾਣ ਮਹਿਸੂਸ ਹੁੰਦਾ।

ਜਗਿਆਸਾ ਨੂੰ ਜਨੂਨ ਬਣਾਓ, ਜੋ ਚੰਗੇਰਾ ਕਰਨ ਦਾ ਵਲਵਲਾ ਪੈਦਾ ਕਰੇ। ਕਿਸੇ ਬੇ-ਅੱਖਰੇ ਦੇ ਮਨ ਵਿਚ ਸ਼ਬਦ ਜੋਤ ਜਗਾਈ ਜਾਵੇ। ਭੁੱਖੇ ਪੇਟ ਨੂੰ ਟੁੱਕਰ ਮਿਲੇ। ਅੰਬਰ ਦੀ ਛੱਤ ਹੇਠ ਸੌਣ ਵਾਲਿਆਂ ਨੂੰ ਸ਼ਤੀਰਾਂ ਤੇ ਬਾਲਿਆਂ ਦੀ ਛੱਤ ਮਿਲੇ। ਪੱਥਰਾਂ ਦੇ ਸ਼ਹਿਰ ਵਿਚ ਰਹਿਣ ਵਾਲੇ ਪੱਥਰਾਂ ਜਿਹੇ ਲੋਕਾਂ ਵਿਚ ਫੁੱਲਾਂ ਜਿਹੀ ਕੋਮਲਤਾ, ਮਾਸੂਮੀਅਤ, ਰੰਗਤ ਅਤੇ ਮਹਿਕ-ਲਬਰੇਜ਼ੀ ਪੈਦਾ ਹੋ ਸਕੇ, ਜਿਸ ਸਦਕਾ ਧਰਮ ਕਦੇ ਵੀ ਅਧਰਮ ਨਾ ਬਣੇ। ਬੰਦੇ ਵਿਚ ਬੰਦਿਆਈ, ਚੰਗਿਆਈ ਤੇ ਭਲਿਆਈ ਦਾ ਭਰਮਣ ਸਦੀਵੀ ਜਾਰੀ ਰਹੇ।

# ਕਰੋਨਾ ਦਾ ਵਿਸ਼ਵਵਿਆਪੀ ਅਤੇ ਇਤਿਹਾਸਕ ਪ੍ਰਸੰਗ

***ਕਰੋਨਾ ਵਾਇਰਸ ਨੇ ਮਨੁੱਖ ਦੇ ਵਰਤਮਾਨ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਇਸ ਪ੍ਰਭਾਵ ਦੇ ਨਤੀਜੇ ਆਉਣ ਵਾਲੇ ਕੱਲ੍ਹ ਵਿਚੋਂ ਅਜੇ ਦਿਸਣੇ ਹਨ। ਇਉਂ ਇਸ ਨੇ ਸਾਡੇ ਭਵਿੱਖ ਨੂੰ ਇਸ ਤੋਂ ਕਿਤੇ ਜ਼ਿਆਦਾ ਪ੍ਰਭਾਵਿਤ ਕਰਨਾ ਹੈ। ਇਸ ਪ੍ਰਸੰਗ ਵਿਚ ਡਾ. ਸੁਖਪਾਲ ਸੰਘੇੜਾ ਨੇ ਗਿਆਨ ਲਹਿਰ ਦੇ ਹਵਾਲੇ ਨਾਲ ਸਮੁੱਚੇ ਹਾਲਾਤ ਨੂੰ ਸਮਝਣ ਦਾ ਯਤਨ ਕੀਤਾ ਹੈ। -ਸੰਪਾਦਕ***

ਸੰਯੁਕਤ ਰਾਜ ਅਮਰੀਕਾ ਦੇ ਸੰਸਥਾਪਕ ਪਿਤਾਮਾਵਾਂ (Founding Fathers) ਵਿਚੋਂ ਇੱਕ ਅਤੇ ਇਹਦੇ ਦੂਸਰੇ ਪ੍ਰਧਾਨ ਜੋਨ ਐਡਮਜ਼ (1735-1826) ਨੇ ਇੱਕ ਵਾਰ ਕਿਹਾ ਸੀ, "ਹਰ ਸਮੱਸਿਆ ਭੇਸ ਵਿਚ ਇੱਕ ਮੌਕਾ (oppertunity) ਛੁਪਿਆ ਹੁੰਦਾ ਹੈ।" ਮੈਂ ਇੱਕ ਗਣਿਤਕ ਪ੍ਰਸਤਾਵ ਪੇਸ਼ ਕਰਨਾ ਚਾਹਾਂਗਾ: ਜਿੰਨੀ ਵੱਡੀ ਸਮੱਸਿਆ, ਜਿੰਨਾ ਵੱਡਾ ਮੌਕਾ ਹੁੰਦਾ ਹੈ; ਤੁਸੀਂ ਉਮੀਦ ਕਰ ਸਕਦੇ। ਇਸ ਨੋਟ 'ਤੇ, ਜਿਸ ਸਮੇਂ ਤੇ ਸਥਿਤੀਆਂ ਵਿਚ ਇਹ ਵਾਪਰ ਰਹੀ ਹੈ, ਉਨ੍ਹਾਂ ਦੇ ਮੱਦੇਨਜ਼ਰ ਕਰੋਨਾ ਵਾਇਰਸ ਜਾਂ ਕੋਵਿਡ-19 ਮਹਾਂਮਾਰੀ ਅੱਖਾਂ ਨੂੰ ਦਿਸਣ ਨਾਲੋਂ ਕਿਤੇ ਜ਼ਿਆਦਾ ਵੱਡੀ ਹੈ। ਇਹ ਸਿਰੇ ਦੀ ਕੀਮਤੀ ਕੋਈ ਗੱਲ ਜ਼ਾਹਰ ਕਰ ਰਹੀ ਹੈ ਜਿਸ ਨੂੰ ਅਸੀਂ ਸਿਰਫ ਆਪਣੀ ਜ਼ਮੀਰ ਨੂੰ ਉਸ ਵਿਸ਼ਵਵਿਆਪੀ ਅਤੇ ਇਤਿਹਾਸਕ ਪ੍ਰਸੰਗ ਤੱਕ ਉਠਾ ਕੇ ਹੀ ਸਮਝ ਸਕਦੇ ਹਾਂ ਜਿਸ ਵਿਚ ਇਹ ਵਾਪਰ ਰਹੀ ਹੈ। ਇਸ ਤਰ੍ਹਾਂ ਕੀਤੇ ਬਿਨਾ ਅਸੀਂ ਆਪਣੇ



**ਡਾ. ਸੁਖਪਾਲ ਸੰਘੇੜਾ**
dr.sukhpal.sanghera@gmail.com

ਪਿਛਲੇ ਇਤਿਹਾਸ ਤੋਂ ਅਤਿਅੰਤ ਮਹੱਤਵਪੂਰਨ ਸੰਦੇਸ਼ ਪ੍ਰਾਪਤ ਕਰਨ ਅਤੇ ਸਮਝਣ ਦਾ ਵਧੀਆ ਮੌਕਾ ਗੁਆ ਦੇਵਾਂਗੇ ਕਿ ਇਹ ਮਾਰੂ ਦੂਤ ਲਿਆਇਆ ਹੈ। ਇਹ ਸੰਦੇਸ਼ ਸਾਡੀ ਧਰਤੀ ਉਤੇ ਮਨੁੱਖਤਾ ਦੇ ਭਵਿੱਖ ਲਈ ਬੜਾ ਪ੍ਰਭਾਵਸ਼ਾਲੀ ਹੋ ਸਕਦਾ ਹੈ। ਕਰੋਨਾ ਵਾਇਰਸ ਮਹਾਂਮਾਰੀ ਦਾ ਵਿਸ਼ਵਵਿਆਪੀ ਪ੍ਰਸੰਗ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਵਿਚੋਂ ਫੜਿਆ ਜਾ ਸਕਦਾ ਹੈ:

1. ਇਕ ਜਾਂ ਦੂਜੇ ਸਮੇਂ ਵਿਚ ਪੂਰਬ ਤੋਂ ਪੱਛਮ ਅਤੇ ਉਤਰ ਤੋਂ ਦੱਖਣ ਤੱਕ ਦੱਖਣ ਵਿਚ ਦੁਨੀਆਂ ਭਰ ਵਿਚ ਉਜਾੜ ਸੜਕਾਂ, ਦਫਤਰਾਂ, ਕਾਰੋਬਾਰਾਂ ਅਤੇ ਪਾਰਕਿੰਗ ਲਾਟਾਂ ਦੇ ਸੁੰਨੇ ਦ੍ਰਿਸ਼।

2. ਈਥਰ (aether) ਦੀ ਸਰਬਵਿਆਪਕਤਾ ਵਾਲਾ ਕਰੋਨਾ ਭੈਅ, ਸੰਸਾਰ ਵਿਚ ਹਰ ਬੰਦੇ ਨੂੰ ਹਰ ਦੂਜੇ ਬੰਦੇ ਨਾਲ ਜੋੜਦਾ ਹੋਇਆ।

3. ਜਿਸ ਸੂਚਨਾ ਯੁੱਗ ਵਿਚ ਅਸੀਂ ਰਹਿੰਦੇ ਹਾਂ, ਉਸ ਵਿਚ ਲੋਕਾਂ, ਵਿਚਾਰਾਂ ਅਤੇ ਵਿਸ਼ਾਣੂਆਂ ਦੀ ਤੇਜ਼ੀ ਨਾਲ ਦੁਨੀਆਂ ਵਿਚ ਘੁੰਮ ਜਾਣ ਦੀ ਸਮਰੱਥਾ।

ਕਰੋਨਾ ਵਾਇਰਸ ਮਹਾਂਮਾਰੀ ਦੀ ਵਿਆਪਕਤਾ ਨਾ ਸਿਰਫ ਪੁਲਾੜ ਵਿਚ ਖਿੱਲਰੀ ਪਈ ਹੈ, ਬਲਕਿ ਸਮੇਂ ਦੀ ਦਿਸ਼ਾ ਜਾਂ ਆਯਾਮ (dimension) ਉਪਰ ਵੀ ਛਾਈ ਹੈ; ਇੰਜ ਇਸ ਦਾ ਇਤਿਹਾਸਕ ਪ੍ਰਸੰਗ ਸਾਹਮਣੇ ਆਉਂਦਾ ਹੈ। ਇਸ ਮਹਾਂਮਾਰੀ ਦੇ ਇਤਿਹਾਸਕ ਪ੍ਰਸੰਗ ਨੂੰ ਸਮਝਣ ਲਈ ਸਾਨੂੰ ਇਤਿਹਾਸ ਦੀ ਰਾਹ 'ਤੇ ਯੂਰਪੀ ਰੈਨੇਸਾਂਸ ਤੱਕ ਵਾਪਸ ਜਾਣਾ ਪਵੇਗਾ ਜੋ 14ਵੀਂ ਸਦੀ ਵਿਚ ਸ਼ੁਰੂ ਹੋ ਕੇ 17ਵੀਂ ਸਦੀ ਦੇ ਅੰਤ ਤੱਕ ਫੈਲਿਆ ਹੋਇਆ ਹੈ; ਜਿਸ ਨੇ ਪ੍ਰਬੋਧਨ/ਗਿਆਨ (Enlighenment) ਲਹਿਰ ਨੂੰ ਜਨਮ ਦਿੱਤਾ ਜੋ 18ਵੀਂ ਸਦੀ ਵਿਚ ਆਪਣੇ ਸਿਖਰ 'ਤੇ ਪਹੁੰਚੀ ਅਤੇ 19ਵੀਂ ਦੀ ਸ਼ੁਰੂਆਤ ਤੱਕ ਚੱਲਦੀ ਰਹੀ। ਰੈਨੇਸਾਂਸ ਤੇ ਪ੍ਰਬੋਧਨ ਦੋਨੋਂ ਬੌਧਿਕ ਲਹਿਰਾਂ ਸਨ। ਰੈਨੇਸਾਂਸ ਦੀਆਂ ਦੋ ਮੂਲ ਚਾਲਕ ਸ਼ਕਤੀਆਂ ਸਨ: ਤਰਕ ਤੇ ਮਾਨਵਵਾਦ। ਮਾਨਵਵਾਦ ਨੇ ਐਸੇ ਨਾਗਰਿਕਾਂ ਦੀ ਉਸਾਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਜੋ ਆਪਣੇ ਭਾਈਚਾਰਿਆਂ ਦੇ ਸਿਵਲ ਜੀਵਨ ਵਿਚ ਸਰਗਰਮੀ ਨਾਲ ਹਿੱਸਾ ਲੈਣ ਦੇ ਯੋਗ ਹੋਣ। ਇਸ ਨਾਲ ਜਨਤਕ ਲਾਇਬ੍ਰੇਰੀਆਂ ਅਤੇ ਸਮੁੱਚਾ ਅਧਿਐਨ ਖੇਤਰ 'studia humanitatis' ਸਥਾਪਤ ਹੋਏ ਜਿਸ ਨੂੰ ਅੱਜ ਹਿਊਮੈਨਿਟੀਜ਼ (humanities) ਵਜੋਂ ਜਾਣਿਆ ਜਾਂਦਾ ਹੈ। ਇਸ ਵਿਚ ਉਦੋਂ ਨੈਤਿਕ ਦਰਸ਼ਨ, ਕਵਿਤਾ, ਧੜੱਲੇਦਾਰ-ਅਲੰਕਾਰਕ ਵਿੱਦਿਆ (rhetoric), ਵਿਆਕਰਨ ਅਤੇ ਇਤਿਹਾਸ ਦੇ ਵਿਸ਼ੇ ਸ਼ਾਮਲ ਸਨ। ਰੈਨੇਸਾਂਸ ਦੌਰਾਨ ਵਿਕਸਤ ਕੀਤੇ ਮੁੱਖ ਆਦਰਸ਼ਾਂ ਵਿਚੋਂ ਇੱਕ ਨੂੰ 'ਰੈਨੇਸਾਂਸ ਆਦਮੀ' ਦੇ ਸੰਕਲਪ ਦੁਆਰਾ ਪੇਸ਼ ਕੀਤਾ ਗਿਆ ਸੀ ਜੋ ਇਸ ਖਿਆਲ ਨੂੰ ਮੂਰਤੀਮਾਨ ਕਰਦਾ ਸੀ: "ਮਨੁੱਖ ਸਭ ਕੁਝ ਕਰ ਸਕਦਾ ਹੈ ਜੇ ਉਹ ਚਾਹੇ ਤਾਂ।" ਇਹ ਆਦਰਸ਼ ਰੈਨੇਸਾਂਸ ਲਹਿਰ ਦੇ ਮਾਨਵਵਾਦ ਦੇ ਮੂਲ ਮੱਤ ਦਾ ਪ੍ਰਗਟਾਵਾ ਕਰ ਰਿਹਾ ਸੀ ਕਿ "ਮਨੁੱਖ ਬ੍ਰਹਿਮੰਡ ਦਾ ਕੇਂਦਰ ਹੈ।" ਇਸ ਦਾ ਅਰਥ ਇਹ ਹੈ ਕਿ ਵਿਕਾਸ ਦੇ ਰਾਹ 'ਤੇ ਮਨੁੱਖ ਦੀਆਂ ਸੰਭਾਵਨਾਵਾਂ ਦੀ ਕੋਈ ਸੀਮਾ ਨਹੀਂ; ਇਸ ਲਈ ਮਨੁੱਖਾਂ ਨੂੰ ਆਪਣੀ ਕਾਬਲੀਅਤ ਨੂੰ ਪੂਰਨ ਰੂਪ ਵਿਚ ਵਿਕਸਿਤ ਕਰਨ ਲਈ ਸਾਰੇ ਗਿਆਨ ਤੇ ਹੁਨਰਾਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਸ ਸਮੇਂ ਦੇ ਆਦਰਸ਼ ਰੈਨੇਸਾਂਸ ਜਿਊੜਿਆਂ ਵਿਚੋਂ ਇੱਕ ਸੀ ਇਟਲੀ ਦਾ ਲਿਓਨਾਰਡੋ ਡਾ ਵਿੰਸੀ (1452-1519) ਜਿਸ ਨੇ ਲੇਖਨ, ਆਰਟ, ਸੰਗੀਤ, ਵਿਗਿਆਨ ਕਾਢ, ਨਿਰਮਾਣ ਕਲਾ ਆਦਿ ਖੇਤਰਾਂ ਵਿਚ ਜੌਹਰ ਦਿਖਾਏ। ਇਹ ਉਹੀ ਲਿਓਨਾਰਡੋ ਹੈ ਜਿਹਦੀਆਂ ਮੋਨਾ ਲੀਸਾ, ਲਾਸਟ ਸਪਰ (ਆਖਰੀ ਭੋਜਨ) ਅਤੇ ਹੋਰ ਕਿੰਨੀਆਂ ਕਿਰਤਾਂ ਅੱਜ ਵੀ ਹਰਮਨ ਪਿਆਰੀਆਂ ਨੇ।

ਰੈਨੇਸਾਂਸ ਨੂੰ ਪੁਰਾਣੇ ਸਭਿਆਚਾਰ ਦੀ ਪੁਨਰ-ਸੁਰਜੀਤੀ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਇੱਥੇ ਪੁਨਰ-ਸੁਰਜੀਤੀ ਮੱਧਯੁੱਗ (ਈ. 500 ਤੋਂ ਏ.ਡੀ. 1400) ਦੀ ਨਹੀਂ ਸੀ ਜਿਹਦੀਆਂ ਮੁੱਖ ਵਿਸ਼ੇਸ਼ਤਾਵਾਂ ਸਨ ਜਗੀਰਦਾਰੀ ਦੀ ਚੜ੍ਹਤ ਤੇ ਕੈਥੋਲਿਕ ਚਰਚ ਕੋਲ ਲੋਕਾਂ ਦੇ ਜੀਵਨ ਕੰਟਰੋਲ ਕਰਨ ਦੀ ਸ਼ਕਤੀ; ਇਸ ਦੀ ਬਜਾਇ ਪੁਨਰ-ਸੁਰਜੀਤੀ ਗਰੀਕ ਦਾਰਸ਼ਨਿਕਾਂ ਦੇ ਕਲਾਸੀਕਲ ਪੀਰੀਅਡ (500 ਬੀ ਸੀ ਤੋਂ ਈ. 500 ਤੱਕ) ਦੀ ਸੀ ਜਿਹਦੀ ਵਿਸ਼ੇਸ਼ਤਾ ਉਨ੍ਹਾਂ ਵਿਚਾਰਾਂ ਦੇ ਵਿਕਾਸ ਵਿਚ ਪਈ ਹੈ ਜੋ ਅੱਜ ਦੇ ਸਾਹਿਤ, ਕਲਾ, ਗਣਿਤ ਅਤੇ ਵਿਗਿਆਨ ਦੀ ਬੁਨਿਆਦ ਹਨ। ਗਰੀਕ ਅਤੇ ਰੋਮਨ ਲਿਖਤਾਂ ਦੇ ਕਲਾਕ੍ਰਿਤੀਆਂ ਦੀ ਮੁੜ ਖੋਜ ਕੀਤੀ ਗਈ ਸੀ। ਰੈਨੇਸਾਂਸ ਦੇ ਚਿੰਤਕਾਂ ਨੇ ਉਨ੍ਹਾਂ ਪੁਰਾਣੇ ਵਿਚਾਰਾਂ ਨੂੰ ਆਪਣੇ ਸਮੇਂ ਦੇ ਗਿਆਨ ਨਾਲ ਮਿਲਾ ਦਿੱਤਾ, ਤਰਕ ਦੀ ਵਰਤੋਂ ਕਰ ਕੇ। ਰੈਨੇਸਾਂਸ ਦੇ ਬਹੁਤੇ ਮਾਨਵਵਾਦੀ ਬੁੱਧੀਜੀਵੀ ਭਾਵੇਂ ਧਾਰਮਿਕ ਸਨ, ਲੇਕਿਨ ਚਰਚ ਦੀਆਂ ਕੁਰੀਤੀਆਂ, ਦੁਰਉਪਯੋਗ ਤੇ ਦੁਰਵਿਹਾਰ ਵਿਰੁਧ ਤਰਕ ਦਾ ਹੱਲਾ ਬੋਲ ਰਹੇ ਸਨ; ਹਾਲਾਂਕਿ ਉਹ ਚਰਚ ਦੇ ਵਿਰੁਧ ਨਹੀਂ ਸਨ। ਉਸ ਸਮੇਂ ਚਰਚ ਅਰਸਤੂ (ਅਰਿਸਟੋਟਲ) ਦੇ ਮਾਡਲ ਨੂੰ ਮੰਨਦਾ ਸੀ ਜਿਸ ਅਨੁਸਾਰ ਧਰਤੀ ਬ੍ਰਹਿਮੰਡ ਦਾ ਕੇਂਦਰ ਸੀ ਤੇ ਬਾਕੀ ਸਾਰੇ ਗ੍ਰਹਿ, ਸੂਰਜ ਆਦਿ ਧਰਤੀ ਦੁਆਲੇ ਘੁੰਮਦੇ ਸਨ, ਕਿਉਂਕਿ ਇਹ ਮਾਡਲ ਚਰਚ ਲੀਡਰਾਂ ਦੀ ਸਮਝ ਅਨੁਸਾਰ ਬਾਈਬਲ ਵਿਚ ਪੇਸ਼ ਕੀਤੇ ਬ੍ਰਹਿਮੰਡ ਮੱਤ ਦੇ ਜ਼ਿਆਦਾ ਸੂਤ ਬਹਿੰਦਾ ਸੀ। ਜਦੋਂ ਵਿਗਿਆਨਕ ਖੋਜਾਂ ਨੇ ਉਸ ਮਾਡਲ ਨੂੰ ਨਕਾਰਦੇ ਹੋਏ ਦਿਖਾਉਣਾ ਸ਼ੁਰੂ ਕਰ ਦਿੱਤਾ ਕਿ ਸਭ ਕੁਝ ਧਰਤੀ ਦੁਆਲੇ ਨਹੀਂ ਘੁੰਮਦਾ, ਬਲਕਿ ਧਰਤੀ ਤੇ ਸਾਰੇ ਗ੍ਰਹਿ ਸੂਰਜ ਦੁਆਲੇ ਘੁੰਮਦੇ ਹਨ ਤਾਂ ਚਰਚ ਲੀਡਰਾਂ ਨੇ ਸ਼ਰੇਆਮ ਵਿਗਿਆਨ ਖਿਲਾਫ ਖੜ੍ਹੇ ਹੋ ਕੇ ਇਨ੍ਹਾਂ ਖੋਜਾਂ ਨਾਲ ਸੰਬੰਧਿਤ ਵਿਗਿਆਨੀਆਂ ਨੂੰ ਖੱਜਲ-ਖੁਆਰ ਕਰਨਾ ਸ਼ੁਰੂ ਕਰ ਦਿੱਤਾ। ਉਦਾਹਰਨ ਵਜੋਂ ਗੈਲੀਲੀਓ ਗੈਲੀਲੀ ਉਤੇ 1633 ਵਿਚ ਮੁਕੱਦਮਾ ਚਲਾਇਆ ਗਿਆ ਅਤੇ ਉਹਨੂੰ ਬਾਕੀ ਦੀ ਜ਼ਿੰਦਗੀ ਘਰ ਵਿਚ ਨਜ਼ਰਬੰਦ ਰੱਖਿਆ ਗਿਆ। ਰੈਨੇਸਾਂਸ ਦੇ ਮਾਨਵਵਾਦੀਆਂ ਨੇ ਚਰਚ ਵਲੋਂ ਲਏ ਵਿਗਿਆਨ ਵਿਰੋਧੀ ਸਟੈਂਡ ਨੂੰ ਰੱਦ ਕਰਦਿਆਂ ਵਿਗਿਆਨ ਦਾ ਸਾਥ ਦਿੱਤਾ। ਇਸ ਤਰ੍ਹਾਂ ਹੌਲੀ-ਹੌਲੀ ਮਾਨਵਵਾਦੀ ਲਹਿਰ ਚਰਚ ਦੇ ਅਧਿਆਤਮਵਾਦ ਦੇ ਘੇਰੇ ਦੇ ਚੁੰਗਲ ਤੋਂ ਬਾਹਰ ਹੋ ਨਿਕਲੀ।

ਰੈਨੇਸਾਂਸ ਲਹਿਰ ਨੇ ਕਰੀਬ ਸਾਰੇ ਖੇਤਰਾਂ ਨੂੰ ਪ੍ਰਭਾਵਤ ਕਰਦਿਆਂ ਵਿਗਿਆਨ ਦੀ ਸਹਾਇਤਾ ਨਾਲ ਨਾ ਸਿਰਫ ਮੱਧਯੁੱਗ ਦੇ ਯੂਰਪ ਨੂੰ ਪੂਰਵ-ਆਧੁਨਿਕ ਯੁੱਗ ਨਾਲ ਜੋੜਿਆ, ਬਲਕਿ ਪ੍ਰਬੋਧਨ/ਗਿਆਨ (enlightenment) ਲਹਿਰ ਨੂੰ ਵੀ ਜਨਮ ਦਿੱਤਾ ਜਿਹਨੇ ਆਧੁਨਿਕਤਾ ਨੂੰ ਪਰਿਭਾਸ਼ਤ ਕੀਤਾ। ਰੈਨੇਸਾਂਸ ਵਾਂਗ ਪ੍ਰਬੋਧਨ ਵੀ ਯੂਰਪੀ ਬੌਧਿਕ ਲਹਿਰ ਸੀ ਜਿਸ ਨੇ ਯੂਰਪ ਦੇ ਕਈ ਗਿਆਨ ਖੇਤਰਾਂ ਅਤੇ ਸਮਾਜਕ, ਧਾਰਮਿਕ, ਤੇ ਰਾਜਨੀਤਕ ਪੱਖਾਂ ਨੂੰ ਪ੍ਰਭਾਵਿਤ ਕੀਤਾ। 17ਵੀਂ ਸਦੀ ਤੋਂ 19ਵੀਂ ਸਦੀ ਤੱਕ ਫੈਲੀ ਇਸ ਲਹਿਰ ਦੀ ਪਹਿਲੀ ਲਿਖਤ ਨਿਊਟਨ ਦੀ 1687 ਵਿਚ ਪ੍ਰਕਾਸ਼ਤ ਵਿਗਿਆਨਕ ਲਿਖਤ 'ਪ੍ਰਿੰਸੀਪੀਆ ਮੈਥੇਮੈਟਿਕਾ' ਨੂੰ ਮੰਨਿਆ ਜਾਂਦਾ ਹੈ। ਪ੍ਰਬੋਧਨ ਦੀਆਂ ਹੋਰ ਮੁੱਖ ਸ਼ਖਸੀਅਤਾਂ ਵਿਚ ਸ਼ਾਮਲ ਸਨ: ਇਮੈਨੁਅਲ ਕਾਂਤ, ਜਾਨ ਲੌਕ, ਵੋਲਟਾਇਰਕਾਂਤ, ਰੂਸੋ, ਬੇਕਰੀਰੀਆ, ਬਾਰੂਚ ਸਪਿਨੋਜ਼ਾ, ਡਾਈਡ੍ਰੋਟ ਅਤੇ ਐਡਮ ਸਮਿਥ। ਪ੍ਰਬੋਧਨ ਲਹਿਰ ਦੀ ਸੋਚ ਦੀਆਂ ਪਰਿਭਾਸ਼ਾਈ ਵਿਸ਼ੇਸ਼ਤਾਵਾਂ ਵਿਚੋਂ ਦੋ ਸਨ: ਵਿਗਿਆਨਕ ਵਿਧੀ ਅਤੇ ਘਟਾਅਵਾਦ, ਅਰਥਾਤ ਗੁੰਝਲਦਾਰ ਵਰਤਾਰੇ ਨੂੰ ਸਰਲ ਜਾਂ ਵਧੇਰੇ ਬੁਨਿਆਦੀ ਵਰਤਾਰੇ ਜਾਂ ਵਰਤਾਰਿਆਂ ਦੇ ਰੂਪ ਵਿਚ ਬਿਆਨਿਆ ਜਾ ਸਕਦਾ ਹੈ। ਇਸ ਤਰ੍ਹਾਂ ਸੋਚਣ ਵਿਚ ਧਾਰਮਿਕ ਕੱਟੜਪੰਥੀ ਉਤੇ ਕੁਦਰਤੀ ਤੌਰ 'ਤੇ ਸਵਾਲ ਉਠਦੇ ਸਨ।





***ਲਿਓਨਾਰਡੋ ਡਾ ਵਿੰਸੀ ਅਤੇ ਉਸ ਦਾ ਮਸ਼ਹੂਰ ਚਿੱਤਰ 'ਮੋਨਾ ਲੀਸਾ'***

ਮਿਸਾਲ ਵਜੋਂ, ਇਮੈਨੁਅਲ ਕਾਂਤ ਨੇ ਆਪਣੇ ਪ੍ਰਸਿੱਧ ਲੇਖ 'ਗਿਆਨਵਾਨਤਾ ਕੀ ਹੈ?' ਵਿਚ ਕਿਹਾ: ਪ੍ਰਬੋਧਨ ਦੀ ਪਰਿਭਾਸ਼ਾ ਹੈ ਕਿ ਮਨੁੱਖਤਾ ਆਪ-ਸਹੇੜੇ ਕੱਚੇਪਣ (immaturity), ਆਲਸ, ਕਾਇਰਤਾ ਅਤੇ ਧਾਰਮਿਕ ਜਾਂ ਰਾਜਨੀਤਿਕ ਅਥਾਰਟੀਆਂ ਦੀਆਂ ਰੂੜੀਆਂ ਤੇ ਫਾਰਮੂਲਿਆਂ ਸਾਹਮਣੇ ਗੋਡਿਆ ਟੇਕਣ ਦੇ ਅਮਲ ਵਿਚੋਂ ਨਿਕਲ ਕੇ ਚੀਜ਼ਾਂ ਨੂੰ ਖੁਦ ਸਮਝਣ ਦੀ ਦਲੇਰੀ ਕਰੇ। ਉਹਦੇ ਅਨੁਸਾਰ ਪ੍ਰਬੋਧਨ ਲਹਿਰ ਦੀ ਬੁਨਿਆਦੀ ਮੰਗ ਸੀ: ਸੋਚ ਅਤੇ ਬੋਲਣ ਦੀ ਆਜ਼ਾਦੀ। ਉਹਦੇ ਲਈ ਪ੍ਰਬੋਧਨ ਦਾ ਮਤਲਬ ਇਹ ਵੀ ਸੀ ਕਿ ਇਕ ਯੁੱਗ ਦੁਆਰਾ ਕੀਤਾ ਗਿਆ ਅਜਿਹਾ ਇਕਰਾਰਨਾਮਾ ਮਨੁੱਖੀ ਸੁਭਾਅ ਖਿਲਾਫ ਜੁਰਮ ਹੋਵੇਗਾ ਜੋ ਇਕਰਾਰਨਾਮਾ ਆਉਂਦੇ ਯੁੱਗਾਂ ਲਈ ਆਪਣੀ ਸੂਝ ਦਾ ਵਿਸਤਾਰ ਕਰਨ, ਗਿਆਨ ਨੂੰ ਵਧਾਉਣ ਤੇ ਗਲਤੀਆਂ ਨੂੰ ਦੂਰ ਕਰਨ ਉਪਰ ਜੰਦਰਾ ਲਗਾ ਦੇਵੇ; ਕਿਉਂਕਿ ਮਨੁੱਖੀ ਸੁਭਾਅ ਦੀ ਤਕਦੀਰ (ਜਾਂ ਮੰਜ਼ਲ) ਹੀ ਬਿਲਕੁਲ ਅਜਿਹੀ ਪ੍ਰਗਤੀ ਵਿਚ ਪਈ ਹੈ।

ਪ੍ਰਬੋਧਨ ਲਹਿਰ ਦੇ ਵਿਚਾਰਾਂ ਨੇ ਰਾਜਸ਼ਾਹੀ ਅਤੇ ਚਰਚ ਦੇ ਅਧਿਕਾਰਾਂ ਨੂੰ ਕਮਜ਼ੋਰ ਕਰ ਦਿੱਤਾ; 18ਵੀਂ ਤੇ 19ਵੀਂ ਸਦੀ ਦੇ ਰਾਜਨੀਤਕ ਇਨਕਲਾਬਾਂ ਜਿਵੇਂ ਫ੍ਰੈਂਚ ਇਨਕਲਾਬ (1789-1799) ਤੇ ਅਮਰੀਕੀ ਇਨਕਲਾਬ (1765-1783) ਲਈ ਰਾਹ ਪੱਧਰਾ ਕੀਤਾ; ਤੇ ਉਨ੍ਹਾਂ ਨੂੰ ਸ਼ੁਰੂ ਕਰਨ, ਉਨ੍ਹਾਂ ਦੀ ਰੂਪ ਧਾਰਨਾ ਵਿਚ ਵਿਸ਼ੇਸ਼ ਹਿੱਸਾ ਪਾਇਆ। ਮਿਸਾਲ ਵਜੋਂ ਅਮਰੀਕੀ ਇਨਕਲਾਬ ਦੀਆਂ ਬਹੁਤ ਸਾਰੀਆਂ ਮੁੱਖ ਰਾਜਨੀਤਕ ਅਤੇ ਬੁੱਧੀਜੀਵੀ ਸ਼ਖਸੀਅਤਾਂ ਵਿਚਾਰਧਾਰਕ ਤੌਰ ਪ੍ਰਬੋਧਨ ਲਹਿਰ ਨਾਲ ਨੇੜਿਓਂ ਜੁੜਦੀਆਂ ਹੋਈਆਂ ਸਨ: ਥੌਮਸ ਜੈਫਰਸਨ ਨੇ ਅਮਰੀਕਾ ਦੇ ਆਜ਼ਾਦੀ ਐਲਾਨਨਾਮੇ (1776) ਵਿਚ ਪ੍ਰਬੋਧਨ ਦੇ ਕੁਝ ਆਦਰਸ਼ਾਂ ਨੂੰ ਸ਼ਾਮਲ ਕੀਤਾ; ਬੈਂਜਾਮਿਨ ਫਰੈਂਕਲਿਨ ਕਈ ਵਾਰ ਯੂਰਪ ਯਾਤਰਾ ਕਰ ਉਥੋਂ ਦੀਆਂ ਵਿਗਿਆਨਕ ਤੇ ਰਾਜਨੀਤਕ ਬਹਿਸਾਂ ਵਿਚ ਸਰਗਰਮੀ ਨਾਲ ਯੋਗਦਾਨ ਪਾਉਂਦਾ ਅਤੇ ਉਥੋਂ ਨਵੇਂ ਵਿਚਾਰ ਵਾਪਸ ਅਮਰੀਕਾ ਲਿਆਉਂਦਾ ਰਿਹਾ; ਤੇ ਜੇਮਜ਼ ਮੈਡੀਸਨ ਨੇ ਅਮਰੀਕਾ ਦੇ ਸੰਵਿਧਾਨ (1787) ਵਿਚ ਵੀ ਪ੍ਰਬੋਧਨ ਦੇ ਕੁਝ ਆਦਰਸ਼ਾਂ ਨੂੰ ਸ਼ਾਮਲ ਕੀਤਾ। ਇੱਥੇ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਵਿਚੋਂ ਇੱਕ ਪੇਸ਼ ਹੈ ਜੋ ਅਮਰੀਕਾ ਦੇ ਆਜ਼ਾਦੀ ਐਲਾਨਨਾਮੇ ਵਿਚ ਵੇਖੀ ਜਾ ਸਕਦੀ ਹੈ:

"ਅਸੀਂ ਇਹ ਸਚਾਈ ਆਪਣੇ ਆਪ ਵਿਚ ਪ੍ਰਮਾਣਿਕ ਮੰਨਦੇ ਹਾਂ ਕਿ ਸਾਰੇ ਬੰਦੇ ਬਰਾਬਰ ਰਚੇ ਗਏ ਹਨ ਤੇ ਉਹ ਸਾਰੇ ਆਪਣੇ ਰਚਣਹਾਰੇ ਵਲੋਂ ਕੁਝ ਖਾਸ ਅਟੱਲ ਹੱਕਾਂ ਨਾਲ ਨਿਵਾਜੇ ਗਏ ਨੇ ਜਿਨ੍ਹਾਂ ਵਿਚੋਂ ਕੁਝ ਹਨ: ਜ਼ਿੰਦਗੀ, ਸੁਤੰਤਰਤਾ ਤੇ ਖੁਸ਼ੀ ਦੀ ਭਾਲ - ਇਹ ਅਧਿਕਾਰ ਸੁਰੱਖਿਅਤ ਕਰਨ ਲਈ ਬੰਦੇ ਸਰਕਾਰਾਂ ਬਣਾਉਂਦੇ ਨੇ ਅਤੇ ਸਰਕਾਰਾਂ ਲੋਕਾਂ ਤੋਂ ਉਨ੍ਹਾਂ ਦੀ ਮਰਜ਼ੀ ਨਾਲ ਹੀ ਆਪਣੀ ਤਾਕਤ ਗ੍ਰਹਿਣ ਕਰਦੀਆਂ ਹਨ ਜਿਨ੍ਹਾਂ 'ਤੇ ਉਹ ਰਾਜ ਕਰਨ।"

ਇਸ ਦੀ ਤੁਲਨਾ ਜਾਨ ਲਾੱਕ ਨਾਲ ਕਰੋ ਜਿਸ ਅਨੁਸਾਰ ਹਰ ਮਨੁੱਖ ਕੁਝ ਕੁਦਰਤੀ ਅਧਿਕਾਰ ਲੈ ਕੇ ਜੰਮਦਾ ਹੈ ਜਿਨ੍ਹਾਂ ਵਿਚ ਸ਼ਾਮਲ ਨੇ: ਸੰਪੂਰਨ ਬਰਾਬਰੀ ਤੇ ਆਜ਼ਾਦੀ ਅਤੇ ਜੀਵਨ ਤੇ ਜਾਇਦਾਦ ਨੂੰ ਸੁਰੱਖਿਅਤ ਰੱਖਣ ਦੇ ਅਧਿਕਾਰ; ਇਹ ਕੁਦਰਤੀ ਅਧਿਕਾਰ ਕੁਦਰਤ ਦਾ ਨਿਯਮ ਹੈ। ਲਾੱਕ, ਹੋਬਜ਼ ਤੇ ਰੂਸੋ ਇਸ ਗੱਲ 'ਤੇ ਸਹਿਮਤ ਸਨ ਕਿ ਮਨੁੱਖ ਲਈ ਸਿਵਲ ਸੁਸਾਇਟੀ ਵਿਚ ਰਹਿਣ ਲਈ ਸਮਾਜਕ ਸਮਝੌਤਾ ਜ਼ਰੂਰੀ ਹੁੰਦਾ ਹੈ ਜਿਹਦੇ ਅਨੁਸਾਰ ਸਰਕਾਰ ਦਾ ਅਧਿਕਾਰ ਲੋਕਾਂ ਦੀ ਮਰਜ਼ੀ ਨਾਲ ਹੋਵੇ। ਇਹ ਸ਼ਰਤ ਤੇ ਮੁੱਢਲੇ ਹੱਕਾਂ ਦੀ ਪੂਰਤੀ ਨਾਲ ਹੀ ਮਨੁੱਖ ਤਰਕਸ਼ੀਲ ਹੁੰਦੇ ਹਨ ਅਤੇ ਕੁਦਰਤੀ ਕਾਨੂੰਨ ਦੀ ਪਾਲਣਾ ਕਰਦੇ ਹਨ। ਪ੍ਰਬੋਧਨ ਲਹਿਰ ਦੇ ਅਜਿਹੇ ਵਿਚਾਰਾਂ ਤੇ ਆਦਰਸ਼ਾਂ 'ਤੇ ਸਿਰਫ ਅਮਰੀਕਾ ਹੀ ਨਹੀਂ, ਆਮ ਤੌਰ 'ਤੇ ਬਾਹਲੇ ਪੱਛਮੀ ਜਮਹੂਰੀ ਰਾਜਾਂ ਦੀਆਂ ਬੁਨਿਆਦਾਂ ਰੱਖੀਆਂ ਗਈਆਂ ਸਨ।

ਪ੍ਰਬੋਧਨ ਲਹਿਰ ਅਜਿਹੀ ਮਸ਼ੀਨ ਸੀ ਜਿਸ ਨੇ ਵਿਚਾਰਾਂ ਦੀ ਭਰਪੂਰ ਸਪਲਾਈ ਪੈਦਾ ਕੀਤੀ, ਜਿਸ ਵਿਚ ਵਿਚਾਰਾਂ ਦੀ ਅਜਿਹੀ ਸ਼੍ਰੇਣੀ ਵੀ ਸ਼ਾਮਲ ਸੀ ਜਿਸ ਦੇ ਵਿਚਾਰ ਇਕ ਦੂਜੇ ਨਾਲ ਬੱਝੇ ਹੋਏ ਸੀ; ਇਸ ਲਈ ਬੱਝਵਾਂ ਅਸਰ ਪਾਉਂਦੇ ਹੋਏ ਉਹ ਸਭ ਵੱਧ ਪ੍ਰਭਾਵਸ਼ਾਲੀ ਸਨ। ਇਸ ਸ਼੍ਰੇਣੀ ਦੇ ਵਿਚਾਰਾਂ 'ਚ ਸ਼ਾਮਲ ਸਨ: ਗਿਆਨ ਇੰਦਰੀਆਂ ਦਾ ਪ੍ਰਮਾਣ ਗਿਆਨ ਦਾ ਮੁੱਖ ਸਰੋਤ ਹੋਵੇ, ਤਰਕ ਦੀ ਪ੍ਰਭੂਸੱਤਾ, ਸਹਿਣਸ਼ੀਲਤਾ, ਭਰੱਪਣ, ਆਜ਼ਾਦੀ, ਚਰਚ ਤੇ ਰਾਜ ਵਿਚਕਾਰ ਅਲਹਿਦਗੀ, ਸੰਵਿਧਾਨਕ ਸਰਕਾਰ, ਅਤੇ ਪ੍ਰਗਤੀ। ਵਿਚਾਰਾਂ ਦੀ ਇਹ ਸ਼੍ਰੇਣੀ ਤਿੰਨ ਥੀਮਾਂ 'ਤੇ ਆਧਾਰਤ ਸੀ: ਤਰਕ, ਵਿਗਿਆਨ, ਅਤੇ ਮਾਨਵਵਾਦ।

ਤਰਕ, ਵਿਗਿਆਨ ਅਤੇ ਮਾਨਵਤਾ ਕੁਦਰਤੀ ਤੌਰ 'ਤੇ ਤਰੱਕੀ/ਪ੍ਰਗਤੀ ਨੂੰ ਜਨਮ ਦਿੰਦੇ ਹਨ। ਮਿਸਾਲ ਵਜੋਂ ਯੂਰਪ ਅਤੇ ਅਮਰੀਕਾ ਵਿਚ ਪਹਿਲੇ ਉਦਯੋਗਕ ਇਨਕਲਾਬ (1760-1840) ਨੇ ਉਤਪਾਦਨ ਦੇ ਸਾਧਨਾਂ ਤੇ ਸੰਦਾਂ ਨੂੰ ਹੱਥ-ਸੰਦਾਂ ਤੋਂ ਮਸ਼ੀਨਾਂ ਤੇ ਵਿਗਿਆਨਕ ਤਰੀਕਿਆਂ ਵਿਚ ਤਬਦੀਲ ਕਰ ਦਿੱਤਾ; ਨਤੀਜਣ, ਮਨੁੱਖੀ ਸਮਾਜ ਦੇ ਪੈਦਾਵਾਰੀ ਰਿਸ਼ਤੇ ਵੀ ਬਦਲ ਗਏ। ਇੰਜ ਉਦਯੋਗਕ ਇਨਕਲਾਬ ਨੇ ਆਧੁਨਿਕ ਯੁੱਗ ਵਿਚ ਮਨੁੱਖੀ ਸਮਾਜ ਨੂੰ ਪਰਿਭਾਸ਼ਿਤ ਕਰਨ ਤੇ ਇਸ ਨੂੰ ਮਾਡਰਨ ਰੂਪ ਵਿਚ ਢਾਲਣ ਵਿਚ ਮੁੱਖ ਭੂਮਿਕਾ ਨਿਭਾਈ; ਇਸ ਭੂਮਿਕਾ ਦੀ ਲਪੇਟ ਵਿਚ ਆਏ: ਸਮਾਜਕ ਰਿਸ਼ਤੇ, ਧਰਮ, ਰਾਜਨੀਤੀ, ਆਰਥਕਤਾ; ਤੁਸੀਂ ਗਿਣਦੇ ਰਹੋ। ਉਦਯੋਗਕ ਕ੍ਰਾਂਤੀ ਦਾ ਆਰੰਭ ਕਰਨ ਵਾਲੇ ਤੇ ਇਹਦੇ ਚਾਲਕ, ਇੰਜਣ ਤੇ ਮਸ਼ੀਨਾਂ, ਵਿਗਿਆਨਕ ਖੋਜਾਂ ਤੋਂ ਬਿਨਾ ਇੱਥੇ ਨਹੀਂ ਬਣਨੀਆਂ ਸਨ। ਧਰਤੀ ਉਤੇ ਆਧੁਨਿਕ ਯੁੱਗ ਵਿਚ ਮਨੁੱਖੀ ਜੀਵਨ ਦੀਆਂ ਅਣਗਿਣਤ ਤੇ ਕਰੀਬ ਸਾਰੀਆਂ ਜ਼ਰੂਰਤਾਂ ਤੇ ਸੁੱਖ ਸਹੂਲਤਾਂ ਵਿਗਿਆਨ ਦੀਆਂ ਖੋਜਾਂ ਅਤੇ ਉਨ੍ਹਾਂ ਤੋਂ ਉਪਜੀ ਟੈਕਨੋਲੋਜੀ ਦੁਆਰਾ ਤਿਆਰ ਉਸਾਰੀਆਂ ਗਈਆਂ ਹਨ: ਇੰਜਣ ਤੋਂ ਟਿਊਬਵੈਲ, ਟਰੱਕ/ਕਾਰਾਂ ਤੇ ਹਵਾਈ ਜਹਾਜ਼ਾਂ ਤੱਕ; ਬਿਜਲਈ ਚੁੱਲ੍ਹਿਆਂ, ਫਰਿੱਜਾਂ, ਤੇ ਏਅਰਕੰਡੀਸ਼ਨਰਾਂ ਤੋਂ ਘਰਾਂ, ਸੜਕਾਂ, ਤੇ ਸ਼ਹਿਰਾਂ ਨੂੰ ਜਗਮਗਾਉਂਦੀ ਰੰਗ-ਬਰੰਗੀ ਰੌਸ਼ਨੀ ਤੱਕ; ਰੇਡੀਓ, ਟੀ.ਵੀ., ਤੇ ਕੰਪਿਊਟਰਾਂ ਤੋਂ ਇੰਟਰਨੈੱਟ, ਸੋਸ਼ਲ ਮੀਡੀਆਂ ਤੇ ਸਮਾਰਟ ਫੋਨਾਂ ਤੱਕ; ਤੇ ਵੈਕਸੀਨਾਂ ਤੋਂ ਭਿੰਨ-ਭਿੰਨ ਬਿਮਾਰੀਆਂ ਦੇ ਇਲਾਜਾਂ ਤੱਕ। ਮੁੱਕਦੀ ਗੱਲ, ਵਿਗਿਆਨ ਵਲੋਂ ਖੋਜੇ ਕੁਦਰਤੀ ਸਿਧਾਂਤਾਂ ਤੇ ਨਿਯਮਾਂ ਸਦਕੇ ਵਿਗਿਆਨ ਤੇ ਟੇਕਨੌਲੋਜੀ ਨੇ ਮਨੁੱਖ ਅਤੇ ਮਨੁੱਖੀ ਸਮਾਜ ਤੇ ਸਭਿਆਤਾ ਨੂੰ ਗੁਫਾਵਾਂ ਵਿਚ ਰਹਾਇਸ਼ਾਂ ਦੇ ਜ਼ਮਾਨੇ ਤੋਂ ਅੱਜ ਤੱਕ ਲਿਆਉਣ ਵਿਚ ਬੜੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਵਿਗਿਆਨਕ ਖੋਜਾਂ ਕਰਨ ਅਤੇ ਵਿਗਿਆਨ ਵਿਚ ਗਿਆਨ ਇਕੱਤਰ ਕਰਨ ਲਈ ਵਰਤੀ ਜਾਣ ਵਾਲੀ ਵਿਗਿਆਨਕ ਵਿਧੀ ਦਾ ਇੱਕ ਸਾਹ ਸਾਹ ਹੁੰਦਾ ਹੈ: ਤਰਕ। ਇਸ ਤਰ੍ਹਾਂ, ਤਰਕ ਅਤੇ ਵਿਗਿਆਨ, ਪ੍ਰਬੋਧਨ ਲਹਿਰ ਦੇ ਤਿੰਨ ਥੀਮਾਂ 'ਚੋਂ ਦੋ, ਉਨਤੀ ਜਾਂ ਪ੍ਰਗਤੀ ਨੂੰ ਜਨਮ ਦਿੰਦੇ ਹਨ।

ਪ੍ਰਬੋਧਨ ਲਹਿਰ ਦਾ ਤੀਜਾ ਬੁਨਿਆਦੀ ਥੀਮ, ਭਾਵ ਮਾਨਵਵਾਦ ਵੀ ਕਈ ਤਰੀਕਿਆਂ ਨਾਲ ਪ੍ਰਗਤੀ ਲਈ ਜ਼ਰੂਰੀ ਹੈ। ਪਹਿਲਾਂ, ਰੈਨੇਸਾਂਸ ਦੀ ਮਿਸਾਲ ਹੀ ਲੈ ਲਓ ਜੋ ਵੱਡੇ ਪੱਧਰ 'ਤੇ ਮਾਨਵਵਾਦੀ ਲਹਿਰ ਸੀ ਅਤੇ ਇਸ ਲਹਿਰ ਦੌਰਾਨ ਤੇ ਇਸ ਦੇ ਕਾਰਨ ਯੂਰਪ ਨੇ ਕਰੀਬ ਹਰ ਖੇਤਰ ਵਿਚ ਭਰਭੂਰ ਤਰੱਕੀ ਕੀਤੀ। ਇਸ ਤੋਂ ਇਲਾਵਾ, ਇਹ ਤੱਥ ਕਿ ਰੈਨੇਸਾਂਸ ਨੇ ਯੂਰਪ ਨੂੰ ਮੱਧ ਯੁੱਗ ਤੋਂ ਪੂਰਵ-ਆਧੁਨਿਕ ਯੁੱਗ ਵਿਚ ਬਦਲਣ ਲਈ ਪਰਿਵਰਤਨ ਕਾਲ ਤੇ ਸ਼ਕਤੀ ਵਜੋਂ ਕੰਮ ਕੀਤਾ ਅਤੇ ਆਧੁਨਿਕਤਾ ਨੂੰ ਪ੍ਰਭਾਸ਼ਿਤ ਕਰਨ ਪ੍ਰਬੋਧਨ ਲਹਿਰ ਨੂੰ ਜਨਮ ਦਿੱਤਾ, ਇਸ ਸਚਾਈ ਦੀ ਜ਼ਾਮਨੀ ਭਰਦੇ ਹਨ ਕਿ ਮਾਨਵਵਾਦ ਵੀ ਪ੍ਰਗਤੀ ਦੀ ਚਾਲਕ ਸ਼ਕਤੀ ਹੈ। ਇਸ ਤੋਂ ਵੀ ਵੱਧ, ਸੋਚੋ, ਜੇ ਵਿਗਿਆਨਕ ਗਿਆਨ ਦੀ ਵਰਤੋਂ ਮਨੁੱਖਤਾ ਦੀ ਪ੍ਰਗਤੀ ਕਰਨ ਲਈ ਵਰਤੀ ਜਾ ਸਕਦੀ ਹੈ, ਤਾਂ ਇਸ ਦੀ ਗਲਤ ਵਰਤੋਂ ਸਮੇਤ ਧਰਤੀ ਦੇ ਮਨੁੱਖ ਨੂੰ ਨਸ਼ਟ ਵੀ ਕਰ ਸਕਦੀ ਹੈ; ਸਾਰੀ ਪ੍ਰਗਤੀ ਢੱਠੇ ਖੂਹ ਵਿਚ। ਉਦਾਹਰਨ ਲਈ, ਅਸੀਂ ਐਟਮ ਬਾਰੇ ਵਿਗਿਆਨਕ ਗਿਆਨ ਦੀ ਵਰਤੋਂ ਕਰ ਸਕਦੇ ਹਾਂ ਮਨੁੱਖਤਾ ਦੀ ਸੇਵਾ ਵਿਚ ਨਿਊਕਲੀਅਰ ਊਰਜਾ ਪੈਦਾ ਕਰ ਕੇ; ਤੇ ਉਹੀ ਵਿਗਿਆਨਕ ਗਿਆਨ ਵਰਤਿਆ ਜਾ ਸਕਦਾ ਹੈ ਐਟਮ ਬੰਬ ਅਤੇ ਨਿਊਕਲੀਅਰ ਬੰਬ ਬਣਾ ਕੇ ਧਰਤੀ ਸਮੇਤ ਮਨੁੱਖ ਦਾ ਖੁਰਾ ਖੋਜ ਮਿਟਾਉਣ ਲਈ ਵੀ। ਇਸੇ ਤਰ੍ਹਾਂ, ਜੀਵਨ ਬਾਰੇ ਵਿਗਿਆਨਕ ਗਿਆਨ ਦੀ ਵਰਤੋਂ ਮਨੁੱਖ ਦੀ ਹਿਫਾਜ਼ਤ ਵੈਕਸੀਨ ਤੇ ਦਵਾਈਆਂ ਬਣਾਉਣ ਲਈ ਕੀਤੀ ਜਾ ਸਕਦੀ ਹੈ ਅਤੇ ਇਸ ਦੇ ਨਾਲ ਨਾਲ ਹੀ ਮਨੁੱਖ-ਨਾਸ਼ਕ ਬਾਇਓਪੈਨਜ਼ ਉਸਾਰਨ ਲਈ ਵੀ। ਤਾਂ ਫਿਰ ਧਰਤੀ ਉਪਰ ਹੋਈ ਮਨੁੱਖੀ ਪ੍ਰਗਤੀ ਨੂੰ ਵਿਨਾਸ਼ਕਾਰੀ ਤਾਕਤਾਂ ਤੋਂ ਕੌਣ ਬਚਾਉਂਦਾ ਰਿਹਾ ਹੈ? ਇਸ ਦਾ ਉਤਰ ਹੈ ਵੱਡੇ ਪੱਧਰ 'ਤੇ ਮਾਨਵਵਾਦ ਹੀ ਹੈ, ਸਿੱਧੇ ਤੇ ਅਸਿੱਧੇ ਤੌਰ 'ਤੇ, ਵਿਅਕਤੀਗਤ ਤੇ ਸੰਗਠਿਤ ਰੂਪ ਵਿਚ। ਇਹ ਸਚਾਈ ਇਸ ਤੱਥ ਵਿਚ ਵੀ ਕੁਦਰਤੀ ਤੌਰ 'ਤੇ ਪਈ ਹੈ ਕਿ ਵਿਗਿਆਨਕ ਗਿਆਨ ਵੱਡੇ ਪੱਧਰ 'ਤੇ ਇਕੱਠਾ ਕਰਦੇ ਤੇ ਚੀਜ਼ਾਂ ਬਣਾਉਣ ਲਈ ਲਾਗੂ ਕਰਦੇ ਰਹੇ ਹਾਂ ਸਮੁੱਚੀ ਮਨੁੱਖਤਾ ਦੀ ਭਲਾਈ ਤੇ ਪ੍ਰਗਤੀ ਲਈ, ਨਾ ਕਿ ਸਿਰਫ ਕੁਝ ਵਿਅਕਤੀਆਂ ਲਈ। ਇਹ ਨੁਕਤਾ ਮਾਨਵਵਾਦ ਦੀ ਉਲਟ-ਮਾਨਵਵਾਦ ਨਾਲ ਅਰਥਕੋਸ਼ੀ ਤੁਲਨਾ ਕਰਦਿਆਂ ਵੀ ਸਪਸ਼ਟ ਹੋ ਜਾਂਦਾ ਹੈ: ਜਵਾਬਦੇਹੀ, ਸੰਵੇਦਨਸ਼ੀਲਤਾ ਤੇ ਅਨਭੂਤੀ ਵਿਰੁਧ ਉਦਾਸੀਨਤਾ; ਪਰਉਪਕਾਰੀ, ਉਦਾਰਤਾ, ਸਦਭਾਵਨਾ ਤੇ ਦਾਨ ਵਿਰੁਧ ਸੁਆਰਥ; ਦਿਆਲਤਾ, ਹਮਦਰਦੀ, ਸੰਵੇਦਨਾ ਤੇ ਦਇਆ ਵਿਰੁਧ ਬੇਰਹਿਮੀ; ਪਿਆਰ ਤੇ ਦੋਸਤੀ ਵਿਰੁਧ ਨਫਰਤ ਤੇ ਵੈਰ; ਤੇ ਮਨੁੱਖਤਾ ਵਿਰੁਧ ਅਮਨੁੱਖਤਾ। ਇਹ ਸਪਸ਼ਟ ਹੈ ਕਿ ਕਿਹੜੀ ਧਿਰ ਮਨੁੱਖੀ ਪ੍ਰਗਤੀ

***(ਬਾਕੀ ਅਗਲੇ ਸਫੇ 'ਤੇ)***

# ਜਪੁਜੀ ਦੀ ਵਿਆਖਿਆ ਮਾਰਕਸਵਾਦ ਤੋਂ ਪ੍ਰਭਾਵਤ ਹੋ ਕੇ ਨਹੀਂ ਕੀਤੀ

## ਸੰਪਾਦਕ ਦੀ ਡਾਕ

**ਮਾਣਯੋਗ ਸੰਪਾਦਕ ਜੀਓ,**

'ਪੰਜਾਬ ਟਾਈਮਜ਼' ਦੇ 10 ਅਕਤੂਬਰ ਦੇ ਅੰਕ ਵਿਚ ਡਾ. ਕੁਲਦੀਪ ਕੌਰ ਦਾ "ਮਹਾਂਮਾਰੀ ਦੇ ਬਹਾਨੇ ਚੱਕਰਵਿਊ", ਅਰੁੰਧਤੀ ਰਾਏ ਦਾ, "ਦੋ ਸਾਜ਼ਿਸ਼ਾਂ ਅਤੇ ਇਕ ਦਾਹ ਸਸਕਾਰ", ਡਾ. ਗੁਰਨਾਮ ਕੌਰ ਕੈਨੇਡਾ ਦਾ, "...ਕੂੜੁ ਫਿਰੈ ਪਰਧਾਨੁ ਵੇ ਲਾਲੋ" ਅਤੇ ਸੁਕੰਨਿਆਂ ਭਾਰਦਵਾਜ ਨਾਭਾ ਦਾ ਕਿਸਾਨ ਮੋਰਚੇ ਬਾਰੇ ਰੌਚਕ ਤੇ ਜਾਣਕਾਰੀ ਭਰਪੂਰ ਲੇਖ ਪੜ੍ਹਨ ਨੂੰ ਮਿਲੇ। ਮਨ ਨੂੰ ਇਕ ਰੋਸ, ਇਕ ਜੋਸ਼, ਇਕ ਯਕੀਨ ਤੇ ਇਕ ਸਕੂਨ ਨੇ ਘੇਰ ਲਿਆ। ਪਹਿਲਾਂ ਤਾਂ ਇਕ ਵਸਦੇ ਰਸਦੇ ਦੇਸ ਦੇ ਬਾਂਕੇ ਦਿਹਾੜੇ ਦੇਖ ਮਨ ਨਪੀੜਿਆ ਗਿਆ, ਪਰ ਫਿਰ ਇਸ ਗੱਲ ਦੀ ਆਸ ਵੀ ਹੋਈ ਕਿ ਸਭ ਸਹੀ ਹੋ ਜਾਵੇਗਾ। ਹੋਵੇ ਵੀ ਕਿਉਂ ਨਾ, ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਕਰੋੜਾਂ ਦੇਸ਼ ਵਾਸੀ ਲੱਗੇ ਹੋਏ ਹਨ, ਜਿਨ੍ਹਾਂ ਵਿਚ ਸੂਰਬੀਰ ਬੀਬੀਆਂ ਸਭ ਤੋਂ ਅੱਗੇ ਹਨ। ਚੇਤਨਾ ਭਰਪੂਰ ਸਮੱਗਰੀ ਛਾਪ ਕੇ 'ਪੰਜਾਬ ਟਾਈਮਜ਼' ਸੁਚੱਜੀ ਤੇ ਜ਼ਿੰਮੇਵਾਰ ਪੱਤਰਕਾਰੀ ਦਾ ਧਰਮ ਨਿਭਾ ਰਿਹਾ ਹੈ।

ਵਿਸ਼ਾ ਸਮੱਗਰੀ ਵਜੋਂ ਹਮੇਸ਼ਾ ਦੀ ਤਰ੍ਹਾਂ ਇਹ ਅੰਕ ਵੀ ਧੜਲੇਦਾਰ ਲੱਗਿਆ। ਨਰੋਏ ਸੰਪਾਦਕੀ ਲੇਖ ਦੇ ਨਾਲ ਨਾਲ ਦੋਵੇਂ ਪੰਨੂੰ ਛਾਏ ਰਹੇ: ਹਾਲਾਤ ਦੇ ਵਿਸ਼ਲੇਸ਼ਣ ਪੱਖੋਂ ਜਤਿੰਦਰ ਪੰਨੂ ਤੇ ਸਾਹਿਤ-ਸੂਹਜ ਪੱਖੋਂ ਹਰਪਾਲ ਪੰਨੂੰ। ਇਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਮਨ ਲੋਚਦਾ ਹੈ, "ਕਾਸ਼, ਕੁਝ ਕੁ 'ਪੰਨੂੰ' ਹੋਰ ਹੁੰਦੇ!" ਗੁਰਬਖਸ਼ ਸਿੰਘ ਭੰਡਾਲ ਦਾ "ਬੋਲ ਬੰਬੀਹੇ" ਤੇ ਸੇਵਕ ਸਿੰਘ ਕੋਟਕਪੂਰਾ ਦਾ "ਧਰਮ ਅਤੇ ਮਾਰਕਸਵਾਦ" ਦੋਵੇਂ ਲੇਖ ਦਿਲਚਸਪ ਸਨ, ਪਰ ਸੇਵਕ ਸਿੰਘ ਕੋਟਕਪੂਰਾ ਦੇ ਲੇਖ ਵਲ ਵਧੇਰੇ ਧਿਆਨ ਇਸ ਲਈ ਖਿਚਿਆ ਗਿਆ, ਕਿਉਂਕਿ ਉਨ੍ਹਾਂ ਨੇ ਮੇਰੀ ਜਪੁਜੀ ਸਾਹਿਬ ਦੀ ਵਿਆਖਿਆ ਨੂੰ ਲੈ ਕੇ ਕਈ ਟਿੱਪਣੀਆਂ ਕੀਤੀਆਂ ਹੋਈਆਂ ਸਨ, ਜੋ ਤੱਥਾਂ ਨਾਲ ਮੇਲ ਨਹੀਂ ਖਾਂਦੀਆਂ।

ਸੇਵਕ ਸਿੰਘ ਕੋਟਕਪੂਰਾ ਨੇ ਮਾਰਕਸਵਾਦ ਤੇ ਧਰਮ ਨੂੰ ਲੈ ਕੇ ਆਪਣੇ ਲੇਖ ਵਿਚ ਜੋ ਕੁਝ ਲਿਖਿਆ ਹੈ, ਉਹ ਉਨ੍ਹਾਂ ਦੇ ਆਪਣੇ ਵਿਚਾਰ ਹਨ। ਇਸ ਮੁੱਦੇ ਨੂੰ ਉਹ ਜਿਵੇਂ ਮਰਜੀ ਵਿਚਾਰਨ, ਉਨ੍ਹਾਂ ਦਾ ਹੱਕ ਹੈ। ਇਕ ਪਾਠਕ ਦੀ ਹੈਸੀਅਤ ਵਿਚ ਉਨ੍ਹਾਂ ਨੂੰ ਸਿਰਫ ਇਹੀ ਸੁਝਾਅ ਹੈ ਕਿ ਜਦੋਂ ਮਾਰਕਸ ਦੀਆਂ ਆਪਣੀਆਂ ਲਿਖਤਾਂ ਉਪਲੱਭਦ ਹੋਣ, ਤਾਂ ਉਸ ਦੇ ਧਰਮ ਬਾਰੇ ਵਿਚਾਰਾਂ ਦਾ ਮੁਲੰਕਣ ਕਰਨ ਲਈ ਲੈਨਿਨ ਦੇ ਦੋ ਵਾਰੀ ਦੇ ਉੱਲਥਾਏ ਕਿਤਾਬਚੇ ਦਾ ਹਵਾਲਾ ਬਹੁਤਾ ਉਚਿਤ ਨਹੀਂ। ਲੇਖ ਦੇ ਇਸ ਪੱਖ 'ਤੇ ਚਰਚਾ ਕਰਨਾ ਮੇਰਾ ਮੁੱਖ ਉਦੇਸ ਨਹੀਂ। ਮੈਂ ਤਾਂ ਉਨ੍ਹਾਂ ਦੀ ਇਸ ਧਾਰਨਾ ਪ੍ਰਤੀ ਇਤਰਾਜ ਜਤਾਉਣਾ ਚਾਹੁੰਦਾ ਹਾਂ ਕਿ ਮੈਂ ਜਪੁਜੀ ਸਾਹਿਬ ਦੀ ਵਿਆਖਿਆ ਕਰਦੇ ਵੇਲੇ ਮਾਰਕਸਵਾਦ ਅਨੁਸਾਰ ਸਿੱਟੇ ਕੱਢੇ ਹਨ। ਮੈਂ ਇਹ ਬਹੁਤ ਵਾਰ ਵਿਅਕਤ ਕਰ ਚੁਕਾ ਹਾਂ ਕਿ ਮੈਂ ਤਾਂ ਜਪੁਜੀ ਨੂੰ ਗੁਰੂ ਨਾਨਕ ਦੀ ਅਨੂਠੀ ਬਾਣੀ ਮੰਨਦਾ ਹਾਂ ਤੇ ਇਸ ਨੂੰ ਉਨ੍ਹਾਂ ਦੀ ਸੋਚ ਤੇ ਪ੍ਰਤਿਭਾ ਅਨੁਸਾਰ ਹੀ ਸਮਝਣ ਦਾ ਉਪਰਾਲਾ ਕਰਦਾ ਹਾਂ। ਮੇਰਾ ਸਰੋਕਾਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਜਪੁਜੀ ਦੀ ਬਾਣੀ ਤੇ ਪੰਜਾਬੀ ਸ਼ਬਦ-ਕੋਸ਼ ਨਾਲ ਹੈ। ਮਾਰਕਸ ਤਾਂ ਦੂਰ ਦੀ ਗੱਲ, ਮੈਂ ਤਾਂ ਕਿਸੇ ਟੀਕੇ ਨੂੰ ਵੀ ਨੇੜੇ ਨਹੀਂ ਰੱਖਦਾ। ਟੀਕਾ ਤਾਂ ਟੀਕਾ ਮੈਂ ਤਾਂ ਗੁਰਬਾਣੀ ਵਿਆਕਰਣ ਨੂੰ ਵੀ ਦੂਰ ਰੱਖਦਾ ਹਾਂ। ਵਿਆਕਰਣ ਤਾਂ ਵਿਆਕਰਣ, ਜਿਸ ਲਿਪੀ ਵਿਚ ਗੁਰੂ ਸਾਹਿਬ ਨੇ ਬਾਣੀ ਲਿਖੀ ਸੀ, ਉਸ ਵਿਚ ਤਾਂ ਸ਼ਾਇਦ ਲਗਾਂ ਮਾਤਰਾਂ ਵੀ ਨਾ ਹੋਣ।

ਮੇਰਾ ਸਿੱਧਾ ਸਾਦਾ ਮੰਤਵ ਤਾਂ ਗੁਰੂ ਦੇ ਵਿਚਾਰਾਂ ਤੀਕ ਬਿਨਾ ਕਿਸੇ ਮਿਲਾਵਟ ਤੋਂ ਸਿੱਧਾ (Direct) ਪਹੁੰਚਣ ਦਾ ਹੈ। ਇਸ ਕਾਰਜ ਲਈ ਮੈਂ ਪਹਿਲਾਂ ਉਨ੍ਹਾਂ ਦੇ ਸ਼ਬਦਾਂ ਨੂੰ ਸਭ ਤਰ੍ਹਾਂ ਦੀਆਂ ਬੰਦੀਆਂ ਅਤੇ ਬਣਾਈਆਂ ਵਿਆਖਿਆਵਾਂ ਵਿਚ ਰੱਖ ਕੇ ਗੁਰੂ ਸਾਹਿਬ ਦੀ ਪ੍ਰਤਿਭਾ ਨਾਲ ਮੇਲਦਾ ਹਾਂ ਤੇ ਫਿਰ ਸਭ ਤੋਂ ਢੁੱਕਵੀ ਤੇ ਤਰਕ-ਸੰਗਤ ਵਿਆਖਿਆ ਨੂੰ ਚੁਣਦਾ ਹਾਂ। ਪਾਠਕ ਮੇਰੇ ਸਿਰਫ ਲੇਖ ਪੜ੍ਹਦੇ ਹਨ, ਪਰ ਇਸ ਦੇ ਪਿੱਛੇ ਲੱਗੀ ਕਈ ਗੁਣਾਂ ਮਿਹਨਤ ਤੇ ਦਿਮਾਗੀ ਪ੍ਰਕ੍ਰਿਆ ਨੂੰ ਨਹੀਂ। ਇਹ ਕੰਮ ਮੇਰਾ ਪੇਸ਼ਾ ਨਹੀਂ, ਸਗੋਂ ਸਵੈ-ਇੱਛਾ ਨਾਲ ਉਠਾਈ ਪਵਿੱਤਰ ਜ਼ਿੰਮੇਵਾਰੀ ਹੈ। ਇਸ ਵਿਚ ਮੈਂ ਖੁਦ ਆਪਣੇ ਪੱਖ-ਪਾਤਾਂ (Biases) ਨੂੰ ਵੀ ਬਰਦਾਸ਼ਤ ਨਹੀਂ ਕਰਦਾ। ਵਿਆਖਿਆ ਦੇ ਜਿਨ੍ਹਾਂ ਅਸੂਲਾਂ ਨੂੰ ਮੈਂ ਅਪਨਾਉਂਦਾ ਹਾਂ, ਉਹ ਚਿਰੋਕਣੇ ਉਲੀਕੇ ਹੋਏ ਹਨ। ਜਿਸ ਨੂੰ ਕੋਈ ਸ਼ੰਕਾ ਹੋਵੇ, ਉਹ ਮੇਰੀ ਪੁਸਤਕ The Truth Above All ਵਿਚ In Lieu of Methodology ਵਿਚੋਂ ਦੇਖ ਕੇ ਨਿਰਣਾ ਕਰ ਸਕਦਾ ਹੈ। ਹਾਂ, ਕੁਝ ਭੁੱਲਾਂ ਚੁੱਕਾਂ ਹੋ ਸਕਦੀਆਂ ਹਨ, ਜਿਨ੍ਹਾਂ 'ਤੇ ਕਿਸੇ ਦਾ ਵੀ ਵਸ ਨਹੀਂ ਹੁੰਦਾ।

ਗੁਰੂ ਸਾਹਿਬ ਦੇ ਕਥਨਾਂ ਦੀ ਦਾਰਸ਼ਨਿਕ ਮਾਨਤਾ ਤੇ ਵਿਗਿਆਨਕ ਪ੍ਰਸੰਗਤਤਾ ਜਾਣਨ ਲਈ ਮੈਂ ਉਨ੍ਹਾਂ ਤੋਂ ਬਾਅਦ ਦੇ ਚਿੰਤਨ ਤੇ ਵਿਗਿਆਨ ਉੱਤੇ ਪਏ ਉਨ੍ਹਾਂ ਦੇ ਪ੍ਰਭਾਵ ਦਾ ਵੀ ਅਧਿਐਨ ਕਰਦਾ ਹਾਂ। ਇਸ ਮਨੋਰਥ ਅਧੀਨ ਮੈਂ ਜਪੁਜੀ ਦੀ ਸਿੱਖੀ ਵਿਚਾਰਧਾਰਾ ਨੂੰ ਕਈ ਪ੍ਰਸਿੱਧ ਫਿਲਾਸਫਰਾਂ ਤੇ ਵਿਗਿਆਨੀਆਂ ਜਿਵੇਂ, ਸੁਕਰਾਤ, ਪਲੈਟੋ, ਅਰਸਤੂ, ਐਪੀਕਿਊਰਸ, ਹਾਬਜ਼, ਕਾਪਰਨੀਕਸ, ਨਿਊਟਨ, ਮਾਰਟਿਨ ਲੂਥਰ, ਸਪਾਈਨੋਜ਼ਾ, ਕਾਂਤ, ਫਾਰਬਾਖ, ਹੀਗਲ, ਮਾਰਕਸ, ਏਂਜਲਸ, ਅਰਨੈਸਟ ਮਾਖ, ਲੈਨਿਨ, ਆਈਨਸਟੀਨ, ਹਿੱਗਿਨਸ, ਬੋਸ ਅਤੇ ਕਈ ਹੋਰ ਵਿਸ਼ਵ-ਪ੍ਰਸਿੱਧ ਚਿੰਤਕਾਂ ਦੇ ਵਿਚਾਰਾਂ ਨਾਲ ਮੇਲ ਕੇ ਵੀ ਵੇਖਦਾ ਹਾਂ। ਮੇਰਾ ਨਤੀਜਾ ਹੈ ਕਿ ਜਿਨ੍ਹਾਂ ਪੈਰਾਮੀਟਰਾਂ ਨਾਲ ਗੁਰੂ ਸਾਹਿਬ ਨੂੰ ਮੈਂ ਜਾਣਿਆ ਹੈ, ਉਨ੍ਹਾਂ ਅਨੁਸਾਰ ਉਹ ਸੰਸਾਰ ਦੇ ਪਹਿਲੇ ਤੇ ਇਕੋ ਇਕ ਦਾਰਸ਼ਨਿਕ ਹਨ, ਜਿਨ੍ਹਾਂ ਨੇ ਸਮੁੱਚੇ ਸੱਚ ਨੂੰ ਪਾਇਆ ਹੈ। ਇਸ ਗੱਲ ਨੂੰ ਨਾ ਕਹਿਣ ਲਈ ਜੇ ਕਿਸੇ ਨੇ ਮੇਰੇ ਸਿਰ 'ਤੇ ਆਰਾ ਵੀ ਰੱਖਿਆ ਹੋਵੇ, ਮੈਂ ਤਾਂ ਵੀ ਕਹਾਂਗਾ, ਕਿਉਂਕਿ ਇਹ ਮੇਰਾ ਨਿਰਣਾ ਨਹੀਂ, ਮੇਰੀ ਨਿਰਪੱਖ ਖੋਜ ਹੈ।

ਇਸ ਲਈ ਸੇਵਕ ਸਿੰਘ ਕੋਟਕਪੂਰਾ ਦਾ ਇਹ ਕਹਿਣਾ ਦਰੁਸਤ ਨਹੀਂ ਕਿ ਮੈਂ ਮਾਰਕਸਵਾਦ ਤੋਂ ਪ੍ਰਭਾਵਤ ਹੋ ਕੇ ਜਪੁਜੀ ਦੀ ਵਿਆਖਿਆ ਕਰਦਾ ਹਾਂ। ਜੇ ਉਨ੍ਹਾਂ ਨੂੰ ਇਸ ਵਿਚ ਮਾਰਕਸਵਾਦ ਦਿਖਾਈ ਦਿੰਦਾ ਹੈ ਤਾਂ ਉਹ ਇਸ ਵਿਆਖਿਆ ਨੂੰ ਉਲਟਾ ਕਰ ਕੇ ਵੇਖ ਲੈਣ ਤੇ ਮੰਨੀ ਜਾਣ ਕਿ ਗੁਰੂ ਸਾਹਿਬ ਦੀ ਸਿਖਿਆ ਸਿਰਫ ਪੰਜਾਬ ਦੇ ਇਕ ਤਬਕੇ ਤੀਕ ਹੀ ਸੀਮਤ ਹੈ ਤੇ ਵਿਸ਼ਵ ਫਿਲਾਸਫੀ ਵਿਚ ਇਸ ਦੀ ਕੋਈ ਥਾਂ ਨਹੀਂ। ਪਰ ਉਮੀਦ ਹੈ, ਉਹ ਇੰਦਾਂ ਨਹੀਂ ਕਰਨਗੇ। ਜੇ ਉਹ ਆਪ ਪਛਾਣ ਜਾਣ ਤਾਂ ਉਨ੍ਹਾਂ ਦੀ ਵਡਿਆਈ ਹੈ, ਨਹੀਂ ਤਾਂ ਉਹ ਸਮਝ ਲੈਣ ਕਿ ਇਕ ਮਾਰਕਸ ਵਿਰੋਧੀ ਪੱਖ-ਪਾਤ (Bias) ਅਸਲੋਂ ਉਨ੍ਹਾਂ ਦੇ ਆਪਣੇ ਮਨ ਵਿਚ ਹੈ, ਜੋ ਉਨ੍ਹਾਂ ਨੂੰ ਦੂਜਿਆਂ ਦੇ ਪੰਜੀਕਰਣ ਲਈ ਉਕਸਾਉਂਦਾ ਹੈ। ਜੇ ਨਹੀਂ ਤਾਂ ਦਰਜਨਾਂ ਹੋਰ ਫਿਲਾਸਫਰਾਂ ਤੇ ਵਿਗਿਆਨਕਾਂ, ਜਿਨ੍ਹਾਂ ਦਾ ਜ਼ਿਕਰ ਉਪਰ ਆਇਆ ਹੈ, ਨੂੰ ਛੱਡ ਕੇ ਉਨ੍ਹਾਂ ਨੇ ਮੇਰੇ ਉੱਤੇ ਮਾਰਕਸ-ਪੱਖੀ ਵਿਆਖਿਆ ਕਰਨ ਦਾ ਹੀ ਕਿਉਂ ਦੋਸ਼ ਲਾਇਆ? ਉਹ ਮੈਨੂੰ ਪਲੈਟੋਵਾਦੀ, ਅਰਸਤੂਵਾਦੀ, ਹੀਗਲਵਾਦੀ, ਕਾਂਤਵਾਦੀ, ਨਿਊਟਨਵਾਦੀ ਤੇ ਆਈਨਸਟੀਨਵਾਦੀ ਵੀ ਗਰਦਾਨ ਸਕਦੇ ਸਨ, ਪਰ ਅਜਿਹਾ ਨਹੀਂ ਕੀਤਾ। ਹਾਂ, ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਨੇ ਇਨ੍ਹਾਂ ਛੋਟੇ ਵਾਦਾਂ ਦੀ ਨਿਸਬਤ ਮਾਰਕਸਵਾਦ ਬਾਰੇ ਵਧੇਰੇ ਸੁਣਿਆ ਹੋਵੇ ਤੇ ਇਸੇ ਦੇ ਭੰਡੀ-ਪ੍ਰਚਾਰ ਦਾ ਫਰਜ਼ ਨਿਭਾਇਆ ਹੋਵੇ। ਕੁਝ ਵੀ ਹੋਵੇ, ਸੇਵਕ ਸਿੰਘ ਕੋਟਕਪੂਰਾ ਤੇ ਉਨ੍ਹਾਂ ਜਿਹੇ ਹੋਰ ਵਿਦਵਾਨਾਂ ਨੂੰ ਜਪੁਜੀ ਸਾਹਿਬ ਬਾਰੇ ਕਿਸੇ ਵੀ ਦ੍ਰਿਸ਼ਟੀਕੋਣ ਤੋਂ ਵਿਚਾਰ ਕਰਨ 'ਤੇ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਜੇ ਗੁਰੂ ਸਾਹਿਬ ਦੀ ਬਾਣੀ ਸੱਚ ਹੈ ਅਤੇ ਉਹ ਯਕੀਨ ਕਰਦੇ ਹਨ ਕਿ ਇਹ ਸੱਚ ਹੈ, ਤਾਂ ਉਨ੍ਹਾਂ ਨੂੰ ਡਰਨ ਤੇ ਘਬਰਾਉਣ ਦੀ ਲੋੜ ਨਹੀਂ। ਹਰ ਤਰ੍ਹਾਂ ਦੇ ਸੋਚ ਵਿਚਾਰ ਉਪਰੰਤ ਇਹ ਸੱਚ ਹੀ ਰਹੇਗੀ। ਭਾਵੇਂ ਕਾਰਲ ਮਾਰਕਸ ਖੁਦ ਚਲ ਕੇ ਆਵੇ, ਉਹ ਵੀ ਇਸ ਨੂੰ ਗਲਤ ਨਹੀਂ ਕਹਿ ਸਕਦਾ!

ਸੇਵਕ ਸਿੰਘ ਕੋਟਕਪੂਰਾ ਦਾ ਕਹਿਣਾ ਹੈ ਕਿ ਮੈਂ ਜਪੁਜੀ ਦਾ ਟੀਕਾ ਨਹੀਂ ਕੀਤਾ, ਆਲੋਚਨਾ ਕੀਤੀ ਹੈ। ਇੰਨਾ ਤਾਂ ਠੀਕ ਹੈ ਕਿ ਮੈਂ ਟੀਕਾ ਨਹੀਂ ਕੀਤਾ, ਪਰ ਮੈਂ ਆਲੋਚਨਾ ਵੀ ਨਹੀਂ ਕੀਤੀ। ਮੈਂ ਤਾਂ ਸਿਰਫ ਵਿਆਖਿਆ ਕੀਤੀ ਹੈ। ਉਨ੍ਹਾਂ ਤੱਥਾਂ-ਸਹਿਤ ਕੁਝ ਕਹਿਣ ਦੀ ਥਾਂ ਨਿਰਾ-ਪੁਰਾ ਠੱਪਾ ਲਾਉਣ ਵਾਲੀ ਗੱਲ ਕੀਤੀ ਹੈ। ਮੈਂ ਥਾਂ ਥਾਂ ਕਿਹਾ ਹੈ ਕਿ ਜਪੁਜੀ ਉਹ ਸਦੀਵੀ ਲਿਖਤ (Text) ਹੈ, ਜਿਸ ਜਿਹੀ ਨਾ ਕਦੇ ਕੋਈ ਲਿਖੀ ਗਈ ਤੇ ਨਾ ਹੀ ਕੋਈ ਕਦੇ ਲਿਖ ਸਕੇਗਾ। ਮੈਂ ਵਾਰ ਵਾਰ ਇਸ ਸਿੱਟੇ 'ਤੇ ਪਹੁੰਚਿਆ ਹਾਂ ਕਿ ਇਹ ਇਕ ਵਿਗਿਆਨਕ ਲਿਖਤ ਹੀ ਨਹੀਂ ਹੈ, ਸਗੋਂ ਵਿਗਿਆਨਾਂ ਦੇ ਵਿਗਿਆਨ ਦਾ ਵਿਗਿਆਨ ਹੈ। ਜੇ ਕੋਈ ਵਿਦਵਾਨ ਇਸ ਨੂੰ ਜਪੁਜੀ ਦੀ ਆਲੋਚਨਾ ਸਮਝੇ, ਤਾਂ ਉਹ ਹੀ ਦੱਸੇ ਕਿ ਕੀ ਇਸ ਬਾਣੀ ਨੂੰ ਇਕ ਮਾਮੂਲੀ ਤੇ ਅਣਵਿਗਿਆਨਕ ਲਿਖਤ ਕਿਹਾ ਜਾਵੇ? ਆਲੋਚਨਾ ਤੇ ਝੁਕਾਉ-ਰਹਿਤ (Bias-free) ਵਿਆਖਿਆ ਦਾ ਫਰਕ ਸਭ ਪਾਠਕ ਭਲੀ ਭਾਂਤ ਜਾਣਦੇ ਹਨ; ਚੰਗਾ ਹੋਵੇ ਜੇ 'ਅਜੋਕੇ' ਸਿੱਖ ਵਿਦਵਾਨ ਵੀ ਇਸ ਨੂੰ ਜਾਣ ਲੈਣ!

ਮੇਰੇ ਉਤੇ ਕੁਝ ਖਾਸ ਗੱਲਾਂ ਸਾਧਦਿਆਂ ਸੇਵਕ ਸਿੰਘ ਕੋਟਕਪੂਰਾ ਅੱਗੇ ਲਿਖਦੇ ਹਨ ਕਿ ਜਪੁਜੀ "ਸਿੱਖ ਧਰਮ ਦਾ ਪਹਿਲਾ ਤੇ ਮੂਲ ਸਿਧਾਂਤ ਹੈ।" ਪਰ ਮੈਂ ਤਾਂ ਪਹਿਲਾਂ ਹੀ ਇਹ ਮੰਨ ਕੇ ਚਲਦਾ ਆ ਰਿਹਾ ਹਾਂ ਕਿ ਇਹ ਸਿੱਖੀ ਦਾ ਮੂਲ ਸਿਧਾਂਤ ਹੈ ਤੇ ਗੁਰੂ ਅਰਜਨ ਨੇ ਇਸ ਨੂੰ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲੀ ਤੇ ਸਭ ਤੋਂ ਉੱਤਮ ਥਾਂ ਦਿੱਤੀ ਹੈ। ਉਹ ਅੱਗੇ ਕਹਿੰਦੇ ਹਨ ਕਿ ਜਪੁਜੀ ਦੇ ਸਿਧਾਂਤ ਅਨੁਸਾਰ ਹੀ ਸਾਰਾ ਗੁਰੂ ਗ੍ਰੰਥ ਸਾਹਿਬ ਤੇ ਇਸ ਵਿਚਲੀਆਂ ਸਭ ਬਾਣੀਆਂ ਹਨ। ਮੈਂ ਵੀ ਇਹੀ ਕਹਿੰਦਾ ਹਾਂ ਕਿ ਗ੍ਰੰਥ ਸਾਹਿਬ ਵਿਚਲੀਆਂ ਗੁਰੂਆਂ ਤੇ ਭਗਤਾਂ ਆਦਿ ਦੀਆਂ ਸਭ ਬਾਣੀਆਂ ਜਪੁਜੀ ਅਨੁਸਾਰ ਹਨ ਤੇ ਇਨ੍ਹਾਂ ਦੀ ਵਿਆਖਿਆ ਪ੍ਰਮੁੱਖ ਬਾਣੀ ਜਪੁਜੀ ਦੀ ਲੋਅ ਵਿਚ ਕੀਤੀ ਜਾਣੀ ਚਾਹੀਦੀ ਹੈ, ਨਾ ਕਿ ਵੱਖਰੇ ਵੱਖਰੇ ਸਿਧਾਂਤਾਂ ਅਨੁਸਾਰ। ਉਹ ਲਿਖਦੇ ਹਨ ਕਿ ਸਭ ਗੁਰੂ ਸਾਹਿਬਾਨ ਨੇ ਆਪਣੇ ਨਾਂ ਦੀ ਥਾਂ ਨਾਨਕ ਨਾਮ ਲਾਇਆ ਹੈ। ਮੈਂ ਕਿਤੇ ਨਹੀਂ ਲਿਖਿਆ ਕਿ ਸਭ ਗੁਰੂ ਸਾਹਿਬਾਨ ਨੇ ਨਾਨਕ ਨਾਮ ਦੀ ਥਾਂ ਆਪਣਾ ਨਾਂ ਲਾਇਆ ਹੈ। ਜੋ ਜੋ ਇਸ ਵਿਦਵਾਨ ਨੇ ਲਿਖਿਆ ਹੈ, ਉਹੀ ਮੱਤ ਮੇਰਾ ਹੈ। ਇਸ ਲਈ ਜੇ ਉਹ ਮੇਰੇ ਵਿਚਾਰਾਂ ਨੂੰ ਮਾਰਕਸਵਾਦੀ ਦੱਸਦੇ ਹਨ ਤਾਂ ਉਨ੍ਹਾਂ ਦੇ ਵਿਚਾਰ ਮਾਰਕਸਵਾਦੀ ਕਿਵੇਂ ਨਾ ਹੋਏ? ਹਾਂ, ਉਨ੍ਹਾਂ ਦੀ ਇਕ ਬਾਣੀ ਨੂੰ ਬਾਕੀਆਂ ਨਾਲੋਂ ਨਿਖੇੜ ਕੇ ਵਿਚਾਰਨ ਦੀ ਗੱਲ ਮੇਰੀ ਉੱਕਾ ਸਮਝ ਨਹੀਂ ਆਈ। ਵਿਸ਼ਲੇਸ਼ਣ ਦੀ ਵਿਧੀ ਅਨੁਸਾਰ ਤਾਂ ਵਿਆਖਿਆ ਨਿਖੇੜ ਕੇ ਹੀ ਕੀਤੀ ਜਾ ਸਕਦੀ ਹੈ। ਜੇ ਉਨ੍ਹਾਂ ਦੀ ਮੁਰਾਦ ਕਿਸੇ ਹੋਰ ਵਿਧੀ ਤੋਂ ਹੈ ਤਾਂ ਉਹ ਪਹਿਲਾਂ ਆਪ ਪੰਜ ਸੱਤ ਬਾਣੀਆਂ ਦਾ ਸਾਂਝਾ ਉੱਲਥਾ ਕਰ ਕੇ ਦਿਖਾ ਦੇਣ। ਜੇ ਕਾਮਯਾਬ ਹੋਇਆ ਤਾਂ ਸਾਰੇ ਉਵੇਂ ਹੀ ਕਰ ਦਿਆ ਕਰਨਗੇ।

ਰਹੀ ਗੱਲ ਕੀਰਤਨ ਸੋਹਿਲਾ ਵਿਚ ਦਿੱਤੇ ਸ਼ਬਦ ਗਗਨ ਮੈ ਥਾਲੁ "ਦੀ ਆਲੋਚਨਾ ਮਾਰਕਸਵਾਦ ਅਨੁਸਾਰ" ਕਰ ਕੇ ਦਿਖਾਉਣ ਦੀ; ਮੇਰੀ ਬੇਨਤੀ ਹੈ ਕਿ ਮੈਂ ਤਾਂ ਕਦੇ ਅਜਿਹੀ "ਆਲੋਚਨਾ" ਕੀਤੀ ਨਹੀਂ ਅਤੇ ਨਾ ਹੀ ਕਦੇ ਕਿਸੇ ਦੀ ਕੀਤੀ ਹੋਈ ਦੇਖੀ ਜਾਂ ਸੁਣੀ ਹੈ। ਇਸ ਲਈ ਇਹ ਚੈਲੰਜ ਸਵੀਕਾਰ ਕਰਨ ਤੋਂ ਮੇਰੇ ਹੱਥ ਖੜ੍ਹੇ ਹਨ। ਮੇਰੀ ਸੋਝੀ ਅਨੁਸਾਰ ਤਾਂ ਬਾਣੀ ਦੀ ਆਲੋਚਨਾ ਹੋ ਹੀ ਨਹੀਂ ਸਕਦੀ, ਸਿਰਫ ਵਿਆਖਿਆ ਹੁੰਦੀ ਹੈ। ਪਰ ਜਿਸ ਵਿਦਵਾਨ ਨੂੰ ਇਹ ਪਤਾ ਹੋਵੇ ਕਿ ਜਪੁਜੀ 'ਸਿੱਖ ਧਰਮ' ਦਾ ਪਹਿਲਾ ਤੇ ਮੂਲ ਸਿਧਾਂਤ ਹੈ ਅਤੇ ਜੋ ਜਾਣਦਾ ਹੋਵੇ ਕਿ ਸਾਰੀ ਬਾਣੀ ਦੀ ਵਿਆਖਿਆ ਇਸੇ ਸਿਧਾਂਤ ਅਨੁਸਾਰ ਹੋਣੀ ਚਾਹੀਦੀ ਹੈ, ਉਹ ਆਪ ਉੱਦਮ ਕਿਉਂ ਨਾ ਕਰੇ? ਮਦਦ ਦੀ ਲੋੜ ਪਈ ਤਾਂ ਜਰੂਰ ਹਾਜਰ ਹੋਵਾਂਗੇ।

**-ਗੋਬਿੰਦਰ ਸਿੰਘ ਸਮਰਾਓ**

# ਕਰੋਨਾ ਦਾ ਵਿਸ਼ਵਵਿਆਪੀ ਅਤੇ ਇਤਿਹਾਸਕ ਪ੍ਰਸੰਗ

*(ਪਿਛਲੇ ਸਫੇ ਦੀ ਬਾਕੀ)*

ਦਾ ਸਮਰਥਨ ਤੇ ਸੁਰੱਖਿਆ ਕਰਦੀ ਹੈ ਅਤੇ ਕਿਹੜੀ ਇਹਦੇ ਵਿਰੁਧ ਭੁਗਤਦੀ ਹੈ।

ਪ੍ਰਬੋਧਨ ਲਹਿਰ ਦੇ ਤਿੰਨ ਬੁਨਿਆਦੀ ਆਦਰਸ਼ਾਂ ਅਤੇ ਚਾਲਕ ਸ਼ਕਤੀਆਂ ਅਰਥਾਤ ਤਰਕ, ਵਿਗਿਆਨ ਅਤੇ ਮਾਨਵਵਾਦ ਨੇ ਆਧੁਨਿਕਤਾ ਦੀ ਪਰਿਭਾਸ਼ਿਤ ਕਰ ਕੇ ਆਧੁਨਿਕਤਾ ਦੇ ਸਾਰੇ ਅਦਾਰਿਆਂ ਦੇ ਮਿਸ਼ਨਾਂ ਦੀ ਬੁਨਿਆਦ ਰੱਖ ਦਿੱਤੀ; ਅਦਾਰਿਆਂ ਵਿਚ ਸ਼ਾਮਲ ਨੇ ਖਾਨਦਾਨੀ ਰਾਜ ਤੇ ਤਾਨਾਸ਼ਾਹੀ ਦੀ ਥਾਂ ਜਮਹੂਰੀ ਸਰਕਾਰਾਂ, ਜਨਤਕ ਸਕੂਲ ਤੇ ਯੂਨੀਵਰਸਿਟੀਆਂ, ਸਮਾਚਾਰ ਏਜੰਸੀਆਂ, ਹਸਪਤਾਲ, ਦਾਨ ਸੰਸਥਾਵਾਂ ਅਤੇ ਕੌਮਾਂਤਰੀ ਸੰਸਥਾਵਾਂ। ਅਸੀਂ, ਪੱਛਮ ਵਿਚ ਵਸਦੇ, ਆਧੁਨਿਕਤਾ/ਜਮਹੂਰੀਅਤ ਤੇ ਇਸ ਦੀਆਂ ਅਦਾਰਿਆਂ ਨੂੰ ਗਰੰਟੀ-ਸ਼ੁਦਾ ਸਮਝ ਲੈਂਦੇ ਹਾਂ; ਅਖੇ ਆਧੁਨਿਕਤਾ/ਜਮਹੂਰੀਅਤ ਤੇ ਇਸ ਦੀ ਬੁਨਿਆਦ ਤਰਕ, ਵਿਗਿਆਨ ਅਤੇ ਮਨੁੱਖਤਾਵਾਦ ਨੂੰ ਕੌਣ ਚੁਣੌਤੀ ਦੇਵੇਗਾ? ਬੈਂਜਾਮਿਨ ਫਰੈਂਕਲਿਨ ਨੇ ਇਨ੍ਹਾਂ ਚੀਜ਼ਾਂ ਨੂੰ ਗਰੰਟੀ-ਸ਼ੁਦਾ ਸਮਝਣ ਦੀ ਇਸ ਸੋਚ ਦੇ ਵਿਰੁਧ ਸ਼ੁਰੂ ਵਿਚ ਹੀ ਅਮਰੀਕੀ ਕੌਮ ਨੂੰ ਚਿਤਾਵਨੀ ਦੇ ਦਿੱਤੀ ਸੀ। 1787 ਵਿਚ ਸੰਵਿਧਾਨਕ ਸੰਮੇਲਨ ਦੌਰਾਨ ਫਿਲਡੇਲਫੀਆ ਵਿਚ 'ਸੁਤੰਤਰਤਾ ਹਾਲ' ਦੇ ਬੰਦ ਦਰਵਾਜ਼ਿਆਂ ਦੇ ਪਿੱਛੇ ਪ੍ਰਸਤਾਵਿਤ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਬਾਰੇ ਵਿਚਾਰ ਵਟਾਂਦਰੇ ਕੀਤੇ ਜਾ ਰਹੇ ਸਨ। ਅਖੀਰ ਵਿਚ 'ਸੁਤੰਤਰਤਾ ਹਾਲ' ਦੇ ਬਾਹਰ ਇਕੱਠੇ ਹੋਏ ਚਿੰਤਤ ਨਾਗਰਿਕਾਂ ਦੇ ਸਮੂਹ ਵਿਚੋਂ ਸ੍ਰੀਮਤੀ ਪਾਵੇਲ ਨੇ ਬੈਂਜਾਮਿਨ ਫਰੈਂਕਲਿਨ ਨੂੰ ਪੁੱਛਿਆ, "ਅੱਛਾ, ਡਾਕਟਰ ਜੀ, ਸਾਨੂੰ ਕੀ ਮਿਲਿਆ, ਪ੍ਰਜਾਤੰਤਰ ਜਾਂ ਖਾਨਦਾਨੀ ਰਾਜ?" ਇਕ ਦਮ ਕਰ ਕੇ ਫ੍ਰੈਂਕਲਿਨ ਨੇ ਜਵਾਬ ਦਿੱਤਾ ਜੋ ਹੁਣ ਪ੍ਰਸਿੱਧ ਇਤਿਹਾਸਕ ਹਵਾਲਾ ਬਣ ਚੁੱਕਿਆ ਹੈ, "ਪ੍ਰਜਾਤੰਤਰ, ਜੇ ਤੁਸੀਂ ਇਸ ਨੂੰ ਸਾਂਭ ਸਕਦੇ ਹੋ।"

ਬੈਂਜਾਮਿਨ ਫਰੈਂਕਲਿਨ ਦੇ ਬਿਆਨ ਨੇ ਇੱਕ ਤਰ੍ਹਾਂ ਨਾਲ ਇਹ ਭਵਿੱਖਬਾਣੀ ਕੀਤੀ ਸੀ ਕਿ ਪ੍ਰਬੋਧਨ ਲਹਿਰ ਆਦਰਸ਼ਾਂ ਤੇ ਉਨ੍ਹਾਂ 'ਚੋਂ ਜਨਮੀ ਆਧੁਨਿਕਤਾ/ਜਮਹੂਰੀਅਤ ਨੂੰ ਰਾਖੀ ਦੀ ਜ਼ਰੂਰਤ ਪਵੇਗੀ। ਇਹ ਭਵਿੱਖਬਾਣੀਆਂ ਉਸ ਸਮੇਂ ਤੋਂ ਅੱਜ ਤੱਕ ਸੱਚੀਆਂ ਸਾਬਤ ਹੋ ਰਹੀਆਂ ਹਨ ਜਿਵੇਂ ਪ੍ਰਬੋਧਨ ਲਹਿਰ ਦਾ ਤੇਜ਼ੀ ਨਾਲ ਜਵਾਬੀ ਪ੍ਰਤੀਕਰਮ ਰੋਮਾਂਸਵਾਦ ਲਹਿਰ ਦੇ ਰੂਪ ਵਿਚ ਹੋਇਆ ਜੋ ਘੱਟੋ-ਘੱਟ ਅੰਸ਼ਕ ਤੌਰ 'ਤੇ ਬੌਧਿਕ ਲਹਿਰ ਸੀ ਜਿਸ ਵਿਚ ਦਰਸ਼ਨ, ਧਰਮ ਸ਼ਾਸਤਰ, ਕਲਾ ਤੇ ਸਾਹਿਤ ਸ਼ਾਮਲ ਸਨ, ਤੇ ਜੋ ਯੂਰਪ ਵਿਚ 18ਵੀਂ ਸਦੀ ਦਾ ਅੰਤ 'ਚ ਸ਼ੁਰੂ ਹੋ ਕੇ 19ਵੀਂ ਸਦੀ ਦੇ ਅੰਤ ਤੱਕ ਚਲੀ। ਰੋਮਾਂਸਵਾਦ ਨੇ ਰਾਸ਼ਟਰਵਾਦ, ਵਿਅਕਤੀਵਾਦ, ਭਾਵੁਕਤਾ ਤੇ ਕੁਦਰਤ ਦੇ ਵਿਚਾਰਵਾਦੀ ਦ੍ਰਿਸ਼ਟੀਕੋਣ 'ਤੇ ਜ਼ੋਰ ਦਿੰਦੇ ਹੋਏ ਅਤੀਤ ਜਿਵੇਂ ਮੱਧਕਾਲ ਕਾਲ ਤੇ ਇਹਦੀ ਜਾਗੀਰਦਾਰੀ ਦੀ ਵਡਿਆਈ ਵਿਚ ਸੋਹਲੇ ਗਾਏ। ਇਸ ਤੋਂ ਵੱਧ ਯੂਰਪ ਵਿਚ ਅਲਫਰੇਡ ਵਾਲੈਸ (1823-1913) ਤੇ ਚਾਰਲਸ ਡਾਰਵਿਨ (1809-1882) ਵਲੋਂ ਵਿਗਿਆਨਕ ਅੰਕੜਿਆਂ ਦੇ ਵਿਸ਼ਲੇਸ਼ਣ ਦੇ ਆਧਾਰ 'ਤੇ ਪੇਸ਼ ਕੀਤੇ ਵਿਗਿਆਨਕ ਸਿਧਾਂਤ 'ਵਿਕਾਸਵਾਦ' ਨੇ ਯੂਰਪ ਵਿਚ ਹਲਚੱਲੀ ਮਚਾ ਦਿੱਤੀ ਅਤੇ ਧਾਰਮਿਕ ਸਮੂਹਾਂ ਨੇ ਤੁਰੰਤ ਇਹਦੇ ਸਖਤ ਵਿਰੋਧ ਲਹਿਰ ਸ਼ੁਰੂ ਕਰ ਦਿੱਤੀ ਕਿਉਂਕਿ ਆਪਣੇ ਸਿਰਜਣਾਵਾਦੀ ਵਿਸ਼ਵਾਸ ਕਰ ਕੇ ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਗਈਆਂ ਕਿ ਬ੍ਰਹਿਮੰਡ ਸਮੇਤ ਧਰਤੀ 'ਤੇ ਇਸ ਉਪਰ ਜੀਵਨ ਕਿਸੇ ਦੈਵੀ/ਬ੍ਰਹਮ ਸਕਤੀ ਦੀਆਂ ਅਲੌਕਿਕ ਕਿਰਿਆਵਾਂ ਦੁਆਰਾ ਉਤਪੰਨ ਹੋਏ ਸਨ। ਵਿਗਿਆਨਕ ਸਿਧਾਂਤ 'ਵਿਕਾਸਵਾਦ' ਦੇ ਇਸ ਵਿਰੋਧ ਸ਼ਾਮਲ ਹੋ ਗਈ ਸੀ ਅਮਰੀਕਾ ਦੀ ਲਗਭਗ ਇੱਕ ਸਦੀ ਲੰਮੀ ਸਿਰਜਣਾਵਾਦੀ ਲਹਿਰ ਵੀ ਜੋ 20ਵੀਂ ਸਦੀ ਦੇ ਆਰੰਭ ਵਿਚ ਸ਼ੁਰੂ ਹੋਈ।

ਪ੍ਰਬੋਧਨ ਲਹਿਰ ਦੇ ਆਦਰਸ਼ਾਂ ਦਾ ਵਿਰੋਧ ਤੇ ਇਨ੍ਹਾਂ ਦੀ ਰਾਖੀ ਦੀ ਜ਼ਰੂਰਤ ਦੀ ਗੱਲ ਨੂੰ 21ਵੀਂ ਸਦੀ ਤੋਰਦੇ ਹੋਏ ਪ੍ਰੋਫੈਸਰ ਸਟੀਵਨ ਪਿੰਕਰ ਦੀ 2018 'ਚ ਛਪੀ ਕਿਤਾਬ Enlighenment Now ਦਾ ਜ਼ਿਕਰ ਕਰਨਾ ਬਣਦਾ ਹੈ ਜਿਸ ਵਿਚ ਪ੍ਰਬੋਧਨ ਲਹਿਰ ਦੇ ਆਦਰਸ਼ਾਂ ਦੀ ਰੱਖਿਆ ਲਈ ਕੇਸ ਪੇਸ਼ ਕਰਦੇ ਹੋਏ ਪ੍ਰੋਫੈਸਰ ਪਿੰਕਰ ਨੇ ਆਧੁਨਿਕਤਾ/ਜਮਹੂਰੀਅਤ ਦੀਆਂ ਸੰਸਥਾਵਾਂ ਵਿਚ ਡੁੱਬ ਰਹੇ ਵਿਸ਼ਵਾਸ ਤੋਂ 21ਵੀਂ ਸਦੀ ਦੇ ਦੂਜੇ ਦਹਾਕੇ ਵਿਚ ਪੈਦਾ ਹੋਈਆਂ ਲੁਭਾਊ (populist) ਲਹਿਰਾਂ ਦੇ ਉਭਾਰ ਦਾ ਮਸਲਾ ਉਠਾਇਆ ਹੈ। ਇਨ੍ਹਾਂ ਲੁਭਾਊ ਲਹਿਰਾਂ ਦੇ ਨਤੀਜੇ ਵਜੋਂ ਯੂਰਪ ਤੇ ਅਮਰੀਕਾ ਵਿਚ ਉਲਟ-ਪ੍ਰਬੋਧਨ ਸਰਕਾਰਾਂ ਦਾ ਗਠਨ ਹੋਇਆ।

ਇਸ ਸਥਿਤੀ ਦਾ ਵਿਅੰਗ ਇਹ ਹੈ ਕਿ ਉਲਟ-ਪ੍ਰਬੋਧਨ ਤਾਕਤਾਂ ਉਲਟ-ਪ੍ਰਬੋਧਨ ਸਰਕਾਰ ਬਣਾਉਣ ਲਈ, ਪ੍ਰਬੋਧਨ ਲਹਿਰ ਦੀ ਜਾਈ- ਜਮਹੂਰੀਅਤ, ਦੀ ਵਰਤੋਂ ਰਹੀਆਂ ਹਨ ਅਤੇ ਫਿਰ ਉਨ੍ਹਾਂ ਸਰਕਾਰਾਂ ਦੀ ਵਰਤੋਂ ਕਰ ਰਹੀਆਂ ਹਨ ਜਮਹੂਰੀਅਤ ਤੇ ਇਹਦੇ ਅਦਾਰਿਆਂ 'ਤੇ ਹਮਲੇ ਕਰਨ ਲਈ, ਇਨ੍ਹਾਂ ਨੂੰ ਕਮਜ਼ੋਰ ਤੇ ਤਬਾਹ ਕਰਨ ਦੇ ਇਰਾਦੇ ਨਾਲ। ਇਨ੍ਹਾਂ ਲੁਭਾਊ ਲਹਿਰਾਂ ਦਾ ਵਰਣਨ ਕਰਦਿਆਂ ਪਿੰਕਰ ਕਹਿੰਦਾ ਹੈ ਕਿ ਉਹ ਪ੍ਰਬੋਧਨ ਦੇ ਆਦਰਸ਼ਾਂ ਦਾ ਦੋ-ਟੁੱਕ ਖੰਡਨ ਕਰਦੇ ਹਨ, ਉਹ ਹਨ "ਵਿਸ਼ਵਵਿਆਪੀ ਥਾਂ ਕਬੀਲਾਵਾਦੀ, ਜਮਹੂਰੀ ਥਾਂ ਤਾਨਾਸ਼ਾਹ, ਗਿਆਨ ਦਾ ਸਤਿਕਾਰ ਕਰਨ ਵਾਲੇ ਦੀ ਥਾਂ ਮਾਹਰਾਂ ਨੂੰ ਨਫਰਤ ਵਾਲੇ ਅਤੇ ਬਿਹਤਰ ਭਵਿੱਖ ਲਈ ਆਸਵੰਦ ਦੀ ਥਾਂ ਉਦਾਸੀਨ ਤੇ ਅਤੀਤ ਪ੍ਰਤੀ ਰਮਣੀਕ ਵਤੀਰਾ ਅਪਣਾਉਣ ਵਾਲੇ"। ਆਮ ਲੋਕਾਂ ਅਤੇ ਬੁੱਧੀਜੀਵੀਆਂ ਦੇ ਕੁਝ ਹਲਕਿਆਂ ਵਿਚ ਪ੍ਰਬੋਧਨ ਦੇ ਰਾਹ ਚੱਲਿਆਂ ਕੀਤੀ ਗਈ ਮਨੁੱਖੀ ਪ੍ਰਗਤੀ ਬਾਰੇ ਸਮਝ ਤੇ ਇਹਦੀ ਕਦਰਦਾਨੀ ਦੀ ਘਾਟ ਸਨਕ, ਘਬਰਾਹਟ, ਤੇ ਲੁੱਟ ਲਏ ਮਾਰ ਲਏ ਕਰਨ ਵਾਲਾ ਰਵੱਈਆ ਪੈਦਾ ਕਰ ਸਕਤੀ ਹੈ, ਉਨ੍ਹਾਂ ਅਦਾਰਿਆਂ ਪ੍ਰਤੀ ਜੋ ਇਸ ਪ੍ਰਗਤੀ ਦੀ ਰਾਖੀ ਕਰ ਰਹੇ ਹਨ, ਮਿਸਾਲ ਵਜੋਂ ਉਦਾਰਵਾਦੀ ਜਮਹੂਰੀਅਤ ਅਤੇ ਕੌਮਾਂਤਰੀ ਸਹਿਯੋਗ ਦੀਆਂ ਸੰਸਥਾਵਾਂ ਜਿਵੇਂ ਪ੍ਰੋਫੈਸਰ ਪਿੰਕਰ ਆਪਣੀ ਕਿਤਾਬ ਵਿਚ ਸਹੀ ਢੰਗ ਨਾਲ ਦੱਸਦਾ ਹੈ। ਉਲਟ-ਪ੍ਰਬੋਧਨ ਤਾਕਤਾਂ ਮਨੁੱਖੀ ਪ੍ਰਗਤੀ ਦਾ ਪਹੀਆ ਪਿਛਾਂਹ ਵੱਲ ਨੂੰ ਮੋੜਨ ਲਈ ਲੋਕਾਂ ਵਿਚ ਇਨ੍ਹਾਂ ਭਾਵਨਾਵਾਂ ਨੂੰ ਭੜਕਾ ਉਨ੍ਹਾਂ ਦਾ ਸ਼ੋਸ਼ਣ ਕਰ ਸਕਦੀਆਂ ਹਨ; ਤੇ ਕਰ ਰਹੀਆਂ ਹਨ, ਮਿਸਾਲ ਵਜੋਂ 'ਅਮਰੀਕਾ ਨੂੰ ਫਿਰ ਤੋਂ ਮਹਾਨ ਬਣਾਓ' (Make Ameria Great Again) ਵਰਗੇ ਨਾਅਰਿਆਂ ਥੱਲੇ। ਇਸ ਨਾਅਰੇ ਵਿਚ 'ਫੇਰ' ਸਪਸ਼ਟ ਤੌਰ ਤੇ ਅਤੀਤ ਨੂੰ ਮਾਰੀ ਹਾਕ ਹੈ।

ਜਦੋਂ ਕਿ ਉਲਟ-ਪ੍ਰਬੋਧਨ ਤਾਕਤਾਂ ਪਹਿਲਾਂ ਹੀ ਲਹਿਰਾਂ ਬਹੁਤ ਸਾਰੀਆਂ ਸਰਕਾਰੀ ਸ਼ਕਤੀਆਂ ਦੇ ਰੂਪ ਸਰਗਰਮ ਸਨ, ਕਰੋਨਾ ਵਾਇਰਸ ਵਿਸ਼ਵ ਦੀ ਸਟੇਜ 'ਤੇ ਆ ਧਮਕੀ, ਆਪਣੇ ਚਾਰ ਆਯਾਮੀ (dimensional) ਆਲਮੀ ਪ੍ਰਸੰਗ ਦੇ ਨਾਲ। ਤਿੰਨ ਆਯਾਮ ਪੁਲਾੜ ਦੇ ਜੋ ਸਾਰੇ ਸੰਸਾਰ ਨੂੰ ਕਲਾਵੇ ਵਿਚ ਭਰਦੇ ਨੇ, ਚੌਥਾ ਆਯਾਮ ਸਮੇਂ ਦਾ; ਕਰੋਨਾ ਦਾ ਉਕਤ ਇਤਿਹਾਸਕ ਪ੍ਰਸੰਗ। ਕਰੋਨਾ ਸਿੱਧੇ ਅਤੇ ਅਸਿੱਧੇ ਤੌਰ ਤੇ ਅੱਜ ਦੇ ਮਨੁੱਖ ਅਤੇ ਮਨੁੱਖੀ ਸਮਾਜ ਦੇ ਲਗਭਗ ਸਾਰੇ ਪਹਿਲੂਆਂ ਤੇ ਖੇਤਰਾਂ ਉਪਰ ਮਾਰੂ ਅਸਰ ਪਾਉਣ ਦੀ ਸਮਰੱਥਾ ਵਾਲੀ ਘਾਤਕ ਵਾਇਰਸ ਹੈ। ਇਹ ਦਰਸਾਉਂਦੇ ਹੋਏ ਅਮਲੀ ਤੌਰ 'ਤੇ ਅਸੀਂ ਇਹ ਧਾਰ ਸਕਦੇ ਹਾਂ ਕਿ ਸਾਰੀ ਦੁਨੀਆਂ ਨੂੰ ਆਪਣੇ ਪ੍ਰਯੋਗਸ਼ਾਲਾ ਸਮਝਦੇ ਹੋਏ, ਕੁਦਰਤ ਨੇ ਮਨੁੱਖ ਅਤੇ ਇਸ ਦੇ ਸਮਾਜ ਨੂੰ ਕਸੌਟੀ 'ਤੇ ਲਾਉਣ ਲਈ ਕਰੋਨਾ ਵਾਇਰਸ ਨੂੰ ਭੇਜਿਆ ਹੈ।

ਇਹ ਤਜਰਬਾ ਮਨੁੱਖੀ ਅਤੇ ਮਨੁੱਖੀ ਸਮਾਜ ਦੀ ਵਿਗਿਆਨ ਤੇ ਵਿਗਿਆਨਕ ਪਹੁੰਚ ਪ੍ਰਤੀ ਉਨ੍ਹਾਂ ਦੇ ਅਭਿਆਸ ਤੇ ਰਵੱਈਏ ਦੀ ਪਰਖ ਕਰਨ ਲਈ ਕੀਤਾ ਜਾ ਰਿਹਾ ਹੈ, ਜਦੋਂ ਉਹ ਪਹਿਲਾਂ ਹੀ ਪੀੜ੍ਹੀਆਂ ਤੋਂ ਵਿਗਿਆਨਕ ਖੋਜਾਂ ਦੇ ਫਲ ਦਾ ਆਨੰਦ ਲੈਂਦੇ ਆ ਰਹੇ ਹਨ। ਦਰਅਸਲ, ਕੁਦਰਤ ਦਾ ਇਹ ਪ੍ਰਯੋਗ ਪ੍ਰਬੋਧਨ ਲਹਿਰ ਦੇ ਤਿੰਨੋਂ ਮੂਲ ਆਦਰਸ਼ਾਂ (ਕਾਰਨ, ਵਿਗਿਆਨ ਤੇ ਮਨੁੱਖਤਾਵਾਦ) ਵਿਚ ਮਨੁੱਖ ਤੇ ਮਨੁੱਖੀ ਸਮਾਜ ਦੀ ਪਰਖ ਕਰ ਰਿਹਾ ਰਿਹਾ ਹੈ ਜਿਨ੍ਹਾਂ 'ਤੇ ਆਧੁਨਿਕ ਸਮਾਜ ਦੀ ਜਮਹੂਰੀਅਤ ਤੇ ਜਮਹੂਰੀਅਤ ਦੀਆਂ ਸੰਸਥਾਵਾਂ ਆਧਾਰਤ ਹਨ। ਬਿਨਾ ਸ਼ਕ, ਉਲਟ-ਪ੍ਰਬੋਧਨ (ਲੁਭਾਊ) ਲਹਿਰਾਂ ਅਤੇ ਉਨ੍ਹਾਂ ਦੀਆਂ ਸਰਕਾਰਾਂ ਵੀ ਕੁਦਰਤ ਦੇ ਇਸ ਮਹਾਂ ਪ੍ਰਯੋਗ ਦੇ ਅਧੀਨ ਹਨ।

ਕਰੋਨਾ ਦੇ ਵਿਗਿਆਨ ਤੇ ਮਾਨਵ ਨਾਲ ਮਜ਼ਬੂਤ ਸਬੰਧਾਂ ਨੇ ਇਨ੍ਹਾਂ ਪ੍ਰੀਖਿਆ ਨੂੰ ਬਹੁਤ ਕੁਦਰਤੀ ਤੇ ਕ੍ਰਿਸਟਲ ਸਪਸ਼ਟ ਬਣਾ ਦਿੱਤਾ ਹੈ ਅਤੇ ਇਸ ਦੇ ਨਤੀਜਿਆਂ ਨੂੰ ਸਮਝਣਾ ਵੀ ਬਹੁਤ ਆਸਾਨ ਹੋਵੇਗਾ। ਪੱਛਮੀ ਸਰਕਾਰਾਂ ਵਿਚੋਂ ਅਮਰੀਕਾ ਦਾ ਪ੍ਰਧਾਨ ਸ਼ੁਰੂ ਤੋਂ ਹੀ ਲੁਭਾਊ ਲਹਿਰਾਂ ਦੇ ਵਿਸ਼ਵ ਨੇਤਾ ਵਜੋਂ ਉਭਰਿਆ, ਇੰਗਲੈਂਡ ਦਾ ਪ੍ਰਧਾਨ ਮੰਤਰੀ ਉਹਦੇ ਮਗਰ ਦੂਜੇ ਨੰਬਰ 'ਤੇ। ਇਸ ਲਈ ਜੇ ਅਸੀਂ ਨੇੜਿਓਂ ਹੋ ਕੇ ਧਿਆਨ ਨਾਲ ਪਰਖੀਏ ਕਿ ਇਨ੍ਹਾਂ ਦੋਵਾਂ ਆਦਮੀਆਂ, ਖਾਸ ਕਰ ਅਮਰੀਕਾ ਦੇ ਪ੍ਰਧਾਨ ਤੇ ਉਸ ਦੇ ਪ੍ਰਸ਼ਾਸਨ ਨੇ ਕਰੋਨਾ ਵਾਇਰਸ ਮਹਾਂਮਾਰੀ ਕਿਸ ਤਰ੍ਹਾਂ ਨਜਿੱਠੀ ਤਾਂ ਅਜਿਹਾ ਅਧਿਐਨ ਲੁਭਾਊ ਲਹਿਰਾਂ ਦੇ ਪ੍ਰਬੋਧਨ ਲਹਿਰ ਸੰਗ ਰਿਸ਼ਤੇ ਉਪਰ ਰੌਸ਼ਨੀ ਪਾ ਸਕਦਾ ਹੈ। ਨੋਟ ਕਰਨਾ ਬਣਦਾ ਹੈ ਕਿ ਆਧੁਨਿਕ ਯੁੱਗ, ਜਮਹੂਰੀਅਤ ਬਗੈਰ ਤੇ ਜਮਹੂਰੀਅਤ ਨਾਲ, ਕੁਝ ਹੱਦ ਤੱਕ ਤੇ ਕਿਸੇ ਰੂਪ ਵਿਚ, ਵਿਕਾਸਸ਼ੀਲ ਸੰਸਾਰ (ਜਿਸ ਨੂੰ ਤੀਜਾ ਸੰਸਾਰ ਕਿਹਾ ਜਾਂਦਾ ਸੀ) ਦੇ ਕੁਝ ਹਿੱਸਿਆਂ ਵਿਚ ਵੀ ਫੈਲ ਚੁੱਕਿਆ ਹੈ। ਇਸ ਤੱਥ ਅਤੇ ਕਰੋਨਾ ਵਾਇਰਸ ਮਹਾਂਮਾਰੀ ਦੇ ਵਿਸ਼ਵਵਿਆਪੀ ਪ੍ਰਸੰਗ ਦੇ ਮੱਦੇਨਜ਼ਰ ਅਸੀਂ ਕਹਿ ਸਕਦੇ ਹਾਂ ਕਿ ਇਸ ਅਧਿਐਨ ਦੇ ਨਤੀਜਿਆਂ ਦੀ ਗੁੰਜਾਇਸ਼ ਸਾਰੀ ਦੁਨੀਆਂ ਨੂੰ ਕਲਾਵੇ ਵਿਚ ਭਰ ਸਕੇਗੀ।

**(ਚਲਦਾ)**

# ਲੋਕ ਘੋਲ ਅਤੇ ਕਲਾਕਾਰ

**ਪੰਜਾਬ ਦਾ ਕਿਸਾਨ ਇਸ ਵਕਤ ਸੰਘਰਸ਼ ਦੇ ਮੈਦਾਨ ਵਿਚ ਹੈ। ਇਹ ਸੰਘਰਸ਼ ਭਾਵੇਂ ਕੇਂਦਰ ਦੀ ਮੋਦੀ ਸਰਕਾਰ ਦੇ ਨਵੇਂ ਬਣਾਏ ਖੇਤੀ ਕਾਨੂੰਨਾਂ ਖਿਲਾਫ ਹੈ ਪਰ ਹੁਣ ਇਸ ਅੰਦਰ ਸ਼ਮੂਲੀਅਤ ਪੰਜਾਬ ਦੇ ਬਹੁਤ ਸਾਰੇ ਤਬਕਿਆਂ ਨਾਲ ਜੁੜੇ ਲੋਕ ਕਰ ਰਹੇ ਹਨ। ਇਸ ਦੇ ਨਾਲ ਹੀ ਇਸ ਅਹਿਮ ਸੰਘਰਸ਼ ਨੂੰ ਆਪਣੇ ਵਲ ਖਿੱਚਣ ਲਈ ਵੀ ਸਭ ਧਿਰਾਂ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ। ਉਘੇ ਰੰਗਕਰਮੀ ਡਾ. ਸਾਹਿਬ ਸਿੰਘ ਨੇ ਇਸੇ ਨੁਕਤੇ ਤੋਂ ਇਸ ਲੇਖ ਵਿਚ ਵਿਚਾਰ-ਵਟਾਂਦਰਾ ਕੀਤਾ ਹੈ। -ਸੰਪਾਦਕ**

## ਕਲਾ ਪਰਿਕਰਮਾ



**ਡਾ. ਸਾਹਿਬ ਸਿੰਘ**

ਅੱਜ ਜਦੋਂ ਪੰਜਾਬ, ਹਰਿਆਣਾ ਅਤੇ ਕਈ ਹੋਰ ਸੂਬਿਆਂ ਦੀ ਜਨਤਾ ਮਿਹਨਤਕਸ਼ਾਂ ਲਈ ਵਿਆਪਕ ਸੰਗਰਾਮ ਲੜ ਰਹੀ ਹੈ ਤਾਂ ਕਲਾਕਾਰ ਵੀ ਇਸ ਵਿਚ ਕੁੱਦ ਪਏ ਹਨ। ਮਸਲਾ ਉਦੋਂ ਪੈਦਾ ਹੋਣਾ ਸ਼ੁਰੂ ਹੋਇਆ ਜਦੋਂ ਕੁਝ ਕਲਾਕਾਰ ਲੋੜ ਤੋਂ ਵੱਧ ਤੱਤੇ ਜਾਪਣ ਲੱਗੇ। ਉਨ੍ਹਾਂ ਦੇ ਵਿਚਾਰ ਭੜਕਾਊ ਤਾਂ ਭਾਵੇਂ ਨਾ ਹੋਣ ਪਰ ਭੁਲੇਖਾ ਪਾਉਣ ਵਾਲੇ ਜ਼ਰੂਰ ਭਾਸਦੇ ਹਨ। ਚਾਣਚੱਕ ਹੀ ਕੁਝ ਕਲਾਕਾਰ ਗੱਲ ਹਥਿਆਰਾਂ ਤਕ ਲੈ ਗਏ ਤੇ ਫਿਕਰਮੰਦ, ਸੁਹਿਰਦ, ਸਿਆਣੇ, ਨੀਤੀਵਾਨ ਆਗੂਆਂ ਨੇ ਇਸ ਦਾ ਨੋਟਿਸ ਲਿਆ। ਕੁਝ ਵੰਨਗੀਆਂ ਪੇਸ਼ ਹਨ: 'ਸੂਰਮਿਓ, ਹੁਣ ਦੁਨਾਲੀਆਂ ਚੁੱਕਣ ਦਾ ਵੇਲਾ ਆ ਗਿਆ', 'ਦਿੱਲੀ ਦਾ ਬੁਥਾੜ ਭੰਨ ਦਿਆਂਗੇ', 'ਸਿੱਖ ਕੌਮ ਮਾਰਸ਼ਲ ਕੌਮ ਹੈ, ਇੱਕੀ ਦੇ 'ਕੱਤੀ ਮੋੜਨਾ ਜਾਣਦੀ ਹੈ', 'ਹੁਣ ਪੈਣਗੇ ਪਟਾਕੇ' ਆਦਿ। ਇਸ ਤਰ੍ਹਾਂ ਦੀਆਂ ਅਨੇਕਾਂ ਤਕਰੀਰਾਂ ਸੋਸ਼ਲ ਮੀਡੀਆ 'ਤੇ ਆ ਰਹੀਆਂ ਹਨ। ਸਵਾਲ ਇਕ ਨਹੀਂ, ਅਨੇਕਾਂ ਹਨ।

ਕੀ ਇਹ ਕਲਾਕਾਰਾਂ ਦੇ ਅੰਦਰੂਨੀ ਜਜ਼ਬਾਤ ਹਨ ਜੋ ਉਬਲ ਕੇ ਬਾਹਰ ਆ ਰਹੇ ਹਨ? ਕੀ ਇਹ ਐਨੇ ਭੋਲੇ ਅਤੇ ਅਣਜਾਣ ਹਨ ਕਿ ਇਸ ਸੰਘਰਸ਼ ਦਾ ਕੇਂਦਰੀ ਨੁਕਤਾ ਸਮਝਣ ਤੋਂ ਅਸਮਰੱਥ ਹਨ ਤੇ ਤੱਤੇ ਖੂਨ ਦੇ ਉਬਾਲੇ ਮਾਰਦੀ ਜਵਾਨੀ ਦਾ ਪ੍ਰਤੀਕ ਹਨ? ਕੀ ਇਨ੍ਹਾਂ ਦੀ ਡੋਰ ਕਿਸੇ ਹੋਰ ਹੱਥ ਹੈ? ਕੀ ਇਹ ਸੱਚੀ ਮੁੱਚੀ ਫਿਕਰਮੰਦ ਹਨ ਤੇ ਕਿਸਾਨ ਜਥੇਬੰਦੀਆਂ ਤੋਂ ਯੋਗ ਅਗਵਾਈ ਲੈ ਕੇ ਲੜਾਈ ਨੂੰ ਸਿਖਰ 'ਤੇ ਲੈ ਕੇ ਜਾ ਸਕਦੇ ਹਨ? ਕੀ ਕਲਾਕਾਰ ਸਿਰਫ ਭੀੜਾਂ ਜੁਟਾਉਣ ਦਾ ਫਰਜ਼ ਹੀ ਨਿਭਾ ਸਕਦੇ ਹਨ, ਜਾਂ ਉਹ ਆਪਣੀ ਕਲਾ ਰਾਹੀਂ ਜੁੜੀ ਹੋਈ ਸੰਗਤ ਨੂੰ ਸੇਧ ਵੀ ਦੇ ਸਕਦੇ ਹਨ?

ਇਹ ਲੜਾਈ 'ਜੱਟਾਂ' ਦੀ ਨਹੀਂ ਹੈ, 'ਸਿੱਖਾਂ' ਦੀ ਵੀ ਨਹੀਂ! ਮਿਹਨਤਕਸ਼ ਵਰਗ ਦਾ ਡਾਢਿਆਂ ਖਿਲਾਫ ਸੰਗਰਾਮ ਹੈ। ਆਪਣੇ ਗੀਤਾਂ ਵਿਚ ਕਲਾਕਾਰਾਂ ਨੇ ਜਿਸ ਜੱਟ ਨੂੰ ਜ਼ਿੰਦਗੀ ਦੀਆਂ ਸਭ ਜਾਇਜ਼ ਨਾਜਾਇਜ਼ ਮੌਜਾਂ ਮਾਣਦਾ ਦਿਖਾਇਆ ਹੈ, ਕੀ 'ਉਸ ਜੱਟ' ਨਾਲ ਮਿਲਦਾ ਜੁਲਦਾ ਇਕ ਵੀ ਜੱਟ ਇਨ੍ਹਾਂ ਨੂੰ ਭਰਵੇਂ ਇਕੱਠਾਂ ਵਿਚ ਨਜ਼ਰ ਆਇਆ? ਜੇ ਨਹੀਂ ਆਇਆ ਤਾਂ ਭਲੇ ਮਾਣਸਾਂ ਦੀ ਤਰ੍ਹਾਂ ਉਨ੍ਹਾਂ ਗੀਤਾਂ ਅਤੇ ਪੇਸ਼ਕਾਰੀਆਂ ਲਈ ਮੁਆਫੀ ਤਾਂ ਮੰਗ ਹੀ ਲੈਣੀ ਚਾਹੀਦੀ ਹੈ। ਗੱਲ ਹੋਰ ਸਪਸ਼ਟ ਕਰਨ ਲਈ ਮੈਂ ਆਪਣੇ ਚਰਚਿਤ ਨਾਟਕ 'ਸੰਮਾਂ ਵਾਲੀ ਡਾਂਗ' ਦਾ ਆਰੰਭ ਤੁਹਾਡੇ ਨਾਲ ਸਾਂਝਾ ਕਰਦਾ ਹਾਂ। ਕਿਸਾਨ ਬਖਤਾਵਰ ਸਿੰਘ ਧਰਨੇ ਤੋਂ ਵਾਪਸ ਆ ਰਿਹਾ ਹੈ। ਉਸ ਦੇ ਇਕ ਹੱਥ ਵਿਚ ਡਾਂਗ ਹੈ। ਦੂਜੇ ਹੱਥ ਵਿਚ ਝੋਲਾ ਹੈ ਤੇ ਬਾਂਹ ਨਾਲ ਲਟਕਦੇ ਰੇਡੀਓ ਵਿਚ ਇਕ ਗੀਤ ਚੱਲ ਰਿਹਾ ਹੈ: 'ਪਰ੍ਹਾਂ ਹੋ ਜਾ ਜੱਟ ਆਉਂਦੇ ਆਂ, ਜੱਟ ਫੱਟੇ ਚੱਕ ਆਉਂਦੇ ਆ।' ਕਿਸਾਨ ਮੰਚ 'ਤੇ ਪਹੁੰਚ ਕੇ ਰੇਡੀਓ ਬੰਦ ਕਰਦਾ ਹੈ। ਉਸ ਦਾ ਪਹਿਲਾ ਸੰਵਾਦ ਇਸ ਤਰ੍ਹਾਂ ਦੇ ਗੀਤਾਂ ਬਾਰੇ ਤਬਸਰਾ ਹੈ:

'ਇਕ ਤਾਂ ਇਹ ਗਾਉਣ ਵਾਲੇ ਸਾਡੀ ਧੌਣ 'ਚ ਕੀਲਾ ਅੜਾਈ ਰੱਖਦੇ ਆ! ਅਖੇ ਪਰ੍ਹਾਂ ਹੋ ਜਾ ਜੱਟ ਆਉਂਦੇ ਆ! ਮੈਂ ਤਾਂ ਅੱਜ ਤਕ ਕਿਸੇ ਨੂੰ ਪਰ੍ਹਾਂ ਹੁੰਦਿਆਂ ਦੇਖਿਆ ਨਹੀਂ। ਜਿਹੜਾ ਦੇਖੋ ਕੰਜਰ ਦਾ ਸਿਰ ਨੂੰ ਚੜ੍ਹਿਆ ਆਉਂਦਾ!' ਕੁਝ ਸੰਵਾਦ ਅਦਾ ਕਰਨ ਤੋਂ ਬਾਅਦ ਉਹ ਫਿਰ ਰੇਡੀਓ ਦਾ ਬਟਨ ਮਰੋੜਦਾ ਹੈ ਤਾਂ ਇਕ ਹੋਰ ਅੱਥਰਾ ਗੀਤ ਕੰਨੀਂ ਪੈਂਦਾ ਹੈ: 'ਜਿੱਥੇ ਬੰਦਾ ਮਾਰ ਕੇ ਕਸੂਰ ਪੁੱਛਦੇ, ਜੱਟ ਉਸ ਪਿੰਡ ਨੂੰ 'ਬਲੌਂਗ' ਕਰਦਾ!' ਬਖਤਾਵਰ ਸਿੰਘ ਗਾਇਕ ਤੋਂ ਉਸ ਪਿੰਡ ਦਾ ਨਾਂ ਪਤਾ ਜਾਣਨਾ ਚਾਹੁੰਦਾ ਹੈ। ਅੱਜ ਉਹੀ ਗਾਇਕ ਕਿਸਾਨੀ ਸੰਘਰਸ਼ ਵਿਚ ਹਾਜ਼ਰੀ ਲੁਆਉਣ ਲਈ ਪੈਰਾਂ ਹੇਠ ਅੱਗ ਮਚਾਈ ਬੈਠਾ ਹੈ। ਉਹ ਕਿਹੜਾ ਤਰਕ ਹੈ ਜਿਸ ਦੇ ਸਹਾਰੇ ਕਿਸਾਨ ਆਗੂ ਉਸ ਗਾਇਕ ਨੂੰ ਮੰਚ ਤੋਂ ਸੱਦਾ ਦੇ ਦੇਣ। ਜਿਸ ਪਿੰਡ ਨੂੰ ਉਹ 'ਬਲੌਂਗ' ਕਰਦਾ ਹੈ, ਉਸ ਪਿੰਡ ਦੇ ਜੱਟਾਂ ਨੂੰ ਇਨ੍ਹਾਂ ਬਿੱਲਾਂ ਦੇ ਲਾਗੂ ਹੋਣ ਜਾਂ ਨਾ ਹੋਣ ਨਾਲ ਕੀ ਫਰਕ ਪੈਂਦਾ ਹੈ। ਇਨ੍ਹਾਂ ਗੱਲਾਂ ਨੂੰ ਹੱਸ ਕੇ ਨਹੀਂ ਟਾਲਿਆ ਜਾ ਸਕਦਾ। ਜ਼ਮੀਨੀ ਹਕੀਕਤਾਂ ਤੋਂ ਅਣਜਾਣ ਰਹਿ ਕੇ ਜਾਂ ਉਨ੍ਹਾਂ ਹਕੀਕਤਾਂ ਨੂੰ ਢੀਠਾਂ ਵਾਂਗ ਰੌਂਦ ਕੇ ਆਪਣੀ ਕਲਾ ਦੀ ਦੁਕਾਨ ਉਤੇ 'ਸਿਰਫ ਮਨੋਰੰਜਨ' ਦਾ ਫੱਟਾ ਲਗਾ ਦੇਣਾ ਸਭਿਅਕ ਸਮਾਜ ਨੂੰ ਕਿਵੇਂ ਕਬੂਲ ਹੋ ਸਕਦਾ ਹੈ?

ਯਾਦ ਕਰਨ ਦੀ ਲੋੜ ਹੈ ਕਿ ਜਦੋਂ ਦੂਜੀ ਸੰਸਾਰ ਜੰਗ ਵੇਲੇ ਇਨਸਾਨੀਅਤ ਦਾ ਘਾਣ ਹੋ ਰਿਹਾ ਸੀ, ਅਮਨ ਦੇ ਸੰਦੇਸ਼ ਦੀ ਲੋੜ ਸੀ ਤਾਂ ਕਲਾਕਾਰਾਂ ਨੇ ਜ਼ਿੰਮੇਵਾਰੀ ਸਮਝੀ ਸੀ ਤੇ 'ਇਪਟਾ' (ਇੰਡੀਅਨ ਪੀਪਲ'ਜ਼ ਥਿਏਟਰ ਐਸੋਸੀਏਸ਼ਨ) ਨਾਂ ਦੀ ਸੰਸਥਾ ਬਣਾਈ ਸੀ। ਕੈਫੀ ਆਜ਼ਮੀ, ਸੱਜਾਦ ਜ਼ਹੀਰ, ਖਵਾਜਾ ਅਹਿਸਾਨ ਅਬਾਸ, ਪੰਡਿਤ ਰਵੀ ਸ਼ੰਕਰ, ਅਨਿਲ ਸਿਲਵਾ, ਚੇਤਨ ਆਜ਼ਾਦ, ਬਲਰਾਜ ਸਾਹਨੀ, ਮੁਲਕ ਰਾਜ ਆਨੰਦ, ਸੁਰਿੰਦਰ ਕੌਰ, ਆਸਾ ਸਿੰਘ ਮਸਤਾਨਾ, ਪ੍ਰਿਥਵੀ ਰਾਜ ਕਪੂਰ, ਏ ਕੇ ਹੰਗਲ ਆਦਿ ਕਲਾਕਾਰਾਂ ਨੇ ਪਿੜ ਸੰਭਾਲਿਆ ਸੀ। ਭਾਰਤ ਚੀਨ ਜੰਗ ਹੋਈ ਤਾਂ ਅਮਨ ਕਾਨਫਰੰਸਾਂ ਹੁੰਦੀਆਂ। ਲੱਖਾਂ 'ਚ ਇਕੱਠ ਹੁੰਦੇ ਤੇ ਕਲਾਕਾਰ ਵਕਤ ਦੀ ਨਜ਼ਾਕਤ ਨੂੰ ਸਮਝਦੇ ਹੋਏ ਨਾਟਕ, ਓਪੇਰੇ, ਗੀਤ ਤਿਆਰ ਕਰਦੇ ਅਤੇ ਮਾਨਵਤਾ ਦੇ ਹਿੱਤ 'ਚ ਹੋਕਾ ਦਿੰਦੇ। ਉਨ੍ਹਾਂ ਕਲਾਕਾਰਾਂ ਦੀ ਵਿਰਾਸਤ ਸਾਡੇ ਅੰਗ ਸੰਗ ਹੈ। ਕਲਾਕਾਰ ਸਮਾਜ ਦਾ ਚੇਤੰਨ, ਸੰਵੇਦਨਸ਼ੀਲ ਤੇ ਫਿਕਰਮੰਦ ਵਰਗ ਹੁੰਦਾ ਹੈ। ਵਕਤ ਦੀ ਨਬਜ਼ ਸਮਝਣੀ ਵੀ ਜ਼ਰੂਰੀ ਹੈ ਪਰ ਨਾਲ ਹੀ ਸੰਘਰਸ਼ ਦਾ ਪਿਛੋਕੜ ਸਮਝਣਾ ਵੀ ਜ਼ਰੂਰੀ ਹੈ। ਕਾਰਪੋਰੇਟਾਂ ਦਾ ਹਮਲਾ ਕੋਈ ਅਚਨਚੇਤ ਪਾਸ ਕੀਤੇ ਬਿੱਲਾਂ ਨਾਲ ਨਹੀਂ ਹੋਇਆ। ਇਸੇ ਲਈ ਕਿਸਾਨ ਜਥੇਬੰਦੀਆਂ ਦੇ ਚਿਰਾਂ ਤੋਂ ਚੱਲਦੇ ਲੰਮੇ ਘੋਲ ਨੂੰ ਵੀ ਸਮਝਣਾ ਪਵੇਗਾ। ਸੰਘਰਸ਼ ਦੀ ਨੁਹਾਰ ਕਿਵੇਂ ਦੀ ਹੋਵੇ ਤਾਂ ਕਿ ਇਸ ਦੀ ਸਮਾਪਤੀ ਤੋਂ ਬਾਅਦ ਉਸਰਨ ਵਾਲੀਆਂ ਨਵੀਆਂ ਪ੍ਰਵਿਰਤੀਆਂ ਮਨੁੱਖ-ਪੱਖੀ ਹੋਣ, ਇਸ ਦਾ ਗਿਆਨ ਹੋਣਾ ਜ਼ਰੂਰੀ ਹੈ। ਇਸ ਲੜਾਈ 'ਚ ਕਲਾਕਾਰਾਂ ਦੀ ਹਾਜ਼ਰੀ, ਜਵਾਨੀ ਦਾ ਠਾਠਾਂ ਮਾਰਦਾ ਦਰਿਆ ਹਰ ਲੋਕ ਪੱਖੀ ਹਿਰਦੇ ਨੂੰ ਠੰਢ ਪਹੁੰਚਾ ਰਿਹਾ ਹੈ। ਕਲਾਕਾਰਾਂ ਕੋਲ ਅਥਾਹ ਸ਼ਕਤੀ ਹੁੰਦੀ ਹੈ। ਇਸ ਸ਼ਕਤੀ ਨਾਲ ਜਾਣਕਾਰੀ ਤੇ ਦੂਰਅੰਦੇਸ਼ੀ ਸਮਝ ਦੀ ਭਗਤੀ ਵੀ ਜ਼ਰੂਰੀ ਹੈ।

ਜਨਤਕ ਸੰਘਰਸ਼ਾਂ ਲਈ ਜੋਸ਼ ਦੀ ਲੋੜ ਹੁੰਦੀ ਹੈ, ਉਵੇਂ ਹੀ ਹੋਸ਼ ਵੀ ਜ਼ਰੂਰੀ ਹੁੰਦਾ ਹੈ। ਅੱਜ ਇਹ ਸੰਘਰਸ਼ ਜਾਤਾਂ, ਫਿਰਕਿਆਂ, ਧਰਮਾਂ, ਨਸਲਾਂ ਤੋਂ ਉਪਰ ਉਠ ਕੇ ਲੜਿਆ ਜਾ ਰਿਹਾ ਹੈ। ਇਸ ਲਈ ਕਲਾਕਾਰਾਂ ਨੂੰ ਆਪਣੀਆਂ ਤਕਰੀਰਾਂ ਅਤੇ ਨਾਅਰਿਆਂ ਵਿਚ ਸੰਜਮ ਵਰਤਣ ਦੀ ਲੋੜ ਹੈ। ਦੇਸ਼ ਅੰਦਰ ਹਰ ਇਨਸਾਫ ਪਸੰਦ ਆਵਾਜ਼ ਦਬਾਈ ਜਾ ਰਹੀ ਹੈ, ਮਜ਼ਦੂਰ ਸੜਕਾਂ 'ਤੇ ਰੁਲਦਾ ਅਸੀਂ ਸਾਰਿਆਂ ਦੇਖਿਆ ਹੈ, ਬੱਚੀਆਂ ਨਾਲ ਹੁੰਦੀ ਖੇਹ ਖਰਾਬੀ ਸਾਡੇ ਸਮਿਆਂ ਦਾ ਸਭ ਤੋਂ ਘਿਨਾਉਣਾ ਸੱਚ ਹੈ, ਮੁਲਾਜ਼ਮਾਂ ਦੀਆਂ ਤਨਖਾਹਾਂ ਨਹੀਂ ਮਿਲ ਰਹੀਆਂ, ਵਿਦਿਆਰਥੀ ਫੀਸ ਦੇਣ ਤੋਂ ਅਸਮਰੱਥ ਹਨ, ਉਪਜਾਊ ਮਿੱਟੀ ਕੈਂਸਰ ਗ੍ਰਸਤ ਹੋ ਗਈ ਹੈ। ਇਹ ਲੜਾਈ ਉਸ ਵੱਡੀ ਲੜਾਈ ਦਾ ਹਿੱਸਾ ਹੈ ਤੇ ਇਸ ਨੂੰ ਉਸ ਦਾ ਹਿੱਸਾ ਸਮਝ ਕੇ ਹੀ ਲੜਿਆ ਜਾਣਾ ਚਾਹੀਦਾ ਹੈ। ਕਲਾਕਾਰ ਸਮਾਜ ਰੂਪੀ ਸਰੀਰ ਦਾ ਹਿੱਸਾ ਹਨ। ਇਹ ਲੜਾਈ ਕਿਸੇ ਇਕ ਅੰਗ ਦੀ ਨਹੀਂ, ਇਸ ਨੂੰ ਵੱਡੀ ਕਰਨ 'ਚ ਕਲਾਕਾਰ ਅਹਿਮ ਭੂਮਿਕਾ ਨਿਭਾ ਸਕਦੇ ਹਨ। ਕਲਾ ਦੀ ਵੀ ਆਪਣੀ ਸਿਆਸਤ ਹੁੰਦੀ ਹੈ ਪਰ ਖਿਆਲ ਰਹੇ ਕਿ ਮੌਕਾਪ੍ਰਸਤ ਲੀਡਰਾਂ ਦੀ ਸਿਆਸਤ ਹੋਰ ਹੁੰਦੀ ਹੈ ਤੇ ਮਿਹਨਤਕਸ਼ ਜਨਤਾ ਦੇ ਹੱਕੀ ਘੋਲ ਦੀ ਸਿਆਸਤ ਹੋਰ ਹੁੰਦੀ ਹੈ। ਆਓ ਸੁਚੱਜੀ, ਸਾਰਥਕ ਅਤੇ ਰਚਨਾਤਮਕ ਸਿਆਸਤ ਕਰੀਏ!



*ਕਿਸਾਨੀ ਬਾਰੇ ਨਾਟਕ 'ਸੰਮਾਂ ਵਾਲੀ ਡਾਂਗ' ਵਿਚ ਡਾ. ਸਾਹਿਬ ਸਿੰਘ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਅਕਤੂਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-452



*ਹੱਕਾਂ ਲਈ ਲੜੀਏ, ਇਤਿਹਾਸ ਹੈ ਗਵਾਹ।*
*ਹਿੰਮਤ ਨਾਲ ਤੁਰੀਏ, ਬੇਸ਼ਕ ਔਖਾ ਰਾਹ।*

## ਕੈਪਸ਼ਨ ਮੁਕਾਬਲਾ-450



ਟਰੈਕਟਰ, ਟਰਾਲੀ ਆ ਗਏ,
ਬਲਦਾਂ ਵਾਲੇ ਗੱਡੇ ਹੋਏ ਬੇ-ਕਾਰ।
ਸ਼ਿੰਗਾਰ ਕੇ ਨੁੱਕਰੇ ਖੜ੍ਹਾਇਆ,
ਕਿੱਧਰੇ ਵਿਰਸਾ ਦੇਈਏ ਨਾ ਵਿਸਾਰ।
**-ਦਵਿੰਦਰ ਕੌਰ**

---

ਘਰ ਤੇ ਖੇਤ ਦਾ ਜੋ ਸ਼ਿੰਗਾਰ ਹੁੰਦਾ ਸੀ
ਅੱਜ ਬਣਿਆ ਸ਼ੋਅ-ਪੀਸ।
ਪਰ ਫਿਰ ਵੀ ਹੈ ਧਰਵਾਸ ਦਿਲ ਨੂੰ
ਇਸ ਸ਼ੋਅ-ਪੀਸ ਦੀ ਨਹੀਂ ਕੋਈ ਰੀਸ।
**-ਇੰਦਰਜੀਤ ਮੰਗਾ, ਪਿਟਸਬਰਗ**

---

ਰੰਗ ਰੰਗੀਲੀਆਂ ਗੱਡੀਆਂ-ਗੱਡੇ
ਜੋ ਹੁੰਦੇ ਸੀ ਖਾਸ।
ਵਕਤ ਦੀ ਚਾਲ ਨੇ ਬਣਾ ਦਿੱਤਾ
ਸੰਦਾਂ ਨੂੰ ਇਤਿਹਾਸ।
**-ਸੇਵਾ ਸਿੰਘ ਨੂਰਪੁਰੀ**

---

ਹੁੰਦੀ ਸੀ ਕਿਸਾਨੀ ਦੀ ਵੱਖਰੀ ਟੌਹਰ
ਬਲਦਾਂ ਵਾਲੇ ਗੱਡਿਆਂ ਦਾ ਸੀ ਜਦ ਦੌਰ।
ਕਿਸਾਨੀ ਤੇ ਜਵਾਨੀ ਨੂੰ ਨੇਤਾ ਖਾ ਗਏ
ਪੰਜਾਬੀ ਵਿਰਸਾ ਹੁਣ ਭਈਏ ਖਾ ਗਏ।
**-ਵਿਨੋਦ ਗਰਗ, ਬਰਨਾਲਾ**

---

ਵਿਰਾਸਤ ਵਾਲਾ ਹੇਜ ਹੈ ਆਉਂਦਾ
ਬੱਸ, ਯਾਦਾਂ ਨੂੰ ਸਮਝਾ ਲੈਨੇ ਆਂ।
ਸ਼ੋਅ-ਪੀਸ ਖਿਡਾਉਣੇ ਵੇਖ ਵੇਖ
ਚਿੱਤ ਆਪਣਾ ਪ੍ਰਚਾਅ ਲੈਨੇ ਆਂ।
**-ਜਗਮੀਤ ਸਿੰਘ ਪੰਧੇਰ**

---

ਬਲਦ, ਹਲਟ ਤੇ ਬੋਤੇ ਗੱਡੇ
ਹੋਈਆਂ ਕੱਲ ਦੀਆਂ ਗੱਲਾਂ।
ਜੱਟ ਨਾ ਮਿਟ'ਜੇ ਨਕਸ਼ੇ ਉਤੋਂ
ਜਿਸ ਮਾਰੀਆਂ ਵੱਡੀਆਂ ਮੱਲਾਂ।
**-ਕੇਵਲ ਸਿੰਘ ਪੰਧੇਰ**

---

ਵੇ ਬਾਪੂ ਹੁਣ ਖੇਡ ਬਣਿਆ
ਤੇਰਾ ਦੋ ਬੱਲਦਾਂ ਵਾਲਾ ਗੱਡਾ।
ਖੁਸ ਗਏ ਮੁਰੱਬੇ ਹੱਥਾਂ 'ਚੋਂ,
ਹੁਣ ਰਿਹਾ ਨਾ ਜ਼ਿਮੀਂਦਾਰ ਵੱਡਾ।
**-ਗੁਰਵੀਰ ਕੌਰ ਛਾਜਲਾ**

---

ਕਿਸੇ ਵੇਲੇ ਪੂਰੀ ਠੁੱਕ ਹੁੰਦੀ ਸੀ,
ਅੱਜ ਪੁਛਦਾ ਨਾ ਕੋਈ ਮਿੱਤਰੋ।
ਅਗਲੀ ਪੀੜ੍ਹੀ ਲਈ ਰੱਖੀ ਸਾਂਭ ਕੇ,
ਵਿਰਸੇ ਦੀ ਮਿੱਠੀ ਖੁਸ਼ਬੋਈ ਮਿੱਤਰੋ।
**-ਮੂਲ ਚੰਦ ਸ਼ਰਮਾ, ਪਿੰਡ ਰੰਚਣਾ**

---

ਹੱਥੀਂ ਕੰਮ ਜੋ ਛੱਡ ਗਏ
ਇਹ ਘਾਟਾ ਬਾਹਲਾ ਵੱਡਾ,
ਮੇਲਿਆਂ ਜੋਗਾ ਰਹਿ ਗਿਆ
ਬਸ ਬਲਦਾਂ ਵਾਲਾ ਗੱਡਾ
**-ਜਤਿੰਦਰ ਭੁੱਚੋ**

---

ਦੇਖੀਂ ਵਾਪਿਸ ਫਿਰ ਆਵੇਗਾ
ਇਕ ਦਿਨ ਇਹ ਹੀ ਗੱਡਾ।
ਮੁੜ ਬੈਲਾਂ ਦੇ ਨਾਲ ਸਜੇਗਾ
ਇਕ ਦਿਨ ਇਹ ਹੀ ਗੱਡਾ।
**-ਬਲਜਿੰਦਰ ਸਿੰਘ ਬਾਲੀ ਰੇਤਗੜ੍ਹ**

---

ਸਭ ਹੱਥਦਸਤ ਔਜਾਰ ਖੇਤੀ ਦੇ
ਗੱਡੇ-ਗੱਡੀਆਂ, ਬੇਲਣੇ ਖੂੰਜੇ ਪਏ ਤਰਸਦੇ।
ਟਰੈਕਟਰ, ਨਵੀਂ ਮਸ਼ੀਨਰੀ ਛਾ ਗਈ
ਘਰ ਘਰ ਪੱਸਰੀਆਂ ਅਲਾਮਤਾਂ।
**-ਦਰਸ਼ਨਪਾਲ ਦੋਸਾਂਝ**

---

ਰੰਗਲਾ ਗੱਡਾ ਨਿੱਤ ਸੁਪਨੇ ਵਿਚ ਆਵੇ।
ਟੱਲੀ ਦੀ ਟੁਣਕਾਰ ਨਾਲ ਨੀਂਦ ਖੁੱਲ੍ਹ ਜਾਵੇ।
ਦਾਦਾ, ਗੱਡਾ ਤੇ ਬਲਦ ਵੀ ਖੋਲ੍ਹ ਲੈ ਆਵੇ।
ਕਾਸ਼! ਉਹ ਦਿਨ ਕੋਈ ਜੇ ਮੋੜ ਲੈ ਆਵੇ।
**-ਕਰਮਜੀਤ ਕੌਰ ਸਮਾਓ, ਮਾਨਸਾ**

---

ਬਲਦਾਂ ਨਾਲ ਜਦ ਬਾਪੂ ਹਲ ਵਾਹੁੰਦਾ
ਖੇਤੀਂ ਜੂਝੇ ਜਿੰਦ ਬਾਪੂ ਦੀ 'ਕੱਲੀ।
ਲੋਕੀਂ ਭੁੱਲ ਜਾਣ ਭਾਵੇਂ, ਸਾਨੂੰ ਚੇਤੇ,
ਬਲਦਾਂ ਦੀ ਜੋੜੀ, ਗੱਡਾ, ਦਾਤੀ ਪੱਲੀ।
**-ਪਿਰਤੀ ਸ਼ੇਰੋਂ**

---

ਬਹੁ-ਮੰਤਵੀ ਸੀ ਵਹੀਕਲ 'ਗੱਡਾ'
ਇੰਜਣ ਬਣਦੇ ਸੀ ਬਲਦ ਨਗੌਰੀ।
ਪੱਟ 'ਤੇ ਬੈਠ ਸੀ ਪਾਇਲਟ ਚਲਾਉਂਦੇ,
ਨਾਨਕਾ ਮੇਲ ਦੀ ਗੱਡੀ ਟੌਹਰੀ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**

# ਦੋਹੇ ਦਾ ਉਸਤਾਦ ਕਵੀ-ਬਲਬੀਰ ਸਿੰਘ ਭੁਮੇਲੀ

ਦੋਹਾ ਅਕਾਰ ਦੇ ਪੱਖ ਤੋਂ ਸਭ ਤੋਂ ਛੋਟਾ ਕਾਵਿ ਰੂਪ ਹੈ। ਪਹਿਲੀ ਸਤਰ ਵਿਚ ਜਗਿਆਸਾ ਦਾ ਆਗਾਜ਼ ਹੁੰਦਾ ਹੈ ਤੇ ਦੂਜੀ ਸਤਰ ਵਿਚ ਅਰਥਾਂ ਦਾ ਵਿਸਫੋਟ ਹੁੰਦਾ ਹੈ। ਪੰਜਾਬੀ ਸਾਹਿਤ ਨੂੰ ਵਾਚਦਿਆਂ ਇਹ ਤੱਥ ਸਾਹਮਣੇ ਆਏ ਹਨ ਕਿ ਲੋਕ ਗੀਤਾਂ ਵਿਚ ਵੀ ਦੋਹੇ ਕਹੇ ਜਾਂਦੇ ਸਨ। ਵਿਆਹ ਦੇ ਵੇਲੇ ਲਾੜੇ ਨੂੰ ਦੋਹੇ ਸੁਣਾਉਣ ਲਈ ਕਿਹਾ ਜਾਂਦਾ ਸੀ। ਜੇ ਨਾ ਸੁਣਾ ਸਕੇ ਤਾਂ ਹਾਰਿਆ ਮੰਨਿਆ ਜਾਂਦਾ ਸੀ। ਆਦਿ ਬਾਣੀ ਕਾਰ ਬਾਬਾ ਫਰੀਦ ਜੀ ਦੇ ਵੀ ਦੋਹੇ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ, ਜਿਨ੍ਹਾਂ ਦੀ ਵਜ੍ਹਾ ਕਰਕੇ ਬਾਬਾ ਫਰੀਦ ਸਾਡੇ ਮਨ ਮੰਦਿਰ ਵਿਚ ਬੈਠੇ ਹਨ। ਸਾਡੇ ਗੁਰੂ ਸਾਹਿਬਾਨ ਨੇ ਵੀ ਇਸ ਪੁਰਾਤਨ ਕਾਵਿ ਸ਼ੈਲੀ ਨੂੰ ਜੀਵਤ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਦੋਹੇ ਦਰਜ ਕੀਤੇ ਹਨ। ਆਧੁਨਿਕ ਸਮੇਂ ਵਿਚ ਬਹੁਤ ਘੱਟ ਕਵੀਆਂ ਨੇ ਇਸ ਕਾਵਿ ਰੂਪ ਨੂੰ ਆਪਣੀ ਸਿਰਜਣਾ ਦਾ ਮਾਧਿਅਮ ਬਣਾਇਆ ਹੈ। ਕਾਰਨ ਇਹ ਹੈ ਕਿ ਇਸ ਕਾਵਿ ਰੂਪ ਲਈ ਖਿਆਲ ਦੇ ਨਾਲ ਚਿੰਤਨ ਤੇ ਤੋਲ ਤੁਕਾਂਤ ਦਾ ਪੂਰਾ ਖਿਆਲ ਰੱਖਣਾ ਪੈਂਦਾ ਹੈ। ਦੋਹੇ ਵਿਚ ਆਮ ਤੌਰ 'ਤੇ ਅਟੱਲ ਸੱਚਾਈ ਕਿਸੇ ਵੱਡੀ ਸਮੱਸਿਆ



**ਪ੍ਰੋ. ਨਿਰੰਜਨ ਸਿੰਘ ਢੇਸੀ**

ਤੇ ਕਿਸੇ ਗਿਆਨ ਦਾ ਗਹਿਰਾਈ ਤੇ ਘਣਤਾ ਵਿਚ ਵਿਖਿਆਨ ਹੁੰਦਾ ਹੈ। ਦੋਹਾ ਅਸਲ 'ਚ ਦੋਹਰੇ ਦਾ ਹੀ ਸੰਖੇਪ ਰੂਪ ਹੁੰਦਾ ਹੈ।

ਬਲਵੀਰ ਸਿੰਘ ਭੁਮੇਲੀ ਵਿਚਾਰਧਾਰਕ ਤੌਰ 'ਤੇ ਬੜੀ ਸਾਫ ਦ੍ਰਿਸ਼ਟੀ ਦਾ ਮਾਲਕ ਹੈ। ਉਸ ਨੇ ਇਸ ਕਾਵਿ ਰੂਪ ਸ਼ੈਲੀ ਵਿਚ ਪੂਰੀ ਪੁਸਤਕ ਹੀ ਪਾਠਕ ਦੀ ਨਜ਼ਰ ਕੀਤੀ ਹੈ। ਦੋਹੇ ਕਾਵਿ ਰੂਪ ਨਾਲ ਉਸ ਦਾ ਭਾਵਨਾਤਮਕ ਲਗਾਉ ਹੈ। ਦੋਹੇ ਦੀ ਰਚਨਾ ਕੀਤੇ ਬਿਨਾ ਉਸ ਨੂੰ ਨੀਂਦ ਨਹੀਂ ਆਉਂਦੀ। ਦੋਹੇ ਕਾਵਿ ਰੂਪ ਨਾਲ ਉਸ ਦਾ ਲਗਾਉ ਸਮਝ ਆਉਂਦਾ ਹੈ, ਕਿਉਂਕਿ ਉਹ ਜ਼ਿੰਦਗੀ ਬਾਰੇ ਸੰਜੀਦਗੀ ਭਰੇ ਸਵਾਲ ਖੜ੍ਹੇ ਕਰਦਾ ਹੈ। ਸਮੁੱਚੀ ਕਾਇਨਾਤ ਬਾਰੇ ਵਿਚਾਰਧਾਰਕ ਤੌਰ 'ਤੇ ਸੋਚਦਾ ਹੈ। ਪੁਸਤਕ ਦਾ ਸਿਰਲੇਖ 'ਮੈਂ ਮਿੱਟੀ ਦਾ ਰੂਪ' ਅਸਲ ਵਿਚ ਇਕ ਦੋਹੇ ਦਾ ਹੀ ਵਾਕੰਸ਼ ਹੈ। ਮਿੱਟੀ ਦੀ ਮਨੁੱਖੀ ਜੀਵਨ ਵਿਚ ਹੀ ਨਹੀਂ, ਸਮੁੱਚੀ ਕਾਇਨਾਤ ਵਿਚ ਹੀ ਸਾਰਥਕਤਾ ਨਜ਼ਰ ਆਉਂਦੀ ਹੈ। ਮਿੱਟੀ ਨਾ ਹੁੰਦੀ ਤਾਂ ਧਰਤੀ ਵੀ ਨਹੀਂ ਸੀ ਹੋਣੀ। ਮਿੱਟੀ ਹੀ ਹੈ, ਜੋ ਪੌਣ ਪਾਣੀ ਤੇ ਤਪਸ਼ ਦੇ ਸੰਜੋਗ ਨਾਲ ਜੀਵਨ ਸਿਰਜਦੀ ਹੈ। ਬਾਬਾ ਸ਼ੇਖ ਫਰੀਦ ਜੀ ਵੀ ਮਨੁੱਖ ਤੇ ਮਿੱਟੀ ਦੇ ਸਬੰਧ ਵਿਚ ਕਥਨ ਕਰਦੇ ਹਨ ਕਿ ਮਿੱਟੀ ਹੀ ਹਰ ਵਸਤੂ ਦਾ ਮੂਲ ਹੈ। ਮਿੱਟੀ ਨੂੰ ਕਦੇ ਵੀ ਨਫਰਤ ਨਹੀਂ ਕਰਨੀ ਚਾਹੀਦੀ। ਮਿੱਟੀ ਨੂੰ ਆਧਾਰ ਬਣਾ ਕੇ ਮਨੁੱਖ ਨੂੰ ਹੰਕਾਰ ਤੇ ਨਫਰਤ ਤੋਂ ਮੁਕਤ ਹੋਣ ਲਈ ਪ੍ਰੇਰਿਤ ਕਰਦਿਆਂ ਆਖਦੇ ਹਨ,

ਫਰੀਦ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥

ਆਮ ਤੌਰ 'ਤੇ ਵਿਚਾਰ ਦਾ ਸਮੇਂ ਤੇ ਸਥਾਨ ਨਾਲ ਬੱਝਾ ਹੋਣਾ ਹੀ ਵਿਸ਼ਵ ਵਿਆਪੀ ਹੁੰਦਾ ਹੈ। ਮਾਟੀ ਕੋ ਪੁਤਰਾ ਕੈਸੇ ਨਚਤ ਹੈ ਤੇ ਮਾਟੀ ਖੁਦੀ ਕਰੇਂਦੀ ਯਾਰ ਮਾਟੀ ਖੁਦੀ ਕਰੇਂਦੀ ਵਰਗੇ ਵਿਚਾਰ ਵੀ ਮਿੱਟੀ ਦੀ ਪਰਪੱਕਤਾ ਨੂੰ ਦਰਸਾਉਂਦੇ ਹਨ ਅਤੇ ਜ਼ਿੰਦਗੀ ਨੂੰ ਨਿਮਰਤਾ ਨਾਲ ਜਿਉਣ ਤੇ ਮੌਤ ਨੂੰ ਚੇਤੇ ਵਿਚ ਰੱਖਣ ਲਈ ਪ੍ਰੇਰਿਤ ਕਰਦੇ ਹਨ।

ਬਲਵੀਰ ਸਿੰਘ ਭੁਮੇਲੀ ਚਿੰਤਨ ਦਾ ਵਿਲੱਖਣ ਪੱਖ ਪੇਸ਼ ਕਰਦਿਆਂ ਇਹ ਪਰਗਟ ਕਰਦਾ ਹੈ ਕਿ ਮਿੱਟੀ ਹੀ ਜੀਵਨ ਦੀ ਸਿਰਜਕ ਹੈ,

ਮੈਂ ਮਿੱਟੀ ਦਾ ਰੂਪ ਹਾਂ, ਮਿੱਟੀ ਮੇਰੀ ਜਾਨ,
ਮਿੱਟੀ ਮਿੱਟੀ ਵਾਲਦੀ, ਮਿੱਟੀ ਦਾ ਇਨਸਾਨ।

ਇਸ ਦੋਹੇ ਵਿਚ ਹੀ ਨਹੀਂ, ਹੋਰ ਦੋਹਿਆਂ ਵਿਚ ਵੀ ਮਿੱਟੀ ਦੀ ਸਿਰਜਕ ਸ਼ਕਤੀ ਨੂੰ ਸਕਾਰਾਤਮਕ ਰੂਪ ਵਿਚ ਪੇਸ਼ ਕੀਤਾ ਗਿਆ ਹੈ,

ਮਿੱਟੀ ਮਿੱਟੀ ਆਖ ਕੇ, ਕਿਉਂ ਕਰਦੈਂ ਬਦਨਾਮ।
ਮਿੱਟੀ ਨਾਲ ਹੀ ਮਹਿਕਦੇ, ਫੁੱਲ ਫਲ ਰੁੱਖ ਇਨਸਾਨ।

ਕਵੀ ਦਾ ਮੱਤ ਹੈ ਕਿ ਸਮੁੱਚੀ ਜੈਵਿਕ ਹੋਂਦ ਮਿੱਟੀ ਦਾ ਹੀ ਰੂਪਾਂਤਰ ਹੈ,

ਮਿੱਟੀ ਮਿੱਟੀ ਆਖ ਨਾ, ਮਿੱਟੀ ਨਹੀਂ ਬੇਜਾਨ।
ਮਿੱਟੀ 'ਚੋਂ ਹੀ ਉਪਜਦੇ, ਰੁੱਖ ਪੰਛੀ ਇਨਸਾਨ।

ਗੁਰਮਤਿ ਚਿੰਤਨ ਦੇ ਅਧਿਆਤਮਕ ਤੇ ਵਿਗਿਆਨਕ ਪੱਖ ਤੋਂ ਇਹ ਅਟੱਲ ਸੱਚਾਈ ਹੈ ਕਿ ਸਮੁੱਚੀ ਸਿਰਜਣਾ ਦੀ ਆਧਾਰ ਸ਼ਿਲਾ ਮਿੱਟੀ ਹੀ ਹੈ। ਜਦੋਂ ਛੋਟਾ ਬੀਜ ਮਿੱਟੀ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਪਾਣੀ ਹਵਾ ਤੇ ਅਗਨੀ ਦੇ ਸੰਜੋਗ ਨਾਲ ਅਦੁੱਤੀ ਸਰੂਪ ਸਾਕਾਰ ਹੁੰਦਾ ਹੈ,

ਬੀਅ ਮਿੱਟੀ ਵਿਚ ਸੌਂ ਗਿਆ, ਲੈ ਕੇ ਬੁੱਧ ਬਿਬੇਕ।
ਫੁੱਲ ਬਣ ਕੇ ਫਿਰ ਮਿਲਿਆ, ਲੈ ਕੇ ਰੰਗ ਅਨੇਕ।

ਕਵੀ ਦਾ ਸੰਕੇਤ ਹੈ ਕਿ ਮਿੱਟੀ ਦੀ ਛੋਹ ਨਾਲ ਹੀ ਬੀਜ ਬੂਟੇ ਵਿਚ ਬਦਲਦਾ ਹੈ। ਉਹ ਰੰਗਾਂ ਦੀ ਵੰਨ-ਸੁਵੰਨਤਾ ਅਤੇ ਖੁਸ਼ਬੂ ਲੈ ਕੇ ਪਰਗਟ ਹੁੰਦਾ ਹੈ, ਜੋ ਅਰੂਪ ਹੈ ਤੇ ਨਿਰਾਕਾਰ ਹੈ। ਕਵੀ ਨਿਰ ਅਕਾਰ ਦੀ ਹੋਂਦ ਨੂੰ ਮਹਿਸੂਸ ਕਰਦਿਆਂ ਲਿਖਦਾ ਹੈ,

ਚਾਰ ਚੁਫੇਰੇ ਤੱਕਿਆ, ਕੋਈ ਨਹੀਂ ਹੈ ਪਾਸ।
ਫਿਰ ਵੀ ਤੇਰੀ ਹੋਂਦ ਦਾ, ਹੁੰਦਾ ਹੈ ਅਹਿਸਾਸ।

ਕਵੀ ਵਾਤਾਵਰਣ ਦੀ ਮਲੀਨਤਾ ਬਾਰੇ ਵੀ ਚਿੰਤਤ ਹੈ। ਮਨੁੱਖ ਬੇਥਵੇ ਵਿਕਾਸ ਨਾਲ ਵਿਨਾਸ਼ ਹੀ ਸਿਰਜ ਰਿਹਾ ਹੈ। ਮਨੁੱਖ ਦੀਆਂ ਆਪਹੁਦਰੀਆਂ ਨੇ ਉਸ ਨੂੰ ਕੁਰਾਹੇ ਪਾ ਦਿੱਤਾ ਹੈ। ਉਸ ਦੇ ਪੁੱਠੇ ਪੈਰੀਂ ਤੁਰਨ ਨਾਲ ਚੁਣੌਤੀਆਂ ਪੈਦਾ ਹੋ ਗਈਆਂ ਹਨ,

ਦਰਵੇਸ਼ ਜਿਹੇ ਰੁੱਖ ਵੱਢ ਨਾ, ਮੰਗਣ ਸਭ ਦੀ ਖੈਰ।
ਨਾ ਕੋਈ ਮਨ ਮਲਾਲ ਹੈ, ਨਾ ਕੋਈ ਮਨ ਵੈਰ।

ਕਵੀ ਕੁਦਰਤ ਦੇ ਸੋਮਿਆਂ ਦੀ ਸਰਬ ਵਿਆਪਕਤਾ ਨੂੰ ਮਹਿਸੂਸ ਕਰਦਿਆਂ ਲਿਖਦਾ ਹੈ,

ਚਿੜੀਆਂ ਨਾ ਸੀ ਚਹਿਕਣੇ, ਨਾ ਸੀ ਨੱਚਣੇ ਮੋਰ।
ਜੇ ਨਾ ਸੂਰਜ ਕੇਰਦਾ, ਚਾਨਣ ਦੀ ਇਕ ਪੋਰ।

ਕਵੀ ਦੀ ਪਹੁੰਚ ਬ੍ਰਹਿਮੰਡੀ ਹੈ, ਬ੍ਰਹਿਮੰਡੀ ਚੇਤਨਾ ਨਾਲੋਂ ਟੁੱਟਣ ਕਰਕੇ ਮਨੁੱਖ ਦੇ ਨੈਣ ਨਕਸ਼ ਕਰੂਪ ਹੋ ਗਏ ਹਨ। ਅਕਾਲ ਪੁਰਖ ਨੇ ਸਾਰੀਆਂ ਦਾਤਾਂ ਦੀ ਬਖਸ਼ਿਸ਼ ਸਾਰਿਆਂ ਨੂੰ ਦਿੱਤੀ ਹੈ, ਪਰ ਮਨੁੱਖ ਆਪ ਹੀ ਕੁਰਾਹੇ ਪੈ ਗਿਆ ਹੈ,

ਸਾਂਝੇ ਧਰਤ ਅਕਾਸ਼ ਨੇ, ਸਾਂਝੇ ਸਾਗਰ ਪੌਣ।
ਗਾਫਲ ਗਾਵੇ ਹਰ ਸਮੇਂ, ਤੇਰ ਮੇਰ ਦੇ ਗੌਣ।

ਅੱਜ ਸਾਰੇ ਰਿਸ਼ਤੇ ਨਾਤੇ ਖੁਦਗਰਜ਼ੀ ਦੀ ਲਾਲਸਾ ਵਿਚ ਖੇਰੂੰ ਖੇਰੂੰ ਹੋ ਰਹੇ ਹਨ। ਕਵੀ ਟੁੱਟਦੇ ਰਿਸ਼ਤਿਆਂ ਨੂੰ ਵੇਖ ਕੇ ਚਿੰਤਿਤ ਹੁੰਦਾ ਲਿਖਦਾ ਹੈ,

ਸੱਚੇ ਰਿਸ਼ਤੇ ਤੋੜਦਾ, ਬੇਰਹਿਮੀ ਦੇ ਨਾਲ।
ਮਾਇਆ ਵਿਚੋਂ ਆਦਮੀ, ਕਰਦਾ ਸੁੱਖ ਦੀ ਭਾਲ।

ਅਧਿਆਤਮਕ ਹੋਣ ਦਾ ਭਰਮ ਪਾਲੀ ਬੈਠੇ ਦਾਅਵੇਦਾਰਾਂ ਵਿਚ ਦੋਗਲਾਪਨ ਆ ਗਿਆ ਹੈ। ਕਵੀ ਕੂੜ ਕਬਾੜ ਦਾ ਸ਼ਿਕਾਰ ਹੋਏ ਅਖੌਤੀ ਧਾਰਮਿਕ ਪ੍ਰਚਾਰਕਾਂ ਉਤੇ ਵਿਅੰਗ ਕਰਦਿਆਂ ਲਿਖਦਾ ਹੈ,

ਸੁੰਦਰ ਚੋਲੇ ਪਹਿਨ ਕੇ, ਕਰਦੇ ਨੇ ਪ੍ਰਚਾਰ।
ਜੀਕਣ ਬਗਲੇ ਝੀਲ 'ਤੇ ਕਰਦੇ ਫਿਰਨ ਸ਼ਿਕਾਰ।

ਬਾਬਾ ਆ ਕੇ ਵੇਖ ਲੈ, ਦਰਵੇਸ਼ਾਂ ਦਾ ਹਾਲ।
ਲਾਲੋ ਪੈਰੀਂ ਰੋਲਿਆ, ਬਹਿੰਦੇ ਭਾਗੋ ਨਾਲ।

ਕਵੀ ਇਤਿਹਾਸਕ ਹਵਾਲਾ ਦੇ ਕੇ ਇਹ ਇੰਕਸ਼ਾਫ ਕਰਦਾ ਹੈ ਕਿ ਧਾਰਮਿਕ ਕੇਂਦਰਾਂ ਉਤੇ ਅਜਿਹੇ ਲੋਕ ਕਾਬਜ਼ ਹੋ ਗਏ ਹਨ, ਜਿਨ੍ਹਾਂ ਨੂੰ ਧਰਮ ਦੀ ਕੋਈ ਸੋਝੀ ਨਹੀਂ ਹੈ। ਅਜਿਹੇ ਲੋਕਾਂ ਨੇ ਧਰਮ ਦਾ ਵਿਪਾਰ ਕਰਨਾ ਵਿੱਢ ਲਿਆ ਹੈ। ਉਸ ਦਾ ਵਿਚਾਰ ਹੈ ਕਿ ਧਰਮ ਦੇ ਅਖੌਤੀ ਕੇਂਦਰ ਮੰਡੀ ਦਾ ਰੂਪ ਧਾਰਨ ਕਰ ਚੁਕੇ ਹਨ। ਅਧਿਆਤਮਕ ਚਿੰਤਨ ਅਲੋਪ ਹੋ ਗਿਆ ਹੈ। ਅਜਿਹੀ ਮਨ ਆਈ ਬਿਰਤੀ ਬਾਰੇ ਕਵੀ ਕੋਲ ਵਿਅੰਗ ਦੀ ਤਿੱਖੀ ਧਾਰ ਵਾਲੇ ਸ਼ਬਦ ਹਨ,

ਬਾਬਾ ਤੇਰੀ ਧਰਮਸ਼ਾਲ, ਬਣ ਗਈ ਇਕ ਵਪਾਰ।
ਜਿਨ੍ਹਾਂ ਦੇ ਹੱਥ ਡੋਰ ਹੈ, ਜਾਣਨ ਨਾ ਤੱਤ ਸਾਰ।

ਆਧੁਨਿਕਤਾ ਤੇ ਬਾਜ਼ਾਰੀ ਸਭਿਅਤਾ ਦੇ ਅਸਰ ਹੇਠ ਪਲ ਰਹੀ ਸਰਮਾਏਦਾਰੀ ਬੇਕਿਰਕ ਤੇ ਪ੍ਰਦੂਸ਼ਿਤ ਹੋ ਗਈ ਹੈ। ਬਲਵੀਰ ਸਿੰਘ ਇਹ ਸ਼ਿੱਦਤ ਨਾਲ ਅਨੁਭਵ ਕਰਦਾ ਹੈ ਕਿ ਅਖੌਤੀ ਆਧੁਨਿਕਤਾ ਤੇ ਮਸ਼ੀਨੀਕਰਨ ਨੇ ਮਨੁੱਖੀ ਰਿਸ਼ਤਿਆਂ ਨੂੰ ਤਹਿਸ-ਨਹਿਸ ਕਰ ਦਿੱਤਾ ਹੈ,

ਕੀਤੇ ਅਜ ਤਕਨੀਕ ਨੇ, ਕੈਸੇ ਕੰਮ ਹਜ਼ੂਰ।
ਬੰਦਿਉਂ ਬੰਦਾ ਹੋ ਗਿਆ, ਲੱਖਾਂ ਕੋਹਾਂ ਦੂਰ।
ਸਮੁੱਚੀ ਕੁਦਰਤ ਮਨੁੱਖ ਦੀਆਂ ਕਰਤੂਤਾਂ ਤੋਂ ਪ੍ਰੇਸ਼ਾਨ ਹੈ,
ਪੰਛੀ ਰੁੱਖ 'ਤੇ ਬੈਠ ਕੇ, ਕਰਦੇ ਸੀ ਗੱਲਬਾਤ।
ਬੰਦੇ ਜ਼ਹਿਰਾਂ ਘੋਲਦੇ ਪੌਣਾਂ ਵਿਚ ਦਿਨ ਰਾਤ।

ਤਕਨੀਕ ਨੇ ਮਨੁੱਖ ਨੂੰ ਗੁਲਾਮ ਬਣਾ ਕੇ ਇਕੱਲਾ ਕਰ ਦਿੱਤਾ ਹੈ। ਪਰਿਵਾਰ ਵਿਚ ਇਕੱਠੇ ਬੈਠਣ ਦੀ ਥਾਂ, ਹਰ ਜੀਅ ਨੇ ਆਪਣੀ ਆਪਣੀ ਨੁੱਕਰ ਮੱਲੀ ਹੋਈ ਹੈ। ਮਾਨਸਿਕ ਗਰੀਬੀ ਦਾ ਸ਼ਿਕਾਰ ਹੋਣ ਕਰਕੇ ਬੰਦਾ ਬੰਦੇ ਤੋਂ ਦੂਰ ਹੋ ਗਿਆ ਹੈ। ਭਾਈਚਾਰਾ ਤਿੜਕ ਗਿਆ ਹੈ। ਸਭਿਆਚਾਰਕ, ਸਮਾਜਕ ਤੇ ਪਰਿਵਾਰਕ ਗਰੀਬੀ ਦੀ ਅਮਰ ਵੇਲ ਨੇ ਲਪੇਟੇ ਮਾਰ ਲਏ ਹਨ। ਸਮਾਂ ਏਨਾ ਵਿਕਰਾਲ ਹੋ ਗਿਆ ਹੈ ਕਿ ਪਿਛਾਂਹ ਮੁੜਿਆ ਨਹੀਂ ਜਾ ਸਕਦਾ। ਅੱਗੇ ਅੱਗ ਤੇ ਪਿੱਛੇ ਹੜ੍ਹ ਦਾ ਪਾਣੀ ਵਾਲੀ ਸਥਿਤੀ ਹੋ ਗਈ ਹੈ। ਤਕਨੀਕ ਦੇ ਮਨੁੱਖ ਨੂੰ ਲਾਭ ਵੀ ਹੋਏ ਹਨ, ਪਰ ਇਸ ਦੀ ਵਰਤੋਂ ਤਰਕਹੀਣ ਹੋ ਗਈ ਹੈ। ਹਰ ਨਵੀਂ ਪ੍ਰਾਪਤੀ ਦੀ ਵਾਜਬ ਵਰਤੋਂ ਹੀ ਮਨੁੱਖ ਨੂੰ ਲੀਹ ਉਤੇ ਰੱਖ ਸਕਦੀ ਹੈ। ਲੀਹੋਂ ਲੱਥੀ ਗੱਡੀ ਭਿਆਨਕ ਹਾਦਸੇ ਦਾ ਸ਼ਿਕਾਰ ਹੁੰਦੀ ਹੈ। ਮਨੁੱਖ ਸਮੇਂ ਦਾ ਮਾਲਕ ਨਹੀਂ ਰਿਹਾ, ਸਗੋਂ ਇਸ ਦੀ ਗੁਲਾਮੀ ਭੋਗ ਰਿਹਾ ਹੈ। ਮਨੁੱਖ ਭਾਵਨਾ ਦੀ ਮੰਡੀ ਦਾ ਮਾਲ ਬਣ ਗਿਆ ਹੈ,

ਇਹ ਮੰਡੀ ਹੈ ਮੁੱਲ ਦੀ, ਮੁੱਲ ਦੀ ਹੈ ਹਰ ਬਾਤ।
ਤੋਲਾ ਤੋਲਾ ਦਿਨ ਵਿੱਕੇ, ਰੱਤੀ ਰੱਤੀ ਰਾਤ।

ਰਿਸ਼ਤਿਆਂ ਦੀ ਸਾਰਥਕਤਾ ਦੀ ਥਾਂ ਲਾਲਸਾ ਦੀ ਮਾਨਸਿਕਤਾ ਨੇ ਲੈ ਲਈ ਹੈ। ਬ੍ਰਹਿਮੰਡੀ ਦਾਤਾਂ ਦੀ ਪਛਾਣ ਭੁਲਾ ਕੇ ਮਨੁੱਖ ਲਾਲਸਾ ਵਿਚ ਗੁਆਚ ਗਿਆ ਹੈ। ਉਹ ਨਿਤਾਣਾਂ ਹੋ ਕੇ ਵਸਤੂ ਦਾ ਰੂਪ ਧਾਰ ਗਿਆ ਹੈ। ਉਸ ਦੇ ਜਿਉਂਦੇ ਹੋਣ ਦੇ ਚਿੰਨ ਅਲੋਪ ਹੋ ਗਏ ਹਨ,

ਕੈਸਾ ਝੱਖੜ ਝੁਲਿਆ, ਮਾਲੀ ਨੈਣੀਂ ਨੀਰ।
ਕਲੀਆਂ ਫੁੱਲ ਰੁਲ ਗਏ, ਕੌਣ ਬੰਧਾਵੇ ਧੀਰ।

ਬੰਦਾ ਮਸ਼ੀਨੀਕਰਨ ਹੋਣ ਕਰਕੇ ਆਪਣੇ ਆਪ ਦੀ ਪੜਚੋਲ ਕਰਨ ਦੇ ਸਮਰੱਥ ਨਹੀਂ ਰਿਹਾ। ਆਪਣੀ ਜੀਵਨ ਨਈਆ ਦਾ ਚੱਪੂ ਕਿਸੇ ਦੂਜੇ ਦੇ ਹੱਥ ਦੇ ਚੁਕਾ ਹੈ,




ਹੁਣ ਬਿਨ ਗੋਤੇ ਖਾਣ ਦੇ, ਚਾਰਾ ਨਾ ਹੀ ਹੋਰ।
ਜਿਸ ਕਿਸ਼ਤੀ ਵਿਚ ਬਹਿ ਗਿਉਂ, ਉਸ ਦੇ ਮਾਂਝੀ ਚੋਰ।

ਬੇਸ਼ੱਕ ਸਮਾਂ ਕਾਫੀ ਬਦਲ ਗਿਆ ਹੈ, ਪਰ ਔਰਤ ਅਜੇ ਤੱਕ ਵੀ ਸਮਾਜ ਦਾ ਨਖਿੱਧ ਤੇ ਕਮਜ਼ੋਰ ਅੰਗ ਸਮਝੀ ਜਾਂਦੀ ਹੈ। ਮਰਦ ਪ੍ਰਧਾਨ ਸਮਾਜ ਨੇ ਉਸ ਨੂੰ ਮਾਣਯੋਗ ਥਾਂ ਨਹੀਂ ਦਿੱਤੀ। ਹਿੰਦੂ ਮਿੱਥ ਅਨੁਸਾਰ ਉਹ ਪਾਪਾਂ ਦਾ ਮੂਲ ਸਮਝੀ ਜਾਂਦੀ ਹੈ। ਮਰਦ ਦੀਆਂ ਕਰਤੂਤਾਂ ਦਾ ਸਿੱਟਾ ਵੀ ਉਸ ਦੇ ਸਿਰ ਹੀ ਮੜ੍ਹਿਆ ਜਾਂਦਾ ਹੈ। ਸਿੱਖਾਂ ਵਿਚ ਗੁਰੂ ਨਾਨਕ ਦੇ ਪੈਗਾਮ ਦੇ ਬਾਵਜੂਦ ਉਸ ਨੂੰ ਬਰਾਬਰੀ ਦਾ ਦਰਜਾ ਨਹੀਂ ਦਿੱਤਾ ਗਿਆ। ਬਲਵੀਰ ਸਿੰਘ ਭੁਮੇਲੀ ਨੇ ਔਰਤ ਦੀ ਮਨੁੱਖੀ ਸਮਾਜ ਵਿਚ ਸਾਰਥਕਤਾ ਨੂੰ ਪਛਾਣਿਆ ਹੈ। ਉਹ ਔਰਤ ਦੇ ਹਰ ਰੂਪ ਨੂੰ ਆਦਰ ਨਾਲ ਦੇਖਦਾ ਹੈ। ਉਹ ਧੀਆਂ ਤੇ ਰੁੱਖਾਂ ਨੂੰ ਮਨੁੱਖੀ ਜ਼ਿੰਦਗੀ ਦੇ ਸੰਚਾਲਕ ਸਮਝਦਾ ਹੈ। ਰੁੱਖਾਂ ਬਿਨਾ ਜੀਵਨ ਸੰਭਵ ਨਹੀਂ। ਧੀਆਂ ਬਿਨਾ ਜ਼ਿੰਦਗੀ ਵਿਚ ਸਲੀਕਾ ਨਹੀਂ, ਨਾ ਹੀ ਜ਼ਿੰਦਗੀ ਦੀ ਲਗਾਤਾਰਤਾ ਤੇ ਨਿਰੰਤਰਤਾ ਹੈ। ਉਹ ਲਿਖਦਾ ਹੈ,

ਧੀਆਂ ਟੱਬਰ ਬੰਨਦੀਆਂ, ਧਰਤੀ ਬੰਨਣ ਰੁੱਖ।
ਧੀਆਂ ਤੇ ਰੁੱਖ ਸਾਂਭੀਏ, ਫਿਰ ਨਾ ਰਹਿਣੇ ਦੁੱਖ।

ਧੀਆਂ ਨੇ ਹੀ ਇਕ ਦਿਨ ਭੈਣਾਂ, ਪਤਨੀਆਂ ਤੇ ਮਾਂਵਾਂ ਬਣਨਾ ਹੁੰਦਾ ਹੈ। ਮਾਂ ਕਰਕੇ ਜੀਵਨ ਵਿਚ ਸਾਰਥਕਤਾ ਆਉਂਦੀ ਹੈ। ਮਾਂ ਜੀਵਨ ਦਾ ਮੂਲ ਹੈ। ਮਾਂ ਹਮੇਸ਼ਾ ਹੀ ਸਭਨਾਂ ਦੀ ਖੈਰ ਮੰਗਦੀ ਹੈ। ਮਾਂ ਦੇ ਪੈਰ ਮੰਦਿਰ ਤੋਂ ਵੱਧ ਪਵਿੱਤਰ ਹੁੰਦੇ ਹਨ-ਇਹ ਬਲਵੀਰ ਸਿੰਘ ਭੁਮੇਲੀ ਦਾ ਮੰਨਣਾ ਹੈ,

ਜੰਨਤ ਮੰਦਿਰ ਵਿਚ ਨਹੀਂ, ਜੰਨਤ ਮਾਂ ਦੇ ਪੈਰ।
ਤੁਰ ਕੇ ਮੰਦਿਰ ਜਾਂਵਦੀ, ਸਭ ਦੀ ਮੰਗਣ ਖੈਰ।

ਉਹ ਔਰਤ ਬਾਰੇ ਹੋਰ ਕਠੋਰ ਯਥਾਰਥ ਨੂੰ ਸਮਝਦਾ ਹੈ ਕਿ ਔਰਤ ਦੇ ਜੀਵਨ ਵਿਚ ਤਲਖ ਹਕੀਕਤਾਂ ਹਮੇਸ਼ਾ ਹੀ ਰਹਿੰਦੀਆਂ ਹਨ। ਇਥੋਂ ਤੱਕ ਕਿ ਆਜ਼ਾਦੀ ਤੇ ਬਰਾਬਰੀ ਦਾ ਹੋਕਾ ਦੇਣ ਵਾਲਿਆਂ ਦੇ ਮਨਾਂ ਵਿਚ ਵੀ ਔਰਤ ਦਾ ਦਰਜਾ ਬਰਾਬਰੀ ਵਾਲਾ ਨਹੀਂ ਹੈ। ਬਲਵੀਰ ਸਿੰਘ ਭੁਮੇਲੀ ਤਾਂ ਆਗੂਆਂ ਤੇ ਕਾਨੂੰਨ ਘਾੜਿਆਂ ਦੀ ਔਰਤ ਦੀ ਸੁਰੱਖਿਆ ਲਈ ਰੋਗੀ ਮਾਨਸਿਕਤਾ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ,

ਆਗੂ ਕੌਮ ਆਜ਼ਾਦ ਦੇ, ਕਹਿੰਦੇ ਸਭ ਕੁਝ ਠੀਕ।
ਪਰ ਔਰਤ ਅੰਦਰ ਰਹੇ, ਸੂਰਜ ਨਿਕਲਣ ਤੀਕ।

ਔਰਤ ਹੋ ਕੇ ਕੰਡਿਆਂ ਉਤੇ ਤੁਰਨ ਦੇ ਬਰਾਬਰ ਹੈ। ਜੋਗੀਆਂ ਤੇ ਬ੍ਰਾਹਮਣਾਂ ਵਿਚ ਔਰਤ ਨੂੰ ਬਹੁਤ ਘਿਨਾਉਣਾ ਦਰਜਾ ਦਿੱਤਾ ਜਾਂਦਾ ਰਿਹਾ ਹੈ। ਇਥੋਂ ਤੱਕ ਕਿ ਆਧੁਨਿਕ ਯੁੱਗ ਵਿਚ ਵੀ ਉਸ ਨਾਲ ਨਿਆਂ ਨਹੀਂ ਕੀਤਾ ਜਾਂਦਾ। ਮਨੂੰ ਸਿਮਰਤੀ ਅਨੁਸਾਰ ਤਾਂ ਇਥੋਂ ਤੱਕ ਫਤਵਾ ਦਿੱਤਾ ਹੈ ਕਿ ਔਰਤ ਦੀ ਮੁਕਤੀ ਉਦੋਂ ਤੱਕ ਨਹੀਂ ਹੋ ਸਕਦੀ, ਜਦੋਂ ਤੱਕ ਉਹ ਮਰਦ ਬਣ ਕੇ ਜਨਮ ਨਹੀਂ ਲੈ ਲੈਂਦੀ। ਮੁਸਲਿਮ ਸਮਾਜ ਵਿਚ ਤਿੰਨ ਤਲਾਕ ਵਰਗੇ ਰਵਾਇਤੀ ਕਾਇਦੇ ਅਜੇ ਵੀ ਨਿਭਾਏ ਜਾਂਦੇ ਹਨ। ਹਰ ਮਸਲੇ ਦੇ ਹੱਲ ਲਈ ਔਰਤ ਨੂੰ ਹੀ ਕੁਰਬਾਨੀ ਦੇਣੀ ਪੈਂਦੀ ਹੈ। ਸਮਾਜ ਵਿਚ ਵਿਚਰਦਿਆਂ ਉਸ ਨੂੰ ਮਰਦ ਦਾ ਹੀ ਸਹਾਰਾ ਲੈਣਾ ਪੈਂਦਾ ਹੈ। ਕਵੀ ਔਰਤ ਦੇ ਦੁੱਖ ਨੂੰ ਮਹਿਸੂਸ ਕਰਦਿਆਂ ਰੱਬ ਨੂੰ ਵੀ ਨਹੀਂ ਬਖਸ਼ਦਾ,

ਰੱਬਾ ਤੂੰ ਕੀ ਜਾਣਦੈ, ਕੀ ਔਰਤ ਦੇ ਲੇਖ।
ਇਕ ਔਰਤ ਦੀ ਕੁੱਖ ਵਿਚ, ਔਰਤ ਬਣ ਕੇ ਵੇਖ।

ਰਾਜਸੀ ਸੱਤਾ 'ਤੇ ਕਾਬਜ਼ ਧਿਰਾਂ ਦੀਆਂ ਮਨਮਾਨੀਆਂ ਬਾਰੇ ਵੀ ਕਵੀ ਚੇਤੰਨ ਹੈ। ਨਾਹਰੇ ਹੋਰ ਹਨ, ਹਕੀਕਤ ਕੁਝ ਹੋਰ ਹੈ। ਹਿੰਸਾ ਰੋਕਣ ਦੀਆਂ ਗੱਲਾਂ ਕਰਦੇ ਹਨ, ਪਰ ਆਪ ਉਹ ਹਰ ਤਰ੍ਹਾਂ ਦੀ ਹਿੰਸਾ ਕਰਦੇ ਹਨ। ਪਤਾ ਨਹੀਂ ਬਲਵੀਰ ਨੇ ਇਹ ਦੋਹਾ ਕਦੋਂ ਲਿਖਿਆ ਹੋਵੇਗਾ, ਪਰ ਅੱਜ ਵੀ ਭਾਰਤੀ ਵਿਵਸਥਾ ਦੇ ਕਰੂਪ ਚਿਹਰੇ ਨੂੰ ਨੰਗਿਆਂ ਕਰਨ ਵਾਲਾ ਹੈ,

ਹਿੰਸਾ ਰੋਕਣ ਵਾਸਤੇ, ਕਰਦੇ ਜੋ ਪ੍ਰਚਾਰ।
ਖੰਜਾਂ ਨਾਲ ਸਜਾ ਰਹੇ, ਘਰ ਦੀ ਹਰ ਦੀਵਾਰ।

ਕਵੀ ਪਾਰਦਰਸ਼ੀ ਦ੍ਰਿਸ਼ਟੀ ਰਾਹੀਂ ਰਾਜਸੀ ਵਿਖਾਵੇ ਦੀ ਚਿੱਟੀ ਚਾਦਰ ਥੱਲੇ ਲੁਕੀ ਹੋਈ ਕਰੂਪਤਾ ਨੂੰ ਬੇਬਾਕੀ ਨਾਲ ਨੰਗਿਆਂ ਕਰਦਾ ਹੈ। ਵਿਖਾਵੇ ਦੇ ਵਿਕਾਸ ਥੱਲੇ ਲੁਕੀਆਂ ਹੋਈਆਂ ਤਲਖ ਹਕੀਕਤਾਂ ਨੂੰ ਜਾਣਦਾ ਅਤੇ ਪਛਾਣਦਾ ਹੈ ਤੇ ਪੇਸ਼ ਕਰਦਾ ਹੈ,

ਮੁਲਕ ਤਰੱਕੀ ਕਰ ਗਿਆ, ਲੱਭੇ ਕਿਤਨੇ ਸੁੱਖ।
ਬੱਚੇ ਪੱਥਰ ਤੋੜਦੇ, ਤੋੜੇ ਫੁੱਲ ਮਨੁੱਖ।

ਸਮੁੱਚੇ ਉਸਾਰ ਵਿਚ ਜੋ ਮਲੀਨਤਾ ਪਨਪ ਗਈ ਹੈ, ਕਵੀ ਉਸ ਬਾਰੇ ਚਿੰਤਿਤ ਹੈ। ਸਮਾਜ, ਰਾਜ, ਸਭਿਆਚਾਰ, ਭਾਈਚਾਰੇ ਦੀ ਤਸਵੀਰ ਉਤੇ ਕਾਲੇ ਧੱਬੇ ਹਨ। ਧਰਮ ਵੀ ਵਿਖਾਵੇ ਤੇ ਪਖੰਡਤਾ ਦਾ ਸ਼ਿਕਾਰ ਹੋ ਗਿਆ ਹੈ, ਧਰਮ ਦਾ ਸਹਿਜ ਅਤੇ ਸੂਹਜ ਨਾਲੋਂ ਨਾਤਾ ਟੁੱਟ ਗਿਆ ਹੈ। ਧਰਮ ਦੀ ਸਹੀ ਦਿਸ਼ਾ ਤੇ ਦਸ਼ਾ ਦਾ ਸੰਤੁਲਨ ਵਿਗੜ ਗਿਆ ਹੈ। ਕਵੀ ਆਪਣੇ ਧੁਰ ਅੰਦਰ ਤੱਕ ਇਹ ਵਿਗੜਿਆ ਸੰਤੁਲਨ ਮਹਿਸੂਸ ਕਰਦਾ ਹੈ ਤੇ ਲਿਖਦਾ ਹੈ,

ਮੰਦਿਰੀਂ ਵੱਜਣ ਟੱਲੀਆਂ, ਮਸਜਿਦ ਵਿਚ ਆਜ਼ਾਨ।
ਫਿਰ ਵੀ ਥਾਂ ਥਾਂ ਹੋ ਰਹੇ, ਬੰਦੇ ਲਹੂ ਲੁਹਾਣ।

ਕਵੀ ਅੰਦਰਲੀ ਨਫਰਤ ਨੂੰ ਖਤਮ ਕਰਨ ਦੇ ਸੰਕੇਤ ਦਿੰਦਿਆਂ ਲਿਖਦਾ ਹੈ,

ਰਾਵਣ ਰਾਵਣ ਆਖ ਕੇ, ਅੱਗ ਲਗਾਵੇ ਮਿੱਤ।
ਅੰਦਰੋਂ ਤੈਨੂੰ ਸਾੜਦਾ, ਉਸ ਰਾਵਣ ਨੂੰ ਜਿੱਤ।

ਕਵੀ ਨੂੰ ਨਜ਼ਰ ਆ ਰਿਹਾ ਹੈ ਕਿ ਮਨੁੱਖ ਦੋਹਰਾ ਜੀਵਨ ਜਿਉਣ ਕਰਕੇ ਹੀ ਕੁਰਾਹੇ ਪੈ ਗਿਆ ਹੈ, ਪਰਮਾਰਥ ਤੇ ਪਦਾਰਥ ਵਿਚਲਾ ਰਿਸ਼ਤਾ ਖੇਰੂੰ ਖੇਰੂੰ ਹੋ ਗਿਆ ਹੈ। ਸੁਰਤ, ਮੱਤ ਤੇ ਬੁੱਧ ਵਿਚਲੀ ਸਾਰਥਕਤਾ ਕਬੁੱਧ ਦੇ ਹਨੇਰੇ ਵਿਚ ਗਵਾਚ ਗਈ ਹੈ। ਕਵੀ ਸ਼ਬਦ ਸ਼ਕਤੀਆਂ ਨੂੰ ਕਲਾ ਦਾ ਮਾਧਿਅਮ ਬਣਾਉਣਾ ਜਾਣਦਾ ਹੈ। ਬੰਦੇ ਅੰਦਰਲੇ ਦੋਗਲੇਪਨ ਨੂੰ ਸਹੀ ਸ਼ਬਦਾਂ ਵਿਚ ਬਿਆਨ ਕਰਨ ਦੀ ਕਾਬਲੀਅਤ ਰੱਖਦਾ ਹੈ। ਉਹ ਲਿਖਦਾ ਹੈ,

ਘੁੱਟ ਕੇ ਪਾਵੇ ਜੱਫੀਆਂ, ਮਾਰੇ ਤਿਰਛੇ ਤੀਰ।
ਹਰ ਥਾਂ ਠਿੱਬੀ ਲਾ ਰਿਹੈ, ਉਂਜ ਕਹਿੰਦਾ ਹੈ ਵੀਰ।

ਕਵੀ ਅੱਜ ਥਾਂ ਥਾਂ ਝੂਠੇ ਬਾਬਾਵਾਦ ਦੇ ਫੈਲਾਅ ਬਾਰੇ ਵੀ ਸੁਚੇਤ ਹੈ ਤੇ ਜਾਣਦਾ ਹੈ ਕਿ ਇਹ ਅੱਜ ਦੇ ਅਖੌਤੀ ਧਾਰਮਿਕ ਆਗੂਆਂ ਦੇ ਪੱਲੇ ਕੁਝ ਵੀ ਨਹੀਂ, ਭੋਲੀ ਭਾਲੀ ਜਨਤਾ ਨੂੰ ਪਿਛੇ ਲਾਈ ਫਿਰਦੇ ਹਨ। ਉਹ ਇਨ੍ਹਾਂ ਦੀ ਅੰਦਰਲੀ ਦਸ਼ਾ ਨੂੰ ਜਾਣਦਾ ਹੈ ਤੇ ਲਿਖਦਾ ਹੈ,

ਕਿਤਨੇ ਸੁੰਦਰ ਮੁਖੜੇ, ਕਿਤਨੇ ਸੁੰਦਰ ਭੇਸ।
ਸੀਰਤ ਹੈ ਸ਼ੈਤਾਨ ਦੀ, ਬਾਹਰੋਂ ਨੇ ਦਰਵੇਸ਼।

ਇਸੇ ਹੀ ਖਿਆਲ ਦੀ ਪ੍ਰੋੜਤਾ ਕਰਦਾ ਹੈ,
ਸੋਨੇ ਰੰਗੇ ਖੰਭ ਨੇ, ਚਾਂਦੀ ਰੰਗੇ ਪੈਰ।
ਮਨ ਵਿਚ ਹੈ ਈਰਖਾ, ਉਂਜ ਲਗਦਾ ਨਿਰਵੈਰ।

ਵਿਅੰਗ ਬਲਵੀਰ ਸਿੰਘ ਦੀ ਰਚਨਾ ਵਿਚ ਵਿਆਪਕ ਰੂਪ ਵਿਚ ਮੌਜੂਦ ਹੈ। ਵਿਅੰਗ ਦੋਹੇ ਵਰਗੀ ਰਚਨਾ ਲਈ ਕਲਾਤਮਕ ਸਾਧਨ ਹੈ। ਬਲਵੀਰ ਸਿੰਘ ਭੁਮੇਲੀ ਨੇ ਦੋਹੇ ਕਾਵਿ ਰੂਪ ਨਾਲ ਨਿਆਂ ਕਰਦਿਆਂ ਇਸ ਦੀਆਂ ਬੰਦਿਸ਼ਾਂ ਨੂੰ ਬਾਖੂਬੀ ਨਿਭਾਇਆ ਹੈ। ਉਸ ਨੇ ਪ੍ਰਤੀਕਾਂ ਤੇ ਸੰਕੇਤਾਂ ਰਾਹੀਂ ਆਪਣੀ ਕਲਾ ਨੂੰ ਸ਼ਿੰਗਾਰਿਆ ਹੈ। ਉਸ ਦੀ ਸੂਝ-ਬੂਝ ਦੋਹੇ ਕਾਵਿ ਰੂਪ ਦੇ ਅਨੁਕੂਲ ਹੈ। ਉਸ ਦੀ ਰਚਨਾ ਵਿਚ ਸੱਤ ਬਚਨੀ ਤੇ ਭੋਲਾਪਨ ਹੈ। ਹਰ ਸ਼ਬਦ ਗਹਿਰੇ ਤੇ ਘਣਤਾ ਵਾਲੇ ਅਰਥ ਰੱਖਦਾ ਹੈ। ਉਹ ਮਨੁੱਖੀ ਅਕਲ ਦੀ ਪੁਰਜਾ ਪੁਰਜਾ ਹੋਈ ਦਸ਼ਾ ਨੂੰ ਸਾਰਥਕ ਸੇਧ ਅਪਨਾਉਣ ਲਈ ਪੈਗਾਮ ਦੇਣ ਵਿਚ ਸਫਲ ਹੈ। ਉਸ ਦੀ ਕਲਾ ਸਾਰਥਕ ਅਰਥਾਂ ਦਾ ਸੰਚਾਰ ਕਰਦੀ ਹੈ। ਉਸ ਦੀ ਤੀਜੀ ਅੱਖ ਹਨੇਰੀ ਗੁਫਾ ਵਿਚ ਦੇਖਣ ਦੇ ਸਮਰੱਥ ਹੈ। ਉਸ ਦੇ ਦੋਹਿਆਂ ਨੂੰ ਪੜ੍ਹਦਿਆਂ ਮੈਨੂੰ ਉਸ ਦੀ ਕਲਾ ਉਤੇ ਫਖਰ ਮਹਿਸੂਸ ਹੁੰਦਾ ਹੈ। ਬਲਵੀਰ ਸਿੰਘ ਭੁਮੇਲੀ ਦੋਹੇ ਦੀ ਬੰਦਿਸ਼ ਨੂੰ ਚੰਗੀ ਤਰ੍ਹਾਂ ਸਮਝਦਾ ਤੇ ਨਿਭਾਉਂਦਾ ਹੈ। ਦੋਹੇ ਵਰਗੀ ਛੋਟੀ ਕਾਵਿ ਵਿਧਾ ਰਾਹੀਂ ਮੁਕੰਮਲ ਖਿਆਲ ਨੂੰ ਪਰਗਟ ਕਰਨਾ ਮੁਸ਼ਕਿਲ ਹੁੰਦਾ ਹੈ। ਕਵੀ ਇਸ ਵਿਧਾ ਨੂੰ ਨਿਭਾਉਣ ਵਿਚ ਸਹੀ ਉਤਰਿਆ ਹੈ। ਉਹ ਜ਼ਿੰਦਗੀ ਦੇ ਖੂਬਸੂਰਤ ਨਕਸ਼ਾ ਨੂੰ ਪਿਆਰ ਕਰਨ ਵਾਲਾ ਕਵੀ ਹੈ। ਉਹ ਦੋਹੇ ਕਾਵਿ ਰਾਹੀਂ ਆਪਣੀ ਗੱਲ ਕਹਿਣ ਵਿਚ ਸਫਲ ਹੋਇਆ ਹੈ। ਮੈਨੂੰ ਉਮੀਦ ਹੈ ਕਿ ਬਲਵੀਰ ਸਿੰਘ ਭੁਮੇਲੀ ਇਸ ਕਾਵਿ ਕਲਾ ਨੂੰ ਹੋਰ ਅਗਾਂਹ ਲੈ ਕੇ ਜਾਵੇਗਾ।

ਗੁਰਬਾਣੀ ਵਿਆਖਿਆ

# ਗਿਆਨ ਖੰਡ ਮਹਿ ਗਿਆਨੁ ਪਰਚੰਡੁ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਵਿਗਿਆਨ ਹੋਵੇ ਜਾਂ ਫਿਲਾਸਫੀ, ਸੱਚਾਈ ਛੁਪਾਇਆਂ ਨਹੀਂ ਛੁਪਦੀ। ਜੋ ਸੱਚ ਹੈ, ਉਹ ਥਾਂ ਥਾਂ ਸਾਹਮਣੇ ਆ ਜਾਂਦਾ ਹੈ। ਜੋ ਕੁਝ ਗੁਰੂ ਸਾਹਿਬ ਨੇ ਲਿਖਿਆ, ਉੱਦਾਂ ਦੇ ਹੀ ਵਿਚਾਰ ਬਾਅਦ ਦੇ ਕਈ ਫਿਲਾਸਫਰਾਂ ਤੇ ਵਿਗਿਆਨੀਆਂ ਨੇ ਦਿੱਤੇ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਕਿਸੇ ਨੇ ਵੀ ਨਾ ਗੁਰੂ ਸਾਹਿਬ ਦੀ ਬਾਣੀ ਪੜ੍ਹੀ ਤੇ ਨਾ ਉਹ ਕਦੇ ਉਨ੍ਹਾਂ ਨੂੰ ਮਿਲੇ। ਅਜਿਹੇ ਚਿੰਤਕਾਂ ਵਿਚੋਂ ਇਕ ਕਾਰਲ ਮਾਰਕਸ (Karl Marx) ਵੀ ਹੈ। ਭਾਵੇਂ ਅਜੋਕੇ ਸਿੱਖ ਵਿਦਵਾਨ ਮਾਰਕਸ ਨੂੰ ਸਿੱਖੀ ਦਾ ਸਭ ਤੋਂ ਖਤਰਨਾਕ ਸ਼ੱਤਰੂ ਮੰਨਦੇ ਹੋਣ, ਪਰ ਫਿਲਾਸਫੀ ਦੇ ਇਤਿਹਾਸ ਨੂੰ ਦੇਖਿਆਂ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਦੇ ਵਿਚਾਰਾਂ ਨਾਲ ਸਭ ਤੋਂ ਵੱਧ ਨੇੜਤਾ ਉਸੇ ਦੀ ਸੀ। ਜੇ ਉਸ ਨੂੰ ਗੁਰੂ ਸਾਹਿਬ ਦਾ ਪਹਿਲਾ ਆਧੁਨਿਕ ਤੇ ਵਿਦੇਸ਼ੀ ਸਿੱਖ ਕਹਿ ਲਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਜੇ ਲੋੜੀਂਦੇ ਜਮਾ-ਘਟਾਉ ਕਰ ਕੇ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਇਹ ਗੱਲ ਸਹੀ ਵੀ ਹੈ। ਉਂਜ ਗੱਲ ਇਹ ਵੀ ਸਹੀ ਹੈ ਕਿ ਅਜਿਹੀ ਸਮਾਨੰਤਰਤਾ ਨਾ ਅਜੋਕੇ ਸਿੱਖ ਵਿਦਵਾਨਾਂ ਨੂੰ ਤੇ ਨਾ ਅਖੌਤੀ ਮਾਰਕਸਵਾਦੀਆਂ ਨੂੰ ਹਜ਼ਮ ਹੋਵੇਗੀ। ਵੱਖ ਵੱਖ ਵਿਚਾਰਾਂ ਨੂੰ ਮੰਨਣ ਵਾਲੇ ਲੋਕ ਆਪਣੀਆਂ ਵਿਚਾਰਧਾਰਾਵਾਂ ਨੂੰ ਹਮੇਸ਼ਾ ਉੱਚੇ ਕਿਨਾਰਿਆਂ ਵਾਲੇ ਦਰਿਆਵਾਂ ਵਾਂਗ ਰੱਖਦੇ ਹਨ ਤਾਂ ਜੋ ਉਹ ਇਕ ਦੂਜੇ ਨਾਲ ਰਲ ਨਾ ਜਾਣ, ਚਾਹੇ ਉਨ੍ਹਾਂ ਦੇ ਸ੍ਰੋਤ, ਮੰਤਵ ਤੇ ਮੰਜ਼ਿਲ ਇਕ ਹੀ ਕਿਉਂ ਨਾ ਹੋਣ!

ਪਤਾ ਨਹੀਂ ਕਿਸ ਨੇ ਤੇ ਕਿਉਂ ਇਹ ਗੱਲ ਫੈਲਾਈ ਕਿ ਮਾਰਕਸ ਧਰਮ ਵਿਰੋਧੀ ਸੀ। ਜਿਸ ਨੇ ਇਹ ਫੈਲਾਈ ਉਸ ਨੇ ਨਾਲ ਇਹ ਵੀ ਜੋੜਿਆ ਕਿ ਉਹ ਨਿਰੋਲ ਪਦਾਰਥਵਾਦੀ ਸੀ, ਜਿਸ ਦਾ ਧਰਮ, ਫਿਲਾਸਫੀ, ਸਭਿਆਚਾਰ ਤੇ ਮਨੁੱਖੀ ਰਿਸ਼ਤਿਆਂ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਸ ਤੋਂ ਵੀ ਅੱਗੇ, ਸਿੱਖ ਵਿਦਵਾਨ ਕਹਿੰਦੇ ਹਨ ਕਿ ਕਾਰਲ ਮਾਰਕਸ ਨੇ ਧਰਮ ਨੂੰ ਅਫੀਮ ਕਹਿ ਕੇ ਨਿੰਦਿਆ ਹੈ। ਜਿਸ ਨੇ ਵੀ ਇਹ ਸੁਣੀ ਭਾਵ ਜੋ ਵੀ ਇਸ 'ਸੁਣਿਐ' ਦੇ ਜਾਲ ਵਿਚ ਪਿਆ, ਉਸ ਨੇ 'ਮੰਨੇ' ਭਾਵ ਮਨਨ ਦਾ ਸਹਾਰਾ ਲੈ ਕੇ ਇਸ ਗੱਲ ਦੀ ਪੜਤਾਲ ਨਾ ਕੀਤੀ ਤੇ ਨਾ ਹੀ ਇਸ ਦਾ ਵਿਸਲੇਸ਼ਣ ਕੀਤਾ। ਸਭ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਅਧਿਆਤਮਕ ਲੋਰ ਵਿਚ ਚਲਦੇ ਉਹੋ ਗੱਲ ਦੁਹਰਾਈ ਗਏ ਤੇ ਬਿਨਾ ਵਿਚਾਰੇ ਭੰਡੀ ਪ੍ਰਚਾਰ ਕਰਦੇ ਰਹੇ।

ਇਕੋ ਇਕ ਥਾਂ ਜਿੱਥੇ ਕਾਰਲ ਮਾਰਕਸ ਨੇ ਧਰਮ ਤੇ ਅਫੀਮ ਦਾ ਜ਼ਿਕਰ ਕੀਤਾ ਹੈ, ਉਹ ਹੈ ਉਸ ਦਾ 1843 ਦਾ ਲਿਖਿਆ ਲੇਖ "Introduction to a Contribution to the Critique of Hegel`s Philosophy of Right". ਮਾਰਕਸ ਧਰਮ ਵਿਸ਼ੇ ਵਿਚ ਸੰਨ 1841 ਦਾ ਪੀਐਚ. ਡੀ. ਸੀ ਅਤੇ ਇਹ ਇਸਾਈ ਧਰਮ 'ਤੇ ਨਹੀਂ ਸੀ। ਇਸ ਲਈ ਇਸ ਲੇਖ ਵਿਚ ਉਸ ਨੇ ਜੋ ਲਿਖਿਆ ਹੈ, ਉਹ ਪ੍ਰਮਾਣ-ਸਹਿਤ ਤੇ ਅਕਾਦਮਿਕ ਜ਼ਿੰਮੇਵਾਰੀ ਨਾਲ ਲਿਖਿਆ ਹੋਵੇਗਾ। ਅੱਜ ਇਹ ਲੇਖ ਮਾਰਕਸ ਤੇ ਏਂਜਲਸ ਦੀ ਪੁਸਤਕ ਜਰਮਨ ਵਿਚਾਰਧਾਰਾ (German Ideology-1944) ਦਾ ਹਿੱਸਾ ਹੈ। ਵਿਦਵਾਨਾਂ ਨੂੰ ਇਸ ਦੀ ਪੜਤਾਲ ਕਰਨੀ ਚਾਹੀਦੀ ਹੈ। ਇਸ ਵਿਚ ਮਾਰਕਸ ਨੇ ਹੀਗਲ ਦੇ ਹੱਕ ਦੇ ਸਿਧਾਂਤ ਦੀ ਆਲੋਚਨਾ ਕੀਤੀ ਹੈ। ਉਨ੍ਹੀਂ ਦਿਨੀਂ ਹੀਗਲ ਤੇ ਉਸ ਦੇ ਅਨੁਆਈ ਸਨਾਤਨ ਇਸਾਈ ਧਰਮ ਦੀ ਇਸ ਮਾਨਤਾ ਦੀ ਆਲੋਚਨਾ ਕਰਦੇ ਸਨ ਕਿ ਇਸ ਦੁਨਿਆਵੀ ਪ੍ਰਬੰਧ ਤੋਂ ਉੱਪਰ ਇਕ ਦੈਵੀ ਪ੍ਰਬੰਧ ਹੈ, ਜਿਸ ਅੱਗੇ ਹੁਕਮਰਾਨਾਂ ਸਮੇਤ ਇੱਥੋਂ ਦੇ ਸਭ ਜੀਵ ਜਵਾਬਦੇਹ ਹਨ। ਇਸ ਪ੍ਰਬੰਧ ਨੂੰ ਚਲਾਉਣ ਵਾਲਾ ਇਕ ਸਰਬ-ਸ਼ਕਤੀਮਾਨ ਰੱਬ ਹੈ, ਜੋ ਬਹੁਤ ਹੀ ਇਨਸਾਫ ਪਸੰਦ, ਹਮਦਰਦ ਤੇ ਦਇਆਵਾਨ ਹੈ। ਉਸੇ ਨੇ ਸੰਸਾਰ ਨੂੰ ਬਣਾਇਆ ਤੇ ਉਹੀ ਇਸ ਦੀ ਦੇਖ-ਰੇਖ ਕਰ ਰਿਹਾ ਹੈ। ਉਸ ਦੇ ਰਾਜ ਵਿਚ, ਜਿਸ ਨੂੰ ਇਸਾਈ ਮੱਤ ਵਿਚ 'ਸਿਟੀ ਆਫ ਗੌਡ' (City of God) ਕਿਹਾ ਜਾਂਦਾ ਹੈ, ਸਭ ਲੋਕ ਸਮਾਨ ਹਨ। ਉੱਥੇ ਲੋਕਾਂ ਨੂੰ ਸੰਸਾਰ ਦੇ ਸਭ ਸੁੱਖ, ਵਸਤਾਂ ਤੇ ਸਮਾਜਕ ਨਿਆਂ ਉਪਲਭਦ ਹਨ। ਕਿਸੇ ਵੀ ਚੀਜ਼ ਦੀ ਘਾਟ ਨਹੀਂ ਤੇ ਪੂਰਨ ਖੁਸ਼ਹਾਲੀ ਹੈ; ਪਰ ਸੰਸਾਰ ਨੂੰ ਕਾਲ ਆਤਮਾ (Time Spirit) ਦੇ ਦਵੰਧਵਾਦੀ-ਵਿਕਾਸ ਦੀ ਪੈਦਾਇਸ਼ ਮੰਨਣ ਵਾਲੇ ਹੀਗਲ ਨੇ ਇਸਾਈ ਮੱਤ ਦੇ ਇਸ ਮਾਡਲ ਨੂੰ ਮਨਘੜਤ ਕਹਿ ਕੇ ਆਲੋਚਨਾ ਕੀਤੀ ਤੇ ਸਾਰੇ ਨਵ-ਹੀਗਲਵਾਦੀ ਪੈਨੇ ਹੋ ਕੇ ਇਸ ਦੇ ਖੰਡਨ ਵਿਚ ਲੱਗ ਗਏ। ਮਾਰਕਸ ਨੇ ਇਸ ਰੁਝਾਨ ਦੀ ਆਲੋਚਨਾ ਕੀਤੀ ਭਾਵ ਉਸ ਨੇ ਧਰਮ ਦੀ ਨਹੀਂ, ਸਗੋਂ ਧਰਮ ਦੇ ਆਲੋਚਕਾਂ ਦੀ ਆਲੋਚਨਾ ਕੀਤੀ!

ਉਸ ਨੇ ਕਿਹਾ ਧਾਰਮਿਕ ਸਿਧਾਂਤ ਜੋ ਵੀ ਹੋਵੇ ਇਸ ਵਿਚ ਇਨ੍ਹਾਂ ਨੂੰ ਮੰਨਣ ਵਾਲਿਆਂ ਦਾ ਕੋਈ ਕਸੂਰ ਨਹੀਂ। ਧਰਮ ਦੈਵੀ ਮਸਲਾ ਨਹੀਂ, ਵਿਅਕਤਿਗਤ ਮਸਲਾ ਵੀ ਨਹੀਂ, ਸਗੋਂ ਦੁਨਿਆਵੀ ਮਸਲਾ ਹੈ। ਜੇ ਸਮਾਜ ਵਿਚ ਰਹਿੰਦੇ ਮਨੁੱਖਾਂ ਦੀਆਂ ਲੋੜਾਂ ਸਮਾਜ ਵਿਚ ਪੂਰੀਆਂ ਨਹੀਂ ਹੋਣਗੀਆਂ, ਜੇ ਉਨ੍ਹਾਂ ਨੂੰ ਭੁੱਖ-ਮਰੀ, ਗਰੀਬੀ, ਲਾਚਾਰੀ ਤੇ ਸਮਾਜਕ ਅਨਿਆਂ ਵਿਚੋਂ ਗੁਜਰਨਾ ਪਵੇਗਾ ਤਾਂ ਉਹ ਦੁਖੀ ਹੋ ਕੇ ਆਪਣੀ ਸੋਚ ਵਿਚ ਇਕ ਅਜਿਹੀ ਦੁਨੀਆਂ ਦਾ ਤਸੱਵਰ ਤਾਂ ਕਰਨਗੇ ਹੀ, ਜਿੱਥੇ ਉਨ੍ਹਾਂ ਦੇ ਸੁਪਨਿਆਂ ਦੀ ਦੁਨੀਆਂ ਵਸਦੀ ਹੋਵੇ। ਉਨ੍ਹਾਂ ਨੂੰ ਅਜਿਹੀ ਭਰਪੂਰ ਅਨੰਦ ਵਾਲੀ ਵਿਵਸਥਾ ਦੀ ਕਲਪਨਾ ਕਰਨ ਤੋਂ ਕੌਣ ਰੋਕ ਸਕਦਾ ਹੈ, ਜਿੱਥੇ ਉਹ ਸਭ ਕੁਝ ਹੋਵੇ, ਜੋ ਉਨ੍ਹਾਂ ਨੂੰ ਇਸ ਦੁਨੀਆਂ ਵਿਚ ਨਹੀਂ ਮਿਲਦਾ। ਉਸ ਨੇ ਕਿਹਾ ਕਿ ਇਸ ਦੁਨੀਆਂ ਦਾ ਉਲਟਾ ਸਤਿ ਹੀ ਧਰਮ ਦੀ ਦੁਨੀਆਂ ਦਾ ਅਸਲ ਸਤਿ ਹੈ। ਧਰਮ ਤਾਂ ਇਸ ਸਮਾਜ ਤੋਂ ਸਤੇ ਹੋਏ, ਉਪਰਾਮ ਹੋਏ ਮਨੁੱਖ ਦੀ ਅੰਦਰੂਨੀ ਹਾਅ ਭਾਵ ਹੂਕ ਹੈ। ਇਹ ਤਾਂ ਉਹ ਅਫੀਮ ਦੀ ਗੋਲੀ ਹੈ ਭਾਵ ਧਲਾਸੇ ਦੀ ਉਹ ਘੁੱਟ ਹੈ, ਜਿਸ ਨੂੰ ਭਰ ਕੇ ਉਹ ਇਸ ਸਮਾਜ ਦੀਆਂ ਦੁਸ਼ਵਾਰੀਆਂ ਝੱਲਣ ਦੀ ਸਮਰੱਥਾ ਹਾਸਲ ਕਰਦਾ ਹੈ। ਇਹ ਉਸ ਲਾਚਾਰ ਮਨੁੱਖ ਦੀ ਮਜ਼ਬੂਰੀ ਹੈ, ਜੋ ਇਸ ਅਸਲੀ ਸੰਸਾਰ ਵਿਚ ਬੇਵਸੀ ਦਾ ਸ਼ਿਕਾਰ ਹੈ। ਜਿਸ ਮਾਂ ਦੇ ਬੱਚੇ ਇਸ ਸੰਸਾਰ ਵਿਚ ਭੁੱਖੇ ਸੌਂਦੇ ਹੋਣ, ਉਹ ਸੱਚੇ ਪਾਤਸ਼ਾਹ ਦੀ ਸੱਚੀ ਦੁਨੀਆਂ ਵਿਚ ਉਨ੍ਹਾਂ ਲਈ ਪਕਵਾਨਾਂ ਦੇ ਅੰਬਾਰ ਚਿਤਵਦੀ ਹੈ ਤੇ ਇਸੇ ਆਸ ਵਿਚ ਦਿਲ ਨੂੰ ਧਰਵਾਸਾ ਦਿੰਦੀ ਹੈ। ਇਸ ਵਿਚ ਮਾਰਕਸ ਨੇ ਧਰਮ ਉਤਪਤੀ ਦਾ ਕਾਰਨ ਦੱਸਿਆ ਹੈ, ਇਸ ਦੀ ਨਿੰਦਾ ਨਹੀਂ ਕੀਤੀ।

ਉਹ ਲਿਖਦਾ ਹੈ ਕਿ ਧਰਮ ਦੀ ਆਲੋਚਨਾ ਕਰਨਾ ਫਜ਼ੂਲ ਹੈ। ਧਰਮ ਤਾਂ ਸਮਾਜ ਦੇ ਯਥਾਰਥ ਦਾ ਉਲਟਿਆ ਪ੍ਰਛਾਵਾਂ ਹੈ। ਇਸ ਦੀ ਆਲੋਚਨਾ ਕਰਨ ਦੀ ਥਾਂ ਉਸ ਸਮਾਜ ਦੀ ਆਲੋਚਨਾ ਕਰਨੀ ਬਣਦੀ ਹੈ, ਜਿਸ ਦੀਆਂ ਮਾੜੀਆਂ ਵਿਵਸਥਾਵਾਂ ਦੇ ਲੱਛਣ ਵਜੋਂ ਧਰਮ ਪੈਦਾ ਹੋਇਆ ਹੈ। ਪੁਰਾਣੇ ਸਮਿਆਂ ਵਿਚ ਬੇ-ਔਲਾਦ ਜੋੜੇ ਸੰਤਾਨ ਪ੍ਰਾਪਤੀ ਲਈ ਰੱਬ ਕੋਲ ਅਰਦਾਸ ਕਰਨ ਲਈ ਸ਼ਿਵਦੁਆਲੇ ਜਾਂਦੇ ਸਨ, ਅੱਜ ਬਾਂਝਪਣ (Infertility) ਦਾ ਇਲਾਜ ਉਪਲਭਦ ਹੋਣ ਨਾਲ ਹੁਣ ਉਹ ਉੱਥੇ ਨਹੀਂ ਜਾਂਦੇ, ਸਗੋਂ ਡਾਕਟਰ ਕੋਲ ਹਸਪਤਾਲ ਜਾਂਦੇ ਹਨ। ਇਹ ਮਿਸਾਲ ਉਸ ਦੇ ਨੁਕਤੇ ਨੂੰ ਸਪਸ਼ਟ ਕਰਦੀ ਹੈ। ਮਾਰਕਸ ਵਾਂਗ ਗੁਰੂ ਸਾਹਿਬ ਵੀ ਪ੍ਰਚਲਿਤ ਧਰਮਾਂ ਦੀ ਆਲੋਚਨਾ ਕਰਦੇ ਸਨ। ਉਹ ਉਨ੍ਹਾਂ ਨੂੰ ਝੂਠ ਦਾ ਪੁਲੰਦਾ ਦੱਸਦੇ ਸਨ ਤੇ ਸਚਿਆਰਾ ਬਣਨ ਲਈ ਪ੍ਰਕਿਰਤੀ ਦੇ ਨਿਜ਼ਾਮ ਦਾ ਅਧਿਐਨ ਕਰਨ ਦੀ ਸਲਾਹ ਦਿੰਦੇ ਸਨ। ਉਨ੍ਹਾਂ ਨੇ ਵੀ ਸਿੱਟਿਆਂ ਨੂੰ ਸਾਹਮਣੇ ਰੱਖ ਕੇ ਉਪਯੁਕਤ ਕਰਮ ਕਰਨ 'ਤੇ ਜੋਰ ਦਿੱਤਾ। ਉਹ ਵੀ ਕੁਦਰਤ ਦੇ ਨਿਯਮਾਂ ਨੂੰ ਅਪਨਾ ਕੇ ਨਰੋਏ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਵੀ ਪ੍ਰਚਲਿਤ ਸਮਾਜ ਦੇ ਬਹੁਤੇ ਪੱਖਾਂ ਦੀ ਆਲੋਚਨਾ ਕੀਤੀ ਅਤੇ ਸਮਾਨਤਾ, ਸੁਤੰਤਰਤਾ, ਇਨਸਾਫ ਤੇ ਮਨੁੱਖੀ ਭਾਈਚਾਰੇ ਵਾਲੇ ਸਮਾਜ ਦੇ ਹੱਕ ਵਿਚ ਨਿੱਤਰੇ। ਇੱਥੇ ਵੀ ਉਪਰੋਕਤ ਦੋਵੇਂ ਵਿਚਾਰਧਾਰਾਵਾਂ ਦੇ ਟਕਰਾਅ ਦੀ ਕੋਈ ਗੱਲ ਨਹੀਂ ਮਿਲਦੀ। ਸਗੋਂ ਦੋਹਾਂ ਦੇ ਵਿਚਾਰ ਸਮਾਨੰਤਰੀ ਦਿਸ਼ਾਵਾਂ ਵਿਚ ਚਲਦੇ ਨਜ਼ਰ ਆਏ।

ਉੱਚੇ ਸੁੱਚੇ ਕਿਰਦਾਰ ਤੇ ਮੌਲਿਕ ਪ੍ਰਤਿਭਾ ਵਾਲੇ ਗੁਰੂ ਸਾਹਿਬ ਨਾਲ ਕਿਸੇ ਦਾ ਵੀ ਟਾਕਰਾ ਕਰਨਾ ਉਚਿਤ ਨਹੀਂ ਅਤੇ ਨਾ ਹੀ ਇਹ ਇੱਥੇ ਕੀਤਾ ਜਾ ਰਿਹਾ ਹੈ। ਫਿਰ ਵੀ ਉਨ੍ਹਾਂ ਦੇ ਦਾਰਸ਼ਨਿਕ ਵਿਅਕਤੀਤਵ ਦੇ ਇੱਕੇ ਦੁੱਕੇ ਮੁੜੰਗੇ ਅੰਸ਼ਿਕ ਰੂਪ ਵਿਚ ਕਿਸੇ ਹੋਰ ਨਾਲ ਵੀ ਮਿਲ ਸਕਦੇ ਹਨ। ਸਦੀਆਂ ਤੇ ਮੀਲਾਂ ਦਾ ਫਾਸਲਾ ਹੋਣ ਦੇ ਬਾਵਜੂਦ ਗੁਰੂ ਨਾਨਕ ਤੇ ਕਾਰਲ ਮਾਰਕਸ ਦੇ ਕਈ ਸਰੋਕਾਰ ਇਕੋ ਜਿਹੇ ਸਨ। ਦੋਵੇਂ ਬਹੁ-ਪੱਖੀ ਸ਼ਖਸੀਅਤਾਂ ਦੇ ਮਾਲਕ ਸਨ ਤੇ ਦੋਹਾਂ ਨੂੰ ਗਿਆਨ, ਵਿਗਿਆਨ ਤੇ ਮਨੁੱਖਤਾ ਦੀ ਭਲਾਈ ਦੀ ਲਗਨ ਸੀ। ਗੁਰੂ ਸਾਹਿਬ ਦੀ ਵਡਿਆਈ ਇਹ ਹੈ ਕਿ ਉਨ੍ਹਾਂ ਨੇ ਮੱਧ ਕਾਲ ਦੇ ਹਨੇਰੇ ਸਮਿਆਂ ਵਿਚ ਸਰਬ-ਵਿਆਪੀ ਵਿਗਿਆਨਕ ਸੋਚ ਦੀ ਮਸ਼ਾਲ ਜਲਾਈ, ਜਦੋਂ ਨੇੜੇ ਤੇੜੇ ਗਿਆਨ ਦਾ ਕੋਈ ਚਿਰਾਗ ਨਹੀਂ ਸੀ ਬਲਦਾ। ਉਨ੍ਹਾਂ ਦੀ ਸੋਚ ਉਨ੍ਹਾਂ ਦੇ ਆਪਣੇ ਡੂੰਘੇ ਅਨੁਭਵ ਅਤੇ ਵਿਸ਼ਲੇਸ਼ਣ ਦਾ ਨਤੀਜਾ ਸੀ। ਉਨ੍ਹਾਂ ਦਾ ਉੱਦਮ ਅਲੌਕਿਕ ਤੇ ਬੇਮਿਸਾਲ ਸੀ।

ਇਸ ਦੇ ਉਲਟ ਕਾਰਲ ਮਾਰਕਸ ਉਸ ਵੇਲੇ ਆਇਆ, ਜਦੋਂ ਗੁਰੂ ਸਾਹਿਬ ਦੇ ਪੂਰਨਿਆਂ ਵਰਗੇ ਨਰੋਏ ਸੋਚ 'ਤੇ ਚੱਲੇ ਪੱਛਮੀ ਜਗਤ ਵਿਚ ਵਿਗਿਆਨ, ਇੰਡਸਟਰੀ, ਫਿਲਾਸਫੀ ਤੇ ਅਰਥ-ਸਾਸ਼ਤਰ ਦੇ ਬੂਟਿਆਂ ਨੂੰ ਗਿਆਨ ਦਾ ਬੂਰ ਪੈਣ ਲੱਗ ਪਿਆ ਸੀ। ਉਸ ਨੇ ਆਪਣੀ ਵਿਚਾਰਧਾਰਾ ਇਸ ਗਿਆਨ ਨੂੰ ਆਧਾਰ ਬਣਾ ਕੇ ਖੜ੍ਹੀ ਕੀਤੀ। ਗੁਰੂ ਸਾਹਿਬ ਪਹਿਲ-ਕਦਮੀ ਦੇ ਧਨੀ ਤੇ ਵਿਗਿਆਨਕ ਸੱਚ ਦੀ ਸੇਧ ਦੇਣ ਵਾਲੇ ਸਨ। ਮਾਰਕਸ ਸੇਧ ਲੈਣ ਵਾਲਾ ਸੀ ਤੇ ਉਸ ਵੇਲੇ ਪੈਦਾ ਹੋਇਆ, ਜਦੋਂ ਜਮਾਨਾ ਸੱਚ ਦੀ ਸੇਧੇ ਪੈਣ ਵੱਲ ਚੱਲ ਪਿਆ ਸੀ। ਗੁਰੂ ਸਾਹਿਬ ਬਚਪਨ ਤੋਂ ਹੀ ਸੋਚਦੇ ਰਹੇ ਕਿ ਬ੍ਰਹਿਮੰਡ ਦਾ ਆਧਾਰ ਇਕੋ ਪਰਮ-ਸਤਿ ਹੈ, ਜਿਸ ਤੋਂ ਵੱਖ ਵੱਖ ਕਿਸਮ ਦੇ ਰੰਗਾਂ, ਨਾਂਵਾਂ ਵਾਲੀ ਮਾਇਆ ਭਾਵ ਪਦਾਰਥੀ ਉਪਜ ਜਨਮੀ ਹੈ। ਉਨ੍ਹਾਂ ਅਨੁਸਾਰ ਮਨੁੱਖ ਦਾ ਸਭ ਤੋਂ ਵੱਡਾ ਉਦੇਸ਼ ਪਰਮ-ਸਤਿ ਦੀ ਖੋਜ ਹੈ, ਜੋ 'ਹੁਕਮ' ਭਾਵ ਕੁਦਰਤ ਦੇ ਨਿਯਮਾਂ ਦੇ ਅਧਿਐਨ ਰਾਹੀਂ ਹੀ ਪੂਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਅਨੁਸਾਰ ਇਸ ਰਾਹ ਚੱਲਿਆਂ ਹੀ ਮਨੁੱਖਤਾ ਦਾ ਕਲਿਆਣ ਹੋ ਸਕਦਾ ਹੈ ਤੇ ਇਸੇ ਰਾਹੀਂ ਸਮਾਜਕ ਇੰਜੀਨੀਅਰਿੰਗ ਕਰ ਕੇ ਚੰਗੇ ਸਮਾਜ ਦੀ ਬੁਨਿਆਦ ਰੱਖੀ ਜਾ ਸਕਦੀ ਹੈ। ਮਾਰਕਸ ਪਹਿਲੀ ਉਮਰੇ ਹੀ ਉਸ ਪਰਮ-ਸਤਿ ਦੀ ਖੋਜ ਵਿਚ ਡੈਮੋਕਰੈਟਸ ਤੇ ਐਪੀਕਿਊਰਸ ਦੇ ਐਟਮੀ ਸਿਧਾਂਤਾਂ ਦਾ ਅਧਿਐਨ ਕਰਦਾ ਰਿਹਾ ਤੇ ਇਹੀ ਉਸ ਦੇ ਪੀਐਚ. ਡੀ. ਥੀਸਿਸ ਦਾ ਵਿਸ਼ਾ ਸੀ।

> ***ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਇਹ ਗੱਲ ਭਲੀਭਾਂਤ ਜਾਣਦੇ ਹਨ ਕਿ ਗੁਰੂ ਸਾਹਿਬ ਨੇ ਭਾਈ ਲਾਲੋ ਨਾਲ ਭੋਜਨ ਕਰ ਕੇ ਮਿਹਨਤਕਸ਼ਾਂ ਦਾ ਰੁਤਬਾ ਵਧਾਇਆ, ਪਰ ਉਹ ਇਹ ਨਹੀਂ ਜਾਣਦੇ ਕਿ ਗੁਰੂ ਸਾਹਿਬ ਨੇ ਸਰਮ ਖੰਡ ਵਿਚ ਮਿਹਨਤ ਨੂੰ ਉਹ ਦਾਰਸ਼ਨਿਕ ਸਨਮਾਨ ਦਿੱਤਾ ਹੈ, ਜੋ ਕਿਸੇ ਤੋਂ ਵੀ ਨਾ ਦਿੱਤਾ ਗਿਆ। ਕਈ ਸਿੱਖ ਵਿਦਵਾਨ ਤਾਂ ਸਰਮ ਖੰਡ ਨੂੰ ਸ਼ਰਮ ਦਾ ਖੇਤਰ ਭਾਵ ਸ਼ਰਮੀਲੇ ਜਾਂ ਅਧੀਨਗੀ ਵਾਲੇ ਲੋਕਾਂ ਦਾ ਪੜਾਅ ਦੱਸ ਕੇ ਗੁਰੂ ਸਾਹਿਬ ਦੇ ਇਨ੍ਹਾਂ ਵਡਮੁੱਲੇ ਵਿਚਾਰਾਂ ਨੂੰ ਅਗਿਆਨ ਦੀ ਭੇਟ ਚੜ੍ਹਾ ਦਿੰਦੇ ਹਨ। ਮਾਰਕਸ ਤਾਂ ਉਨ੍ਹਾਂ ਲਈ ਓਪਰਾ ਹੈ, ਉਹ ਤਾਂ ਗੁਰੂ ਸਾਹਿਬ ਦੀ ਆਪਣੀ ਸੋਚ ਨਾਲ ਇਨਸਾਫ ਨਹੀਂ ਕਰਦੇ!***

ਗੁਰੂ ਨਾਨਕ ਕੁਦਰਤ ਦੀ ਭੌਤਿਕਤਾ ਦੀ ਖੋਜ 'ਤੇ ਜੋਰ ਦਿੰਦੇ ਰਹੇ, ਮਾਰਕਸ ਨੇ ਇਤਿਹਾਸਕ ਭੌਤਿਕਵਾਦ ਦੇ ਤਿੰਨ ਨਿਯਮ ਖੋਜ ਕੇ ਉਨ੍ਹਾਂ ਦੇ ਚਰਨਾਂ 'ਤੇ ਰੱਖ ਦਿੱਤੇ। ਗੁਰੂ ਸਾਹਿਬ ਸਮਾਜ ਦੇ ਸਭ ਤੋਂ ਹੇਠਲੇ ਵਰਗ ਨਾਲ ਖੜ੍ਹਦੇ ਸਨ ਤੇ ਆਪਣੀ ਬਾਣੀ ਵਿਚ ਇਸ ਸੋਚ ਦਾ ਇਜ਼ਹਾਰ ਕਰਦੇ ਸਨ। ਮਾਰਕਸ ਨੇ ਆਪਣੀ ਵਿਚਾਰਧਾਰਾ ਨੂੰ ਸਮਾਜ ਦੇ ਸਭ ਤੋਂ ਨਿਚਲੇ ਵਰਗ ਭਾਵ ਮਜ਼ਦੂਰ ਜਮਾਤ ਦੇ ਸੰਸਾਰਕ ਨੁਕਤਾ-ਨਜ਼ਰ ਵਜੋਂ ਪੇਸ਼ ਕੀਤਾ। ਉਹ ਸਾਰੀ ਉਮਰ ਗਰੀਬਾਂ ਤੇ ਲਤਾੜਿਆਂ ਦੀ ਭਲਾਈ ਲਈ ਲੜਦਾ ਰਿਹਾ। ਉਸ ਨੇ ਆਪਣੇ ਸਮੇਂ ਦੇ ਸਭ ਵਿਗਿਆਨਾਂ ਦਾ ਸਿਧਾਂਤਕ ਸੰਕਲਨ ਕਰ ਕੇ ਵਿਗਿਆਨਕ ਸਮਾਜਵਾਦ ਦਾ ਸੰਸਾਰਕ ਦ੍ਰਿਸ਼ਟੀਕੋਣ ਦਿੱਤਾ, ਜੋ ਸਮਾਜ ਦੀ ਗਾਰ ਵਿਚ ਰਹਿਣ ਵਾਲੀ ਕਾਮਾ-ਜਮਾਤ ਦੇ ਹਿੱਤਾਂ ਦੀ ਤਰਜਮਾਨੀ ਕਰਦਾ ਸੀ। ਉਸ ਅਨੁਸਾਰ ਜਰਵਾਣਿਆਂ ਦੇ ਧੱਕੇ ਦਾ ਪਤਨ ਹੋ ਕੇ, ਨਿਤਾਣਿਆਂ ਨੂੰ ਤਾਣ ਤੇ ਨਿਓਟਿਆਂ ਨੂੰ ਓਟ ਵਾਲੇ ਸਮਾਜ ਦਾ ਆਉਣਾ ਇਕ ਫੋਕੀ ਉਮੀਦ ਨਹੀਂ, ਕੁਦਰਤੀ ਮਜਬੂਰੀ ਹੈ। ਗੁਰੂ ਸਾਹਿਬ ਵਾਂਗ ਹੀ ਉਹ ਵਿਗਿਆਨਕ ਸੋਚ ਦਾ ਮੁੱਦਈ ਤੇ ਪਰਪੱਕ ਆਸ਼ਾਵਾਦੀ ਸੀ। ਉਨ੍ਹਾਂ ਵਾਂਗ ਹੀ ਉਹ ਆਪਣੇ ਸਮਕਾਲੀਆਂ ਨੂੰ ਇਹ ਢੰਗ ਅਪਨਾਉਣ 'ਤੇ ਜੋਰ ਦਿੰਦਾ ਸੀ। ਟਕਰਾਓ ਦੋਹਾਂ ਦਾ ਇੱਥੇ ਵੀ ਨਹੀਂ।

ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਅਧਿਆਤਮਕ ਅਲੰਬਰਦਾਰਾਂ ਨੂੰ ਸਹੀ ਸੋਚ ਸਿਖਾਉਣ ਦਾ ਵਿਚਾਰਧਾਰਾਤਮਕ ਬੀੜਾ ਚੁੱਕਿਆ, ਕਾਰਲ ਮਾਰਕਸ ਨੇ ਯੂਰਪ ਦੇ ਬੂਰਜੁਆ ਬੁੱਧੀਜੀਵੀਆਂ ਨੂੰ ਇਕ ਇਕ ਕਰਕੇ ਪ੍ਰਗਤੀਵਾਦੀ ਰਾਹ ਦਿਖਾਇਆ। ਦੋਵੇਂ ਕਟਾਕਸ਼, ਪੜਚੋਲ ਤੇ ਦਲੀਲ ਦੀ ਵਿਧੀ ਦਾ ਇਸਤੇਮਾਲ ਕਰਦੇ ਸਨ। ਦੋਵੇਂ ਇਮਾਨਦਾਰ, ਤਿਆਗਮੂਰਤ, ਹਮਦਰਦ ਤੇ ਕਿਸੇ ਉੱਚੇ ਉਦੇਸ਼ ਨੂੰ ਪ੍ਰਣਾਏ ਹੋਏ ਸਨ। ਗੁਰੂ ਨਾਨਕ ਨੇ ਆਪਣੇ ਵੀਹ ਰੁਪਇਆਂ ਨਾਲ ਭੁੱਖੇ ਸਾਧੂਆਂ ਨੂੰ ਪ੍ਰਸ਼ਾਦੇ ਛਕਾਏ, ਮਾਰਕਸ ਨੇ ਆਪਣੀ ਅਚਾਨਕ ਮਿਲੀ ਵਿਰਾਸਤੀ ਪੂੰਜੀ ਨੂੰ ਟੋਕਰੀ ਵਿਚ ਪਾ ਕੇ ਮਿਲਣ ਆਉਣ ਵਾਲੇ ਮਜ਼ਦੂਰਾਂ ਦੇ ਵਰਤਣ ਲਈ ਡਰਾਇੰਗਰੂਮ ਦੇ ਟੇਬਲ 'ਤੇ ਰੱਖ ਦਿੱਤਾ। ਗੁਰੂ ਸਾਹਿਬ ਸਾਰੀ ਉਮਰ ਦੇਸ਼-ਵਿਦੇਸ਼ ਵਿਚ ਉਦਾਸੀਆਂ ਕਰਦੇ ਰਹੇ, ਮਾਰਕਸ ਉਮਰ-ਭਰ ਜਲਾਵਤਨ ਰਿਹਾ। ਗੁਰੂ ਸਾਹਿਬ ਨੇ ਮਰਦਾਨੇ ਨਾਲ ਉਮਰ ਭਰ ਦੀ ਸੰਗਤ ਨਿਬਾਹੀ, ਕਾਰਲ ਮਾਰਕਸ ਦੀ ਫ੍ਰੈਡਰਿਕ ਏਂਜਲਸ ਨਾਲ ਦੋਸਤੀ ਨੂੰ ਯਾਦਗਾਰੀ ਮੰਨਿਆ ਜਾਂਦਾ ਹੈ। ਦੋਵੇਂ ਹੀ ਪੱਕੇ ਗ੍ਰਹਿਸਥੀ ਸਨ। ਗੁਰੂ ਚੇਲੇ ਵਰਗੀਆਂ ਸਮਾਨਤਾਵਾਂ ਮਿਲਿਆਂ, ਪਰ ਟਕਰਾਓ ਇੱਥੇ ਵੀ ਕੋਈ ਨਾ ਮਿਲਿਆ।

ਹੈਰਾਨੀ ਦੀ ਗੱਲ ਇਹ ਕਿ ਅਖੌਤੀ ਟਕਰਾਓ ਦੀ ਥਾਂ ਇਕ ਹੋਰ ਅਦੁੱਤੀ ਸਾਂਝ ਮਿਲੀ, ਜਿਸ ਨੂੰ ਅਜੋਕੇ ਸਿੱਖ ਵਿਦਵਾਨ ਕਦੇ ਵੀ ਨਾ ਸਮਝ ਸਕੇ। ਗੁਰੂ ਸਾਹਿਬ ਨੇ ਕਿਰਤ ਕਰੋ ਦਾ ਸੰਦੇਸ਼ ਦਿੱਤਾ, ਮਾਰਕਸ ਨੇ ਕਿਰਤ ਉਤੇ ਆਧਾਰਤ ਲੇਬਰ ਸਿਧਾਂਤ (Labor Theory) ਦਿੱਤਾ। ਇਸ ਅਨੁਸਾਰ ਸੰਸਾਰ ਦੀਆਂ ਸਭ ਵਸਤਾਂ ਮਨੁੱਖੀ ਕਰਮ ਭਾਵ ਮਿਹਨਤ ਦਾ ਸਿੱਟਾ ਹਨ। ਉਸ ਨੇ ਆਪਣੀ ਸੰਸਾਰ ਪ੍ਰਸਿੱਧ ਪੁਸਤਕ ਦਾਸ ਕੈਪੀਟਲ (Das Capital) ਨੂੰ ਸ਼ੁਰੂ ਹੀ ਇੱਥੋਂ ਕੀਤਾ, "ਦੁਨੀਆਂ ਦੀਆਂ ਸਭ ਵਸਤਾਂ ਮਨੁੱਖੀ ਕਿਰਤ ਦਾ ਸੰਚਿਤ ਰੂਪ (Congealed form) ਹਨ।" ਅਰਥਾਤ ਦੁਆਲੇ ਦੀਆਂ ਸਭ ਚੀਜ਼ਾਂ ਮਨੁੱਖੀ ਮਿਹਨਤ ਦੇ ਮੁਜੱਸਮੇ ਹਨ, ਜਿਨ੍ਹਾਂ ਵਿਚ ਮਨੁੱਖਤਾ ਦੀ ਮੁਸ਼ੱਕਤ ਸਿੱਕੇ-ਬੰਦ ਹੈ। ਉਸ ਨੇ ਖੋਜ ਰਾਹੀਂ ਸਾਬਤ ਕੀਤਾ ਕਿ ਕਿਸੇ ਚੀਜ਼ ਨੂੰ ਪੈਦਾ ਕਰਨ ਵਿਚ ਸਿਰਫ ਤੇ ਸਿਰਫ ਮਨੁੱਖੀ ਮਿਹਨਤ ਖਪਤ ਹੁੰਦੀ ਹੈ, ਇਸ ਲਈ ਮਿਹਨਤ ਦੇ ਫਲ ਉੱਤੇ ਕੇਵਲ ਮਿਹਨਤਕਸ਼ਾਂ ਭਾਵ ਭਾਈ ਲਾਲੋਆਂ ਦਾ ਹੱਕ ਹੈ। ਉਸ ਨੇ ਸਨਾਤਨੀ ਅਰਥ-ਸ਼ਾਸ਼ਤਰੀਆਂ ਦੀਆਂ ਉਨ੍ਹਾਂ ਥਿਊਰੀਆਂ ਨੂੰ ਗਲਤ ਸਾਬਤ ਕੀਤਾ, ਜਿਨ੍ਹਾਂ ਅਨੁਸਾਰ ਜਮੀਨ, ਸ਼ਰਮਾਇਆ ਤੇ ਪ੍ਰਬੰਧ ਨੂੰ ਉਤਪਾਦਨ ਦੇ ਮੁੱਖ ਤੱਤ ਮੰਨ ਕੇ ਮੁਨਾਫੇ ਉੱਤੇ ਸ਼ਰਮਾਏਦਾਰਾਂ ਭਾਵ ਮਲਕ ਭਾਗੋਆਂ ਦਾ ਹੱਕ ਦੱਸਿਆ ਜਾਂਦਾ ਸੀ ਤੇ ਮਿਹਨਤਕਸ਼ਾਂ ਭਾਵ ਲਾਲੋਆਂ ਨੂੰ ਸਿਰਫ ਮਜ਼ਦੂਰੀ ਦੇ ਹੱਕਦਾਰ ਸਮਝਿਆ ਜਾਂਦਾ ਸੀ। ਟਕਰਾਓ ਕੇਹਾ, ਇਸ ਅਨੁਸਾਰ ਤਾਂ ਕਾਰਲ ਮਾਰਕਸ ਨੂੰ ਗੁਰੂ ਸਾਹਿਬ ਦਾ 'ਬੰਦਾ ਬਹਾਦਰ' ਕਿਹਾ ਜਾਣਾ ਚਾਹੀਦਾ ਹੈ।

ਇਹੀ ਨਹੀਂ, ਜਿਵੇਂ ਗੁਰੂ ਨਾਨਕ ਨੇ ਆਪਣੀ ਆਖਰੀ ਲਿਖਤ ਜਪੁਜੀ ਲਿਖ ਕੇ ਆਪਣੀ ਸਮੁੱਚੀ ਬਾਣੀ ਨੂੰ ਵਿਚਾਰਨ ਦੇ ਬੁਨਿਆਦੀ ਨਿਯਮ ਦੱਸੇ। ਇਨ੍ਹਾਂ ਨਿਯਮਾਂ ਨੂੰ ਬਹੁਤੇ ਸਿੱਖ ਵਿਦਵਾਨਾਂ ਨੇ ਸਮਝਿਆ ਨਹੀਂ ਤੇ ਜਿਨ੍ਹਾਂ ਨੇ ਸਮਝਿਆ, ਉਨ੍ਹਾਂ ਨੇ ਗੌਲਿਆ ਨਹੀਂ। ਉਸੇ ਤਰ੍ਹਾਂ ਕਾਰਲ ਮਾਰਕਸ ਨੇ ਢਲਦੀ ਉਮਰੇ ਆਪਣੀ ਆਖਰੀ ਰਚਨਾ ਗੋਥਾ ਪ੍ਰੋਗਰਾਮ ਦੀ ਆਲੋਚਨਾ (Critique of the Gotha Programme) ਲਿਖੀ, ਜਿਸ ਵਿਚ ਉਸ ਨੇ ਆਪਣੀ ਵਿਚਾਰਧਾਰਾ ਬਾਰੇ ਯਾਦਗਾਰੀ ਨੁਕਤੇ ਸਮਝਾਏ। ਇਸ ਪੁਸਤਕ ਨੂੰ ਉਸ ਦੇ ਬਹੁਤੇ ਅਨੁਆਈਆਂ ਨੇ ਪੜ੍ਹਿਆ ਨਹੀਂ, ਜਿਨ੍ਹਾਂ ਨੇ ਪੜ੍ਹਿਆ, ਉਹ ਅਣਗੌਲਿਆ ਕਰਨ ਲੱਗ ਪਏ। ਟਕਰਾਓ ਦੀ ਤਾਂ ਇਹ ਗੱਲ ਵੀ ਨਹੀਂ, ਫਿਰ ਟਕਰਾਓ ਹੈ ਕਿਥੇ?

ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਇਹ ਗੱਲ ਭਲੀਭਾਂਤ ਜਾਣਦੇ ਹਨ ਕਿ ਗੁਰੂ ਸਾਹਿਬ ਨੇ ਭਾਈ ਲਾਲੋ ਨਾਲ ਭੋਜਨ ਕਰ ਕੇ ਮਿਹਨਤਕਸ਼ਾਂ ਦਾ ਰੁਤਬਾ ਵਧਾਇਆ, ਪਰ ਉਹ ਇਹ ਨਹੀਂ ਜਾਣਦੇ ਕਿ ਗੁਰੂ ਸਾਹਿਬ ਨੇ ਸਰਮ ਖੰਡ ਵਿਚ ਮਿਹਨਤ ਨੂੰ ਉਹ ਦਾਰਸ਼ਨਿਕ ਸਨਮਾਨ ਦਿੱਤਾ ਹੈ, ਜੋ ਕਿਸੇ ਤੋਂ ਵੀ ਨਾ ਦਿੱਤਾ ਗਿਆ। ਕਈ ਸਿੱਖ ਵਿਦਵਾਨ ਤਾਂ ਸਰਮ ਖੰਡ ਨੂੰ ਸ਼ਰਮ ਦਾ ਖੇਤਰ ਭਾਵ ਸ਼ਰਮੀਲੇ ਜਾਂ ਅਧੀਨਗੀ ਵਾਲੇ ਲੋਕਾਂ ਦਾ ਪੜਾਅ ਦੱਸ ਕੇ ਗੁਰੂ ਸਾਹਿਬ ਦੇ ਇਨ੍ਹਾਂ ਵਡਮੁੱਲੇ ਵਿਚਾਰਾਂ ਨੂੰ ਅਗਿਆਨ ਦੀ ਭੇਟ ਚੜ੍ਹਾ ਦਿੰਦੇ ਹਨ। ਮਾਰਕਸ ਤਾਂ ਉਨ੍ਹਾਂ ਲਈ ਓਪਰਾ ਹੈ, ਉਹ ਤਾਂ ਗੁਰੂ ਸਾਹਿਬ ਦੀ ਆਪਣੀ ਸੋਚ ਨਾਲ ਇਨਸਾਫ ਨਹੀਂ ਕਰਦੇ! ਇਹ ਸਭ ਉਨ੍ਹਾਂ ਦੀ 36ਵੀਂ ਪਉੜੀ ਦੀ ਵਿਆਖਿਆ ਤੋਂ ਸਿੱਧ ਹੁੰਦਾ ਹੈ, ਜੋ ਇਸ ਪਉੜੀ ਦੀਆਂ ਤੁਕਾਂ ਸਮੇਤ ਹੇਠ ਦਿੱਤੀ ਗਈ ਹੈ,

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥
ਤਿਥੈ ਨਾਦ ਬਿਨੋਦ ਕੋਡ ਅਨੰਦੁ॥
ਸਰਮ ਖੰਡ ਕੀ ਬਾਣੀ ਰੂਪੁ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥
ਤਾ ਕੀਆ ਗਲਾ ਕਥੀਆ ਨਾ ਜਾਹਿ॥
ਜੇ ਕੋ ਕਹੈ ਪਿਛੈ ਪਛੁਤਾਇ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥੩੬॥

ਇਸ ਪਉੜੀ ਦੀਆਂ ਪਹਿਲੀਆਂ ਦੋ ਤੁਕਾ ਦਾ ਸਬੰਧ ਇਸ ਤੋਂ ਪਹਿਲੀ ਪਉੜੀ ਨਾਲ ਹੈ, ਜਿਸ ਵਿਚ ਗੁਰੂ ਸਾਹਿਬ ਨੇ ਦੱਸਿਆ ਸੀ ਕਿ ਗਿਆਨ ਦੇ ਖੇਤਰ ਵਿਚ ਬੁਧੀਜੀਵੀ, ਵਿਦਵਾਨ ਤੇ ਆਮ ਲੋਕ ਗਿਆਨ ਦੀ ਖੋਜ ਕਰਨ ਦੀ ਥਾਂ ਵੱਖ ਵੱਖ ਚੀਜ਼ਾਂ ਦੀ ਉਪਾਸ਼ਨਾ ਵਿਚ ਲੱਗੇ ਹੋਏ ਹਨ। ਉਸ ਪਉੜੀ ਦਾ ਸਾਰ ਦਿੰਦਿਆਂ ਉਹ ਇੱਥੇ ਦੱਸਦੇ ਹਨ ਕਿ ਗਿਆਨ ਦੇ ਖੇਤਰ ਵਿਚ ਤਾਂ ਗਿਆਨ ਪ੍ਰਚੰਡ ਰੂਪ ਵਿਚ ਮਿਲਦਾ ਹੈ। ਉਸ ਨੂੰ ਗੰਭੀਰਤਾ ਨਾਲ ਖੋਜਣ ਦੀ ਥਾਂ ਬਾਹਰਮੁਖੀ ਕਾਰਜ ਭਾਵ ਫੋਕਟ ਕਾਰਜ ਕੀਤੇ ਜਾਂਦੇ ਹਨ। ਇਹ ਦਿਖਾਵੇ ਦੇ ਕਾਰਜ ਸਿਰਫ ਹੁੰਦੇ ਦਿਸਦੇ ਹਨ, ਪਰ ਗਿਆਨ ਪ੍ਰਾਪਤੀ ਪੱਖੋਂ ਖਾਲੀ ਹਨ। ਸੋਚ ਵਿਚਾਰ ਦੀ ਥਾਂ ਗਾਉਣ-ਵਜਾਉਣ, ਗਿਆਨ-ਗੋਸ਼ਟੀ ਦੀ ਥਾਂ ਮਨੋਰੰਜਨ, ਲਿਖਣ-ਪੜ੍ਹਨ ਦੀ ਥਾਂ ਕਲਾ-ਕੌਤਕ ਤੇ ਜਿਸਮਾਨੀ ਹਰਕਤਾਂ ਅਤੇ ਤਰਕ ਵਿਸ਼ਲੇਸ਼ਣ ਭਾਵ ਮਨਨ ਅਰਥਾਤ 'ਮੰਨੇ' ਦੀ ਥਾਂ ਮਾਨਸਿਕ ਸਵਾਦ ਦੀ ਲਾਲਸਾ ਪ੍ਰਧਾਨ ਬਣ ਗਈ ਹੈ। ਉਨ੍ਹਾਂ ਦਾ ਇਸ਼ਾਰਾ ਮੰਦਿਰਾਂ ਦੇ ਭਜਨਾਂ, ਸੰਖਾਂ, ਟੱਲੀਆਂ, ਤਪਸਿਆਵਾਂ, ਰਾਮਲੀਲਾ ਦੇ ਨਾਟਕਾਂ, ਪੀਰ-ਦਰਗਾਹਾਂ ਦੀਆਂ ਨਾਤ-ਕਵਾਲੀਆਂ, ਸਿੱਧਾਂ ਪੁਰਖਾਂ ਦੇ ਕਰਮਾਤੀ ਕੌਤਕਾਂ, ਤੀਰਥ ਅਸ਼ਨਾਨਾਂ, ਮੇਲਿਆਂ, ਯੱਗਾਂ, ਭੰਡਾਰਿਆਂ ਤੇ ਅੰਤਰ-ਮੁਗਧੀ ਮੰਤਰ ਗਾਇਨਾਂ ਵੱਲ ਸੀ। ਅਜੋਕੇ ਸਮੇਂ ਦੇ ਧਾਰਮਿਕ ਜਲਸੇ ਜਲੂਸ, ਪ੍ਰਭਾਤ ਫੇਰੀਆਂ, ਸ਼ਬਦ ਕੀਰਤਨ, ਨਾਮ ਸਿਮਰਨ, ਅਖੰਡ ਪਾਠ, ਮੱਥੇ, ਚੜ੍ਹਾਵੇ, ਗੱਤਕੇ, ਮੱਸਿਆਂ, ਪੁੰਨਿਆਂ, ਵਰ੍ਹੇ-ਗੰਢਾਂ, ਸ਼ਤਾਬਦੀਆਂ, ਪ੍ਰਕਾਸ਼-ਦਿਵਸ, ਸ਼ਸ਼ਤਰ-ਦੀਦਾਰ ਆਦਿ ਵੀ ਉਨ੍ਹਾਂ ਦੇ ਦੱਸੇ ਗਿਆਨ ਵਿਹੂਣੇ ਪ੍ਰਚੰਡ ਕਾਰਜਾਂ ਵਿਚ ਹੀ ਸ਼ਾਮਲ ਹਨ।

ਗਿਆਨ ਖੰਡ ਦੀ ਇਸ ਟਿੱਪਣੀ ਪਿਛੋਂ ਗੁਰੂ ਸਾਹਿਬ ਸਰਮ ਖੰਡ ਭਾਵ ਮਨੁੱਖੀ ਮਿਹਨਤ ਦੇ ਖੇਤਰ ਦੀਆਂ ਪ੍ਰਾਪਤੀਆਂ ਦਾ ਜਾਇਜ਼ਾ ਪੇਸ਼ ਕਰਦੇ ਹਨ। ਉਹ ਕਹਿੰਦੇ ਹਨ ਕਿ ਸਰਮ ਖੰਡ ਦੀ ਬਾਣੀ ਰੂਪ ਹੈ ਭਾਵ ਮਿਹਨਤ ਦੇ ਖੇਤਰ ਵਿਚ ਮਨੁੱਖੀ ਕਿਰਤ ਹਰ ਥਾਂ ਸੁੰਦਰਤਾ ਤੇ ਸੁਹਜ ਪੈਦਾ ਕਰਦੀ ਹੈ ਤੇ ਰੂਪ ਬਣ ਕੇ ਵਿਅਕਤ ਹੁੰਦੀ ਹੈ। ਜਿਸ ਚੀਜ਼ 'ਤੇ ਮਿਹਨਤ ਲਾ ਦਿਓ, ਉਹ ਸੁੰਦਰਤਾ ਦੀ ਮੂੰਹੋਂ ਬੋਲਦੀ ਤਸਵੀਰ ਬਣ ਜਾਂਦੀ ਹੈ। ਇਸ ਖੰਡ ਵਿਚ ਬਹੁਤ ਅਨੂਠੀ ਭਾਵ ਕਿਤੇ ਨਾ ਮਿਲਣ ਵਾਲੀ ਘਾੜਤ ਘੜੀ ਜਾਂਦੀ ਹੈ। ਭਾਵੇਂ ਭਵਨ-ਨਿਰਮਾਣ ਕਲਾ ਹੋਵੇ ਜਾਂ ਜੇਵਰਾਤ, ਬਸਤਰ-ਕਸ਼ੀਦਾਕਾਰੀ, ਬੁੱਤ-ਸਾਜੀ ਜਾਂ ਚਿਤਰਕਾਰੀ ਹੋਵੇ, ਸਭ ਵਿਚੋਂ ਮਨੁੱਖੀ ਮਿਹਨਤ ਤੇ ਹੁਨਰ ਦਾ ਕਮਾਲ ਝਲਕਦਾ ਹੈ। ਇਸ ਖੇਤਰ ਦੀ ਪੈਦਾਵਾਰ ਇੰਨੀ ਮਹੀਨ ਹੈ ਕਿ ਇਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਜੇ ਕੋਈ ਕਰਨ ਦੀ ਕੋਸ਼ਿਸ਼ ਕਰੇ ਵੀ ਤਾਂ ਉਸ ਨੂੰ ਆਪਣੇ ਕਹੇ ਉੱਤੇ ਪਿਛੋਂ ਪਛਤਾਉਣਾ ਪੈਂਦਾ ਹੈ, ਕਿਉਂਕਿ ਕਾਰੀਗਰੀ ਦੇ ਹੋਰ ਤੋਂ ਹੋਰ ਵਧੀਆ ਅਜੂਬੇ ਸਾਹਮਣੇ ਆਉਂਦੇ ਰਹਿੰਦੇ ਹਨ। ਕਾਰਨ ਇਹ ਕਿ ਸੁਰਤ, ਮੱਤ, ਮਨ ਤੇ ਬੁੱਧੀ ਵੀ ਕਿਰਤ ਨਾਲ ਹੀ ਘੜ੍ਹੇ ਜਾਂਦੇ ਹਨ। ਮਨੁੱਖੀ ਮਾਨਸਿਕ ਤੇ ਬੌਧਿਕ ਘਾੜਤ ਸਦਕਾ ਹੀ ਉਨ੍ਹਾਂ ਦੀ ਕਾਰਜ-ਕੁਸ਼ਲਤਾ ਅੱਗੇ ਤੋਂ ਅੱਗੇ ਤਿੱਖੀ ਹੁੰਦੀ ਰਹਿੰਦੀ ਹੈ ਭਾਵ ਦੇਵਤਿਆਂ ਤੇ ਸਿੱਧਾਂ ਦੀ ਬੁੱਧੀ ਕਹੀ ਜਾਣ ਲਗਦੀ ਹੈ। ਜੋ ਚੀਜ਼ ਪ੍ਰਗਤੀ ਵਿਚ ਹੋਵੇ, ਉਸ ਦੀ ਕਿਸੇ ਕੜੀ ਨੂੰ ਆਖਰੀ ਨਹੀਂ ਕਿਹਾ ਜਾ ਸਕਦਾ ਅਤੇ ਜੇ ਕੋਈ ਕਹਿੰਦਾ ਹੈ ਤਾਂ ਪਿਛੋਂ ਪਛਤਾਉਂਦਾ ਹੈ। ਜੇ ਕੋਈ ਮੱਧਕਾਲੀ ਮੂਰਖ ਉਸ ਵੇਲੇ ਦੀ ਕੁਤਬ ਮੀਨਾਰ ਨੂੰ ਜਮਾਨੇ ਦੀ ਸਭ ਤੋਂ ਉੱਚੀ ਇਮਾਰਤ ਤੇ ਰੱਥ ਨੂੰ ਸਭ ਤੋਂ ਤੇਜ ਵਾਹਨ ਕਹਿ ਦਿੰਦਾ ਤਾਂ ਅੱਜ ਆਧੁਨਿਕ ਜ਼ਮਾਨੇ ਦੀਆਂ ਗਗਨ-

*(ਬਾਕੀ ਅਗਲੇ ਸਫੇ 'ਤੇ)*

# ਭਾਈ ਮਰਦਾਨਾ: 'ਉਦਾਸੀਆਂ' ਦਾ ਜਸ਼ਨ

**ਜਸਬੀਰ ਮੰਡ**
ਫੋਨ: 91-89688-34726
jasbeermand750@gmail.com

ਜਨਮ ਸਾਖੀਆਂ ਸੰਸਕਾਰਾਂ ਦੀ ਸਾਦਗੀ ਨੂੰ ਨਹੀਂ ਛੋਡਦੀਆਂ। ਮਰਦਾਨਾ ਸ਼ਾਇਦ ਇਸੇ ਕਰਕੇ ਇਨ੍ਹਾਂ ਵਿਚ ਇਤਿਹਾਸ ਦੀਆਂ ਖਾਲੀ ਥਾਂਵਾਂ ਵਿਚ ਖੜ੍ਹਾ ਦਿਸਦਾ ਹੈ। ਰੂਹਾਨੀ ਚਿਹਰਿਆਂ ਦੇ ਆਲੇ-ਦੁਆਲੇ ਬੜੇ ਮਿਥਿਹਾਸਕ ਘੇਰੇ ਹੁੰਦੇ ਨੇ। ਇਨ੍ਹਾਂ ਘੇਰਿਆਂ ਵਿਚ ਕਿੱਥੇ ਰੂਹਾਨੀਅਤ ਹੈ ਤੇ ਕਿੱਥੇ ਮਿੱਥ ਹੈ; ਜਨਮ ਸਾਖੀਆਂ ਇਸ ਸੋਝੀ ਨੂੰ ਵੀ ਨਹੀਂ ਛੋਡਦੀਆਂ। ਇਸ ਤਰ੍ਹਾਂ ਜਨਮ ਸਾਖੀਆਂ ਮਿੱਥ ਤੇ ਇਤਿਹਾਸ ਦਾ ਮੇਲ-ਜੋਲ ਕਰਾ ਆਪ ਦਰਸ਼ਕ ਬਣ ਜਾਂਦੀਆਂ ਨੇ। ਭਾਵੇਂ ਇਤਿਹਾਸ ਨੇ ਮਰਦਾਨੇ ਨੂੰ ਸਿਰਫ ਰਬਾਬੀ ਤੱਕ ਸੀਮਿਤ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਇਹ ਮਿੱਥ ਲਗਾਤਾਰ ਟੁੱਟਦੀ ਰਹੀ। ਜਦੋਂ ਵੀ ਬਾਬਾ ਲੋਕ ਮਨਾਂ 'ਚੋਂ ਬੋਲਿਆ, "ਬਾਣੀ ਆਏ, ਰਬਾਬ ਵਜਾ ਮਰਦਾਨਿਆ।" ਅਚਾਨਕ ਮਰਦਾਨਾ ਇਤਿਹਾਸ ਦੀਆਂ ਖਾਲੀ ਥਾਂਵਾਂ 'ਚੋਂ ਲਿਸ਼ਕਣ ਲੱਗ ਪੈਂਦਾ ਹੈ। ਇਹ ਲਿਸ਼ਕਾਰਾ ਕਿੱਥੋਂ ਆਉਂਦਾ ਹੈ? ਇਹ ਲਿਸ਼ਕ ਬਾਬੇ ਦੀ ਹੈ। ਏਨਾ ਅਣਗੌਲਿਆ ਹੋਣ ਦੇ ਬਾਵਜੂਦ ਉਹਦੀ ਸੂਝ ਤੇ ਸਾਦਗੀ ਦਾ ਸੰਜਮ ਉਭਰ ਕੇ ਸਾਹਮਣੇ ਆਉਣਾ ਸ਼ੁਰੂ ਹੋ ਜਾਂਦਾ ਹੈ। ਲੋਕ-ਮਨਾਂ ਦੀ ਗੂੰਜ ਸਮੇਤ ਮਰਦਾਨਾ ਰਬਾਬ ਨਾਲ ਫਿਰ ਸਾਬਤ-ਸਬੂਤਾ ਖੜ੍ਹਾ ਦਿਸਦਾ ਹੈ।

ਮਰਦਾਨਾ ਜਿੰਨਾ ਅਣਗੌਲਿਆ ਰਿਹਾ, ਉਨੀ ਹੀ ਉਹ ਇਹ ਮਿੱਥ ਵੀ ਤੋੜਦਾ ਰਿਹੈ ਕਿ ਇੱਕ ਗਰੀਬ ਮਰਾਸੀ, ਡੂਮ ਦੀ ਪੁੱਛ ਗੁਰੂ ਨਾਨਕ ਤੱਕ ਵੀ ਪੁੱਜ ਸਕਦੀ ਹੈ। ਮਰਦਾਨਾ ਲੋਕ-ਮਨਾਂ ਨੂੰ ਬਾਬੇ ਦੀ ਹਲੀਮੀ, ਮਿੱਤਰਤਾ ਤੇ ਦਾਰਸ਼ਨਿਕਤਾ ਦੀ ਯਾਦ ਦਿਵਾਉਂਦਾ ਰਿਹਾ। ਸ਼ਾਇਦ ਇਸੇ ਕਰਕੇ ਪੁੱ ਛ ਗੁਰੂ ਨਾਨਕ ਤੱਕ ਵੀ ਪਹੁੰਚ ਸਕਦੀ ਹੈ। ਮਰਦਾਨਾ ਲੋਕ-ਮਨਾਂ ਨੂੰ ਬਾਬੇ ਦੀ ਹਲੀਮੀ, ਮਿੱਤਰਤਾ ਤੇ ਦਾਰਸ਼ਨਿਕਤਾ ਦੀ ਯਾਦ ਦਿਵਾਉਂਦਾ ਰਿਹਾ। ਸ਼ਾਇਦ ਇਸੇ ਕਰਕੇ ਗੁਰੂ ਨਾਨਕ ਦੀ ਗੱਲ ਤੁਰਦਿਆਂ ਪਤਾ ਹੀ ਨਹੀਂ ਲੱਗਦਾ, ਕਦੋਂ ਮਰਦਾਨਾ ਕਿਧਰੋਂ ਆ ਪਹੁੰਚਦਾ ਹੈ; ਪਰ ਜਦੋਂ ਵੀ ਬਾਬਾ ਖਤਰਿਆਂ ਵਿਚੋਂ ਲੰਘਿਆ-ਉਹ ਚਾਹੇ ਵਲੀ ਕੰਧਾਰੀ ਦਾ ਪੱਥਰ ਸੀ, ਚਾਹੇ ਮਲਿਕ ਭਾਗੋ ਦੀ ਧੌਂਸ ਸੀ, ਚਾਹੇ ਕੌਡੇ ਰਾਕਸ਼ ਦੀ ਦਹਿਸ਼ਤ ਸੀ-ਇਨ੍ਹਾਂ ਖਤਰਿਆਂ ਦੇ ਕਾਂਬੇ ਜਦੋਂ ਲੋਕ ਮਨਾਂ ਕੋਲ ਪਹੁੰਚੇ ਤਾਂ ਉਨ੍ਹਾਂ ਇਹ ਸਾਰੇ ਡਰ ਮਰਦਾਨੇ ਨੂੰ ਸੌਂਪ ਦਿੱਤੇ, ਕਿਉਂਕਿ ਮਰਦਾਨਾ ਉਨ੍ਹਾਂ ਵਿਚੋਂ ਹੀ ਸੀ, ਇਸ ਕਰਕੇ ਕੁਝ ਵੀ ਜਦੋਂ ਜੀਵਤ ਵਿਅਕਤੀ ਜਿਹਾ ਵਾਪਰਦਾ, ਉਹ ਮਰਦਾਨੇ ਨਾਲ ਹੀ ਵਾਪਰਦਾ-ਚਾਹੇ ਉਹ ਭੁੱਖ ਤੇ ਪਿਆਸ ਹੀ ਕਿਉਂ ਨਾ ਹੋਵੇ। ਇਸ ਤਰ੍ਹਾਂ ਮਰਦਾਨਾ ਜਿੱਥੇ ਲੋਕ ਮਨਾਂ ਦਾ ਦਿਲਾਸਾ ਤੇ ਸਹਾਰਾ ਬਣਿਆ, ਉੱਥੇ ਉਨ੍ਹਾਂ ਦਾ ਸਾਹਸ ਵੀ ਬਣਿਆ। ਇਸੇ ਕਰਕੇ ਮਰਦਾਨਾ ਕਦੇ ਭੁੱਲਿਆ ਹੋਇਆ ਵੀ ਨਹੀਂ ਭੁੱਲਦਾ।

ਪਰ ਮਰਦਾਨੇ ਲਈ ਇਹ ਰਾਹ ਸੌਖਾ ਨਹੀਂ ਸੀ। ਉਹਨੇ ਇੱਕ ਜਾਗੀ ਹੋਈ ਰੂਹ ਨਾਲ ਮੱਥਾ ਲਾਇਆ ਸੀ, ਜੋ ਖਤਰਿਆਂ ਨਾਲ ਭਰੀ ਪਈ ਸੀ। ਉਹ ਸੋਝੀਆਂ ਦੀ ਮਾਂ ਨਾਲ ਤੁਰ ਰਿਹਾ ਸੀ। ਇੱਥੇ ਜੀਵਨ ਤੇ ਮੌਤ ਵਿਚਾਲੇ ਕੋਈ ਸਮਝੌਤਾ ਨਹੀਂ ਸੀ ਚੱਲ ਸਕਦਾ। ਇਸ ਰਾਹ ਉੱਤੇ ਤੁਰਨਾ ਆਪੇ ਸਹੇੜੇ ਖਤਰਿਆਂ ਵਾਂਗ ਸੀ। ਫਿਰ ਵੀ ਮਰਦਾਨਾ ਬਾਬੇ ਨਾਲ ਤੁਰਿਆ। ਉਸ ਨੇ ਬੋਲਣ ਤੋਂ ਅੱਕੇ, ਜ਼ੁਲਮ ਤੋਂ ਥੱਕੇ ਰਾਹਾਂ ਦੇ ਬੇਸੁਰੇ ਰੁੱਖੇਪਣ ਨੂੰ ਬਾਬੇ ਦੀ ਸੰਗਤ ਨਾਲ ਸੰਗੀਤਮਈ ਕੀਤਾ ਤੇ ਪੰਜਾਬ ਦੀ ਰੂਹਾਨੀਅਤ ਦਾ ਸਾਹਸ ਬਣਿਆ।

ਮਰਦਾਨਾ ਦੁਨੀਆਂ ਦੇ ਸਭ ਤੋਂ ਖੁਸ਼ਨਸੀਬ ਉਨ੍ਹਾਂ ਲੋਕਾਂ ਵਿਚੋਂ ਇੱਕ ਸੀ, ਜਿਸ ਨੂੰ ਅੱਧੀ ਸਦੀ ਤੋਂ ਜ਼ਿਆਦਾ ਬਾਬੇ ਨਾਲ ਰਹਿਣ ਦਾ ਮੌਕਾ ਮਿਲਿਆ। ਇਹ ਅਨੋਖਾ ਚਿਹਰਾ, ਜਿਸ ਨੂੰ ਗੁਰੂ ਨੇ ਉਹਨੂੰ ਆਪਣੀ ਮੌਲਿਕਤਾ 'ਚ ਹੀ ਵਧਣ ਫੁਲਣ ਦਾ ਮੌਕਾ ਦਿੱਤਾ ਤੇ ਇਹ ਅਨੋਖਾ ਮੌਕਾ ਇਸ ਸ਼ਾਗਿਰਦ ਨੇ ਜੀਵਨ ਭਰ ਰੱਜ ਕੇ ਮਾਣਿਆ। ਇਸ ਲੰਬੇ ਸਾਥ ਵਿਚ ਉਹ ਲਗਪਗ ਸਾਢੇ ਤਿੰਨ ਦਹਾਕੇ ਆਪਣੇ ਗੁਰੂ ਨਾਲ ਤੁਰਿਆ ਸੀ। ਇਹ ਸਫਰ ਕੋਈ ਸੌਖੇ ਨਹੀਂ ਸਨ। ਇਹ ਖਤਰਿਆਂ ਨਾਲ ਭਰੇ ਪਏ ਸਨ। ਇਨ੍ਹਾਂ ਅਣਜਾਣ ਰਾਹਾਂ, ਅਣਜਾਣ ਲੋਕਾਂ ਤੇ ਅਚਨਚੇਤ ਚੁਣੌਤੀਆਂ ਨੇ ਬਾਬੇ ਨਾਲ ਤੁਰਨ ਦੇ ਅਰਥ ਸਮਝਾਏ। ਬਾਹਰੋਂ ਗੁਰੂ ਤੇ ਚੇਲਾ ਅਲੱਗ ਦਿਸਦੇ, ਰਾਹੀਆਂ ਨੂੰ ਅਚੰਭਿਤ ਕਰਦੇ ਲੰਘਦੇ। ਮਰਦਾਨੇ ਨੂੰ ਇਹ ਵਾਰ-ਵਾਰ ਪੁੱਛਿਆ ਗਿਆ, "ਤੂੰ ਕੌਣ ਏਂ? ਤੂੰ ਆਪਣੇ ਗੁਰੂ ਤੋਂ ਵੱਖਰਾ ਕਿਉਂ ਦਿਸਦਾ ਏਂ?" ਮਰਦਾਨੇ ਨੇ ਸੱਚ ਨੂੰ ਦੋਫਾੜ ਕਰਨ ਵਾਲੀ ਇਹ ਚੁਣੌਤੀ ਵਾਰ-ਵਾਰ ਝੱਲੀ, ਪਰ ਉਹ ਇਸ ਵੱਖਰਤਾ ਦੇ ਜਸ਼ਨ ਵਿਚ ਆਪਣੇ ਗੁਰੂ ਨਾਲ ਝੂਮ-ਝੂਮ ਕੇ ਤੁਰਿਆ। ਦਿਸਣ ਦੇ ਇਨ੍ਹਾਂ ਪਾੜਿਆਂ ਨੂੰ ਉਸ ਦੇ ਨਾਲ ਤੁਰਦਾ ਬਾਬਾ 'ਸਭਨਾਂ ਦਾ ਸੱਚ ਇੱਕ ਹੈ' ਦਾ ਪਾਠ ਪੜ੍ਹਾਉਂਦਾ ਮਰਦਾਨੇ ਦਾ ਸਾਹਸ ਬਣਦਾ ਰਿਹਾ। ਫਿਰ ਵੀ ਮਰਦਾਨਾ ਇਤਿਹਾਸ ਵਿਚ ਕਿਸੇ ਅਣਗੌਲੇ ਸੱਚ ਦੇ ਰਹੱਸ ਵਾਂਗ ਹੀ ਜੀਵਿਆ। ਆਪਣੇ ਗੁਰੂ ਦਾ ਸਭ ਤੋਂ ਵੱਡਾ ਗਵਾਹ, ਜਿਸ ਨੇ ਉਹਦੇ ਸਾਹਮਣੇ ਉਹਨੂੰ ਹੀ ਗਾ-ਗਾ ਸੁਗੰਧਿਤ ਕੀਤਾ। ਫਿਰ ਉਹਦੇ ਨਾ ਹੋਣ ਦਾ ਬੇ-ਸੁਰਾਪਣ ਕਿਸ ਪਾਸਿਉਂ ਆਇਆ? ਕਿਤੇ ਪੰਜਾਬ ਨੇ ਬਾਬੇ ਨੂੰ ਸਮਝਣ ਦੀ ਸਭ ਤੋਂ ਵੱਡੀ ਗਲਤੀ ਇਹੋ ਤਾਂ ਨਹੀਂ ਕੀਤੀ?

ਬਹੁਤ ਸਾਰੇ ਪ੍ਰਸੰਗਾਂ ਵਿਚ ਤਿੰਨ ਪ੍ਰਸੰਗਾਂ ਨਾਲ ਬਾਬਾ ਸਾਡੇ ਦਿਲਾਂ ਦੀ ਧੜਕਣ ਬਣਿਆ। ਪਹਿਲਾ ਗੁਰਬਾਣੀ ਰਾਹੀਂ, ਦੂਜਾ ਜਨਮ ਸਾਖੀਆਂ ਰਾਹੀਂ ਤੇ ਤੀਜਾ ਲੋਕ ਮਨਾਂ ਅੰਦਰ ਚਲਦੇ ਸੰਵਾਦ ਰਾਹੀਂ। ਬਾਬੇ ਨੇ ਜਿੱਥੇ ਆਪਣੀ ਹਜ਼ੂਰੀ ਵਿਚ ਬੈਠਣ ਦਾ ਜਸ਼ਨ ਸਿਖਾਇਆ, ਉੱਥੇ ਸਫਰਾਂ ਦੇ ਅਨੁਭਵ ਨੂੰ ਵੀ ਜੀਅ ਕੇ ਵਿਖਾਇਆ। ਬਾਬਾ ਸਮਾਧੀ ਦੀ ਇੱਕ ਜਗ੍ਹਾ ਟਿਕੇ ਰਹਿਣ ਦੀ ਮਿੱਥ ਹੀ ਨਹੀਂ ਤੋੜਦਾ, ਸਗੋਂ 'ਉਦਾਸੀਆਂ' ਰਾਹੀਂ ਇਕਾਗਰਤਾ ਨੂੰ ਗਤੀ ਵੀ ਦਿੰਦਾ ਹੈ। ਉਦਾਸੀਆਂ ਸਿਰਫ ਫਾਸਲੇ ਤੈਅ ਕਰਨੇ ਹੀ ਨਹੀਂ ਸਨ, ਗਿਆਨ ਨੂੰ ਗਤੀਸ਼ੀਲ ਕਰਨਾ ਵੀ ਸੀ। ਇਸ ਗਤੀ ਵਿਚ 'ਸਮਝਣਾ' ਤੇ 'ਜਾਣਨਾ' ਦੇ ਸੰਵਾਦਾਂ ਨੂੰ 'ਕੁਝ ਕਹੀਏ, ਕੁਝ ਸੁਣੀਏ' ਨਾਲ ਜੋੜਿਆ। ਬਾਬੇ ਨੇ ਸਫਰਾਂ ਵਿਚ ਰੂਹਾਨੀਅਤ ਦੇ ਸਭ ਤੋਂ ਵੱਡੇ ਅੜਿੱਕੇ 'ਸੋਝੀ ਦਾ ਉਪਯੋਗ ਕਿਵੇਂ ਹੋਵੇ' ਨੂੰ ਸੰਵਾਦ ਰਾਹੀਂ ਜਨ-ਸਮੂਹਾਂ ਨਾਲ ਸਾਂਝਿਆਂ ਕੀਤਾ। ਜਿਵੇਂ ਰਾਮ ਤੇ ਕ੍ਰਿਸ਼ਨ ਦਾ ਜੀਵਨ ਜੰਗ, ਹਿੰਸਾ ਤੇ ਸਮਾਜਕ ਕਲੇਸ਼ਾਂ ਦਾ ਬਹੁਤ ਹੀ ਰੋਚਕ ਰਿਹਾ, ਪਰ ਫਿਰ ਵੀ ਇਸ ਰੋਚਕਤਾ ਤੋਂ ਬਿਨਾ ਬਾਬਾ ਲੋਕ ਮਨਾਂ ਦਾ ਸਿਰਮੌਰ ਕਿਵੇਂ ਬਣਿਆ? ਇਹ ਬਾਬੇ ਦੇ 'ਹੋਣ' ਦੀ ਅਦਾ ਸੀ। ਬਾਬਾ ਪੰਜਾਬ ਦੇ ਹਿੰਸਕ ਇਤਿਹਾਸ ਵਿਚ ਇੱਕ ਅਜਿਹਾ ਚਿਹਰਾ ਆਇਆ ਸੀ, ਜਿਸ ਦਾ ਮੁਹਾਂਦਰਾ ਜੰਗੀ ਅਨੁਭਵਾਂ ਦੇ ਖੌਫ ਤੋਂ ਬਿਲਕੁਲ ਹੀ ਅਲੱਗ, ਸ਼ਾਂਤ ਤੇ ਕੋਮਲ ਰੂਪ ਲੈ ਕੇ ਆਇਆ ਸੀ। ਉਹ ਕਿਸੇ ਵੀ ਜੰਗੀ ਲਾਮ-ਲਸ਼ਕਰ ਤੋਂ ਬਿਨਾ ਆਇਆ, ਪਰ ਉਹ ਸੰਵਾਦ ਵਿਚ ਨਿਡਰਤਾ ਨਾਲ ਗੂੰਜਿਆ। ਪੰਜਾਬ ਨੂੰ ਇਸ ਚਿਹਰੇ ਨੇ ਇਕਦਮ ਮੋਹ ਲਿਆ।



ਮਰਦਾਨੇ ਨੇ ਬਾਬੇ ਦੀ ਨਿਰਭੈਤਾ ਦੇ ਕਾਂਬੇ ਝੱਲੇ। ਕੋਈ ਮਹਾਂ-ਸੂਰਬੀਰ ਹੀ ਚੁਫੇਰੇ ਫੈਲੇ ਖੌਫ ਵਿਚ ਬਾਬੇ ਦੇ ਗਰਜਦੇ ਚਿਹਰੇ ਨਾਲ ਤੁਰ ਸਕਦਾ ਸੀ। ਬਾਬਰ ਦੇ ਹਮਲੇ ਦੌਰਾਨ ਲੰਬੇ ਸਮੇਂ ਤੱਕ ਪੰਜਾਬ ਜਿਸ ਤਰ੍ਹਾਂ ਸਹਿਮ ਗਿਆ ਸੀ, ਜਿਸ ਤਰ੍ਹਾਂ ਹਰ ਕੋਈ ਸਫਰਾਂ ਨੂੰ ਭੈਅ ਮੰਨਣ ਲੱਗ ਪਿਆ ਸੀ, ਕੁਝ ਵੀ ਕਹਿਣ ਨੂੰ ਖਤਰਾ ਮੰਨ ਲਿਆ ਗਿਆ ਸੀ, ਉਸ ਸਮੇਂ ਮਰਦਾਨਾ ਬਾਬੇ ਨਾਲ ਤੁਰਿਆ। ਸਿਰਫ ਤੁਰਿਆ ਹੀ ਨਹੀਂ, ਸਗੋਂ ਜਬਰ ਤੇ ਬੇਇਨਸਾਫੀ ਨੂੰ ਬਾਬੇ ਨਾਲ ਮਿਲ ਕੇ ਸ਼ਰੇਆਮ ਗਾਇਆ। ਜਦੋਂ ਚੁਫੇਰਾ ਬੋਲਣ ਦੇ ਸਹਿਮ ਵਿਚ ਸੀ, ਉਸ ਦੇ ਸਮਾਨ-ਅੰਤਰ ਬਾਬੇ ਦੇ ਵਿਦਰੋਹੀ ਬੋਲਾਂ ਨੂੰ ਰਿਦਮ ਦਿੱਤਾ। ਜਿੱਥੇ ਕੋਈ ਚੂੰ ਕਰਨ ਦੀ ਜੁਅਰਤ ਨਹੀਂ ਸੀ ਕਰ ਰਿਹਾ, ਉੱਥੇ ਕੰਨਾਂ ਵਿਚ ਸਾਹਸ ਪੈਦਾ ਕੀਤਾ ਤਦੇ ਬਾਬਾ ਉਹਨੂੰ 'ਭਾਈ ਮਰਦਾਨਾ' ਦੇ ਰੁਤਬੇ ਨਾਲ ਸੱਦਦਾ ਸੀ। ਮਰਦਾਨਾ ਪੰਜਾਬ ਦੇ ਜਨ-ਸਧਾਰਨ ਦੀ ਰੂਹਾਨੀਅਤ ਦਾ ਸਾਹਸ ਬਣਿਆ।

ਬਾਬੇ ਨੇ ਸਫਰਾਂ ਨੂੰ ਜਿੱਥੇ ਇੱਕ ਜੀਵਤ ਚਿੰਤਨ ਦੀ ਵਿਧੀ ਵਜੋਂ ਵਰਤਿਆ, ਉੱਥੇ ਸੰਗੀਤ ਨੂੰ ਸੰਵਾਦ ਦੀ ਨਿਮਰਤਾ ਵਜੋਂ ਉਭਾਰਿਆ। ਦੋਹਾਂ ਵਿਧੀਆਂ ਵਿਚ ਮਰਦਾਨਾ ਇੱਕ ਪੁਲ ਵਾਂਗ ਖੜ੍ਹਾ ਦਿਸਦਾ ਹੈ। ਇਸੇ ਕਰਕੇ ਮਰਦਾਨੇ ਦੀ ਯਾਦ ਇੱਕ ਗਵਾਹ ਵਜੋਂ ਵੀ ਲੋਕ ਮਨਾਂ ਨੇ ਸਾਂਭ ਕੇ ਰੱਖੀ ਹੈ। ਦੁਨਿਆਵੀ ਲੋਕਾਈ ਕੋਲੋਂ ਜਿਸ ਤਰ੍ਹਾਂ ਇਹ ਜੋੜੀ ਝੂਮ-ਝੂਮ ਕੇ ਲੰਘੀ ਸੀ, ਇਹਨੇ ਪੰਜਾਬ ਦੇ ਰੁੱਖੇ ਤੇ ਕੜਕ ਸੁਭਾਅ ਵਿਚ ਸਦਾ ਲਈ ਹਲੀਮੀ ਭਰ ਦਿੱਤੀ। ਜਿੱਥੇ ਸੰਵਾਦ ਦੇ ਵੱਡੇ ਮੌਕੇ ਪੈਦਾ ਕੀਤੇ, ਉੱਥੇ ਅਨੁਭਵਾਂ ਨੂੰ ਸਫਰਾਂ ਦੇ ਖੌਫ 'ਚੋਂ ਬਾਹਰ ਕੱਢਿਆ। ਜੀਵਨ ਭਰ ਬਾਬਾ ਤੋਰਾਂ ਵਿਚ ਰਿਹਾ, ਸਫਰਾਂ ਵਿਚ ਰਿਹਾ, ਪਰ ਫਿਰ ਵੀ ਲੋਕ ਮਨਾਂ ਵਿਚ ਸਹਿਜ ਤੋਂ ਮਹਾਂ ਸਹਿਜ ਵੱਲ ਜਾਂਦਾ ਦਿਸਿਆ। ਬਾਬੇ ਨੇ ਯਾਤਰਾ ਰਾਹੀਂ ਭਟਕਣ ਵਰਗੀ ਮਨੋ-ਅਵਸਥਾ 'ਚੋਂ ਪੰਜਾਬ ਨੂੰ ਬਾਹਰ ਕੱਢਿਆ ਤੇ ਸਦਾ ਲਈ ਸਫਰਾਂ ਨੂੰ 'ਉਦਾਸੀਆਂ' ਵਰਗੇ ਗਹਿਰ ਗੰਭੀਰ ਅਨੁਭਵ ਨਾਲ ਜੋੜਿਆ। ਮਰਦਾਨਾ ਇਨ੍ਹਾਂ ਸਫਰਾਂ ਦੀ ਧੜਕਣ ਬਣਿਆ। ਇਹ ਬਾਬੇ ਦੇ ਹਜ਼ਾਰਾਂ ਮੀਲਾਂ ਦੇ ਸਫਰਾਂ ਦੀ ਚਿਣਗ ਸੀ, ਜਿਸ ਵਿਚ ਸੱਚ ਨੂੰ ਹਰ ਕਿਸੇ ਕੋਲ ਪਹੁੰਚਾਉਣ ਦੀ ਚੇਸ਼ਟਾ ਸੀ।

ਮਰਦਾਨਾ ਸੁਣਨ ਤੇ ਪੁੱਛਣ ਦੀ ਸਾਧਨਾ ਵਿਚ ਜੀਵਿਆ। ਇਸ ਪੁੱਛਣ ਦੀ ਤੋਰ ਵਿਚ ਜੋ ਉੱਤਰ ਉਸ ਨੂੰ ਗੁਰੂ ਕੋਲੋਂ ਸੁਣੇ, ਉਨ੍ਹਾਂ ਉੱਤਰਾਂ ਦੀਆਂ ਧੁਨਾਂ ਵੀ ਗੁਰੂ ਨੇ ਮਰਦਾਨੇ ਕੋਲੋਂ ਹੀ ਸੁਣੀਆਂ। ਸੰਵਾਦ ਦੀ ਇਹ ਅਨੋਖੀ ਖੇਡ ਸੀ ਕਿ ਜੋ ਉੱਤਰ ਉਹਨੂੰ ਬਾਬੇ ਕੋਲੋਂ ਸੁਣੇ, ਉਹ ਦੁਬਾਰਾ ਕਾਵਿਕ ਰੂਪ ਵਿਚ ਵੀ ਸੁਣੇ। ਦੋਹਾਂ ਨੇ ਮਿਲ ਕੇ ਉਹਨੂੰ ਗਾਇਆ ਵੀ ਤੇ ਉਨ੍ਹਾਂ ਵਿਚਲੀ ਗਹਿਰੀ ਧੁਨ ਬਾਬਤ ਇੱਕ ਦੂਜੇ ਕੋਲੋਂ ਪੁੱਛਿਆ ਵੀ। ਇਸ ਤਰ੍ਹਾਂ ਮਰਦਾਨਾ ਦਾਰਸ਼ਨਿਕ ਜਿੱਤਾਂ ਵਿਚ ਵਾਰ-ਵਾਰ ਝੂਮਿਆ; ਪਰ ਏਨੇ ਕੋਮਲ ਭਾਵਾਂ ਤੋਂ ਬਾਹਰ ਉਹ ਅੰਤਿਮ ਸੱਚ ਦੇ ਵਿਦਰੋਹ ਨਾਲ ਵੀ ਘੁੰਮ ਰਿਹਾ ਸੀ। ਇਹ ਹਜ਼ਾਰਾਂ ਮੀਲਾਂ ਦਾ ਸਫਰ ਜੀਵਤ ਸੁਆਸਾਂ ਵਾਂਗ ਸੀ, ਜਿਸ ਵਿਚ ਮਰਦਾਨੇ ਨੂੰ ਕਦੇ ਸੰਗੀਤ ਦੀ ਕੋਮਲਤਾ ਵਿਚ ਉਤਰਨਾ ਪੈਂਦਾ, ਕਦੇ ਸਮਾਜ ਦੇ ਸਭ ਤੋਂ ਤਾਕਤਵਰ, ਭੈਅਮਈ ਚਿਹਰਿਆਂ ਸਾਹਮਣੇ ਸੂਰਬੀਰਾਂ ਵਾਂਗ ਖੜਨਾ ਪੈਂਦਾ। ਉਹ ਅਜਿਹੇ ਗੁਰੂ ਨਾਲ ਤੁਰ ਰਿਹਾ ਸੀ, ਜਿਸ ਦੀ ਨਜ਼ਰ ਸਿਰਫ ਸੱਚ ਉੱਤੇ ਟਿਕੀ ਸੀ। ਇੱਕ ਅਜਿਹਾ ਸੱਚ, ਜੋ ਆਪਣੇ 'ਹੋਣ' ਨੂੰ ਗਾ-ਗਾ ਸੁਣਾਉਂਦਾ ਲੰਘ ਰਿਹਾ ਸੀ।

ਸੰਗੀਤ ਬਾਬੇ ਦੇ ਕਹਿਣ ਦੀ ਵਿਧੀ ਹੈ। ਲੰਬੇ ਸਫਰਾਂ ਦੌਰਾਨ ਅਲੱਗ-ਅਲੱਗ ਭਾਸ਼ਾਵਾਂ ਆਈਆਂ ਹੋਣਗੀਆਂ। ਬਾਬੇ ਨੇ ਸੰਗੀਤ ਦੀ ਇੱਕ ਸਰਬ-ਸਾਂਝੀ ਧੁਨੀ ਨਾਲ ਸੰਵਾਦ ਰਚਾਇਆ। ਦੁਨੀਆਂ ਦੇ ਇਤਿਹਾਸ ਵਿਚ ਸ਼ਾਇਦ ਹੀ ਕਿਤੇ ਵਾਪਰਿਆ ਹੋਵੇ ਕਿ ਕਿਸੇ ਕੌਮ ਦੇ ਮੋਢੀ ਨੇ ਉਹਦੀ ਪਾਲਣਾ-ਪੋਸ਼ਣਾ ਏਨੀ ਸੰਗੀਤਮਈ ਕੀਤੀ ਹੋਵੇ। ਬਾਬੇ ਨੇ ਪਹਿਲੀ ਵਾਰ ਰੂਹਾਨੀ ਛਿਣਾਂ ਨੂੰ ਸਮਾਧੀ ਤੋਂ ਬਾਹਰ ਸੰਵਾਦ ਵਿਚ ਲਿਆਂਦਾ ਤੇ ਉਸ ਸੰਵਾਦ ਨੂੰ ਸੁਰ-ਬੱਧ ਵੀ ਕੀਤਾ। ਅਸੀਂ ਅਕਸਰ ਵੱਡਿਆਂ ਦੇ ਸੱਚ ਨੂੰ ਭੈਅਮਈ ਬਣਾ ਲੈਂਦੇ ਹਾਂ ਅਤੇ ਸਿਰਫ ਤੇ ਸਿਰਫ ਉਹਦੇ ਲਈ ਹੀ ਰਾਖਵਾਂ ਰੱਖ ਲੈਂਦੇ ਹਾਂ ਅਤੇ ਸੱਚ ਨੂੰ ਦੋਫਾੜ ਕਰਕੇ ਜੀਣ ਲੱਗ ਪੈਂਦੇ ਹਾਂ, ਜਦਕਿ ਬਾਬਾ ਹਮੇਸ਼ਾ ਅਜਿਹੇ ਪਾੜਿਆਂ ਨੂੰ ਸਾਰੀ ਉਮਰ ਪੂਰਦਾ ਰਿਹਾ ਤੇ 'ਸਭਨਾਂ ਦਾ ਸੱਚ ਇੱਕ ਹੈ' ਦਾ ਪਾਠ ਪੜ੍ਹਾਉਂਦਾ ਰਿਹਾ। ਜਦੋਂ ਪੂਰਾ ਪੰਜਾਬ ਜੰਗੀ ਅਨੁਭਵਾਂ ਦੇ ਨਾਜ਼ੁਕ ਸਮੇਂ ਵਿਚ ਬਾਬਰ ਹੱਥੋਂ ਕੰਬ ਰਿਹਾ ਸੀ, ਉਦੋਂ ਵੀ ਬਾਬੇ ਨੇ ਸਹਿਜ, ਸੰਜਮੀ ਤੇ ਸਾਦਗੀ ਦੀਆਂ ਝਲਕਾਂ ਵਿਖਾਈਆਂ। ਵਿਦਰੋਹ ਨੂੰ ਕਾਵਿਕ ਤੇ ਸੰਗੀਤਮਈ ਹੋਣ ਦਿੱਤਾ। "ਹੋਰ ਵੀ ਉਠਸੀ ਮਰਦ ਕਾ ਚੇਲਾ।" ਬਾਬੇ ਤੋਂ ਬਿਨਾ ਪੰਜਾਬ ਦਾ ਹਿੰਸਕ ਚਿਹਰਾ ਪਤਾ ਨਹੀਂ ਕਿੰਨਾ ਵਹਿਸ਼ੀ ਹੋ ਜਾਂਦਾ! ਯੁਗ ਪੁਰਸ਼ ਤੁਹਾਨੂੰ ਜ਼ਿਆਦਾ ਬਦਲਣ ਲਈ ਨਹੀਂ ਕਹਿੰਦੇ, ਸਗੋਂ ਉਨ੍ਹਾਂ ਨੂੰ ਵੇਖ ਕੇ ਤੁਸੀਂ ਬਦਲਣ ਲੱਗ ਪੈਂਦੇ ਹੋ। ਬਾਬੇ ਨੇ ਅਜਿਹੀ ਹੀ ਇੱਕ ਸੂਖਮ ਵਿਧੀ ਸ਼ਬਦ ਤੇ ਧੁਨ ਵਿਚਾਲੇ ਪੈਦਾ ਕੀਤੀ। ਇਸ ਸ਼ਬਦ ਤੇ ਧੁਨੀ ਵਿਚਕਾਰ ਮਰਦਾਨਾ ਇੱਕ ਵਾਰ ਫਿਰ ਰਬਾਬ ਫੜੀ ਲਿਸ਼ਕਦਾ ਹੈ।

ਬਾਬੇ ਨੇ ਸਫਰਾਂ ਦੇ ਬੇਸੁਰੇ, ਰੁੱਖੇਪਣ ਨੂੰ ਸੰਗੀਤ ਨਾਲ ਸੁਰਬੱਧ ਕੀਤਾ ਤੇ ਇਸ ਧਰਤੀ ਉੱਤੇ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣ ਦੇ ਉਤਸ਼ਾਹ ਨੂੰ ਕਾਵਿਮਈ ਕਰ ਦਿੱਤਾ। ਇਨ੍ਹਾਂ ਸਫਰਾਂ 'ਚੋਂ ਲੰਘਦਿਆਂ ਵੇਖਣ ਤੇ ਸਮਝਣ ਦੀ ਦ੍ਰਿਸ਼ਟੀ ਨੂੰ 'ਹੋਣ' ਦੀ ਖੂਬਸੂਰਤੀ ਨਾਲ ਨਿਵਾਜਿਆ। ਸੋਚਣ ਦੇ ਨਵੇਂ ਦੁਆਰ ਖੋਲ੍ਹੇ ਤੇ ਸੰਗੀਤ ਨਾਲ ਦਾਰਸ਼ਨਿਕਤਾ ਨੂੰ ਕੋਮਲ ਕੀਤਾ। ਬਾਬੇ ਨੇ ਜੀਵਨ ਦੀ ਤੋਰ ਨਾਲ ਇਤਿਹਾਸ ਦੀਆਂ ਖਾਲੀ ਥਾਂਵਾਂ ਨੂੰ ਸੁੰਨਸਾਨ ਤੇ ਕਲਪਨਾਹੀਣ ਨਹੀਂ ਬਣਨ ਦਿੱਤਾ, ਸਗੋਂ ਉਹ ਸਭ ਖਾਲੀ ਥਾਂਵਾਂ ਸੰਗੀਤ ਦੀਆਂ ਧੁਨਾਂ ਨਾਲ ਅਰਥ-ਭਰਪੂਰ ਬਣਾਈਆਂ। ਇੱਥੇ ਵੀ ਮਰਦਾਨਾ ਚੁੱਪ-ਚੁਪੀਤੇ ਇਸ ਮਹਾਂ-ਕਾਰਜ ਵਿਚ ਸ਼ਾਮਲ ਦਿਸਦਾ ਹੈ।

ਬਾਬਾ ਸਵੈ ਦੀ ਇਕਾਗਰਤਾ ਨਾਲ ਸਮੂਹ ਨੂੰ ਸੰਗਤ ਦੀ ਤਾਕਤ ਬਖਸ਼ਦਾ ਲੰਘਿਆ। ਬਾਬਾ ਜਿਸ ਤਰ੍ਹਾਂ ਸਾਡੇ ਅੰਦਰ ਸਮਾਇਆ ਹੈ, ਉਹ ਹੈ ਬਾਬੇ ਦਾ 'ਹੋਣਾ'। ਸਾਡੇ ਦਿਲਾਂ ਵਿਚ ਬਾਬੇ ਦੇ 'ਹੋਣ' ਦੀ ਬਹੁਤ ਹੀ ਗਹਿਰੀ ਕਾਵਿਕ ਸ਼ੈਲੀ ਹੈ। ਬਾਬੇ ਨੇ ਜੀਵਨ ਨੂੰ ਗਾ ਕੇ ਕਹਿਣ ਦੀ ਵਿਧੀ ਦੱਸੀ ਤੇ ਸੋਚਣ ਨੂੰ ਰਿਦਮ ਦਿੱਤਾ। ਇਤਿਹਾਸ ਵਿਚ ਬਾਬਾ ਜਿੱਥੇ ਦਿਸਦਾ ਨਹੀਂ, ਉੱਥੇ ਉਹਦੀ ਧੁਨ ਸੁਣਦੀ ਹੈ। ਜਿੱਥੇ ਧੁਨ ਸੁਣਦੀ ਹੈ, ਉੱਥੇ ਮਰਦਾਨਾ ਹੀ ਖੜ੍ਹਾ ਦਿਸਦਾ ਹੈ।

# ਗਿਆਨ ਖੰਡ ਮਹਿ ਗਿਆਨੁ ਪਰਚੰਡੁ

*(ਪਿਛਲੇ ਸਫੇ ਦੀ ਬਾਕੀ)*

ਚੁੰਬੀ ਇਮਾਰਤਾਂ ਤੇ ਪੁਲਾੜੀ ਯਾਨ ਦੇਖ ਕੇ ਆਪਣੇ ਕਹੇ 'ਤੇ ਪਸ਼ੇਮਾਨ ਜ਼ਰੂਰ ਹੁੰਦਾ।

ਗੁਰੂ ਨਾਨਕ ਨੇ ਸਮਕਾਲੀ ਸਮਾਜ ਦੀ ਅਧਿਆਤਮਵਾਦੀ ਸੋਚ ਨਾਲ ਸਬੰਧਤ ਹਰ ਇਕ ਚੀਜ਼ ਦੀ ਆਲੋਚਨਾ ਕੀਤੀ ਹੈ। ਜੋਗ, ਤਪਸਿਆ, ਪੂਜਾ-ਪਾਠ, ਤੀਰਥ, ਸੂਤਕ, ਪਾਤਕ, ਲਿੰਗ-ਵਿਤਕਰਾ, ਕਰਮਕਾਂਡ, ਪਖੰਡ, ਹਿੰਸਾ, ਅਗਿਆਨ ਆਦਿ ਸਭ ਦਾ ਉਨ੍ਹਾਂ ਨੇ ਡਟ ਕੇ ਖੰਡਨ ਕੀਤਾ। ਇਕੋ ਇਕ ਚੀਜ਼ ਜਿਸ ਦੀ ਉਨ੍ਹਾਂ ਨੇ ਪ੍ਰਸ਼ੰਸਾ ਕੀਤੀ ਹੈ, ਉਹ ਹੈ ਮਨੁੱਖੀ ਮਿਹਨਤ। ਕਰਮ ਰੂਪ ਵਿਚ ਲੱਗ ਕੇ ਇਹ ਮਿਹਨਤ ਧਰਤੀ ਤੇ ਪ੍ਰਤੀਕਰਮ ਪੈਦਾ ਕਰਦੀ ਹੈ ਤੇ ਸੰਤੋਖ ਭਾਵ ਸਮਾਨਤਾ ਦਾ ਸਮੀਕਰਨ ਬਣਾ ਕੇ ਰੱਖਦੀ ਹੈ। ਕੰਮ ਕਰਨ ਤੇ ਵੰਡ ਕੇ ਛਕਣ ਪਿੱਛੇ ਵੀ ਮਿਹਨਤ ਦਾ ਇਹੀ ਅਸੂਲ ਕੰਮ ਕਰਦਾ ਹੈ। ਮਿਹਨਤ ਦੁਆਰਾ ਸੁਰਤ, ਮੱਤ, ਮਨ ਤੇ ਬੁੱਧ ਦਾ ਘੜ੍ਹਿਆ ਜਾਣਾ ਕਹਿ ਕੇ ਤਾਂ ਉਨ੍ਹਾਂ ਨੇ ਇਕ ਵਿਗਿਆਨਕ ਮਾਅਰਕਾ ਮਾਰਿਆ ਹੈ। ਇਸ ਦੀ ਵਿਸਤ੍ਰਿਤ ਵਿਆਖਿਆ ਏਂਜਲਸ ਨੇ ਆਪਣੀ ਪੁਸਤਕ The Part Played by Labor in the Transition from Ape to Man (1876) ਵਿਚ ਕੀਤੀ ਹੈ।

ਪਰ ਅਜੋਕੇ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਨੇ ਗੁਰੂ ਸਾਹਿਬ ਦੀ ਇਸ ਅਨੂਠੀ ਸੋਚ ਨੂੰ ਆਪਣੀ ਵਿਦਵਤਾ ਚਮਕਾਉਂਦਿਆਂ ਹੀ ਰੋਲ੍ਹ ਦਿੱਤਾ ਹੈ। ਪ੍ਰੋ. ਸਾਹਿਬ ਸਿੰਘ ਸਰਮ ਖੰਡ ਨੂੰ ਧਰਮ ਖੰਡ ਤੇ ਗਿਆਨ ਖੰਡ ਤੋਂ ਅਗਲੀ ਸਟੇਜ ਸਮਝਦੇ ਹਨ, ਜਿਸ ਵਿਚ ਆ ਕੇ ਮਨੁੱਖ ਸਖਤ ਮਿਹਨਤ ਕਰਦਾ ਹੈ ਤੇ ਖੂਬਸੂਰਤ ਚੀਜ਼ਾਂ ਘੜ੍ਹਦਾ ਹੈ। ਇਨ੍ਹਾਂ ਦੀ ਸੁੰਦਰਤਾ ਦੇਖ ਕੇ ਉਸ ਦਾ ਮਨ ਤੇ ਬੁੱਧੀ ਉੱਚੇ ਹੋ ਜਾਂਦੇ ਹਨ ਤੇ ਉਹ ਪ੍ਰਭੂ ਨੂੰ ਪਾਉਣ ਦੇ ਕਾਬਲ ਹੋ ਜਾਂਦਾ ਹੈ। ਉਹ ਲਿਖਦੇ ਹਨ, "ਗਿਆਨ ਖੰਡ ਵਿਚ (ਭਾਵ, ਮਨੁੱਖ ਦੀ ਗਿਆਨ ਅਵਸਥਾ ਵਿਚ) ਗਿਆਨ ਹੀ ਬਲਵਾਨ ਹੁੰਦਾ ਹੈ। ਇਸ ਅਵਸਥਾ ਵਿਚ (ਮਾਨੋ) ਸਭ ਰਾਗਾਂ ਤਮਾਸ਼ਿਆਂ ਤੇ ਕੌਤਕਾਂ ਦਾ ਸੁਆਦ ਆ ਜਾਂਦਾ ਹੈ। ਉੱਦਮ ਅਵਸਥਾ ਦੀ ਬਨਾਵਟ ਸੁੰਦਰਤਾ ਹੈ (ਭਾਵ, ਇਸ ਅਵਸਥਾ ਵਿਚ ਆ ਕੇ ਮਨ ਦਿਨੋ-ਦਿਨ ਸੋਹਣਾ ਬਣਨਾ ਸ਼ੁਰੂ ਹੋ ਜਾਂਦਾ ਹੈ)। ਇਸ ਅਵਸਥਾ ਵਿਚ (ਨਵੀਂ) ਘਾੜਤ ਦੇ ਕਾਰਨ ਮਨ ਬਹੁਤ ਸੋਹਣਾ ਘੜਿਆ ਜਾਂਦਾ ਹੈ। ਉਸ ਅਵਸਥਾ ਦੀਆਂ ਗੱਲਾਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ। ਜੇ ਕੋਈ ਮਨੁੱਖ ਬਿਆਨ ਕਰਦਾ ਹੈ ਤਾਂ ਪਿੱਛੋਂ ਪਛਤਾਉਂਦਾ ਹੈ (ਕਿਉਂਕਿ ਉਹ ਬਿਆਨ ਕਰਨ ਤੋਂ ਅਸਮਰੱਥ ਰਹਿੰਦਾ ਹੈ)। ਉਸ ਮਿਹਨਤ ਵਾਲੀ ਅਵਸਥਾ ਵਿਚ ਮਨੁੱਖ ਦੀ ਸੁਰਤਿ ਤੇ ਮਤਿ ਘੜੀ ਜਾਂਦੀ ਹੈ, (ਭਾਵ ਸੁਰਤਿ ਤੇ ਮਤਿ ਉੱਚੀ ਹੋ ਜਾਂਦੀ ਹੈ) ਅਤੇ ਮਨ ਵਿਚ ਜਾਗ੍ਰਿਤੀ ਪੈਦਾ ਹੋ ਜਾਂਦੀ ਹੈ। ਸਰਮ ਖੰਡ ਵਿਚ ਦੇਵਤਿਆਂ ਤੇ ਸਿੱਧਾਂ ਵਾਲੀ ਅਕਲ (ਮਨੁੱਖ ਦੇ ਅੰਦਰ) ਬਣ ਜਾਂਦੀ ਹੈ।"

ਇਹ ਟੀਕਾਕਾਰ ਇਸ ਪਉੜੀ ਦਾ ਸਾਰ ਦੱਸਦਾ ਲਿਖਦਾ ਹੈ, "ਗਿਆਨ-ਅਵਸਥਾ ਦੀ ਬਰਕਤ ਨਾਲ ਜਿਉਂ ਜਿਉਂ ਸਾਰਾ ਜਗਤ ਇਕ ਸਾਂਝਾ ਟੱਬਰ ਦਿਸਦਾ ਹੈ, ਜੀਵ ਖਲਕਤਿ ਦੀ ਸੇਵਾ ਦੀ ਮਿਹਨਤ (='ਸਰਮ') ਸਿਰ 'ਤੇ ਚੁੱਕਦਾ ਹੈ, ਮਨ ਦੀ ਪਹਿਲੀ ਤੰਗ-ਦਿਲੀ ਹਟ ਕੇ ਵਿਸ਼ਾਲਤਾ ਤੇ ਉਦਾਰਤਾ ਦੀ ਘਾੜਤ ਵਿਚ ਮਨ ਨਵੇਂ ਸਿਰੇ ਸੋਹਣਾ ਘੜਿਆ ਜਾਂਦਾ ਹੈ, ਮਨ ਵਿਚ ਜਾਗ੍ਰਤ ਆਉਂਦੀ ਹੈ, ਸੁਰਤਿ ਉੱਚੀ ਹੋਣ ਲਗ ਪੈਂਦੀ ਹੈ।"

ਅਧਿਆਤਮਵਾਦੀ ਪਿਰਤ ਨੂੰ ਹੀ ਮੁੱਖ ਰੱਖਦਿਆਂ ਭਾਈ ਪਿੰਦਰਪਾਲ ਸਿੰਘ ਤੇ ਗਿਆਨੀ ਠਾਕੁਰ ਸਿੰਘ ਪਟਿਆਲੇ ਵਾਲੇ ਇਸ ਪਉੜੀ ਦਾ ਅਨੁਵਾਦ ਇਸ ਤਰ੍ਹਾਂ ਕਰਦੇ ਹਨ, "ਇਹ ਗਿਆਨ ਦੀ ਅਵਸਥਾ ਉਹ ਗਿਆਨ ਖੰਡ ਹੈ, ਜਿਥੇ (ਪ੍ਰਚੰਡ) ਗਿਆਨ ਦਾ ਬਹੁਤ ਤੇਜ ਪ੍ਰਕਾਸ਼ ਹੋ ਜਾਂਦਾ ਹੈ।...ਗਿਆਨ ਖੰਡੀ ਨੂੰ ਇਸ ਅਵਸਥਾ ਵਿਚ ਪਰਮਾਤਮਾ ਦਾ ਘਟ ਘਟ ਵਜ ਰਿਹਾ ਨਾਦ ਸੁਣਾਈ ਦਿੰਦਾ ਹੈ ਅਤੇ ਉਹ ਪਰਮਾਤਮਾ ਦੇ ਬੇਅੰਤ ਕੌਤਕ ਦੇਖਦਾ ਹੋਇਆ ਅਨੰਦ ਮਾਣਦਾ ਹੈ। ਸਰਮ ਖੰਡ...(ਉਹ ਹੈ)...ਜਿਥੇ ਸਿਰਫ ਸੁੰਦਰਤਾ ਹੈ, ਸਿਰਫ ਵਿਸਮਾਦ ਹੈ। ਇਸ ਅਵਸਥਾ ਵਿਚ ਮਨੁੱਖ ਦੇ ਅੰਦਰ ਦੀ ਘਾੜਤ ਘੜੀ ਜਾਂਦੀ ਹੈ...(ਭਾਵ, ਇਸ ਅਵਸਥਾ ਵਿਚ ਆ ਕੇ ਮਨ ਦਿਨੋ ਦਿਨ ਸੋਹਣਾ ਬਣਨਾ ਸ਼ੁਰੂ ਹੋ ਜਾਂਦਾ ਹੈ।) ਇਸ ਖੰਡ ਨੂੰ ਕੋਈ ਬਿਆਨ ਨਹੀਂ ਕਰ ਸਕਦਾ। ਜੇ ਕੋਈ ਮਨੁੱਖ ਬਿਆਨ ਕਰਦਾ ਹੈ, ਤਾਂ ਪਿੱਛੋਂ ਪਛਤਾਉਂਦਾ ਹੈ (ਕਿਉਂਕਿ ਇਸ ਅਵਸਥਾ ਵਿਚ ਕੌਤਕਾਂ ਦਾ ਕੋਈ ਅੰਤ ਨਹੀਂ ਹੈ)। ਮਨੁੱਖ ਦੀ (ਸੁਰਤਿ) ਇਕ ਤਾਰ ਹੈ, ਜੇ ਸੁਰਤਿ ਨੂੰ ਘੜਿਆ ਜਾਵੇ ਇਸ ਦਾ ਇਕ ਸਿਰਾ ਹਿਰਦੇ ਵਿਚ ਤੇ ਦੂਜਾ ਰੱਬ ਵਿਚ ਜੁੜ ਜਾਂਦਾ ਹੈ, ਅਤੇ ਜੇ ਨਾ ਘੜਿਆ ਜਾਵੇ ਭਾਵ ਦੂਜਾ ਸਿਰਾ ਵਿਕਾਰਾਂ ਵਲ ਹੋਵੇ ਤਾਂ ਮਨ ਤੇ ਮਤ ਵਿਕਾਰਾਂ ਵਲ ਹੀ ਟਿਕੇ ਰਹਿੰਦੇ ਹਨ।...ਜੇ ਮਤ ਹੋਵੇ ਨੀਵੀ ਤਾਂ ਬੰਦਾ ਖਤਮ ਹੋ ਜਾਂਦਾ ਹੈ ਜੇ ਮਤ ਹੋਵੇ ਉਚੀ ਤਾਂ ਇਹ ਮਨ ਦੀ ਚਲਣ ਨਹੀਂ ਦੇਂਦੀ, ਜੋ ਮਨੁੱਖ ਸੁਰਤੀ ਨੂੰ ਘੜਦੇ ਹਨ, ਉਨ੍ਹਾਂ ਦੀ ਇਸ ਅਵਸਥਾ ਵਿਚ ਸੁਰਤੀ ਪੂਰੀ ਤਰ੍ਹਾਂ ਪਰਮਾਤਮਾ ਵਿਚ ਟਿਕ ਜਾਂਦੀ ਹੈ, ਮਤ ਉਚੀ ਅਤੇ ਮਨ ਨੀਵਾਂ ਹੋ ਜਾਂਦਾ ਹੈ। ਸਰਮ ਖੰਡ ਉਹ ਖੰਡ ਹੈ, ਜਿਥੇ ਮਨੁੱਖ ਦੇ ਅੰਦਰ ਦੀ ਅਕਲ ਦੇਵਤਿਆਂ ਵਾਲੀ, ਸਿਧਾਂ ਵਾਲੀ ਸੰਤਾਂ ਮਹਾਤਮਾਂ ਦੀ ਘੜੀ ਜਾਂਦੀ ਹੈ।"

ਇਨ੍ਹਾਂ ਵਿਆਖਿਆਵਾਂ ਵਿਚੋਂ ਜੋ ਕੁਝ ਨਿਕਲਦਾ ਹੈ, ਉਹ ਸਭ ਦੇ ਸਾਹਮਣੇ ਹੈ! ਜੋ ਇਹ ਤਿੰਨ ਵਿਦਵਾਨ ਲਿਖਦੇ ਹਨ, ਲਗਭਗ ਉਹੀ ਦੂਜੇ ਸਭਨਾਂ ਨੇ ਲਿਖਿਆ ਹੈ। ਇਨ੍ਹਾਂ ਤੋਂ ਇਲਾਵਾ ਰਜਨੀਸ਼ (ਓਸ਼ੋ) ਜਿਹੇ ਕੁਝ ਵਿਦਵਾਨ ਅਜਿਹੇ ਵੀ ਹਨ, ਜੋ ਸਰਮ ਦਾ ਅਨੁਵਾਦ ਹੀ ਸ਼ਰਮ (Shame) ਕਰਦੇ ਹਨ। ਉਨ੍ਹਾਂ ਦੀ ਸਮਝ ਦਾ ਵਿਚਾਰ ਕਰ ਕੇ ਤਾਂ ਸੱਚੀ ਮੁੱਚੀ ਪਛਤਾਉਣ ਵਾਲੀ ਗੱਲ ਹੈ। ਦੂਜੇ ਵਿਦਵਾਨ ਵੀ ਇੰਨਾ ਲੱਖਣ ਨਹੀਂ ਲਾਉਂਦੇ ਕਿ ਜੇ ਗੁਰੂ ਸਾਹਿਬ ਕਹਿੰਦੇ ਹਨ ਕਿ ਗਿਆਨ ਖੰਡ ਵਿਚ ਗਿਆਨ ਦੀ ਗੱਲ ਨਹੀਂ ਸਗੋਂ ਦੇਵੀ-ਦੇਵਤੇ, ਪੱਥਰ, ਤਾਰੇ ਸਮੁੰਦਰ ਪਹਾੜ ਤੇ ਬਨਮਾਨਸ ਪੂਜੇ ਜਾਂਦੇ ਹਨ ਤਾਂ ਇਸ ਵਿਚ ਗਿਆਨ ਦੀ ਤੇਜੀ ਕਿਵੇਂ ਹੋਈ? ਫਿਰ ਗਾਉਣਾ, ਵਜਾਉਣਾ, ਕੌਤਕ, ਮਨੋਰੰਜਨ ਆਦਿ ਗਿਆਨ ਦੇ ਸੋਮੇ ਕਿਵੇਂ ਹੋਏ। ਇਹ ਵਿਦਵਾਨ ਇਸ ਗੱਲ ਦੇ ਵਿਸਥਾਰ ਵਿਚ ਵੀ ਨਹੀਂ ਜਾਂਦੇ ਕਿ ਮਿਹਨਤ ਨਾਲ ਸੁੰਦਰਤਾ ਕਿਵੇਂ ਉਪਜਦੀ ਹੈ ਅਤੇ ਇਸ ਨਾਲ ਬੁੱਧੀ ਕਿਵੇਂ ਘੜੀ ਜਾਂਦੀ ਹੈ! ਜੇ ਬੁੱਧੀ ਘੜੀ ਜਾਂਦੀ ਹੈ ਤਾਂ ਉਹ 'ਪਰਮਾਤਮਾ' ਵਿਚ ਕਿਵੇਂ ਟਿਕ ਜਾਂਦੀ ਹੈ, ਕਿਉਂਕਿ ਗੁਰੂ ਸਾਹਿਬ ਨੇ ਤਾਂ ਪਰਮਾਤਮਾ ਦਾ ਜ਼ਿਕਰ ਹੀ ਨਹੀਂ ਕੀਤਾ!

ਸੱਚ ਇਹ ਹੈ ਕਿ ਇਨ੍ਹਾਂ ਵਿਦਵਾਨਾਂ ਦੇ ਉਲਥਿਆਂ ਵਿਚੋਂ ਮਿਹਨਤ ਦਾ ਸੰਕਲਪ ਨਹੀਂ ਝਲਕਦਾ, ਸਿਰਫ ਸ਼ਾਬਦਿਕ ਗੰਢ-ਜੋੜਾਂ ਰਾਹੀਂ ਮਾਰੀਆਂ ਅਧਿਆਤਮਕ ਉਡਾਰੀਆਂ ਝਲਕਦੀਆਂ ਹਨ। ਉਹ ਭੁੱਲ ਜਾਂਦੇ ਹਨ ਕਿ ਬਾਬੇ ਨਾਨਕ ਦਾ ਦਰ ਬਹੁਤ ਉੱਚਾ ਹੈ! ਕਈ ਅਜੋਕੇ ਸਿੱਖ ਵਿਦਵਾਨ ਤਾਂ ਇਸ ਉਚਾਈ ਦੀ ਗੱਲ ਕਰਨ ਨੂੰ ਵੀ ਜਪੁਜੀ ਦੀ ਆਲੋਚਨਾ ਸਮਝਦੇ ਹਨ। ਉਹ ਇਹ ਵੀ ਨਹੀਂ ਪਰਖਦੇ ਕਿ ਜਪੁਜੀ ਦੀ ਆਲੋਚਨਾ ਤੇ ਜਪੁਜੀ ਦੇ ਵਿਆਖਿਆਕਾਰਾਂ ਦੀ ਆਲੋਚਨਾ ਵਿਚ ਕੀ ਫਰਕ ਹੈ!

ਇਤਿਹਾਸ

# ਪੰਜਾਬ ਦਾ ਆਖਰੀ ਰਾਜਾ ਦਲੀਪ ਸਿੰਘ-2

***ਅੰਗਰੇਜ਼ਾਂ ਨੇ ਪੰਜਾਬ 'ਤੇ ਕਿਸ ਤਰ੍ਹਾਂ ਕਬਜ਼ਾ ਕੀਤਾ, ਇਸ ਬਾਰੇ ਬੜਾ ਕੁਝ ਫਰੋਲਿਆ ਗਿਆ ਹੈ। ਇਸ ਪ੍ਰਸੰਗ ਵਿਚ ਪੰਜਾਬ ਦੇ ਆਖਰੀ ਰਾਜੇ ਦਲੀਪ ਸਿੰਘ ਨਾਲ ਵੀ ਕਈ ਕਹਾਣੀਆਂ ਜੁੜੀਆਂ ਹੋਈਆਂ ਹਨ। ਇੰਗਲੈਂਡ ਵੱਸਦੇ ਲਿਖਾਰੀ ਸੁਖਦੇਵ ਸਿੱਧੂ ਨੇ ਰਾਜਾ ਦਲੀਪ ਸਿੰਘ ਬਾਰੇ ਇਹ ਲੰਮਾ ਲੇਖ ਭੇਜਿਆ ਹੈ, ਜਿਸ ਵਿਚ ਸਿੱਖ ਰਾਜ ਦੇ ਆਖਰੀ ਦੌਰ ਅਤੇ ਰਾਜਾ ਦਲੀਪ ਸਿੰਘ ਬਾਰੇ ਚਰਚਾ ਕੀਤੀ ਗਈ ਹੈ। ਪੇਸ਼ ਹੈ ਇਸ ਲੇਖ ਦੀ ਦੂਜੀ ਅਤੇ ਆਖਰੀ ਕਿਸ਼ਤ। -ਸੰਪਾਦਕ***



***ਬਾਂਬਾ ਮੂਲਰ ਅਤੇ ਰਾਜਾ ਦਲੀਪ ਸਿੰਘ ਦੀਆਂ ਤਸਵੀਰਾਂ।***

ਜਦ ਦਲੀਪ ਆਪਣੀ ਮਾਂ ਦੀਆਂ ਆਖਰੀ ਰਸਮਾਂ ਕਰਨ ਭਾਰਤ ਗਿਆ ਤਾਂ ਮੁੜਦੇ ਸਮੇਂ ਰਾਹ 'ਚ ਮਿਸਰ ਦੇ ਸ਼ਹਿਰ ਕਾਹਿਰਾ ਵਿਚ ਅਟਕਿਆ ਸੀ। ਇਥੇ ਹੀ ਇਹ ਬਾਂਬਾ ਮੂਲਰ ਦੇ ਹੁਸਨ 'ਤੇ ਮਰ ਮਿਟਿਆ ਅਤੇ ਉਸ ਨਾਲ ਵਿਆਹ (1864) ਕਰਵਾ ਲਿਆ। ਜਿੰਦਾਂ ਅਤੇ ਡਾ. ਲੋਗਨ ਦੀਆਂ ਮੌਤਾਂ ਤੋਂ ਲੈ ਕੇ ਜਿੰਦਾਂ ਦੀਆਂ ਅਸਥੀਆਂ ਤਾਰਨ ਦਾ ਸਮਾਂ ਛੇ ਮਹੀਨੇ ਤੋਂ ਘੱਟ ਦਾ ਹੈ। ਦਲੀਪ ਸਿੰਘ ਨੇ ਇਹ ਆਪ ਕਿਹਾ ਸੀ ਕਿ ਉਹ ਕਿਸੇ ਈਸਾਈ ਕੁੜੀ ਨਾਲ ਹੀ ਸ਼ਾਦੀ ਕਰਨਾ ਚਾਹੁੰਦਾ ਸੀ। ਇਥੇ ਬਾਂਬਾ ਹੀ ਇੱਕੋ-ਇਕ ਈਸਾਈ ਪਰਵਰਿਸ਼ ਵਾਲੀ ਕੁੜੀ ਸੀ। ਹੈਰਾਨੀ ਦੀ ਗੱਲ ਦੇਖੋ, ਬਾਂਬਾ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ ਅਤੇ ਇਹਨੂੰ ਅਰਬੀ ਦਾ ਰਤਾ ਗਿਆਨ ਨਹੀਂ ਸੀ। ਬਾਂਬਾ ਨਾਲ ਵਿਆਹ ਕਰਾਉਣ



ਸੁਖਦੇਵ ਸਿੱਧੂ

ਖਾਤਿਰ ਦਲੀਪ ਸਿੰਘ ਨੇ ਇਥੋਂ ਦੇ ਈਸਾਈ ਮਿਸ਼ਨ ਨੂੰ ਚੰਗੇ ਪੈਸੇ ਵੀ ਦਾਨ ਦਿੱਤੇ ਸੀ। ਇਹਨੇ ਆਪਣੇ ਸਾਰੇ ਦੇ ਸਾਰੇ ਬੱਚਿਆਂ ਦੇ ਨਾਂ ਵੀ ਈਸਾਈਆਂ ਵਾਲੇ ਰੱਖੇ ਅਤੇ ਪਾਲਣ ਪੋਸ਼ਣ ਵੀ ਉਸੇ ਤਰ੍ਹਾਂ ਦਾ ਹੋਇਆ ਸੀ।

ਬਾਂਬਾ ਮੂਲਰ ਕਿਸੇ ਜਰਮਨ ਬੈਂਕਰ ਦੀ ਰਖੇਲ ਤੋਂ ਪੈਦਾ ਹੋਈ ਔਲਾਦ ਸੀ। ਬਾਂਬਾ ਦਾ ਬਾਪ ਇਸ ਨੂੰ ਖੁੱਲ੍ਹ ਕੇ ਅਪਣਾਉਣ ਤੋਂ ਕਤਰਾਉਂਦਾ ਸੀ ਪਰ ਮਾਂ ਧੀ ਦੇ ਪਾਲਣ ਪੋਸ਼ਣ ਅਤੇ ਧੀ ਦੇ ਪੜ੍ਹਨ ਦਾ ਜ਼ਿੰਮਾ ਲੈਂਦਾ ਰਿਹਾ। ਉਹਨੇ ਆਪਣੀ ਧੀ ਨੂੰ ਸਿਕੰਦਰੀਆ 'ਚ ਪੜ੍ਹਨ ਪਾਇਆ ਸੀ। ਦਲੀਪ ਸਿੰਘ ਅਤੇ ਬਾਂਬਾ ਦਾ ਵਿਆਹ ਦਲੀਪ ਸਿੰਘ ਦੀ ਆਪਣੀ ਮਰਜ਼ੀ ਨਾਲ ਈਸਾਈ ਰਸਮਾਂ ਨਾਲ ਹੋਇਆ। ਹਨੀਮੂਨ ਮਨਾਉਣ ਤੋਂ ਬਾਅਦ ਜੁਲਾਈ 1864 ਨੂੰ ਨਵੀਂ ਵਿਆਹੀ ਜੋੜੀ ਇੰਗਲੈਂਡ ਆ ਗਈ। ਬਾਂਬਾ ਨਾਲ ਦਲੀਪ ਸਿੰਘ ਦੇ ਵਿਆਹ ਤੋਂ ਮਲਿਕਾ ਵਿਕਟੋਰੀਆ ਬਹੁਤ ਖੁਸ਼ ਹੋਈ। ਹੁਣ ਉਸ ਨੂੰ ਪੱਕ ਹੋ ਗਿਆ ਸੀ ਕਿ ਇਹ ਟਿਕ ਕੇ ਆਪਣੀ ਜ਼ਿੰਦਗੀ ਸ਼ਾਂਤੀ ਨਾਲ ਬਿਤਾ ਲਏਗਾ। ਐਲਵਿਡਨ ਹਾਲ (ਮਹੱਲ) ਦਲੀਪ ਸਿੰਘ ਨੇ ਚਾਰ ਫੀਸਦ ਵਿਆਜ ਲੈ ਕੇ ਇਕ ਲੱਖ ਅਤੇ ਪੰਜ ਹਜ਼ਾਰ ਦਾ ਖਰੀਦਿਆ ਸੀ। ਪੰਜ ਹਜ਼ਾਰ ਦਾ ਉਤੇ ਹੋਰ ਖਰਚਾ ਹੋ ਜਾਣ ਦਾ ਅੰਦਾਜ਼ਾ ਸੀ। ਇਹਦੇ ਦੋਸਤ ਐਲਬਰਟ (ਵਿਕਟੋਰੀਆ ਦਾ ਵੱਡਾ ਪੁੱਤ) ਨੇ ਵੀ ਸੈਂਡਰੀਗੰਮ ਮਹੱਲ ਖਰੀਦ ਲਿਆ ਸੀ। ਦਲੀਪ ਸਿੰਘ ਨੇ ਇਹਦੇ ਨਾਂ 'ਤੇ ਹੀ ਆਪਣੇ ਇਕ ਪੁੱਤ ਦਾ ਨਾਂ ਵੀ ਰੱਖਿਆ। ਇਹ ਚਾਹੁੰਦਾ ਸੀ, ਇਹਦੇ ਮਹੱਲ ਦੀਆਂ ਸਿਫਤਾਂ ਹੀ ਸਭ ਤੋਂ ਵੱਧ ਹੋਣ। ਇਹਨੇ ਤਿੰਨ ਹਜ਼ਾਰ ਪੌਂਡ ਤਾਂ 'ਕੱਲੀਆਂ ਪੌੜੀਆਂ 'ਤੇ ਹੀ ਖਰਚ ਦਿੱਤਾ ਸੀ। ਫਿਰ ਰੇਸ਼ਮੀ ਲੜੀਆਂ, ਸ਼ੀਸ਼ੇ, ਪਰਦੇ, ਚਿੱਤਰ ਆਦਿ ਨਾਲ ਦਿਹਾਤੀ ਇਲਾਕੇ 'ਚ ਮੁਗਲਈ ਤਰਜ਼ ਦਾ ਮਹੱਲ ਬਣ ਗਿਆ ਸੀ। ਕਈ ਤਰ੍ਹਾਂ ਦੇ ਜਾਨਵਰ ਪੰਛੀ, ਤੋਤੇ, ਬਾਜ਼, ਗਿਰਝਾਂ, ਬਾਂਦਰ ਤੇ ਕੁੱਤੇ ਵਗੈਰਾ ਵੀ ਮੰਗਵਾਏ ਸੀ। ਸਾਰਾ ਕੰਮ ਪੂਰਾ ਹੋਣ ਨੂੰ ਤੇਰਾਂ ਸਾਲ ਲੱਗੇ ਸੀ। ਏਸ ਅਰਸੇ ਦੌਰਾਨ ਬਾਂਬਾ ਤਕਰੀਬਨ ਦਸ ਸਾਲ ਹਾਮਲਾ ਹੀ ਰਹੀ ਸੀ। ਸੋਫੀਆ ਦੇ ਜਨਮ ਨਾਲ ਘਰ 'ਚ ਮਾਹੌਲ ਕੁਝ ਸ਼ਾਂਤ ਹੋਇਆ ਸੀ ਪਰ ਦਲੀਪ ਸਿੰਘ ਆਪਣੀ ਪਰਿਵਾਰਕ ਜ਼ਿੰਮੇਵਾਰੀ ਤੋਂ ਹਮੇਸ਼ਾਂ ਭੱਜਦਾ ਹੀ ਰਿਹਾ। ਮਿਲਦੀ ਪੈਨਸ਼ਨ ਤੋਂ ਵੱਧ ਖਰਚਾ ਕਰ ਲੈਂਦਾ ਅਤੇ ਫਿਰ ਹੋਰ ਹੋਰ ਪੈਸਿਆਂ ਦੀ ਮੰਗ ਕਰਨ ਲੱਗ ਪੈਂਦਾ। ਪੈਸੇ ਨਾ ਮਿਲਦੇ ਤਾਂ ਕਦੇ-ਕਦੇ ਵਿਟਰ ਵੀ ਜਾਂਦਾ। ਮਲਿਕਾ ਨੂੰ ਇਸ ਦੀਆਂ ਆਦਤਾਂ ਦਾ ਫਿਕਰ ਸੀ ਅਤੇ ਆਪਣੀ ਰਾਏ ਤੇ ਸਲਾਹ ਵੀ ਦਿੰਦੀ ਰਹਿੰਦੀ ਸੀ ਪਰ ਇਹ ਕਿਸੇ ਦੀ ਕਹੀ ਸੁਣੀ 'ਤੇ ਅਸਰ ਨਹੀਂ ਸੀ ਕਰਦਾ। ਹੋਰ ਤਾਂ ਹੋਰ, ਇਸ ਨੇ ਆਪਣੀ ਪਤਨੀ ਦਾ ਖਿਆਲ ਵੀ ਨਹੀਂ ਸੀ ਰੱਖਿਆ। ਇਹ ਬੱਚੇ ਜੰਮੀ ਜਾਂਦਾ ਪਰ ਉਨ੍ਹਾਂ ਦੇ ਪਾਲਣ ਪੋਸ਼ਣ ਵਲ ਕੋਈ ਖਾਸ ਧਿਆਨ ਨਾ ਕਰਦਾ ਸਗੋਂ ਬਹੁਤਾ ਚਿਰ ਲੰਡਨ ਦੀਆਂ ਕਲੱਬਾਂ 'ਚ ਜੂਏਬਾਜ਼ੀ, ਤੀਵੀਬਾਜ਼ੀ ਤੇ ਹੋਰ ਐਸ਼ੋ-ਇਸ਼ਰਤ 'ਚ ਮਸਤ ਰਹਿੰਦਾ ਰਿਹਾ। ਇਹ ਪੂਰੀ ਤਰ੍ਹਾਂ ਵਿਲਾਸਮਈ ਜੀਵਨ 'ਚ ਗਲਤਾਨ ਸੀ।

ਇਸ ਦੌਰਾਨ ਬਾਂਬਾ ਉਦਾਸੀ ਰੋਗ 'ਚ ਗ੍ਰਸਤ ਵੀ ਹੋ ਗਈ ਸੀ। ਉਸ ਨੂੰ ਕਿਤਿਓਂ ਕੋਈ ਆਸਰਾ ਨਹੀਂ ਸੀ ਮਿਲਦਾ। ਬਾਂਬਾ ਦਲੀਪ ਸਿੰਘ ਨੇ ਸੱਤ ਬੱਚਿਆਂ ਨੂੰ ਜਨਮ ਦਿੱਤਾ। ਪਹਿਲਾ ਮਸੂਮ ਉਮਰੇ ਪੂਰਾ ਹੋ ਗਿਆ। ਵਿਕਟਰ ਐਲਬਰਟ 1866 'ਚ ਪੈਦਾ ਹੋਇਆ, ਫਰੈਡਰਿਕ ਵਿਕਟਰ 1868 ਨੂੰ ਜੰਮਿਆ, ਬਾਂਬਾ ਸੋਫੀਆ ਜਿੰਦਾਂ 1869 'ਚ ਜਨਮੀ, ਕੈਥਰੀਨ ਹਿਲਡਾ 1871 'ਚ, ਸੋਫੀਆ ਐਲਿਗਜਾਂਡਰਾ 1876 ਅਤੇ ਐਲਬਰਟ ਐਡਵਰਡ ਐਲਿਗਜਾਂਡਰ 1879 ਨੂੰ ਪੈਦਾ ਹੋਇਆ। ਏਨੇ ਸਾਰੇ ਬੱਚਿਆਂ ਦੀ ਪਰਵਰਿਸ਼ ਦਾ ਦਲੀਪ ਸਿੰਘ ਕੋਈ ਖਿਆਲ ਨਹੀਂ ਸੀ ਰੱਖਦਾ। ਮੁੰਡੇ ਤਾਂ ਈਟਨ ਕਾਲਜ 'ਚ ਪੜ੍ਹਨੇ ਪਾ ਦਿੱਤੇ ਪਰ ਕੁੜੀਆਂ ਨੂੰ ਘਰੇ ਪੜ੍ਹਾਉਣ ਦਾ ਹੀ ਹਾਮੀ ਸੀ; ਉਹ ਵੀ ਬਹੁਤ ਜ਼ਿਆਦਾ ਨਹੀਂ। ਬਾਂਬਾ ਬਿਮਾਰ ਰਹਿਣ ਲੱਗ ਪਈ ਸੀ। ਬੱਚਿਆਂ ਦੇ ਪਾਲਣ ਪੋਸ਼ਣ ਬਾਰੇ ਕਈ ਵਾਰ ਮਲਿਕਾ ਵਿਕਟੋਰੀਆ ਫਿਕਰਮੰਦ ਹੋਈ ਸੀ ਅਤੇ ਉਹ ਇਨ੍ਹਾਂ ਦੇ ਦੋ ਬੱਚਿਆਂ ਦੀ ਧਰਮ-ਮਾਤਾ ਵੀ ਸੀ। ਕਈ ਬੱਚਿਆਂ ਦੇ ਨਾਂ ਇਸੇ ਕਰ ਕੇ ਵਲੈਤ ਦੇ ਸ਼ਾਹੀ ਘਰਾਣੇ ਦੇ ਮੈਂਬਰਾਂ ਦੇ ਨਾਵਾਂ ਤੋਂ ਲਏ ਗਏ ਸੀ।

ਹੋਰ ਅਲਾਮਤਾਂ ਦੇ ਨਾਲ-ਨਾਲ ਦਲੀਪ ਸਿੰਘ ਨੂੰ ਵੇਸਵਾਗਮਨੀ ਅਤੇ ਜੂਏਬਾਜ਼ੀ ਦੀ ਲੱਤ ਵੀ ਲੱਗੀ ਹੋਈ ਸੀ। ਐਲਵਿਡਨ 'ਚ ਰਹਿਣ ਸਮੇਂ ਵੀ ਉਹ ਤੀਵੀਬਾਜ਼ੀ ਤੇ ਐਸ਼ੋ-ਇਸ਼ਰਤ ਕਰਦਾ ਰਿਹਾ ਸੀ। ਸ਼ਿਕਾਰ ਖੇਡਣ ਦਾ ਸ਼ੌਂਕ ਪਾਲਦਾ ਰਿਹਾ ਅਤੇ ਆਪਣੇ ਦੋਸਤਾਂ ਨੂੰ ਮਹਿੰਗੀਆਂ ਦਾਅਵਤਾਂ ਦਿੰਦਾ ਰਹਿੰਦਾ ਸੀ। ਇਸ ਸਮੇਂ ਸ਼ਾਹੀ ਘਰਾਣੇ ਦੇ ਸ਼ਹਿਜ਼ਾਦੇ ਵੀ ਸ਼ਿਕਾਰ ਖੇਡਣ ਆਉਂਦੇ ਰਹੇ। ਆਮਦਨ ਤੋਂ ਵਧ ਕੇ ਬੇਥਵੇ ਖਰਚੇ ਕਾਰਨ ਕਰਜ਼ਾ ਵਧੀ ਗਿਆ ਅਤੇ ਅਖੀਰ 'ਚ ਕਰਜ਼ਦਾਰਾਂ ਦਾ ਦਬਾਅ ਵੀ ਵਧਣ ਲੱਗ ਪਿਆ। ਇਹਦੀ ਬੇਪ੍ਰਵਾਹੀ ਕਰ ਕੇ ਇੰਡੀਆ ਆਫਿਸ ਦੀਆਂ ਵੀ 1877 ਤੋਂ ਬਾਅਦ ਸਖਤ ਚਿਤਾਵਨੀਆਂ ਆਉਣ ਲੱਗ ਪਈਆਂ। ਕਰਜ਼ੇਦਾਰਾਂ ਨੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਸੀ। ਦਲੀਪ ਸਿੰਘ ਅਜੇ ਵੀ ਲਾਪ੍ਰਵਾਹ ਅਤੇ ਗੈਰਜ਼ਿੰਮੇਵਾਰ ਸੀ। ਉਸੇ ਤਰ੍ਹਾਂ ਖਰਚੀਲਾ ਅਤੇ ਪਰਿਵਾਰ ਪ੍ਰਤੀ ਵੀ ਬੇਰੁਖ ਰਿਹਾ ਸੀ। 1880 ਵਿਚ ਇਸ ਨੂੰ ਸਤਵੰਜਾ ਹਜ਼ਾਰ ਦਾ ਬਿਨਾ ਵਿਆਜ ਪੈਸਾ ਦੇ ਦਿੱਤਾ ਗਿਆ ਸੀ ਤਾਂ ਜੋ ਇਹ ਆਪਣਾ ਕਰਜ਼ਾ ਲਾਹ ਕੇ ਕੁਰਕੀ ਤੋਂ ਬਚ ਸਕੇ।

ਹਰ ਔਰਤ ਆਪਣੇ ਆਦਮੀ ਨੂੰ ਤਰੱਕੀ 'ਚ ਦੇਖਣਾ ਚਾਹੁੰਦੀ ਹੈ; ਬਾਂਬਾ ਇਹਨੂੰ ਕਿਸੇ ਨਾ ਕਿਸੇ ਦਿਨ ਰਾਜਾ ਦੇਖਣਾ ਚਾਹੁੰਦੀ ਸੀ ਪਰ ਇਹਦੇ 'ਚ ਕਾਬਲੀਅਤ ਹੈ ਨਹੀਂ ਸੀ ਅਤੇ ਇਹਦਾ ਧਿਆਨ ਹੋਰ ਹੋਰ ਪਾਸੇ ਸੀ। ਨਾ ਇਹਦੇ ਕੋਲ ਰਾਜ ਭਾਗ ਚਲਾਉਣ ਦੀ ਕੋਈ ਸਿੱਖਿਆ ਸੀ, ਨਾ ਤਜਰਬਾ। ਵੱਡੀ ਗੱਲ ਇਹ ਕਿ ਉਦੋਂ ਸਿੱਕਾ ਅੰਗਰੇਜ਼ ਦਾ ਚਲਦਾ ਸੀ। ਅੰਗਰੇਜ਼ਾਂ ਨੇ ਇਹਨੂੰ ਆਪਣੇ ਚੱਕਰਵਿਊ 'ਚ ਵਲਿਆ ਹੋਇਆ ਸੀ ਅਤੇ ਇਹਦੇ ਨਾਲ ਵੀ ਕੋਈ ਨਹੀਂ ਸੀ। ਕੁਝ ਸਿੱਖਾਂ ਨਾਲ ਇਸ ਦਾ ਤਾਲਮੇਲ ਹੋਇਆ ਪਰ ਉਦੋਂ ਤਕ ਤਾਂ ਗੱਡੀ ਟੇਸ਼ਨ ਤੋਂ ਬਹੁਤ ਦੂਰ ਨਿਕਲ ਚੁੱਕੀ ਸੀ। ਆਪਣੇ ਵਤੀਰੇ ਕਾਰਨ ਉਸ ਨੇ ਕਈ ਵਾਰ ਵਲੈਤ ਦੀ ਮਲਿਕਾ ਤੋਂ ਮੁਆਫੀ ਮੰਗੀ ਪਰ ਆਪਣੀ ਤਰਜ਼-ਏ-ਜ਼ਿੰਦਗੀ ਕਦੇ ਨਹੀਂ ਬਦਲੀ। ਦਲੀਪ ਸਿੰਘ ਨੇ ਕਦੇ ਜ਼ਿੰਮੇਵਾਰ ਪਤੀ, ਬਾਪ ਹੋਣ ਦਾ ਸਬੂਤ ਨਹੀਂ ਸੀ ਦਿੱਤਾ। ਨਾ ਸਿਰਫ ਇਹਦੇ ਕਈ ਔਰਤਾਂ ਨਾਲ ਸਬੰਧ ਆਪਣੇ ਵਿਆਹ ਤੋਂ ਬਾਅਦ ਵੀ ਰਹੇ, ਇਹ ਆਪਣੇ ਬਾਪ ਵਾਂਗ ਔਰਤਾਂ ਦਾ ਸ਼ੌਕੀਨ ਸੀ। ਇਹਦੇ ਕਈ ਨਿਆਣੇ ਐਲਵਿਡਨ ਦੇ ਏਰੀਏ 'ਚ ਹੋਰ ਔਰਤਾਂ 'ਚੋਂ ਵੀ ਹੋਏ। ਉਨ੍ਹਾਂ 'ਚੋਂ ਕਈਆਂ ਦੇ ਪਾਲਣ ਪੋਸ਼ਣ ਦਾ ਇਹ ਜ਼ਿੰਮਾ ਲੈ ਲੈਂਦਾ ਸੀ ਅਤੇ ਕਈਆਂ ਨੂੰ ਬਦਲੇ 'ਚ ਆਪਣੇ ਘਰ ਨੌਕਰੀ ਦੇ ਦਿੰਦਾ ਸੀ। ਇਹਦੀ ਧੀ ਸੋਫੀਆਂ ਦੇ ਧਿਆਨ 'ਚ ਵੀ ਅਜਿਹਾ ਆਇਆ ਸੀ: ਉਹਨੇ ਆਪਣੇ ਵਰਗੇ ਰੰਗ (ਭੂਰੀ ਭਾਅ ਦੇ) ਦੇ ਬੱਚੇ ਐਲਵਿਡਨ 'ਚ ਦੇਖੇ ਸੀ ਜਿਨ੍ਹਾਂ ਦੇ ਨਾਵਾਂ ਵਿਚਕਾਰ 'ਸਿੰਘ' ਵੀ ਲੱਗਾ ਹੋਇਆ ਸੀ। ਸਵੌਫਮ 'ਚ ਜਨਮੀ ਕਿਸੇ ਕੇਟ ਸਿੰਘ ਦਾ ਵੀ ਜ਼ਿਕਰ ਹੈ। ਉਸ ਵੇਲੇ ਇਸ ਇਲਾਕੇ 'ਚ ਸਿੰਘ ਨਾਂ ਵਾਲਾ ਬੰਦਾ ਦਲੀਪ ਸਿੰਘ ਤੋਂ ਬਿਨਾ ਹੋਰ ਕੋਈ ਨਹੀਂ ਸੀ।

ਮਲਿਕਾ ਵਿਕਟੋਰੀਆ ਦੇ ਦਫਤਰ ਨੂੰ ਤਾਂ ਕਿਸੇ ਦੋ ਹਜ਼ਾਰ ਪੌਂਡ ਦੇ ਬਿੱਲ ਦੇਣ ਦਾ ਸਬੂਤ ਵੀ ਮਿਲ ਗਿਆ ਸੀ। ਇਹ ਪੈਸਾ ਕਿਸੇ ਪੌਲੀ ਐਸ਼ ਨਾਮ ਦੀ ਗਾਉਣ ਵਾਲੀ ਅਤੇ ਨਾਚ ਕਲਾਕਾਰ ਨਾਲ ਹੋਟਲਾਂ 'ਚ ਬਿਤਾਈਆਂ ਰਾਤਾਂ ਦਾ ਖਰਚਾ ਸੀ। ਸ਼ਾਹੀ ਤੇ ਕੁਲੀਨ ਮਿੱਤਰਾਂ ਦੀ ਸਲਾਹ ਦਾ ਵੀ ਇਸ 'ਤੇ ਕੋਈ ਅਸਰ ਨਹੀਂ ਸੀ ਹੋ ਰਿਹਾ। ਲੰਡਨ 'ਚ ਇਹਦੀਆਂ ਬਹੁਤ ਗੱਲਾਂ ਹੋ ਰਹੀਆਂ ਸੀ ਤੇ ਪ੍ਰੈੱਸ ਨੇ ਇਹਦੇ ਕਾਰਟੂਨ ਬਣਾਉਣੇ ਸ਼ੁਰੂ ਕਰ ਦਿੱਤੇ ਸੀ ਜਿਸ ਵਿਚ ਇਹਨੂੰ ਸੁੰਦਰ ਸਜੀਲੇ ਤੇ ਬਣਦੇ ਫਬਦੇ ਪੰਜਾਬੀ ਦੀ ਥਾਂ ਢਿੱਡਲ, ਗੰਜਾ, ਮੋਟਾ ਦਿਖਾ ਕੇ ਇਹਦੀ ਖਿੱਲੀ ਉਡਾਈ ਗਈ ਸੀ। ਆਪਣਾ ਹੱਥ ਤੰਗ ਹੋਣ ਦੇ ਬਾਵਜੂਦ ਏਨਾ ਇਹਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਮਲਿਕਾ ਵਿਕਟੋਰੀਆ ਇਹਦੇ ਨਿਆਣਿਆਂ ਨੂੰ ਮੋਹ ਕਰਦੀ ਸੀ। ਉਹ ਕਿਸੇ ਹਾਲਤ 'ਚ ਵੀ ਬੱਚਿਆਂ ਨੂੰ ਭੁੱਖੇ ਨਹੀਂ ਮਰਨ ਦੇਵੇਗੀ; ਦੋਹ ਨੂੰ ਤਾਂ ਕਿਸੇ ਸੂਰਤ 'ਚ ਵੀ ਨਹੀਂ ਜਿਨ੍ਹਾਂ ਦੀ ਉਹ ਧਰਮ-ਮਾਤਾ ਸੀ।

ਇਹਨੇ ਵਿਕਟੋਰੀਆ ਨੂੰ ਚਿੱਠੀ ਲਿਖੀ ਕਿ ਘਰੋਂ ਬੇਘਰ ਹੋਣ ਦਾ ਦਰਦ ਸਿਰਫ ਇਹਨੂੰ ਹੀ ਪਤਾ ਹੈ ਤੇ ਇਹ ਜਾਣ ਕੇ ਇਹਨੂੰ ਦੁੱਖ ਹੁੰਦਾ ਹੈ ਕਿ ਇਹਦੇ ਪੁੱਤ ਕੋਲ ਕੋਈ ਘਰ ਨਹੀਂ ਹੋਏਗਾ। ਰਾਣੀ ਦਾ ਜੁਆਬ ਸੀ ਕਿ ਤੇਰਾ ਖਤ ਪੜ੍ਹ ਕੇ ਮੈਨੂੰ ਬੜਾ ਦੁੱਖ ਹੋਇਆ ਹੈ। ਤੂੰ ਚੰਗੀ ਤਰ੍ਹਾਂ ਜਾਣਦਾ ਏਂ ਕਿ ਮੈਂ ਹਮੇਸ਼ਾ ਤੈਨੂੰ ਬਹੁਤ ਤਿਹੁ ਕੀਤਾ ਹੈ ਅਤੇ ਜਿਨ੍ਹਾਂ ਬਦਕਿਸਮਤ ਹਾਲਾਤ 'ਚ ਤੈਨੂੰ ਦੇਸ਼ ਛੱਡਣਾ ਪਿਆ, ਉਹ ਵੀ ਮਹਿਸੂਸ ਕੀਤਾ ਹੈ। ਮੈਂ ਇਕਦਮ ਇੰਡੀਆ ਦੇ ਮਨਿਸਟਰ ਨੂੰ ਲਿਖ ਦਿੱਤਾ ਹੈ ਕਿ ਤੇਰੇ ਸੁੱਖ ਆਰਾਮ ਅਤੇ ਬੱਚਿਆਂ ਦੀਆਂ ਸਹੀ ਸਹੂਲਤਾਂ ਲਈ ਜੋ ਵੀ ਕੀਤਾ ਜਾ ਸਕਦਾ ਹੈ, ਕਰੇ ਪਰ ਮੈਂ ਪਹਿਲਾਂ ਵੀ ਇੱਕ ਦੋ ਵਾਰ ਕਿਹਾ ਸੀ ਕਿ ਸਿਰਫ ਆਪਣਾ ਅਸਰ ਰਸੂਖ ਵਧਾਉਣ ਜਾਂ ਦਿਖਾਵੇ ਖਾਤਰ ਹੀ ਫਜ਼ੂਲ ਖਰਚੀ ਕਰੀ ਜਾਣਾ ਸਹੀ ਨਹੀਂ ਹੈ। ਮੈਨੂੰ ਆਸ ਹੈ ਕਿ ਮਹਾਰਾਣੀ ਅਤੇ ਬੱਚੇ ਠੀਕ ਠਾਕ ਹੋਣਗੇ।

ਵਿਕਟੋਰੀਆ ਦੇ ਜੁਆਬ ਤੋਂ ਦਲੀਪ ਸਿੰਘ ਏਨਾ ਖਿਝ ਗਿਆ ਕਿ ਵਿਕਟੋਰੀਆ ਨਾਲ ਰਾਬਤਾ ਬੰਦ ਕਰ ਕੇ ਬ੍ਰਿਟਿਸ਼ ਲਾਇਬ੍ਰੇਰੀ 'ਚ ਵੜਿਆ ਰਿਹਾ ਤਾਂ ਕਿ ਉਥੋਂ ਅੰਗਰੇਜ਼ਾਂ ਨਾਲ ਅਖੀਰਲੀ ਸੰਧੀ ਬਾਰੇ ਜਾਣਕਾਰੀ ਜਾਂ ਸਬੂਤ ਮਿਲ ਜਾਣ ਤਾਂ ਇਹ ਆਪਣਾ ਦਾਅਵਾ ਪੇਸ਼ ਕਰੇ। ਇਸ ਸਮੇਂ ਦੌਰਾਨ ਇਹਨੇ ਆਪਣੇ ਪਰਿਵਾਰ ਦੀ ਕੋਈ ਸਾਰ ਨਹੀਂ ਲਈ ਅਤੇ ਦੋ ਸਾਲ ਲੰਡਨ 'ਚ ਹੀ ਰਿਹਾ। ਨਾਲ ਦੀ ਨਾਲ ਇਹ ਇੰਡੀਆ ਸਰਕਾਰ ਨਾਲ ਬਾਤ-ਚੀਤ ਕਰਦਾ ਰਿਹਾ। ਕੋਈ ਗੱਲ ਨਾ ਬਣਦੀ ਦੇਖ ਕੇ ਮਲਿਕਾ ਵਿਕਟੋਰਆ ਨੇ ਆਪ ਵਿਚ ਪੈ ਕੇ ਕੋਈ ਹੱਲ ਲੱਭਣ ਦੀ ਕੋਸਿਸ਼ ਕੀਤੀ ਪਰ ਇੰਡੀਆ ਸਰਕਾਰ ਟੱਸ ਤੋਂ ਮੱਸ ਨਾ ਹੋਈ। ਜਦ ਇਹਨੂੰ ਲੱਗਿਆ ਕਿ ਹੁਣ ਐਲਵਿਡਨ ਹਾਲ ਦਾ ਬਚਣਾ ਮੁਸ਼ਕਿਲ ਹੋ ਰਿਹਾ ਸੀ ਅਤੇ ਹੋਰ ਕਰਜ਼ਾ ਵੀ ਨਹੀਂ ਮਿਲ ਰਿਹਾ ਤਾਂ ਇਹ ਲੰਡਨ ਹੀ ਕਿਰਾਏ 'ਤੇ ਰਹਿਣ ਲੱਗ ਪਿਆ। ਨਤੀਜੇ ਵਜੋਂ ਇਹਨੇ ਸਾਰੇ ਗਹਿਣੇ ਗੱਟੇ, ਸੋਨਾ ਚਾਂਦੀ ਤੇ ਮਹਿੰਗੀਆਂ ਵਸਤਾਂ ਦੀ ਬੋਲੀ ਕਰਾਉਣ ਦਾ ਮਨ ਬਣਾ ਲਿਆ। ਇਸ ਨਾਲ ਕੁਲੀਨ ਸਮਾਜਿਕ ਦਾਇਰੇ 'ਚ ਇਹਦੀ ਬਹੁਤ ਬਦਨਾਮੀ ਹੋਈ। ਅਖਬਾਰਾਂ 'ਚ ਖਬਰਾਂ ਲੱਗੀਆਂ। ਸਾਰੀਆਂ ਵਸਤਾਂ ਮਸਾਂ ਵੀਹ ਕੁ ਹਜ਼ਾਰ ਪੌਂਡ ਦੀਆਂ ਹੀ ਵਿਕੀਆਂ। ਫਿਰ ਇਸ ਨੇ ਇਹ ਵੀ ਕਹਿ ਦਿੱਤਾ ਕਿ ਇਹ ਪੈਸੇ ਇਹ ਇੰਡੀਆ ਜਾ ਕੇ ਵੱਸਣ ਲਈ 'ਕੱਠੇ ਕਰ ਰਿਹਾ ਹੈ।

ਹੁਣ ਇਹਨੂੰ ਮੁੜ ਸਿੱਖ ਬਣਨ ਦੀ ਸੁੱਝੀ ਅਤੇ ਐਲਾਨ ਕਰ ਦਿੱਤਾ ਕਿ ਇਹਨੇ ਹੁਣ ਸਿੱਖ ਧਰਮ ਦੁਬਾਰਾ ਧਾਰਨ ਕਰ ਲੈਣਾ ਹੈ। ਜਿੰਦਾਂ ਨੂੰ ਮਿਲਣ ਅਤੇ ਇਸ ਘਟਨਾ ਦਾ ਵਕਫਾ ਬਾਰਾਂ ਕੁ ਸਾਲਾਂ ਦਾ ਬਣਦਾ ਹੈ। ਹੁਣ ਤਾਂ ਸਾਰਾ ਕੰਮ ਸ਼ੇਖਚਿਲੀ ਵਾਲਾ ਹੀ ਸੀ। ਅਖੀਰ 'ਚ ਬ੍ਰਿਟਿਸ਼ ਸਰਕਾਰ ਦੀ ਸਹਿਮਤੀ ਲਏ ਬਿਨਾ ਹੀ ਆਪਣੇ ਬਾਲ ਬੱਚੇ ਲੈ ਕੇ ਇਹ ਭਾਰਤ ਨੂੰ ਤੁਰ ਪਿਆ। ਇਸ ਨਾਲ ਅੰਗਰੇਜ਼ੀ ਸਰਕਾਰ 'ਚ ਹਿੱਲਜੁਲ ਹੋਣੀ ਸੀ, ਸੋ ਹੋਈ ਵੀ। ਉਹ ਬਿਲਕੁਲ ਨਹੀਂ ਸੀ ਚਾਹੁੰਦੇ ਕਿ ਦਲੀਪ ਸਿੰਘ ਭਾਰਤ ਜਾਵੇ। ਪੰਜਾਬ 'ਚ ਇਹਦੇ ਮੁੜ ਆਉਣ ਦੀਆਂ ਖਬਰਾਂ ਨਾਲ ਸਨਸਨੀ ਪੈਦਾ ਹੋ ਸਕਦੀ ਸੀ। ਅੰਗਰੇਜ਼ੀ ਸਰਕਾਰ ਐਸਾ ਕੋਈ ਮੌਕਾ ਦੇਣ ਨੂੰ ਤਿਆਰ ਨਹੀਂ ਸੀ। ਫਿਰੰਗੀਆਂ ਨੇ ਇਹਨੂੰ ਅਦਨ 'ਚ ਰੋਕ (1886) ਲਿਆ। ਇਹਦਾ ਵਲੈਤ ਤੋਂ ਭਾਰਤ ਜਾਣ ਦਾ ਮੁੱਦਾ ਇਹਦੇ ਸਿਰ ਕਰਜ਼ਾ ਹੋਣਾ ਹੀ ਸੀ। ਅਦਨ 'ਚ ਵੀ ਇਹ ਗੋਰੇ ਹਾਕਮ ਤੋਂ ਢਾਈ ਲੱਖ ਪੌਂਡ ਲੈ ਕੇ ਭਾਰਤ ਨਾ ਪਰਤਣ ਨੂੰ ਮੰਨਦਾ ਸੀ ਪਰ ਅੰਗਰੇਜ਼ ਇਹ ਰਕਮ ਦੇਣ ਨੂੰ ਵੀ ਤਿਆਰ ਨਾ ਹੋਇਆ। ਫਿਰ ਇਹ ਕਹਿੰਦਾ, ਚਲੋ ਜੇ ਇਹ ਵੀ ਨਹੀਂ ਦੇਣੇ ਤਾਂ ਜਿਹੜੇ ਸਤਾਰਾਂ ਨੌਕਰ ਬੰਬਈ ਵਿਖੇ ਇਹਦੀ ਉਡੀਕ ਕਰਦੇ ਹਨ, ਅੰਗਰੇਜ਼ੀ ਸਰਕਾਰ ਉਨ੍ਹਾਂ ਦਾ ਕਿਰਾਇਆ ਆਪਣੇ ਕੋਲੋਂ ਲਾ ਕੇ ਅਦਨ 'ਚ ਮੰਗਵਾ ਕੇ ਦੇਵੇ। ਫਿਰੰਗੀ ਇਸ ਗੱਲ ਨੂੰ ਵੀ ਨਹੀਂ ਸੀ ਮੰਨੇ।

ਇਸ ਵੇਲੇ ਮਲਿਕਾ ਨੇ ਫਿਰ ਕੋਸਿਸ਼ ਕੀਤੀ ਕਿ ਦਲੀਪ ਸਿੰਘ ਦੀਆਂ ਮੁਸ਼ਕਿਲਾਂ ਦਾ ਕੋਈ ਨਾ ਕੋਈ ਹੱਲ ਲੱਭਿਆ ਜਾਵੇ। ਵਿਕਟੋਰੀਆ ਨੇ ਕਿਹਾ ਕਿ ਇਹਨੂੰ ਜਾਂ ਇਹਦੇ ਪੁੱਤ ਨੂੰ ਲਾਰਡ ਬਣਾ ਦਿੱਤਾ ਜਾਵੇ। ਇਥੇ ਦਲੀਪ ਨੇ ਆਖਰੀ ਪੱਤਾ ਖੇਡਿਆ। ਕਾਹਲੀ 'ਚ ਇਹਨੇ ਈਸਾਈ ਮੱਤ ਤਿਆਗ ਕੇ ਅੰਮ੍ਰਿਤ ਛਕਣ ਦਾ ਐਲਾਨ ਕਰ ਦਿੱਤਾ - ਇਹ ਕੰਮ ਨਾ ਇਹਨੇ ਆਪਣੀ ਮਾਂ ਦੇ ਜ਼ੋਰ ਪਾਉਣ 'ਤੇ ਕੀਤਾ ਸੀ, ਨਾ ਕਿਸੇ ਹੋਰ ਦੇ ਕਹਿਣ 'ਤੇ; ਸਗੋਂ ਆਪਣੀ ਮਾਂ ਦਾ ਕਿਰਿਆ ਕਰਮ ਕਰ ਕੇ ਵਾਪਸ ਮੁੜਦਿਆਂ ਆਪਣੀ ਮਰਜ਼ੀ ਨਾਲ ਈਸਾਈ ਕੁੜੀ ਨਾਲ ਵਿਆਹ ਕਰਵਾਇਆ ਸੀ। ਈਸਾਈ ਧਰਮ ਤਿਆਗਣ ਦੀ ਖਬਰ ਸੁਣ ਕੇ ਮਲਿਕਾ ਵੀ ਉਦਾਸ ਹੋ ਗਈ ਅਤੇ ਇਸ ਤੋਂ ਬਾਅਦ ਵਿਕਟੋਰੀਆ ਦਾ ਮਨ ਟੁੱਟ ਗਿਆ ਸੀ। ਉਸ ਨੇ ਮੁੜ ਕੇ ਕਦੇ ਆਪਣੇ ਵਜ਼ੀਰਾਂ ਨੂੰ ਦਲੀਪ ਸਿੰਘ ਦੇ ਹੱਕ 'ਚ ਕੁਝ ਨਹੀਂ ਕਿਹਾ।

ਜਦ ਦਲੀਪ ਸਿੰਘ ਦੇ ਸਿੱਖ ਬਣਨ ਦੀ ਰਸਮ ਹੋਣੀ ਸੀ ਤਾਂ ਨੌਕਰ ਚਾਕਰ ਪਾ ਕੇ ਵੀ ਇਹਨਾਂ ਨੂੰ ਪੰਜ ਸਿੱਖ ਨਾ ਲੱਭੇ ਪਰ ਦੋ ਹੋਰ ਪੱਗਾਂ (ਮਰਚੈਂਟ ਸੀਮੈਨ) ਵਾਲੇ ਆਦਮੀਆਂ ਨੂੰ ਨਾਲ ਰਲਾ ਕੇ ਹੀ ਬੁੱਤਾ ਸਾਰ ਲਿਆ ਸੀ। ਅਦਨ ਦੀ ਮਾਰਖੋਰੀ ਗਰਮੀ ਨਾਲ ਇਹ ਬਿਮਾਰ ਹੋ ਗਿਆ। ਸਰਕਾਰ ਨੇ ਇਹਨੂੰ ਖੁੱਲ੍ਹ ਦੇ ਦਿੱਤੀ ਕਿ ਇਹ ਭਾਰਤ ਤੋਂ ਬਿਨਾ ਹੋਰ ਜਿੱਥੇ ਇਹਦਾ ਮਨ ਚਾਹਵੇ, ਜਾ ਸਕਦਾ ਹੈ। ਇਕ ਵਾਰ ਫਿਰ ਇਹਨੇ ਪਰਿਵਾਰਕ ਜ਼ਿੰਮੇਵਾਰੀ ਤੋਂ ਕਿਨਾਰਾ ਕਰ ਕੇ ਆਪਣੇ ਬੱਚੇ ਤਾਂ ਇੰਗਲੈਂਡ ਘੱਲ ਦਿੱਤੇ ਅਤੇ ਆਪ ਇਹ ਫਰਾਂਸ ਮੁੜ ਆਇਆ। ਬਾਂਬਾ ਤੋਂ ਇਹ ਧੱਕਾ ਜਰਿਆ ਨਾ ਗਿਆ। ਜਦੋਂ ਬਾਂਬਾ ਅਤੇ ਬੱਚੇ ਵਾਪਿਸ ਲੰਡਨ ਮੁੜੇ ਤਾਂ ਵਿਕਟੋਰੀਆ ਨੂੰ ਫਿਰ ਇਨ੍ਹਾਂ ਦਾ ਫਿਕਰ ਹੋਇਆ। ਉਸ ਨੇ ਬਾਂਬਾ ਅਤੇ ਬੱਚਿਆਂ ਦੇ ਰਹਿਣ ਲਈ ਬੰਦੋਬਸਤ ਕਰਵਾਇਆ ਸੀ ਪਰ ਮਕਾਨ ਵਿਚ ਕੋਈ ਫਰਨੀਚਰ ਵਗੈਰਾ ਵੀ ਹੈ ਨਹੀਂ ਸੀ। ਜਦੋਂ ਦਲੀਪ ਸਿੰਘ ਦੇ ਵੱਡੇ ਪੁੱਤ ਨੇ ਇਹਨੂੰ ਮਦਦ ਲਈ ਚਿੱਠੀ ਲਿਖੀ ਤਾਂ ਇਹਦਾ ਜੁਆਬ ਬੜਾ ਰੁੱਖਾ ਅਤੇ ਕੌੜ ਨਾਲ ਭਰਿਆ ਹੋਇਆ ਸੀ। ਚਿੱਠੀ ਵਿਚ ਇਹ ਆਪਣੇ ਪੁੱਤ ਨੂੰ ਕਰੜੇ ਸ਼ਬਦਾਂ 'ਚ ਝਿੜਕਦਾ ਹੈ- "ਤੁਸੀਂ ਆਪਣੇ ਲਈ ਮੈਨੂੰ ਮਰ ਗਿਆ ਹੀ ਸਮਝੋ। ਮੈਂ ਇੰਡੀਆ ਆਫਿਸ ਤੋਂ ਪੈਸੇ ਲੈਣ ਲਈ ਹੁਣ ਕੋਈ ਬੇਨਤੀ ਨਹੀਂ ਕਰਨੀ। ਤੂੰ ਹੁਣ ਵੱਡਾ ਹੋਣ ਹੀ ਵਾਲਾ ਹੈਂ ਤੇ ਆਪਣੇ ਕਰਜ਼ੇ ਆਪੇ ਲਾਵੀਂ। ਦੂਸਰੀ ਗੱਲ ਵੀ ਸੁਣ ਲੈ, ਮੈਂ ਤੈਨੂੰ ਭੁੱਖ ਨਾਲ ਮਰਦਾ ਤਾਂ ਦੇਖ ਸਕਦਾਂ ਤੇ ਤੇਰੀ ਜਾਨ ਖਲਾਸੀ ਲਈ ਤੈਨੂੰ ਆਪਣੇ ਹੱਥੀਂ ਵੀ ਮਾਰ ਦਊਂਗਾ, ਪਰ ਵਲੈਤ ਨੂੰ ਕਤੱਈ ਨਹੀਂ ਮੁੜਾਂਗਾ"। ਆਪਣੇ ਬੱਚਿਆਂ ਪ੍ਰਤੀ ਏਨਾ ਬੇਪ੍ਰਵਾਹ ਸੀ ਕਿ ਮਲਿਕਾ ਵਿਕਟੋਰੀਆ ਨੇ ਬੱਚਿਆਂ ਦੀ ਸਿਹਤ ਤੇ ਇਨ੍ਹਾਂ ਦੇ ਤੌਰ ਤਰੀਕਿਆਂ ਬਾਰੇ ਫਿਕਰਮੰਦੀ ਜ਼ਾਹਿਰ ਕੀਤੀ ਸੀ। ਇਹਦੀਆਂ ਧੀਆਂ ਨੂੰ ਕੁੜੀਆਂ ਵਾਂਗ ਤੁਰਨਾ ਵੀ ਨਹੀਂ ਸੀ ਆਉਂਦਾ। ਬੱਚਿਆਂ ਕੋਲ ਕਿਤਾਬਾਂ ਵੀ ਨਹੀਂ ਸੀ। ਪ੍ਰੇਸ਼ਾਨੀਆਂ ਨਾਲ ਦੱਬੀ ਬਾਂਬਾ ਨੇ ਜੋ ਕੁਝ ਬੱਚਿਆਂ ਲਈ ਕਰਨਾ ਸੀ, ਨਹੀਂ ਸੀ ਹੋ ਰਿਹਾ। ਬੱਚਿਆਂ ਨੂੰ ਲੰਡਨ ਆਇਆਂ ਅਜੇ ਦੋ ਮਹੀਨੇ ਵੀ ਨਹੀਂ ਸੀ ਹੋਏ ਕਿ ਫਰਾਂਸ ਬੈਠੇ ਦਲੀਪ ਸਿੰਘ ਨੇ ਲੰਡਨ ਦੇ ਅਖਬਾਰ 'ਚ ਨੋਟਿਸ ਦੇ ਦਿੱਤਾ ਕਿ ਵਲੈਤ 'ਚ ਜੋ

***(ਬਾਕੀ ਅਗਲੇ ਸਫੇ 'ਤੇ)***

# ਘੁੱਗੀ ਵਾਰਤਾ



ਪੇਸ਼ਕਸ਼: ਹਰਜੀਤ ਦਿਓਲ
ਬਰੈਂਪਟਨ, ਕੈਨੇਡਾ
ਫੋਨ: 905-676-9242

ਕਾਫੀ ਸਮਾਂ ਪਹਿਲਾਂ ਦਿੱਲੀਓਂ ਜਦ ਰਿਸ਼ਤੇਦਾਰੀ 'ਚ ਪੰਜਾਬ ਜਾਣ ਦਾ ਸਬੱਬ ਬਣਦਾ ਤਾਂ ਸਵੇਰੇ ਜੰਗਲ ਪਾਣੀ ਲਈ ਖੇਤਾਂ 'ਚ ਜਾਇਆ ਕਰਦੇ ਸੀ। ਸ਼ਹਿਰੀ ਕੰਕਰੀਟ ਦੇ ਜੰਗਲ ਤੋਂ ਨਿਜਾਤ ਪਾ ਮੇਰੇ ਲਈ ਉਹ ਸਵੇਰ ਦੀ ਲੰਮੀ ਸੈਰ ਕੁਦਰਤ ਨਾਲ ਨੇੜਤਾ ਕਰਕੇ ਅਨੋਖੇ ਅਨੰਦ ਦਾ ਜਰੀਆ ਬਣ ਜਾਂਦੀ ਸੀ। ਹਰੀ ਕਚੂਚ ਫਸਲਾਂ ਦਰਮਿਆਨ ਦਰੱਖਤਾਂ 'ਤੇ ਲਟਕਦੇ ਪੰਛੀਆਂ ਦੇ ਆਲ੍ਹਣੇ, ਚੜ੍ਹ ਰਹੇ ਸੂਰਜ ਦੀ ਲਾਲੀ, ਤਾਜੀ ਹਵਾ ਦੇ ਬੁੱਲ੍ਹੇ ਇੱਕ ਸੁਪਨ ਸੰਸਾਰ ਸਿਰਜ ਦਿੰਦੇ। ਪੰਛੀ ਵੀ ਕਲੋਲਾਂ ਕਰਦੇ ਜਿਵੇਂ ਇਸ ਵਿਸਮਾਦਮਈ ਵਾਤਾਵਰਣ ਦਾ ਅਨੰਦ ਮਾਣ ਰਹੇ ਹੁੰਦੇ।

ਇੱਥੇ ਕੈਨੇਡਾ ਦੀ ਧਰਤੀ ਨੂੰ ਵੀ ਕੁਦਰਤ ਨੇ ਆਪਣੇ ਹੁਸਨ ਦੇ ਖੁੱਲੇ ਗੱਫੇ ਬਖਸ਼ੇ ਹਨ। ਗਰਮੀ ਰੁੱਤੇ ਸੰਘਣੀ ਹਰਿਆਲੀ ਤੇ ਥਾਂ ਥਾਂ ਵਗਦੇ ਪਾਣੀ ਦੇ ਸੋਮੇ ਅਦੁੱਤੀ ਨਜ਼ਾਰਾ ਪੇਸ਼ ਕਰਦੇ ਹਨ। ਇਕ ਦਿਨ ਸਵੇਰ ਵੇਲੇ ਲੰਮੀ ਸੈਰ ਕਰਦਿਆਂ ਸੁਸਤਾਉਣ ਲਈ ਘਣੇ ਦਰੱਖਤਾਂ ਵਿਚ ਘਿਰੇ ਇੱਕ ਬੈਂਚ 'ਤੇ ਜਾ ਬੈਠਾ। ਦੇਖਿਆ ਕਿ ਕਈ ਸਾਰੀਆਂ ਘੁੱਗੀਆਂ ਦਾ ਇੱਕ ਟੋਲਾ ਵੀ ਸਾਹਮਣੇ ਰੁਖ 'ਤੇ ਕਲੋਲਾਂ ਕਰ ਚਹਿਚਹਾਉਂਦੇ ਹੋਏ ਜਿਵੇਂ ਲੁਕਣਮੀਟੀ ਖੇਡ ਸੁਹਾਵਣੇ ਮੌਸਮ ਦਾ ਅਨੰਦ ਮਾਣ ਰਿਹਾ ਹੋਵੇ। ਕਾਸ਼! ਇਨ੍ਹਾਂ ਦੀ ਭਾਸ਼ਾ ਸਮਝੀ ਜਾ ਸਕਦੀ। ਕੀ ਬੋਲ ਰਹੀਆਂ ਹੋਣਗੀਆਂ ਇਹ? ਲੱਗਦੈ ਮੇਰੀ ਮੌਜੂਦਗੀ ਦਾ ਅਹਿਸਾਸ ਵੀ ਹੈ ਇਨ੍ਹਾਂ ਨੂੰ।

ਅਚਾਨਕ ਮੈਨੂੰ ਜਾਪਿਆ ਜਿਵੇਂ ਇੱਕ ਨੇ ਕਿਹਾ ਹੋਵੇ, "ਇਹ ਡੂੰਨ ਵੱਟਾ ਜਿਹਾ ਮਨੁੱਖ ਗੁੰਮ ਸੁੰਮ ਕਿਉਂ ਬੈਠਾ ਹੈ?"

"ਇਹ ਸਾਡੇ ਵਾਂਗੂੰ ਨੱਚ, ਗਾ ਕਿਉਂ ਨਹੀਂ ਰਿਹਾ?" ਜਿਵੇਂ ਦੂਜੀ ਘੁੱਗੀ ਨੇ ਕਿਹਾ ਹੋਵੇ।

ਕੀ ਮੈਂ ਇਨ੍ਹਾਂ ਦੀ ਜ਼ੁਬਾਨ ਸਮਝਣ ਲੱਗ ਪਿਆ ਹਾਂ। ਸ਼ਾਇਦ ਹਾਂ!

"ਇਨ੍ਹਾਂ ਬੇਚਾਰਿਆਂ ਦੀ ਕਿਸਮਤ 'ਚ ਸਾਡੇ ਵਰਗੀ ਆਜ਼ਾਦੀ ਮਾਣਨ ਦਾ ਵੱਲ ਕਿੱਥੇ!" ਤੀਜੀ ਨੇ ਆਪਣੀ ਰਾਇ ਦਿੱਤੀ।

ਮੈਂ ਆਪਣਾ ਧਿਆਨ ਇਨ੍ਹਾਂ 'ਤੇ ਕੇਂਦ੍ਰਿਤ ਕਰ ਲਿਆ, ਕਿਉਂਕਿ ਇਹ ਤਾਂ ਮੇਰੇ ਬਾਰੇ ਹੀ ਗੱਲਾਂ ਕਰ ਰਹੀਆਂ ਹਨ।

ਦੂਜੀ ਟਹਿਣੀ ਤੋਂ ਆਈ ਇਨ੍ਹਾਂ ਦੀ ਇੱਕ ਹੋਰ ਸਾਥਣ ਨੇ ਇਸ ਚਰਚਾ ਵਿਚ ਯੋਗਦਾਨ ਪਾਉਂਦਿਆਂ ਆਪਣਾ ਗਿਆਨ ਸਾਂਝਾ ਕੀਤਾ, "ਅੜੀਓ ਇਸ ਬਦਕਿਸਮਤ ਮਨੁੱਖ ਨੇ ਕੁਦਰਤ ਤੇ ਆਪਣੇ ਵਿਚਾਲੇ ਰੱਬ ਅਤੇ ਧਰਮ ਦਾ ਐਸਾ ਮੱਕੜਜਾਲ ਉਸਾਰ ਲਿਆ, ਜਿਸ ਵਿਚ ਇਹ ਦਲਦਲ ਵਾਂਗੂੰ ਧਸਦਾ ਹੀ ਗਿਆ। ਕੁਝ ਕੁ ਸਿਆਣੇ ਮਨੁੱਖਾਂ ਕੁਦਰਤ ਦੇ ਭੇਤਾਂ ਦੀ ਥਾਹ ਪਾ ਕੇ ਚਮਤਕਾਰ ਵੀ ਕਰ ਵਿਖਾਏ, ਜਿਨ੍ਹਾਂ ਨੂੰ ਇਹ ਵਿਗਿਆਨੀ ਕਹਿੰਦੇ ਹਨ, ਪਰ ਬਹੁਗਿਣਤੀ ਧਾਰਮਕ ਅਡੰਬਰਾਂ ਵਿਚ ਹੀ ਫਸ ਕੇ ਰਹਿ ਗਏ।"

ਸਾਰੀਆਂ ਘੁੱਗੀਆਂ ਉਸ ਦੀ ਰਾਇ ਨਾਲ ਸਹਿਮਤ ਸਨ। ਉਸ ਫਿਰ ਕਹਿਣਾ ਸ਼ੁਰੂ ਕੀਤਾ, "ਮੈਂ ਸੁਣਿਆ ਪਈ ਅੱਜ ਕਲ ਇਹ ਲੋਕ ਆਪਣੇ ਕੁਝ ਗੁਆਚੇ ਗ੍ਰੰਥਾਂ ਨੂੰ ਲੈ ਕੇ ਹਲਕਾਨ ਹਨ। ਗ੍ਰੰਥਾਂ ਦੀਆਂ ਸਿਖਿਆਵਾਂ ਨੂੰ ਟਿੱਚ ਜਾਣਨ ਵਾਲੇ ਇਹ ਨਾਸਮਝ ਉਨ੍ਹਾਂ ਦੀ ਬੇਅਦਬੀ ਨੂੰ ਲੈ ਕੇ ਤਰਥੱਲੀ ਮਚਾਈ ਰੱਖਦੇ ਹਨ। ਕਦੇ ਇਨ੍ਹਾਂ ਨੂੰ ਆਪਣੇ ਧਰਮ ਅਤੇ ਕਦੇ ਆਪਣੀ ਕੌਮ 'ਤੇ ਖਤਰਾ ਮੰਡਰਾਉਂਦਾ ਨਜ਼ਰ ਆਉਂਦਾ ਹੈ। ਕੁਦਰਤ ਦੇ ਹੁਸਨ ਵੱਲ ਝਾਤ ਮਾਰਨ ਦੀ ਇਨ੍ਹਾਂ ਨੂੰ ਵੇਹਲ ਹੀ ਕਿੱਥੇ। ਇਹ ਤਾਂ ਧਰਤੀ ਨੂੰ ਵੰਡਣ ਦੇ ਆਹਰੇ ਹੀ ਲੱਗੇ ਰਹਿੰਦੇ ਹਨ, ਕੋਈ ਕਹੇ ਫਲਾਣਾਸਤਾਨ, ਕੋਈ ਢਿਮਕਾਸਤਾਨ।"

ਸਾਰੇ ਘੁੱਗੀ ਟੋਲੇ ਨੂੰ ਧਰਤੀ ਉੱਪਰ ਰਾਜ ਕਰ ਰਹੇ ਇਸ ਬੁੱਧੀਮਾਨ ਮਨੁੱਖ ਦੀ ਅਸਲੀਅਤ ਜਾਣ ਬੜੀ ਹੈਰਾਨੀ ਹੋ ਰਹੀ ਸੀ। ਇੱਕ ਹੋਰ ਆਪਣੀ ਜਾਣਕਾਰੀ ਸਾਂਝੀ ਕਰਦਿਆਂ ਕਹਿਣ ਲੱਗੀ, "ਅੜੀਓ ਮੈਂ ਤਾਂ ਸੁਣਿਐ ਪਈ ਸਾਰੀ ਦੁਨੀਆਂ 'ਚ ਹੋ ਰਹੀ ਕਤਲੋਗਾਰਤ ਲਈ ਇਨ੍ਹਾਂ ਦੀ ਧਾਰਮਕ ਕੱਟੜਤਾ ਹੀ ਜ਼ਿੰਮੇਵਾਰ ਹੈ। ਕੀ ਇਨ੍ਹਾਂ ਦਾ ਧਰਮ ਇਹੀ ਸਿਖਾਉਂਦਾ ਹੈ? ਕਮਲੇ ਨਾ ਹੋਣ ਤਾਂ!"

ਪਹਿਲੀ ਨੇ ਇਸ ਦੀ ਤਾਈਦ ਕਰਦਿਆਂ ਦੱਸਿਆ, "ਭੈਣੇ ਇਨ੍ਹਾਂ ਐਸੇ ਬੰਬ ਬਣਾ ਲਏ ਹਨ ਕਿ ਮਿੰਟਾਂ 'ਚ ਇਸ ਸੋਹਣੀ ਧਰਤੀ ਨੂੰ ਖੰਡਰ ਬਣਾ ਦੇਣ। ਜਾਣ ਕੇ ਦਿਲ ਕੰਬ ਉਠਦਾ ਹੈ। ਇਹ ਬੰਦੇ ਨੇ ਕਿ ਰਾਖਸ਼ਸ਼?"

ਮੈਨੂੰ ਆਪਣੇ ਇਨਸਾਨ ਹੋਣ 'ਤੇ ਸ਼ਰਮ ਆਉਣ ਲੱਗੀ, ਜਦ ਮੈਂ ਉਨ੍ਹਾਂ ਨੂੰ ਕਹਿੰਦੇ ਸੁਣਿਆ, "ਚਲੋ ਨੀ ਐਥੋਂ ਉੱਡ ਚੱਲੀਏ! ਧਾਨੂੰ ਪਤਾ ਨੀਂ ਇਹ ਤਾਂ ਪੰਛੀਆਂ ਨੂੰ ਵੀ ਭੁੰਨ ਕੇ ਖਾ ਜਾਂਦੇ ਆ। ਇਨ੍ਹਾਂ ਦਾ ਵਸਾਹ ਨਾ ਕਰੋ। ਕਿਵੇਂ ਬਗਲਾ ਭਗਤ ਬਣਿਆ ਬੈਠਾ। ਇਨ੍ਹਾਂ ਤੋਂ ਦੂਰ ਹੀ ਭਲੇ।"

'ਲੱਖ ਲਾਹਨਤ' ਕਹਿ ਇੱਕ ਘੁੱਗੀ ਉੱਡ ਗਈ। 'ਦੁਰ ਫਿੱਟੇ ਮੂੰਹ' ਆਖ ਦੂਜੀ ਵੀ ਉਡਾਰੀ ਮਾਰ ਗਈ। ਮੈਨੂੰ ਜਾਪਿਆ ਜਿਵੇਂ ਸਾਰੀਆਂ ਮੈਨੂੰ ਹੀ ਲਾਹਨਤਾਂ ਪਾਉਂਦੀਆਂ ਉੱਡ ਗਈਆਂ ਹੋਣ। ਕੀ ਮੈਂ ਕੋਈ ਸੁਫਨਾ ਵੇਖ ਰਿਹਾ ਸਾਂ? ਮੈਂ ਆਪਣੇ ਕਲਪਨਾ ਸੰਸਾਰ ਵਿਚੋਂ ਬਾਹਰ ਆਇਆ ਤੇ ਬੋਝਲ ਕਦਮਾਂ ਨਾਲ ਘਰ ਵੱਲ ਪਰਤਣ ਲੱਗਾ। ਘੁੱਗੀ ਵਾਰਤਾਲਾਪ ਮੇਰੀ ਜ਼ਮੀਰ ਨੂੰ ਧੁਰ ਅੰਦਰ ਤੱਕ ਹਲੂਣਾ ਦੇ ਗਿਆ ਸੀ।



# ਪੰਜਾਬ ਦਾ ਆਖਰੀ ਰਾਜਾ ਦਲੀਪ ਸਿੰਘ-2

*(ਪਿਛਲੇ ਸਫੇ ਦੀ ਬਾਕੀ)*

ਵੀ ਜਾਇਦਾਦ ਹੈ, ਉਹਨੂੰ ਤਿਆਗ ਰਿਹਾ ਹੈ। ਬਾਂਬਾ ਜਾਂ ਬੱਚਿਆਂ ਦੇ ਭਲੇ ਲਈ ਕਿਸੇ ਤਰ੍ਹਾਂ ਦੇ ਵੀ ਲੈਣ ਦੇਣ ਤੇ ਕਰਜ਼ੇ ਦਾ ਜ਼ਿੰਮੇਵਾਰ ਉਹ ਨਹੀਂ ਹੈ। ਅੱਖ ਦੇ ਫੋਰ 'ਚ ਹੀ ਇਹਨੇ ਪਰਿਵਾਰ ਪ੍ਰਤੀ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਹੱਥ ਧੋ ਲਏ; ਜਿਵੇਂ ਇਹਦਾ ਉਨ੍ਹਾਂ ਨਾਲ ਕੋਈ ਰਿਸ਼ਤਾ ਨਾ ਹੋਵੇ। ਸਿੱਟੇ ਵਜੋਂ ਪ੍ਰੇਸ਼ਾਨ ਤੇ ਬੇਵਸ ਬਾਂਬਾ ਸ਼ਰਾਬ ਦਾ ਆਸਰਾ ਲੈਣ ਲੱਗ ਪਈ ਸੀ ਅਤੇ ਬਹੁਤਾ ਸਮਾਂ ਬਿਸਤਰੇ 'ਚ ਪਈ ਰਹਿੰਦੀ ਸੀ। ਬੱਚੇ ਮੈਲੇ ਕੁਚੈਲੇ ਰਹਿੰਦੇ ਸੀ, ਪਾਲਣ ਪੋਸ਼ਣ 'ਤੇ ਮਾੜਾ ਅਸਰ ਪੈਣਾ ਹੀ ਸੀ। ਵਿਕਟੋਰੀਆ ਨੇ ਆਪ ਵਿਚ ਪੈ ਕੇ ਫਿਰ ਇਨ੍ਹਾਂ ਲਈ ਛੇ ਹਜ਼ਾਰ ਪੌਂਡ ਦੀ ਪੈਨਸ਼ਨ ਮਨਜ਼ੂਰ ਕਰਵਾ ਦਿੱਤੀ ਸੀ। ਜੂਏਬਾਜ਼ ਤੇ ਕਰਜ਼ਾਈ ਵੱਡੇ ਪੁੱਤ, ਵਿੱਕਟਰ, ਨੂੰ ਰੋਇਲ ਮਿਲਟਰੀ ਅਕੈਡਮੀ ਸੈਂਡਹਰਸਟ ਭਿਜਵਾ ਦਿੱਤਾ ਤੇ ਛੋਟੇ ਫਰੈਡਰਿਕ ਨੂੰ ਈਟਨ ਕਾਲਜ 'ਚ ਦਾਖਲ ਕਰਵਾ ਦਿੱਤਾ। ਇਹ ਵੀ ਪੱਕਾ ਕੀਤਾ ਸੀ ਕਿ ਬੱਚਿਆਂ ਦਾ ਪਾਲਣ ਪੋਸ਼ਣ ਸਹੀ ਤਰੀਕੇ ਨਾਲ ਹੋਵੇ। ਬਾਂਬਾ ਨੂੰ ਵੀ ਵਿਕਟੋਰੀਆ ਨੇ ਪੂਰੀ ਅਹਿਮੀਅਤ ਦੇਣੀ ਸ਼ੁਰੂ ਕਰ ਦਿੱਤੀ ਸੀ ਪਰ ਜਦੋਂ ਅਸਰ ਰਸੂਖ ਵਾਲੇ ਲੋਕ ਬਾਂਬਾ ਨੂੰ 'ਚੋਰ ਦੀ ਪਤਨੀ' ਦੇ ਤਾਹਨੇ ਮਿਹਣੇ ਦੇਣੋਂ ਨਾ ਹਟੇ, ਤਦ ਬਾਂਬਾ ਨੇ ਆਪਣੇ ਆਪ ਨੂੰ ਘਰ ਅੰਦਰ ਬੰਦ ਕਰ ਲਿਆ ਸੀ।

ਜਦੋਂ ਬਾਂਬਾ ਦੀ ਮੌਤ ਹੋਈ ਤਾਂ ਵਿਕਟੋਰੀਆ ਨੇ ਤਾਂ ਹਾਅ ਦਾ ਨਾਹਰਾ ਮਾਰਿਆ ਸੀ ਪਰ ਰੂਸ ਦੇ ਜ਼ਾਰ ਨੂੰ ਮਿਲਣ ਖਾਤਰ ਗਏ ਦਲੀਪ ਨੇ ਸਿਰਫ ਏਨਾ ਹੀ ਕਿਹਾ, 'ਮੇਰਾ ਦਿਲ ਟੁੱਟ ਗਿਆ ਹੈ, ਸੱਚ ਨਹੀਂ ਆ ਰਿਹਾ- ਹੋਰ ਅਗਲੇ ਹਫਤੇ ਲਿਖਾਂਗਾ'। ਨਾ ਆਪਣੇ ਬੱਚਿਆਂ ਦੀ ਦੇਖ ਭਾਲ ਦਾ ਕੋਈ ਪ੍ਰਬੰਧ ਕਰ ਕੇ ਗਿਆ ਸੀ, ਨਾ ਹੁਣ ਕੋਈ ਤੌਖਲਾ ਜ਼ਾਹਿਰ ਕੀਤਾ ਸੀ। ਅਸਲ 'ਚ ਉਹ ਛੇ ਮਹੀਨਿਆਂ ਦੀ ਹਾਮਲਾ ਐਡਾ ਵੈਦਰਿਲ ਨਾਲ ਮਾਸਕੋ ਦੇ ਕਿਸੇ ਬਹੁਤ ਖਸਤਾ ਹੋਟਲ 'ਚ ਟਿਕਿਆ ਹੋਇਆ ਸੀ। ਹੋਰ ਤਾਂ ਹੋਰ, ਇਹਨੇ ਮਰੀ ਪਈ ਬਾਂਬਾ ਦੇ ਘੋੜੇ ਦੀ ਕਾਠੀ ਵੀ ਐਡਾ ਲਈ ਮੰਗ ਲਈ ਸੀ। ਅਖੇ, ਇਹ ਕਾਠੀ ਹੁਣ ਐਡਾ ਵਰਤਿਆ ਕਰੇਗੀ। ਇਹਦੀ ਇਸ ਕੀਤੀ ਦਾ ਸਭ ਨੇ ਬਹੁਤ ਬੁਰਾ ਮੰਨਿਆ ਸੀ ਕਿ ਇਸ ਨੇ ਚੰਗਾ ਮੰਦਾ ਸਮਾਂ ਵੀ ਨਾ ਵਿਚਾਰਿਆ। ਬਾਅਦ 'ਚ ਭਾਵੇਂ ਇਹਨੇ ਇਸ ਗੱਲ ਦੀ ਮੁਆਫੀ ਵੀ ਮੰਗ ਲਈ ਸੀ ਪਰ ਤੀਰ ਕਮਾਨੋਂ ਨਿਕਲ ਗਿਆ ਸੀ।

ਇੰਡੀਆ ਆਫਿਸ ਦੇ ਦਖਲ ਨਾਲ ਬੱਚਿਆਂ ਦੀ ਦੇਖ ਭਾਲ ਆਰਥਰ ਔਲੀਫੈਂਟ (ਇਸ ਦੇ ਬਾਪ ਨੇ ਵੀ ਦਲੀਪ ਸਿੰਘ ਦੀ ਦੇਖ ਰੇਖ ਕੀਤੀ ਸੀ) ਨੇ ਨਿਭਾਈ ਸੀ। ਇਸ ਪ੍ਰਬੰਧ ਨਾਲ ਬੱਚੇ ਬਹੁਤ ਖੁਸ਼ ਹੋਏ ਅਤੇ ਇਨ੍ਹਾਂ ਦਾ ਭਵਿਖ ਕੁਝ ਸੁਧਰ ਵੀ ਗਿਆ। ਅਦਨ ਤੋਂ ਮੁੜਿਆ ਤਾਂ ਇਹ ਪੈਰਿਸ 'ਚ ਰਿਹਾ। ਦਲੀਪ ਸਿੰਘ ਪੈਰਿਸ 'ਚ ਕਿਸੇ ਰਖੇਲ ਐਡਾ ਡਗਲਸ ਵੈਦਰਿਲ ਨਾਲ ਜਾ ਟਿਕਿਆ ਸੀ। ਉਸ ਤੋਂ ਇਸ ਦੇ ਦੋ ਧੀਆਂ ਹੋਰ ਹੋਈਆਂ। ਇਹ ਇੱਕ ਦੂਜੇ ਨੂੰ ਲੰਡਨ 'ਚ ਅਯਾਸ਼ੀ ਵਾਲੇ ਵੇਲਿਆਂ ਤੋਂ ਜਾਣਦੇ ਸੀ। ਹੱਥ ਪੱਲੇ ਮਾਰਦਾ ਇਹ ਤੁਰਕਾਂ, ਮਿਸਰੀਆਂ, ਫਰਾਂਸੀਸੀਆਂ ਅਤੇ ਆਇਰਸ਼ ਬਾਗੀਆਂ ਦੇ ਤਰਲੇ ਕੱਢਦਾ ਰਿਹਾ ਕਿ ਉਹ ਇਹਦੀ ਮਦਦ ਕਰਨ ਅਤੇ ਅੰਗਰੇਜ਼ਾਂ ਨੂੰ ਬਾਹਰ ਕੱਢਣ। ਐਡਾ ਨੂੰ ਨਾਲ ਲੈ ਕੇ ਦਲੀਪ ਸਿੰਘ ਰੂਸ ਦੇ ਜ਼ਾਰ ਨੂੰ ਮਿਲਣ ਦੀ ਖੁਸ਼-ਖਿਆਲੀ 'ਚ ਮਾਸਕੋ ਵੀ ਗਿਆ। ਐਡਾ ਉਮਰ 'ਚ ਇਹਦੇ ਤੋਂ ਬਹੁਤ ਛੋਟੀ ਸੀ। ਇਹਨੇ ਜ਼ਾਰ ਨੂੰ ਚਿੱਠੀ ਲਿਖੀ ਕਿ ਇਹ ਹਿੰਦੋਸਤਾਨ ਨੂੰ ਆਜ਼ਾਦ ਕਰਾਉਣਾ ਚਾਹੁੰਦਾ ਹੈ ਅਤੇ ਇਸ ਕੰਮ ਲਈ ਇਹਨੇ ਦੋ ਲੱਖ ਫੌਜੀ ਤੇ ਦੋ ਹਜ਼ਾਰ ਤੋਪਾਂ ਦੀ ਇੱਛਾ ਜ਼ਾਹਿਰ ਕੀਤੀ ਪਰ ਏਥੇ ਵੀ ਇਸ ਦੀ ਕੋਈ ਪੁੱਛ ਪ੍ਰਤੀਤ ਨਾ ਹੋਈ। ਰੂਸੀ ਇਹ ਕੰਮ ਕਿਸ ਲਈ ਕਰਦੇ? ਜਦੋਂ ਜ਼ਾਰ ਨੂੰ ਇਹ ਪਤਾ ਲੱਗਾ ਕਿ ਇਹ ਆਪਣੇ ਨਾਲ ਹੋਟਲ ਦੀ ਕਿਸੇ ਨੌਕਰਾਣੀ ਨਾਲ ਟਿਕਿਆ ਹੋਇਆ ਹੈ ਤੇ ਉਹ ਇਹਦੇ ਬੱਚੇ ਦੀ ਮਾਂ ਬਣਨ ਵਾਲੀ ਹੈ ਤਾਂ ਉਸ ਨੇ ਕੋਈ ਜੁਆਬ ਨਾ ਦਿੱਤਾ। ਰੂਸ ਵਿਚ ਇਹ ਔਰਥੋਡੋਕਸ ਈਸਾਈ ਬਣਨ ਨੂੰ ਵੀ ਕਾਹਲਾ ਸੀ। ਇਹਦੇ ਸਲਾਹੂ ਨੇ ਰੋਕ ਦਿੱਤਾ ਕਿ ਇਸ ਨਾਲ ਸਿੱਖਾਂ 'ਤੇ ਬੁਰਾ ਅਸਰ ਪਏਗਾ। ਇਹ ਸੁਝਾਅ ਵੀ ਦਿੱਤਾ ਕਿ ਸਾਡੇ ਖਿਆਲ ਅਨੁਸਾਰ, ਓਨਾ ਚਿਰ ਸਿੱਖ ਬਣੇ ਰਹੋ, ਜਿੰਨਾ ਚਿਰ ਰੂਸੀ ਸਰਕਾਰ ਭਾਰਤ ਮੁੜਨ ਲਈ ਮਦਦ ਨਹੀਂ ਕਰਦੀ। ਤਦ ਤੱਕ ਆਪ ਨੂੰ ਬਾਹਰੀ ਤੌਰ 'ਤੇ ਸਿੱਖ ਰਹਿਣਾ ਜ਼ਰੂਰੀ ਹੈ, ਜਦ ਤੱਕ ਆਪ ਸਿੰਘਾਸਨ 'ਤੇ ਨਾ ਬੈਠ ਜਾਓ। ਰੂਸ 'ਚ ਇਹ ਤੰਗੀ ਤੁਰਸ਼ੀ ਦੀ ਹਾਲਤ 'ਚ ਖਸਤਾ ਹੋਟਲਾਂ 'ਚ ਰਿਹਾ।

ਬਾਂਬਾ ਤੋਂ ਇਹ ਸਾਰਾ ਕੁਝ ਝੱਲ ਨਾ ਹੋਇਆ, ਉਹ ਸ਼ਰਾਬ 'ਚੋਂ ਆਸਰਾ ਭਾਲਦੀ ਭਾਲਦੀ ਗਹਿਰੇ ਉਦਾਸੀ ਰੋਗ ਦੀ ਮਰੀਜ਼ ਹੋ ਗਈ। ਘਰ ਦੀ ਹਾਲਤ ਠੀਕ ਨਹੀਂ ਸੀ; ਉਧਰੋਂ ਸੋਫੀਆ ਨੂੰ ਮਿਆਦੀ ਬੁਖਾਰ ਹੋ ਗਿਆ ਅਤੇ ਬੇਹੋਸ਼ੀ ਦੇ ਦੌਰੇ ਪੈਣ ਲੱਗ ਪਏ। ਬਾਂਬਾ ਆਪਣੀ ਲਾਡਲੀ ਧੀ ਸੋਫੀਆ ਦੀ ਸੇਵਾ 'ਚ ਏਨੀ ਗ੍ਰਸਤ ਹੋ ਗਈ ਕਿ ਆਪਣੀ ਦੇਖ ਭਾਲ ਦੀ ਸੁਧ ਬੁਧ ਖੋਹ ਬੈਠੀ। ਪਹਿਲਾਂ ਹੀ ਸ਼ੱਕਰ ਅਤੇ ਉਦਾਸੀ ਰੋਗ ਦੀ ਮਾਰੀ ਬਾਂਬਾ ਆਪ ਬੇਹੋਸ਼ੀ ਦੇ ਦੌਰੇ ਦਾ ਸ਼ਿਕਾਰ ਹੋ ਗਈ। ਇਸ ਤਰ੍ਹਾਂ ਦੁਖੀ ਇਸ ਦੁਨੀਆ ਤੋਂ ਵਿਦਾ ਹੋ ਗਈ।

ਬਾਂਬਾ ਦੀ ਮੌਤ ਤੋਂ ਤਿੰਨ ਮਹੀਨੇ ਬਾਅਦ ਐਡਾ ਵੈਦਰਿਲ 'ਚੋਂ ਦਲੀਪ ਸਿੰਘ ਦੀ ਧੀ ਨੇ ਜਨਮ ਲਿਆ। ਦੂਜੀ ਧੀ ਪੈਰਿਸ ਪਹੁੰਚ ਕੇ ਹੋਈ। ਛੋਟੀ ਧੀ ਜੰਮਣ ਤੋਂ ਪਹਿਲਾਂ ਇਹਨੇ ਐਡਾ ਨਾਲ ਬਾਕਾਇਦਾ ਵਿਆਹ ਕਰ ਲਿਆ ਸੀ ਪਰ ਕੋਲ ਪੈਸਾ ਧੇਲਾ ਨਾ ਹੋਣ ਕਰ ਕੇ ਦੋਹਾਂ ਦੀ ਆਪਸ 'ਚ ਨੋਕ ਝੋਕ ਰਹਿਣ ਲੱਗ ਪਈ ਸੀ। ਫਿਰ ਕਲੇਸ਼ ਵਧੀ ਗਿਆ। ਫਰਾਂਸ 'ਚ ਪੈਸੇ ਹੱਥੋਂ ਤੰਗੀ ਕਾਰਨ ਐਡਾ ਵੀ ਇਹਨੂੰ ਛੱਡ ਕੇ ਹੋਰ ਕਿਸੇ ਚੰਗੇ ਇਲਾਕੇ 'ਚ ਰਹਿਣ ਲੱਗ ਪਈ ਅਤੇ ਮੁੜ ਕੇ ਆਪਣੀ ਐਸ਼ ਵਾਲੀ ਜ਼ਿੰਦਗੀ ਸ਼ੁਰੂ ਕਰ ਲਈ। ਦਲੀਪ ਸਿੰਘ ਨੇ ਆਪ ਵੀ ਕਿਸੇ ਹੋਰ ਬਹੁਤੇ ਖਸਤਾ ਹੋਟਲ 'ਚ ਉਪਰਲੀ ਮੰਜ਼ਿਲ ਦੇ ਨਿੱਕਾ ਜਿਹਾ ਕਮਰਾ ਕਿਰਾਏ 'ਤੇ ਲੈ ਲਿਆ ਸੀ। ਏਥੇ ਰਹਿੰਦਿਆਂ ਉਹਨੂੰ ਅਧਰੰਗ ਦਾ ਦੌਰਾ ਪੈ ਗਿਆ। ਜਦ ਇਹ ਡਰਿਆ ਹੋਇਆ ਡਾਕਟਰ ਕੋਲ ਗਿਆ ਤਾਂ ਪੱਕਾ ਹੋ ਗਿਆ ਕਿ ਇਹਦਾ ਇੱਕ ਪਾਸਾ ਮਾਰਿਆ ਗਿਆ ਸੀ ਅਤੇ ਬਾਂਹ ਵੀ ਲੁੜਕਨ ਲੱਗ ਪਈ ਸੀ। ਇਹਦਾ ਕੋਈ ਪਤਾ ਨਾ ਲੈਣ ਆਇਆ। ਇਸ ਨੇ ਫਿਰ ਆਪਣੇ ਵੱਡੇ ਪੁੱਤ ਰਾਹੀਂ ਮਲਕਾ ਵਿਕਟੋਰੀਆ ਨੂੰ ਪੂਰਨ ਮੁਆਫੀ ਲਈ ਬੇਨਤੀ ਕੀਤੀ ਤਾਂ ਜੋ ਇਹ ਇੰਗਲੈਂਡ ਮੁੜ ਸਕੇ। ਖਤ ਇਹਨੇ ਆਪ ਲਿਖਵਾਇਆ ਸੀ, ਲਿਖਿਆ ਇਹਦੇ ਪੁੱਤ ਨੇ ਸੀ ਪਰ ਦਸਤਖਤ ਇਹਨੇ ਖੁਦ ਕੀਤੇ ਸੀ। ਇੰਡੀਆ ਆਫਿਸ ਅਤੇ ਮਲਿਕਾ ਦੇ ਆਫਿਸ ਮੁਤਾਬਿਕ ਇਹਨੇ ਬਿਨਾ ਸ਼ਰਤ ਆਪਣੀ ਕੀਤੀ ਦੀ ਮੁਆਫੀ ਮੰਗੀ ਸੀ। ਇਹ ਲਿਖਦਾ ਹੈ ਕਿ ਮੇਰੇ 'ਤੇ ਰੱਬ ਦੀ ਡਾਢੀ ਕ੍ਰੋਪੀ ਹੋ ਗਈ ਹੈ ਅਤੇ ਹੁਣ ਮੈਂ ਆਪ ਲਿਖਣ ਜੋਗਾ ਵੀ ਨਹੀਂ ਰਿਹਾ। ਇਸ ਮੁਆਫੀਨਾਮੇ 'ਚ ਨਾ ਸਿਰਫ ਇਹਨੇ ਮਲਿਕਾ ਦੇ ਸੋਹਲੇ ਗਾਏ, ਸਗੋਂ ਆਪਣੇ ਆਪ ਨੂੰ ਵਿਕਟੋਰੀਆ ਦਾ ਵਫਾਦਾਰ ਨਾਗਰਿਕ ਵੀ ਕਿਹਾ। ਮਲਿਕਾ ਨੇ ਇਹਦੀ ਮੁਆਫੀ ਕਬੂਲ ਕਰ ਲਈ।

ਥੋੜ੍ਹੀ ਦੇਰ ਬਾਅਦ ਇਹ ਐਡਾ ਨਾਲ ਫੋਕਸਟੰਨ ਮੁੜ ਆਇਆ। ਕੁਝ ਸਮਾਂ ਬਿਤਾ ਕੇ ਗਰਮ ਮੌਸਮ ਲਈ ਫਰਾਂਸ ਮੁੜ ਗਿਆ। ਫਿਰ ਇਹਨੇ ਮਲਿਕਾ ਵਿਕਟੋਰੀਆ ਨਾਲ ਆਹਮੋ-ਸਾਹਮਣੇ ਹੋ ਕੇ ਮੁਆਫੀ ਮੰਗਣ ਦੀ ਇੱਛਾ ਜ਼ਾਹਿਰ ਕੀਤੀ। ਜਦੋਂ ਦਾ ਇਹ ਵਲੈਤ ਆਇਆ ਸੀ, ਇਹਦੇ ਪ੍ਰਤੀ ਵਿਕਟੋਰੀਆ ਵੀ ਹਮੇਸ਼ਾ ਫਿਕਰਮੰਦ ਰਹੀ ਸੀ। ਮਲਿਕਾ ਇਹਦੇ ਹਾਲਾਤ ਬਾਰੇ ਹਮੇਸ਼ਾਂ ਚਿੰਤਾ ਕਰਦੀ ਰਹੀ ਸੀ। ਜਦੋਂ ਮਲਿਕਾ ਵਿਕਟੋਰੀਆ ਨਾਲ ਇਹਦਾ ਅਖੀਰਲੀ ਵਾਰ ਮੇਲ ਹੁੰਦਾ ਹੈ, ਤਦ ਦਲੀਪ ਸਿੰਘ ਅਧਰੰਗ ਦੇ ਦੌਰੇ ਕਾਰਨ ਸਰੀਰੋਂ ਹੀਣਾ ਹੋ ਗਿਆ ਸੀ। ਤਦ ਇਹ ਮਲਿਕਾ ਨੂੰ ਸਿਜਦਾ ਵੀ ਨਹੀਂ ਸੀ ਕਰ ਸਕਿਆ ਤਾਂ ਇਸ ਕੁਤਾਹੀ ਦੀ ਵਿਕਟੋਰੀਆ ਤੋਂ ਮੁਆਫੀ ਮੰਗਦਾ ਹੈ ਅਤੇ ਭੁੱਬਾਂ ਮਾਰ ਕੇ ਰੋਣ ਲੱਗ ਪੈਂਦਾ ਹੈ। ਆਪਣੇ ਕੀਤੇ ਲਈ ਮੁਆਫੀ ਮੰਗਦਾ ਹੈ। ਮਲਿਕਾ ਨੇ ਪਿਛਲੀ ਵਾਰ ਇਹਨੂੰ ਸੋਹਣਾ ਫਬਦਾ ਬਣਦਾ ਅਤੇ ਪੂਰਾ ਤੰਦਰੁਸਤ ਦੇਖਿਆ ਹੋਇਆ ਸੀ ਤੇ ਹੁਣ ਇਹਦੇ ਨਾ ਸਿਰਫ ਧੌਲੇ ਨਿਕਲ ਆਏ ਸੀ, ਇਹ ਸਰੀਰੋਂ ਵੀ ਕਮਜ਼ੋਰ ਹੋ ਗਿਆ ਸੀ; ਅਧਰੰਗ ਕਾਰਨ ਇਹਦਾ ਨਿਰਜਿੰਦ ਹੱਥ ਲੁੜਕਦਾ ਫਿਰਦਾ ਸੀ; ਭਾਵੇਂ ਇਹ ਆਪ ਖੜ੍ਹਾ ਤਾਂ ਹੋ ਸਕਦਾ ਸੀ ਪਰ ਮਸੀਂ ਦੋ ਚਾਰ ਕਦਮ ਤੁਰਨ ਜੋਗਾ ਹੀ ਸੀ। ਇਹਦੀ ਹਾਲਤ ਦੇਖ ਕੇ ਵਿਕਟੋਰੀਆ ਦਿਲੋਂ ਦੁਖੀ ਹੋਈ ਸੀ। ਮਲਿਕਾ ਨੇ ਆਪਣਾ ਹੱਥ ਇਹਦੇ ਵੱਲ ਵਧਾਇਆ ਜੋ ਦਲੀਪ ਸਿੰਘ ਨੇ ਰਵਾਇਤੀ ਸੰਸਕਾਰਾਂ ਅਨੁਸਾਰ ਚੁੰਮ ਲਿਆ ਸੀ। ਹੌਂਸਲਾ ਦੇਣ ਲਈ ਮਲਿਕਾ ਇਹਦਾ ਹੱਥ ਵੀ ਪਲੋਸਦੀ ਰਹੀ ਸੀ। ਵਿਕਟੋਰੀਆ ਦੇ ਦਿਲ 'ਚ ਦਲੀਪ ਸਿੰਘ ਲਈ ਹਮੇਸ਼ਾਂ ਕੋਈ ਨਰਮ ਗੋਸ਼ਾ ਰਿਹਾ ਸੀ; ਇਹਨੂੰ ਕਈ ਖੁੱਲ੍ਹਾਂ ਸੀ ਅਤੇ ਉਹ ਇਹਦੀਆਂ ਭੁੱਲਾਂ ਨੂੰ ਵੀ ਮੁਆਫ ਕਰ ਦਿੰਦੀ ਸੀ। ਇਸ ਮਿਲਣੀ ਬਾਰੇ ਮਲਿਕਾ ਨੇ ਤਾਂ ਆਪਣੇ ਰੋਜ਼ਨਾਮਚੇ 'ਚ ਲਿਖਵਾਇਆ ਸੀ: ਦਲੀਪ ਨੂੰ ਮਿਲ ਕੇ ਮੈਨੂੰ ਬੜੀ ਖੁਸ਼ੀ ਹੋਈ ਹੈ; ਮੈਂ ਉਸ ਨੂੰ ਮੁਆਫ ਵੀ ਕਰ ਦਿੱਤਾ ਹੈ ਤੇ ਉਸ ਦੀਆਂ ਕੀਤੀਆਂ ਨੂੰ ਭੁਲਾ ਵੀ ਦਿੱਤਾ ਹੈ।

ਇਹਦੀਆਂ ਵਿਤੋਂ ਵੱਡੀਆਂ ਆਸਾਂ 'ਤੇ ਪਾਣੀ ਫਿਰਨਾ ਸੀ, ਸੋ ਫਿਰ ਗਿਆ। ਇਹੋ ਜਿਹੇ ਹਾਲਾਤ 'ਚ ਕੋਈ ਵੱਡੇ ਸਬਰ ਵਾਲਾ ਵੀ ਡੋਲ ਸਕਦਾ ਹੈ। ਜਿਹੜਾ ਮਾੜਾ ਮੋਟਾ ਆਸਰਾ ਸਿੱਖ ਸਰਦਾਰਾਂ ਦਾ ਸੀ, ਜਦੋਂ ਉਹ ਵੀ ਨਾ ਰਿਹਾ ਤਾਂ ਜਾਣੋਂ ਇਹਦਾ ਲੱਕ ਹੀ ਟੁੱਟ ਗਿਆ। ਜੋ ਮਨ 'ਚ ਧਾਰਿਆ ਸੀ, ਉਹ ਵੀ ਨਾ ਹੋਇਆ ਤੇ ਜੋ ਹੱਥ 'ਚ ਸੀ, ਉਹ ਵੀ ਗੁਆ ਲਿਆ। ਇਹ ਘੋਰ ਨਿਰਾਸ਼ਾ 'ਚ ਚਲੇ ਗਿਆ।

ਵਲੈਤ 'ਚ ਦਲੀਪ ਸਿੰਘ ਦਾ ਸਭ ਛੋਟਾ ਪੁੱਤਰ ਬਹੁਤ ਬਿਮਾਰ ਸੀ। ਇਹਦਾ ਨਮੂਨੀਆ ਵਿਗੜ ਕੇ ਗੰਭੀਰ ਰੂਪ ਧਾਰ ਗਿਆ ਸੀ ਤੇ ਇਸ ਨੇ ਛੇਤੀ ਸਰੀਰ ਤਿਆਗ ਦੇਣਾ ਸੀ। ਇਸੇ ਵਸ ਦਲੀਪ ਇਹਦੀ ਬਿਮਾਰੀ ਦਾ ਪਤਾ ਲੈਣ ਇੰਗਲੈਂਡ ਆਇਆ ਸੀ। ਇਹ ਦਲੀਪ ਦੀ ਵਲੈਤ ਨੂੰ ਅਖੀਰਲੀ ਫੇਰੀ ਹੋ ਨਿਬੜੀ। ਜਦੋਂ ਇਹ ਮਰਨ ਕੰਢੇ ਪਏ ਨਿੱਕੇ ਪੁੱਤ ਤੋਂ ਵਿਛੜਨ ਲੱਗਿਆ ਤਾਂ ਈਸਾਈ ਜਬੂਰ ਦੇ ਪ੍ਰਸਿਧ ਭਜਨ ਦਾ ਮੁਖੜਾ 'ਖੁਦਾਵੰਦ ਹੀ ਤੇਰਾ ਰਖਵਾਲਾ ਹੈ' ਲਿਖਿਆ ਰੁੱਕਾ ਉਹਦੇ ਹੱਥ ਫੜਾ ਦਿੰਦਾ ਹੈ। ਆਪਣੇ ਅਖੀਰਲੇ ਦਿਨਾਂ 'ਚ ਵੀ ਦਲੀਪ ਸਿੰਘ ਦੇ ਮਨ ਚ 'ਵਾਹਿਗੁਰੂ ਤੇਰੇ ਅੰਗ ਸੰਗ ਰਹੇ' ਜਾਂ 'ਵਾਹਿਗੁਰੂ ਭਲੀ ਕਰੇਗਾ' ਬਿਲਕੁਲ ਨਹੀਂ ਆ ਰਿਹਾ; ਨਾ ਹੀ ਅਕਾਲ ਪੁਰਖ ਅੱਗੇ ਪੁੱਤ ਦੀ ਸਿਹਤਯਾਬੀ ਲਈ ਕੋਈ ਅਰਦਾਸ ਬੇਨਤੀ ਕਰਨ ਦੀ ਸੋਚ ਮਨ ਆ ਰਹੀ ਹੈ।

ਦਲੀਪ ਸਿੰਘ ਦੇ ਪੱਕੇ ਤੌਰ 'ਤੇ ਵਲੈਤ ਨੂੰ ਮੁੜ ਆਉਣ ਦਾ ਪ੍ਰਬੰਧ ਕਰਨ ਲਈ ਦਲੀਪ ਸਿੰਘ ਦੇ ਵੱਡੇ ਪੁੱਤ ਨਾਲ ਐਡਾ ਵਲੈਤ ਆਈ ਹੋਈ ਸੀ ਤੇ ਮਗਰੋਂ ਇਹਨੂੰ ਅਧਰੰਗ ਦਾ ਦੂਜਾ ਦੌਰਾ ਪੈ ਗਿਆ। ਇਹ ਹਮਲਾ ਜਾਨ ਲੇਵਾ ਬਣਿਆ। ਦਲੀਪ ਇਸ ਜਹਾਨ ਤੋਂ ਕੂਚ ਕਰ ਗਿਆ; ਮੌਤ ਵੇਲੇ ਇਹਦੇ ਕੋਲ ਕੋਈ ਵੀ ਨਹੀਂ ਸੀ: ਇਹਦੀ ਮੌਤ ਦਾ ਪਤਾ ਵੀ ਦੂਜੇ ਦਿਨ ਜਾ ਕੇ ਲੱਗਾ। ਮਲਿਕਾ ਵਿਕਟੋਰੀਆ ਇਹਦੀ ਮੌਤ ਦਾ ਸੁਣ ਕੇ ਬਹੁਤ ਦੁਖੀ ਹੋਈ; ਉਹਨੇ ਵੈਰਾਗਮਈ ਖਤ ਲਿਖਿਆ ਸੀ; ਇਸ 'ਚ ਦਲੀਪ ਸਿੰਘ ਨਾਲ ਬਿਤਾਏ ਭਲੇ ਦਿਨਾਂ ਨੂੰ ਯਾਦ ਕੀਤਾ।

ਫਰਾਂਸ ਤੋਂ ਦਲੀਪ ਸਿੰਘ ਦੀ ਦੇਹ ਵਲੈਤ ਲਿਆਂਦੀ ਗਈ ਅਤੇ ਇਹਨੂੰ ਬਾਂਬਾ ਤੇ ਇਨ੍ਹਾਂ ਦੇ ਛੋਟੇ ਪੁੱਤ ਦੀ ਕਬਰ ਦੇ ਨਾਲ ਕਰ ਕੇ ਐਲਵਿਡਨ 'ਚ ਦਫਨ ਕਰ ਦਿੱਤਾ ਗਿਆ।





*ਐਲਵਿਡਨ ਹਾਲ ਜੋ ਦਲੀਪ ਸਿੰਘ ਦੀ ਰਿਹਾਇਸ਼ ਸੀ ਅਤੇ (ਸੱਜੇ) ਇਸੇ ਕੰਪਲੈਕਸ ਵਿਚ ਉਸ ਦੀ ਸਮਾਧ।*

# ਸੂਬਾ ਸਿੰਘ ਦੇ ਮੱਲ ਤੇ ਅਖਾੜੇ

ਪੰਜਾਬੀ ਖੇਡ ਸਾਹਿਤ

11



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਸੂਬਾ ਸਿੰਘ ਦੀ ਸ਼ੋਭਾ ਹਾਸ ਵਿਅੰਗ ਲੇਖਕ ਹੋਣ ਦੀ ਸੀ। ਉਹ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦਾ ਪ੍ਰੈਸ ਸਕੱਤਰ ਰਿਹਾ। ਹਾਸ ਵਿਲਾਸ ਕਰਦਾ ਕਹਿੰਦਾ, "ਮੈਂ ਕਾਹਦਾ 'ਸੂਬਾ' ਹਾਂ, ਜੀਹਨੂੰ 'ਜ਼ੈਲ' ਦੀ ਚਾਕਰੀ ਕਰਨੀ ਪੈਂਦੀ ਐ!" ਗਿਣਤੀ ਮਿਣਤੀ ਵਿਚ 'ਸੂਬਾ' ਬਹੁਤ ਵੱਡਾ ਹੁੰਦਾ, ਜਦ ਕਿ 'ਜ਼ੈਲ' ਬਹੁਤ ਛੋਟੀ ਹੁੰਦੀ ਹੈ। ਬਾਹਰੋਂ ਵੇਖਣ ਨੂੰ ਉਹ ਭੱਠੇ ਦਾ ਮੁਣਸ਼ੀ ਲੱਗਦਾ ਸੀ, ਪਰ ਸੀਗਾ ਮੁੱਖ ਮੰਤਰੀ ਦਾ ਖਾਸ ਅਫਸਰ। ਉਹਦੀ ਕਿਤਾਬ 'ਅਲੋਪ ਹੋ ਰਹੇ ਚੇਟਕ' ਕਮਾਲ ਦੀ ਰਚਨਾ ਹੈ। ਉਸ ਵਿਚ ਖੇਡ ਸਾਹਿਤ ਨਾਲ ਸਬੰਧਿਤ ਇਕ ਲੇਖ ਹੈ, 'ਕਾਹਨੂੰ ਲੱਭਦੇ ਮੱਲ ਅਖਾੜਿਆਂ ਦੇ।'

ਸੂਬਾ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਕਾਸ ਤੇ ਪ੍ਰਕਾਸ਼ਨ ਵਿਭਾਗ ਦਾ ਮੁਖੀ ਅਤੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦਾ ਡਾਇਰੈਕਟਰ ਵੀ ਰਿਹਾ। ਜੰਮਿਆ ਉਹ ਪਿੰਡ ਊਦੋ ਨੰਗਲ, ਪਰ ਪੜ੍ਹਿਆ ਕਪੂਰਥਲੇ, ਸਿਆਲਕੋਟ ਤੇ ਲਾਹੌਰ। ਉਹਦੇ ਕੋਲ ਹੋਰ ਡਿਗਰੀਆਂ ਨਾਲ ਐੱਮ.ਐੱਸ ਸੀ. ਮੈਥੇਮੈਟਿਕਸ ਦੀ ਡਿਗਰੀ ਵੀ ਸੀ। ਉਹ ਆਜ਼ਾਦ ਹਿੰਦ ਫੌਜ ਵਿਚ ਵੀ ਰਿਹਾ। ਉਸ ਨੇ 'ਹਾਸੇ ਤੇ ਹਾਦਸੇ' ਅਤੇ 'ਹਾਸੇ ਤੇ ਵੇਦਨਾ' ਆਦਿ ਦਰਜਨ ਕੁ ਕਿਤਾਬਾਂ ਤੋਂ ਬਿਨਾ 'ਹੀਰ' ਵੀ ਲਿਖੀ, ਜੀਹਦੇ ਬੰਦ ਉਹ ਕਵੀ ਦਰਬਾਰਾਂ ਵਿਚ ਸੁਣਾ ਕੇ ਮੇਲਾ ਲੁਟਦਾ। ਉਹ ਮਖੌਲ ਕਰ ਵੀ ਲੈਂਦਾ ਤੇ ਸਹਿ ਵੀ ਲੈਂਦਾ। ਲਓ ਪੜ੍ਹੋ ਉਹਦਾ ਕੁਸ਼ਤੀਆਂ, ਛਿੰਝਾਂ ਤੇ ਅਖਾੜਿਆਂ ਵਾਲਾ ਲੇਖ:

"ਨਾ ਉਹ ਅਖਾੜੇ, ਨਾ ਉਹ ਛਿੰਝਾਂ; ਨਾ ਉਹ ਦੰਗਲ, ਨਾ ਪਹਿਲਵਾਨ। ਨਾ ਉਹ ਘੁਲਣੀਆਂ ਤੇ ਨਾ ਉਹ ਪਕੜਾਂ। ਸੱਚ ਪੁੱਛੋ ਤਾਂ ਲੋਕਾਂ ਨੂੰ ਘੋਲਾਂ ਦਾ ਸ਼ੌਕ ਹੀ ਨਹੀਂ ਰਹਿ ਗਿਆ। ਪਿੰਡਾਂ ਵਿਚ ਤਾਂ ਘੋਲਾਂ ਕੁਸ਼ਤੀਆਂ ਦਾ ਢੋਲ ਵੱਜਦਾ ਸੁਣਨ ਨੂੰ ਜੀਅ ਤਰਸ ਗਿਆ।" ਬੁੱਢੜੇ ਸੰਤੂ ਨੇ ਬੋਹੜ ਥੱਲੇ ਲੱਗੇ ਹੋਏ ਧੂੰਏ ਉਤੇ ਸਣ ਕੱਢ ਕੇ ਤਲੂਣੀਆਂ ਸੁੱਟਦਿਆਂ ਦਿਲ ਦੀ ਭੜਾਸ ਕੱਢੀ। ਉਹ ਜਵਾਨੀ ਵੇਲੇ ਥੋੜ੍ਹਾ ਬਹੁਤਾ ਘੁਲਦਾ ਵੀ ਰਿਹਾ ਸੀ ਤੇ ਹੁਣ ਉਸ ਨੂੰ ਪੁਰਾਣੇ ਅਖਾੜਿਆਂ ਦੇ ਜੋੜਾਂ ਤੇ ਪਹਿਲਵਾਨਾਂ ਦੀਆਂ ਕੁਸ਼ਤੀਆਂ ਦੀਆਂ ਗੱਲਾਂ ਕਰ ਕੇ ਇਕ ਅਕਹਿ ਕਿਸਮ ਦੀ ਤਸੱਲੀ ਜਿਹੀ ਪ੍ਰਤੀਤ ਹੁੰਦੀ ਸੀ, ਜਿਸ ਤਰ੍ਹਾਂ ਹਰ ਮਨੁੱਖ ਭਾਵੇਂ ਉਸ ਨੇ ਕੁੱਤੇ ਦੀ ਜੂਨ ਹੀ ਕਿਉਂ ਨਾ ਗੁਜ਼ਾਰੀ ਹੋਵੇ, ਬੀਤੇ ਸਾਲਾਂ ਉਤੇ ਝਾਤੀ ਮਾਰ ਕੇ ਅਨੰਦਮਈ ਥਰਕੰਮਨੀ ਮਹਿਸੂਸ ਕਰਦਾ ਹੈ। ਸਿਆਲ ਦੀਆਂ ਰਾਤਾਂ ਨੂੰ ਉਹ ਇਸ ਬੋਹੜ ਥੱਲੇ ਧੂੰਆਂ ਜਰੂਰ ਲਾਇਆ ਕਰਦਾ, ਗੁਜ਼ਰੇ ਜ਼ਮਾਨਿਆਂ ਦੀਆਂ ਸੁਣਾਉਂਦਾ ਅਤੇ ਉਸ ਦੀਆਂ ਲਟਕੀਲੀਆਂ ਗੱਲਾਂ ਦਾ ਹੁੰਗਾਰਾ ਭਰਨ ਅਤੇ ਕੰਨ ਰਸ ਦਾ ਝੱਸ ਜਾਂ ਭੁਸ ਪੂਰਾ ਕਰਨ ਲਈ ਕਈ ਵਿਹਲੜ ਰੋਟੀ-ਪਾਣੀ ਖਾਣ ਪਿੱਛੋਂ ਆ ਬੈਠਦੇ। ਭਿੱਜਦੀ ਜਾਂਦੀ ਰਾਤ ਵਿਚ ਤਾਰਿਆਂ ਦੀਆਂ ਗਿੱਟੀਆਂ ਕਿਤੇ ਦੀਆਂ ਕਿਤੇ ਨਿਕਲ ਜਾਂਦੀਆਂ ਪਰ ਕਿਸੇ ਦਾ ਉੱਠਣ ਨੂੰ ਦਿਲ ਨਾ ਕਰਦਾ। ਸੰਤੂ ਦੀਆਂ ਗੱਲਾਂ ਉਨ੍ਹਾਂ ਨੂੰ ਜਕੜੀ ਤੇ ਕੀਲੀ ਰੱਖਦੀਆਂ।

"ਸਹੁਰਿਆ! ਅੱਗ ਬੁਝ ਗਈ, ਭੰਬੂ ਜ਼ਰਾ ਮਾਰ ਫੂਕ, ਬਲ ਪਏ। ਨਕਾਰਿਆ! ਜ਼ਰਾ ਜ਼ੋਰ ਨਾਲ ਫੂਕ ਮਾਰ, ਨਿੱਘਰਿਆ ਹੋਇਆ! ਤੈਥੋਂ ਧੂੰਏ ਨੂੰ ਫੂਕ ਨਹੀਂ ਮਾਰੀ ਜਾਂਦੀ? ਤੇਰੇ ਵਰਗੇ ਜਵਾਨ ਮੁੰਡੇ ਨੂੰ ਹੁਣ ਤਕ ਚਾਹੀਦਾ ਸੀ ਬੋਹੜ ਹਲੂਣ ਛਡਦਾ।" ਉਸ ਨੇ ਲਾਗੇ ਬੈਠੇ ਭੰਬੂ ਨੂੰ ਬਜੁਰਗਾਂ ਵਾਂਗ ਝਾੜਿਆ। ਫੇਰ ਸੱਜੇ ਹੱਥ ਨਾਲ ਸਣ ਦੀ ਸੋਟੀ ਭੰਨ ਕੇ ਉਧੇੜਨ ਲਈ ਸੱਜਾ ਹੱਥ ਪਿਛਾਂਹ ਖਿੱਚਿਆ ਅਤੇ ਘੋਲਾਂ ਬਾਰੇ ਲੋਕਾਂ ਦੇ ਅਲੋਪ ਹੋ ਰਹੇ ਚੇਟਕ ਦਾ ਮਾਤਮ ਕਰਨ ਵਾਲੇ ਲਹਿਜ਼ੇ ਵਿਚ ਗੁਜ਼ਰੇ ਹੋਏ ਦੰਗਲਾਂ ਦੀਆਂ ਗੱਲਾਂ ਛੇੜ ਲਈਆਂ।

"ਲੋਕਾਂ ਨੇ ਕਈ ਦਿਨ ਪਹਿਲਾਂ ਦੋਹਰੇ-ਤੇਹਰੇ ਜੋਤੇ ਲਾਉਣੇ, ਪੱਠਿਆਂ ਦੀਆਂ ਭਰੀਆਂ ਇਕੱਠੀਆਂ ਵੱਢ ਕੇ ਕੁਤਰ ਛੱਡਣੀਆਂ, ਧੌੜੀ ਦੀਆਂ ਨੋਕਾਂ ਵਾਲੀਆਂ ਜੁੱਤੀਆਂ ਨੂੰ ਤੇਲ ਵਿਚ ਡੋਬ ਛੱਡਣਾ, ਖੜ ਖੜ ਕਰਦੀਆਂ ਲੱਠੇ ਦੀਆਂ ਚਾਦਰਾਂ ਸਵਾਉਣੀਆਂ, ਡਾਂਗਾਂ ਲਿਸ਼ਕਾਉਣੀਆਂ ਅਤੇ ਜਿਸ ਦਿਨ ਛਿੰਝ ਪੈਣੀ, ਚੰਦੂ ਬਰਵਾਲੇ ਨੇ ਢਾਣੀਆਂ ਅੱਗੇ 'ਲਗੋਜ਼ਾ ਵਜਾਉਂਦਿਆਂ ਜਾਣਾ। ਘੋੜੀਆਂ 'ਤੇ ਜਾਣਾ, ਊਠਾਂ 'ਤੇ ਜਾਣਾ। ਰਾਹ ਟੁੱਟ ਜਾਂਦੇ ਸਨ। ਉਹ ਰੌਣਕਾਂ ਹੁਣ ਕਿਥੇ? ਮੇਰਾ ਪੂਰਨ ਸਿੰਹੁ ਅਜੇ ਹੌਲਾ ਹੀ ਸੀ, ਜਦੋਂ ਬੱਬੇਹਾਲੀ ਦੀ ਵੱਡੀ ਛਿੰਝ ਪਈ ਸੀ। ਖਲਕਤ ਦਾ ਕੋਈ ਅੰਤ ਨਹੀਂ ਸੀ ਰਹਿ ਗਿਆ। ਭੀੜ! ਹੇ ਮੇਰੇ ਮਾਲਕਾ! ਤਿਲ ਮਾਰਿਆਂ ਭੋਇੰ ਨਾ ਡਿੱਗੇ। ਰਾਹ ਨਾਲ ਦੇ ਪਾਸੇ ਕਿੱਕਰਾਂ ਦੀਆਂ ਟਾਹਣੀਆਂ ਉਤੇ ਕਈ ਕਈ ਛੋਕਰੇ ਲਮਕੇ ਹੋਏ। ਪਹਿਲਵਾਨ ਵੀ ਸਾਰੇ ਪੰਜਾਬ ਦੇ ਆਏ ਸਨ। ਸੋਹਣੀ ਵਿਛੋਈਆ, ਮੰਗਲ ਤਤਲਿਆਂ ਵਾਲਾ, ਲੱਭੂ ਸਠਿਆਲੀਆ, ਤਾਰੂ ਜਗਰਾਵਾਂ ਵਾਲਾ, ਅੱਛਰ ਗੱਜੂਗਾਜੀਆ, ਮੀਹਾਂ ਘੁਮਿਆਰ ਨੂਰਪੁਰੀਆ, ਵਸਾਊ ਸੰਦਲਪੁਰੀਆ, ਦੌਲਾ ਕੰਜਰ ਜਲੰਧਰੀਆ, ਖਾਨ ਛਾਪੜੀਆ, ਹੁਸੈਨਾ ਤੇਲੀ, ਅਰਜਨ ਢੋਟੀਆਂ, ਗੰਡਾ ਸਿਹੁੰ ਜੌਹਲ, ਹਮੀਦਾ ਅੰਬਰਸਰੀਆ-ਉਥੇ ਇਕ ਥੋੜ੍ਹਾ ਸੀ!



ਸੂਬਾ ਸਿੰਘ

ਬੱਬੇਹਾਲ ਦੇ ਸਾਈਂ ਫਜ਼ਲ ਸ਼ਾਹ ਦੀ ਮਾਨਤਾ ਵੀ ਬੜੀ ਸੀ। ਛਿੰਝ ਉਹ ਗੱਜ ਵੱਜ ਕੇ ਵਜਾਉਂਦਾ ਸੀ। ਪਹਿਲਵਾਨਾਂ ਲਈ ਸਰਦਾਈਆਂ, ਘਿਉ, ਬਦਾਮ, ਰੋਟੀਆਂ, ਕੁੱਕੜ, ਬੱਕਰੇ-ਉਹ ਕੋਈ ਕਸਰ ਨਹੀਂ ਸੀ ਰਹਿਣ ਦਿੰਦਾ। ਰਾਸ਼ਨ ਪਾਣੀ ਨਾਲ ਪਹਿਲਵਾਨਾਂ ਦੇ ਮੂੰਹ ਮੋੜ ਛੱਡਦਾ ਸੀ। ਉਹਨੇ ਪਹਿਲਵਾਨਾਂ ਦੀਆਂ ਮਾਲਸ਼ਾਂ ਲਈ ਗੁੱਜਰ ਪਹਿਲਵਾਨ ਅੰਬਰਸਰੀਏ ਦੇ ਅਖਾੜੇ ਤੋਂ ਮਾਲਸ਼ੀਏ ਮੰਗਵਾਉਣੇ। ਜਦੋਂ ਸਾਈਂ ਨੇ ਉਗਰਾਹੀ ਚੜ੍ਹਨਾ, ਲੋਕਾਂ ਪਹਿਲਵਾਨਾਂ ਲਈ ਰਸਦ ਪਾਣੀ ਤੋਂ ਵੱਖ ਫੁਲਕਾਰੀਆਂ, ਕੱਪੜੇ ਅਤੇ ਰੁਮਾਲੀਆਂ ਤਕ ਇਕੱਠੀਆਂ ਕਰ ਕੇ ਦੇਣੀਆਂ। ਰੁਪਏ ਵੀ ਰੱਜ ਕੇ ਮਿਲ ਜਾਂਦੇ ਸਨ।...ਬੀਬਿਆ! ਪਹਿਲਵਾਨਾਂ ਨੂੰ ਸੱਦਣਾ ਜਣੇ-ਖਣੇ ਦਾ ਕੰਮ ਨਹੀਂ। ਜਾਂ ਰਾਜੇ ਮਹਾਰਾਜੇ ਕਰਦੇ ਸਨ ਜਾਂ ਮੌਲਾ ਤੇ ਫਕੀਰ ਸਾਈਂ। ਇਹ ਬੂਹੇ ਉਤੇ ਹਾਥੀ ਬੰਨ੍ਹਣ ਵਾਲੀ ਗੱਲ ਸਮਝ ਛੱਡ। ਸਮੇਂ ਚੰਗੇ ਸਨ, ਫਸਲਾਂ ਲੱਗ ਜਾਂਦੀਆਂ ਸਨ! ਇਕ ਰੁਪਏ ਦਾ ਚੋਖਾ ਘਿਉ ਮਿਲ ਜਾਂਦਾ ਸੀ। ਉਸ ਵੇਲੇ ਤਾਂ ਮੈਨੂੰ ਆਪ ਨੂੰ ਮਾੜੇ ਮੋਟੇ ਪਹਿਲਵਾਨ ਦਾ ਲੰਗੋਟਾ ਨਹੀਂ ਸੀ ਫਸਦਾ। ਖੈਰ, ਇਹ ਗੱਲਾਂ ਹੁਣ ਕੀ ਕਰਨੀਆਂ!"

ਸਲਾਹਪੁਰੀਏ ਸਾਈਂ ਨੇ ਢੋਲ 'ਤੇ ਡੱਗਾ ਮਾਰਿਆ ਤੇ ਅਖਾੜਾ ਬੱਝ ਗਿਆ।

ਬੱਬੇਹਾਲੀ ਦੇ ਸਾਈਂ ਦੀ ਇਕ ਗੱਲ ਬੜੀ ਮਸ਼ਹੂਰ ਸੀ। ਉਹ ਲਾਕੜੀਆਂ ਨੂੰ ਅਖਾੜੇ ਵਿਚ ਨਹੀਂ ਸੀ ਫਿਰਨ ਦਿੰਦਾ, ਨਹੀਂ ਤਾਂ ਅੱਚਲ ਦੇ ਮੇਲੇ ਉਤੇ ਅਖਾੜੇ ਵਿਚ ਘੋਲ ਵੇਖਣ ਵਾਲਿਆਂ ਨਾਲੋਂ ਲਾਕੜੀ ਬਹੁਤੇ ਫਿਰਿਆ ਕਰਦੇ ਸਨ। ਜਿਸ ਨੇ ਚਾਦਰ ਪਿਛਾਂਹ ਨੂੰ ਲੜ ਛੱਡ ਕੇ ਧੂਹਵੀਂ ਬੰਨ੍ਹ ਲੈਣੀ, ਉਸ ਨੇ ਕੰਨਾਂ ਨਾਲੋਂ ਇਕ ਗਿੱਠ ਉੱਚੀ ਸੰਮਾਂ ਵਾਲੀ ਡਾਂਗ ਫੜ ਕੇ ਅਖਾੜੇ ਵਿਚ ਘੁੰਮਣ ਲੱਗ ਜਾਣਾ; ਪਰ ਬੱਬੇਹਾਲੀ ਦੇ ਅਖਾੜੇ ਵਿਚ ਦੋ ਲਾਕੜੀ ਹੁੰਦੇ ਸਨ-ਗੁਰਦਾਸਪੁਰ ਦੇ ਪਹਿਲਵਾਨ ਤੇਜੂ ਤੇ ਅਲੀਆ, ਬੜੇ ਪੁਰਾਣੇ ਘੁਲਾਟੀਏ। ਘੋਲ ਵੇਲੇ ਉਨ੍ਹਾਂ ਨੇ ਕਦੇ ਕਿਸੇ ਦਾ ਨਾ ਪਹੁੰਚਾ ਖਿੱਚਣ ਦੇਣਾ, ਨਾ ਕਿਸੇ ਦੀ ਨਹੁੰਦਰ ਕੱਢਣ ਦੇਣੀ। ਮਜਾਲ ਕੀ ਪਹਿਲਵਾਨ ਅੱਗੋਂ ਕੁਸਕ ਜਾਏ। ਉਹ ਆਖਾ ਨਾ ਮੰਨਣ ਵਾਲੇ ਨੂੰ ਅਖਾੜੇ ਤੋਂ ਬਾਹਰ ਮਾਰਿਆ ਕਰਦੇ ਸਨ। ਉਹ ਸਾਫ ਘੋਲ ਘੁਲਾਉਂਦੇ ਸਨ। ਕਿਸੇ ਦੀ ਰਤੀ ਜਿੰਨੀ ਰਈ ਨਹੀਂ ਸਨ ਕਰਦੇ।

ਅਖਾੜਾ ਬੱਝ ਗਿਆ। ਪਹਿਲਵਾਨ ਲੀੜੇ ਲਾਹ ਕੇ ਫੇਰੀ ਦੇਣ ਉੱਤਰੇ। ਲਿਸ਼ਕਦੇ ਲੁਸ ਲੁਸ ਕਰਦੇ ਜੁੱਸੇ, ਕਮਾਈਆਂ ਤੇ ਕਸਰਤਾਂ ਨਾਲ ਗੁੰਧੇ ਹੋਏ, ਜਿਵੇਂ ਕਿਸੇ ਕਾਰੀਗਰ ਨੇ ਪੱਚਰਾਂ ਠੋਕੀਆਂ ਹੋਣ। ਚਿੱਪਰਾਂ ਜੋੜ ਜੋੜ ਕੇ ਘੜੀਆਂ ਹੋਈਆਂ ਦਰਸ਼ਨੀ ਜਵਾਨੀਆਂ! ਮੰਗਲ ਤਤਲਿਆਂ ਵਾਲਾ ਮੋਹਰੇ, ਬਾਕੀ ਉਹਦੇ ਮਗਰ। ਮੰਗਲ ਲੱਭੂ ਸਠਿਆਲੀਏ ਦਾ ਪੱਠਾ ਸੀ, ਪਰ ਲੱਭੂ ਓਥੇ ਘੁਲਣ ਨਹੀਂ ਸੀ ਆਇਆ, ਲੋਕਾਂ ਨੂੰ ਦਰਸ਼ਨ ਦੇਣ ਆਇਆ ਸੀ। ਉਹਦਾ ਜੋੜ ਉਥੇ ਕਿਹੜਾ ਸੀ?

ਮੰਗਲ ਲੰਮਾ ਢਾਂਗੇ ਵਰਗਾ, ਇਕੱਠ ਨਾਲੋਂ ਗਿੱਠ ਉੱਚਾ ਦਿਸੇ। ਚੰਗੇ ਖਾਂਦੇ-ਪੀਂਦੇ ਘਰ ਦਾ, ਚੰਗੀ ਸੋਹਣੀ ਦੇਹ ਸੀ ਜੱਟ ਦੀ। ਅੱਛਰੂ ਗੱਜੂਗਾਜ਼ੀਆ, ਮਧਰਾ ਪਰ ਗੱਡੇ ਦੇ ਪਹੀਏ ਵਰਗਾ ਚੌੜਾ ਕਦੇ ਦਮੋਂ ਨਹੀਂ ਸੀ ਨਿਕਲਿਆ। ਉਹਨੇ ਜਦੋਂ ਵੀ ਕਿਸੇ ਨੂੰ ਢਾਹਿਆ, ਦਮੋਂ ਕੱਢ ਕੇ ਢਾਹਿਆ।

ਸੋਹਣੀ ਵਿਛੋਈਆ-ਦਰਮਿਆਨਾ ਕੱਦ, ਚੰਗਾ ਨਰੋਆ ਤੇ ਕਰੜਾ, ਦਾਆਂ ਦਾ ਬੜਾ ਛੋਹਲਾ। ਮੀਹੇਂ ਨਸੀਰਪੁਰੀਏ ਨਾਲ ਉਹਦਾ ਘੋਲ ਵੇਖਣ ਵਾਲਾ ਹੁੰਦਾ ਸੀ। ਦਸਤਪੰਜਾ ਲੈਂਦਿਆਂ ਉਨ੍ਹਾਂ ਨੇ ਚੱਕਰੀਆਂ ਵਾਂਗ ਘੁੰਮ ਜਾਣਾ।

ਖਾਨ ਛਾਪੜੀਆ, ਹੁਸੈਨਾ ਤੇਲੀ-ਮੁਗਦਰਾਂ ਵਰਗੇ ਪੱਟ, ਗੈਂਡੇ ਵਰਗੀ ਧੌਣ, ਅੰਨ੍ਹੇ ਜੱਫੇ ਨਾਲ ਢਾਹ ਜਾਂਦਾ ਸੀ। ਸਾਲੇ ਵਿਚ ਝੋਟੇ ਜਿੰਨਾ ਜ਼ੋਰ ਦੱਸਦੇ ਸਨ। ਘਰੋਂ ਲਿੱਸਾ ਸੀ, ਪਰ ਉਸ ਵੇਲੇ ਲੋਕਾਂ ਨੂੰ ਸ਼ੌਕ ਹੁੰਦਾ ਸੀ ਘੋਲ ਵੇਖਣ ਦਾ। ਪਹਿਲਵਾਨ ਪਿੰਡ ਦਾ ਨੱਕ ਨਮੂਜ ਹੁੰਦੇ ਸਨ। ਲੋਕਾਂ ਨੇ ਇਕ ਮੱਝ ਲੈ ਦਿੱਤੀ ਤੇ ਉਹਨੇ ਵੀ ਮੁੱਲ ਮੋੜ ਛੱਡਿਆ। ਉਹ ਕੋਹਲੂ ਆਪ ਗੇੜ ਕੇ ਪੰਜ ਘਾਣੀਆਂ ਸਰ੍ਹੋਂ ਦੇ ਤੇਲ ਦੀਆਂ ਕੱਢ ਦਿਆ ਕਰਦਾ ਸੀ। ਪਿੜ ਵਿਚ ਉਹਨੇ ਕਦੇ ਘੱਟ ਹੀ ਕਿਧਰੇ ਪਿੱਠ ਲੁਆਈ ਹੋਵੇਗੀ।

ਦੌਲਾ ਕੰਜਰ ਜਲੰਧਰੀਆ ਖਰਾਂਟ ਘੁਲਾਟੀਆ ਸੀ। ਸ਼ਹਿਰੀਏ ਪਹਿਲਵਾਨ ਇਸ ਤਰ੍ਹਾਂ ਦੇ ਈ ਹੁੰਦੇ ਨੇ!

ਅਰਜਨ ਢੋਟੀਆਂ ਜਵਾਨ ਕਾਹਦਾ, ਵੇਖ ਕੇ ਹੀ ਭੁੱਖ ਲਹਿੰਦੀ ਸੀ। ਇਕ ਵਾਰ ਛਿੰਝ 'ਤੇ ਜਾਂਦਿਆਂ ਇਕ ਰਾਹੀ ਦੇ ਘੋੜੇ ਨੂੰ ਮਖੌਲ ਨਾਲ ਪੂਛੋਂ ਫੜ ਕੇ ਖਿੱਚ ਲਿਆ। ਉਹਨੇ ਪੂਰੇ ਜ਼ੋਰ ਨਾਲ ਜੋੜ ਕੇ ਪੱਟਾਂ 'ਤੇ ਪਛੰਡਾ ਮਾਰਿਆ। ਜੇ ਕੋਈ ਹੋਰ ਹੁੰਦਾ ਤਾਂ ਦੂਜਾ ਸਾਹ ਨਾ ਲੈਂਦਾ, ਪਰ ਹਰਾਮ ਜੇ ਉਸ ਨੂੰ ਭੋਰਾ ਮਲੂਮ ਹੋਇਆ ਹੋਵੇ। ਉਸੇ ਤਰ੍ਹਾਂ ਤੇਲ ਦੇ ਦੋ ਹੱਥ ਮਾਰ ਕੇ ਫੱਤੂ ਭੀਲੀਏ ਇੰਦਰ ਨਾਲ ਜਾ ਘੁਲਿਆ ਤੇ ਢਾਹ ਕੇ ਮੁੜਿਆ।

ਗੰਡਾ ਸਿਹੁੰ ਜੌਹਲ ਅਤੇ ਹਮੀਦਾ ਤਾਂ ਖੈਰ ਮੰਨੇ ਹੋਏ ਦਰਸ਼ਨੀ ਜਵਾਨ ਸਨ। ਮਾੜੇ ਦਾ ਨਿੰਦਣਾ ਕੀ ਤੇ ਤਕੜੇ ਦਾ ਸਲਾਹੁਣਾ ਕੀ? ਦੋਵੇਂ ਅਖਾੜਿਆਂ ਦਾ ਸ਼ਿੰਗਾਰ ਸਨ।

ਘੋਲ ਅਰੰਭ ਹੋਏ। ਮੀਹੇਂ ਹੂਰਪੁਰੀਏ ਦਾ ਅੱਛਰ ਗੱਜੂ ਗਾਜ਼ੀਏ ਨਾਲ ਪਹਿਲਾ ਜੋੜ ਪਿਆ। ਪਹਿਲਵਾਨ ਕਾਹਦੇ ਸਨ, ਆਫਤਾਂ ਸਮਝੋ। ਅਸਤ ਬਾਜ਼ੀਆਂ ਵਾਂਗ ਚੱਲ ਪਏ। ਮੀਹੇਂ ਨੇ ਮੋੜਾ ਕੀਤਾ। ਅੱਛਰ ਨੇ ਖੱਬੀ ਢਾਕ 'ਤੇ ਚਾੜ੍ਹ ਕੇ ਔਹ ਮਾਰਿਆ। ਮੀਹਾਂ ਡਿੱਗਦਾ ਡਿੱਗਦਾ ਫਿਰ ਗਿਆ। ਅੱਛਰ ਨੇ ਮੋਢੇ ਉਤੇ ਗੋਡਾ ਰੱਖ ਕੇ ਸੂਤਨੇ ਹੱਥ ਪਾਇਆ। ਰੇਲਾ ਕਰਦੇ ਮੀਹੇਂ ਨੇ ਹੇਠੋਂ ਕਮਚੀ ਮਾਰੀ। ਅੱਛਰ ਰੋਕ ਕਰ ਗਿਆ। ਢੇਰ ਚਿਰ ਦਾਅ ਚਲਦੇ ਰਹੇ। ਉਹ ਦਾਅ ਕਰੇ ਤਾਂ ਉਹ ਬਚਾ ਜਾਵੇ। ਉਹ ਸੱਟ ਕਰੇ ਤਾਂ ਉਹ ਰੋਕ ਜਾਏ। ਸਾਰੇ ਅਖਾੜੇ ਵਿਚ ਵਾਹ ਵਾਹ ਹੋ ਗਈ। ਅਖੀਰ ਅੱਛਰ ਨੇ ਨਾਹਰੀ ਮਾਰੀ ਤੇ ਮੀਹਾਂ ਸੰਭਲ ਨਾ ਸਕਿਆ। ਸਫਾਲ ਦੋਵੇਂ ਮੋਢੇ ਲੱਗ ਗਏ।

ਦੂਜੇ ਜੋੜ ਨਾਲ ਮੰਗਲ ਨਾਲ ਸੋਹਣੀ ਬੁਲਬੁਲੀ ਮਾਰਦਾ ਨਿਕਲਿਆ ਪਿਆ। ਮੰਗਲ ਭਾਰਾ ਸੀ ਤੇ ਸੋਹਣੀ ਛੋਹਲਾ। ਲੋਕੀ ਆਖਣ, ਭੰਨ ਕੇ ਢਾਹ ਜਾਊ ਸੋਹਣੀ ਨੂੰ। ਉਹਨੇ ਮਰੋੜ ਕੇ ਅੱਗੇ ਰੱਖ ਲਿਆ। ਗਫੂਆ ਮਾਰ ਕੇ ਬੈਠ ਗਿਆ, ਪਰ ਸੋਹਣੀ ਵੀ ਉਸਤਾਦ ਦਾ ਚੰਡਿਆ ਹੋਇਆ ਸੀ, ਉਹਨੇ ਗੋਡੇ ਟੇਕ ਕੇ ਇਸ ਤਰ੍ਹਾਂ ਝੋਲੀ ਕੀਤੀ ਕਿ ਮੰਗਲ ਤਾਰੇ ਵੇਖ ਗਿਆ। ਰੌਲਾ ਪੈ ਗਿਆ। ਕਈ ਮੰਨਣ ਨਾ, ਪਰ ਲਾਕੜੀ ਨੇ ਪੱਲਾ ਫੇਰ ਦਿੱਤਾ। ਕੋਈ ਅਗਾਂਹ ਨਾ ਆਏ, ਮੰਗਲ ਢਹਿ ਗਿਆ।

ਗੰਡਾ ਸਿਹੁੰ ਜੌਹਲ ਨਾਲ ਦੌਲਾ ਕੰਜਰ ਪੱਟ ਵਜਾਉਂਦਾ ਤੇ ਐਲੀ ਐਲੀ ਕਰਦਾ ਨਿਕਲਿਆ। ਇਹ ਸਭ ਨਾਲੋਂ ਮੋਟਾ ਘੋਲ ਸੀ। ਕੰਜਰ ਚਲਾਕ ਤੇ ਗੰਡਾ ਸਿਹੁੰ ਮੱਠਾ। ਲੋਕ ਆਖਦੇ ਸਨ, ਰਲ ਕੇ ਘੁਲ ਜਾਂਦੇ ਸੀ। ਪਰ ਜਦੋਂ ਘੋਲ ਹੋਇਆ ਤਾਂ ਲੋਕੀਂ ਹੱਕੜੇ ਬੱਕੜੇ ਰਹਿ ਗਏ। ਦਸਤ ਪੰਜਾ ਲੈਂਦਿਆਂ ਹੀ ਗੰਡਾ ਸਿਹੁੰ ਨੂੰ ਨਕਾਲੋਂ ਜਾ ਪੁੱਟਿਆ। ਉਹ ਡਿੱਗਦਾ ਹੋਇਆ ਫਿਰ ਗਿਆ। ਜਦੋਂ ਗੰਡਾ ਸਿਹੁੰ ਨੇ ਅੱਗੋਂ ਲੰਗੋਟੇ ਹੱਥ ਪਾਇਆ, ਉਹ ਅੱਗਿਓਂ ਮੱਛੀ ਗੋਤਾ ਲਾ ਗਿਆ। ਜੌਹਲ ਪਿਛਾਂਹ ਨੂੰ ਪਟੜੇ ਉਤੇ ਖੇਸ ਵਾਂਗ ਡਿੱਗਿਆ, ਪਰ ਸੰਭਲ ਗਿਆ ਤੇ ਦੋਵੇਂ ਆਹਮੋ ਸਾਹਮਣੇ ਹੋ ਗਏ। ਘੋਲ ਭਾਵੇਂ ਜ਼ੋਰ ਦਾ ਕੰਮ ਹੁੰਦਾ ਹੈ, ਪਰ ਫੇਰ ਵੀ ਤਿਲ੍ਹਕਣਬਾਜ਼ੀ ਹੁੰਦੀ ਹੈ, ਅਕਾਬਰੀ ਨਹੀਂ ਚਲਦੀ। ਜੌਹਲ ਨੇ ਕੰਜਰ ਨੂੰ ਢਾਕੇ ਚੜ੍ਹਾ ਕੇ ਮਾਰਨਾ ਸੀ, ਅੱਗੋਂ ਉਹਨੇ ਧੋਬੀ ਪਟੜਾ ਮਾਰ ਕੇ ਬੁੜ੍ਹਕਾ ਕੱਢਿਆ। ਕਿਸਮਤ ਚੰਗੀ ਸੀ, ਉਹ ਬਚ ਗਿਆ। ਫਿਰ ਉਹ ਗੁੱਥਮ ਗੁੱਥਾ ਹੋ ਗਏ। ਗੰਡਾ ਸਿਹੁੰ ਢੀਮ ਵਾਂਗ ਠੇਡਾ ਖਾ ਕੇ ਡਿੱਗਿਆ ਤੇ ਦੌਲੇ ਨੇ ਨੱਸ ਕੇ ਜਾ ਕੇ ਕਾਠੀ ਜਾ ਪਾਈ, ਪਰ ਲੋਕਾਂ ਨੇ ਫੈਸਲਾ ਨਾ ਹੁੰਦਾ ਵੇਖ ਕੇ ਰੌਲਾ ਪਾ ਦਿੱਤਾ, "ਬਹੁਤ ਜ਼ੋਰ ਲੱਗ ਗਏ ਭਲਵਾਨਾਂ ਦੇ, ਸਾਵੇਂ ਛੁਡਾ ਦਿਓ!"

ਲਾਕੜੀਆਂ ਨੇ ਦੋਹਾਂ ਨੂੰ ਉਠਾਲ ਕੇ ਥਾਪੀਆਂ ਦਿੱਤੀਆਂ, "ਢੱਠਣ ਢਾਹੁਣ ਦੀ ਗੱਲ ਨਹੀਂ, ਘੋਲ ਸੋਹਣਾ ਵਿਖਾਇਆ ਜੇ!"

ਫਿਰ ਅਰਜਨ ਢੋਟੀਆਂ ਵਾਲੇ ਦਾ ਜੋੜ ਵਸਾਊ ਨਾਲ ਪਿੜ ਵਿਚ ਕੱਢਿਆ। ਪਤਾ ਨਹੀਂ ਅਰਜਨ ਨੇ ਕੀ ਸਿਤਮ ਮਾਰਿਆ, ਅਖਾੜੇ ਨੂੰ ਸਲਾਮ ਕਰ ਕੇ ਐਲੀ ਐਲੀ ਕਰਦਾ ਗਿਆ ਤੇ ਗੋਡਾ ਟੇਕ ਕੇ ਕਲਾਜੰਗ ਜਾ ਕੀਤਾ। ਵਸਾਊ ਸਫਾਲ ਢੱਠਾ ਪਿਆ ਸੀ ਤੇ ਅਰਜਨ ਅਖਾੜੇ ਵਿਚ ਫੇਰੀ ਤੁਰਿਆ ਜਾਂਦਾ ਸੀ। ਲੋਕਾਂ ਨੇ ਜਵਾਨ ਨੂੰ ਸੱਦ ਸੱਦ ਕੇ ਬੁੱਕ ਰੁਪਿਆਂ ਨਾਲ ਭਰ ਛੱਡਿਆ।

ਖਾਨ ਛਾਪੜੀਆ ਤੇਲੀ ਅੰਨ੍ਹੇ ਮਹੇਂ ਵਾਂਗ ਅਖਾੜੇ ਵਿਚ ਧੌਣ ਨੀਵੀਂ ਕਰ ਕੇ ਨਿਕਲਿਆ ਤੇ ਜਾਂਦਾ ਈ ਕਾਕੂ ਫਿਰੋਜ਼ਪੁਰੀਏ ਨੂੰ ਭੰਨ ਮਰੋੜ ਕੇ ਢਾਹ ਆਇਆ। ਉਹਦੀ ਘੁਲਣੀ ਹਰ ਅਖਾੜੇ ਵਿਚ ਇਸੇ ਤਰ੍ਹਾਂ ਦੀ ਹੁੰਦੀ ਸੀ; ਪਰ ਬੱਲਿਆ! ਸਭ ਨਾਲੋਂ ਸੁਆਦ ਦਾ ਘੋਲ ਹੋਇਆ ਸੀ ਧਰਮੇ ਅਕਰਪੁਰੀਏ ਦਾ ਚਤਰ ਭਲਾਈਪੁਰੀਏ ਨਾਲ। ਜਿਥੇ ਅਸੀਂ ਬੈਠੇ ਸਾਂ, ਧਰਮਾ ਉਤੋਂ ਈ ਨਿਕਲਿਆ। ਉਹ ਲੰਗੋਟਾ ਕਰਦਾ ਸੀ ਕਿ ਲਾਗੋਂ ਇਕ ਚਾਦਰ ਦਾ ਝੁੰਗਲਮਾਟਾ ਮਾਰ ਕੇ ਬੈਠੇ ਹੋਏ ਬੁਢੜੇ ਜੱਟ ਦੀ ਅਵਾਜ਼ ਆਈ, "ਪਹਿਲਵਾਨਾਂ, ਘੋਲ ਤਾਂ ਬਥੇਰੇ ਹੋਏ ਨੇ, ਪਰ ਜੀਣ ਜੋਗਿਆ, ਸਵਾਦ ਨਹੀਂ ਆਇਆ।"

ਧਰਮੇ ਨੇ ਲੰਗੋਟੇ ਦੀ ਲਾਂਗੜ ਮੂੰਹ ਵਿਚੋਂ ਛੱਡ ਕੇ ਪੁੱਛਿਆ, "ਬਜੁਰਗਾ! ਤੈਨੂੰ ਘੋਲ ਕਿਸ ਤਰ੍ਹਾਂ ਦਾ ਚਾਹੀਦੈ?"

"ਢਾਹੁਣ ਵਾਲਾ, ਢੱਠਣ ਵਾਲੇ ਦੇ ਸਹਮਣੇ ਬੈਠਾ ਹੋਵੇ। ਮੈਂ ਤਾਂ ਇਸੇ ਤਰ੍ਹਾਂ ਘੁਲਿਆ ਕਰਦਾ




ਸੀ। ਜਿਹੜਾ ਫਸ ਕੇ ਘੁਲਿਆ, ਉਹ ਕਾਹਦਾ ਘੁਲਿਆ। ਉਹ ਘੁਲੇ ਨਾ, ਬੋਰੀ ਚੁੱਕੇ, ਮੁਗਦਰ ਚੁੱਕੇ, ਮੂੰਗਲੀਆਂ ਫੇਰੇ ਪਰ ਘੁਲਣ ਵੱਲ ਨਾ ਆਏ। ਘੁਲਣੀ ਤਾਂ ਜਾਣੀਏਂ ਜੇ ਪਿੰਡੇ ਨੂੰ ਮਿੱਟੀ ਨਾ ਲੱਗੇ।" ਬੁੱਢੜੇ ਨੇ ਮੰਗ ਕੀਤੀ।

ਧਰਮੇ ਨੇ ਕਿਹਾ, "ਹੱਛਾ ਤਾਇਆ! ਫਿਰ ਧਿਆਨ ਰੱਖੀਂ।" ਤੇ ਉਹ ਲੰਗੋਟਾ ਕਰ ਕੇ ਪਿੜ ਵਿਚ ਹੱਸਦਾ ਮੁਸਕਰਾਉਂਦਾ ਨਿਕਲਿਆ।

ਪਤਾ ਨਾ ਲੱਗਾ ਕੀ ਹੋਇਆ! ਜਿਵੇਂ ਬਿਜਲੀ ਲਿਸ਼ਕ ਜਾਏ, ਦੋਹਾਂ ਨੇ ਇਕ ਦੂਜੇ ਨੂੰ ਅੰਦਰਲੀਆਂ, ਬਾਹਰਲੀਆਂ ਇਉਂ ਲਾਈਆਂ ਕਿ ਨਜ਼ਰ ਨਾ ਟਿਕੇ ਤੇ ਉਨ੍ਹਾਂ ਦੀਆਂ ਚਕਰੀਆਂ ਘੁੰਮਦੀਆਂ ਜਾਣ। ਪੈਰਾਂ ਨਾਲ ਉਡਦੀ ਧੂੜ ਨੇ ਦੋਹਾਂ ਨੂੰ ਢਕ ਲਿਆ। ਢੋਲ ਦੀ ਅਵਾਜ਼ ਤਿੱਖੀ ਹੁੰਦੀ ਗਈ। ਫੇਰ ਅਖੀਰਲਾ ਡੱਗਾ ਖੜਕਿਆ ਤੇ ਢੋਲ ਖਾਮੋਸ਼ ਹੋ ਗਿਆ। ਚਤਰਾ ਸਫਾਲ ਲੰਮਾ ਪਿਆ ਸੀ ਤੇ ਧਰਮਾ ਉਹਦੇ ਸਿਰਹਾਣੇ ਬੈਠਾ ਸੀ। ਝੁੰਗਲਮਾਟੇ ਵਾਲਾ ਬੁੱਢੜਾ ਤੀਰ ਵਾਂਗ ਗਿਆ। ਧਰਮੇ ਨੂੰ ਕਲਾਵੇ ਵਿਚ ਜਾ ਚੁੱਕਿਆ। ਪੰਜ ਰੁਪਏ ਉਹਦੀ ਮੁੱਠ ਵਿਚ ਦੇ ਕੇ ਆਖੀ ਜਾਏ, "ਖੁਸ਼ ਕੀਤਾ ਈ ਪੁੱਤਰਾ! ਮੇਰੇ ਕੋਲੋਂ ਇਹੀ ਸਰਦਾ ਸੀ। ਜੇ ਰਾਜਾ ਹੁੰਦਾ, ਮੈਂ ਤੈਨੂੰ ਜਗੀਰ ਬਖਸ਼ ਦਿੰਦਾ!"

ਬੁੱਢੜੇ ਸੰਤੂ ਨੂੰ ਗੱਲ ਕਰਨੀ ਆਉਂਦੀ ਸੀ। ਸਣ ਦਾ ਘੱਟਾ ਉਡਣ ਨਾਲ ਉਸ ਨੂੰ ਉਥੂ ਆ ਗਿਆ। ਜਿੰਨਾ ਚਿਰ ਉਹ ਖੰਘਦਾ ਰਿਹਾ, ਮੇਰੀਆਂ ਅੱਖੀਆਂ ਸਾਹਮਣੇ ਬੱਬੇਹਾਲੀ ਦੀ ਛਿੰਝ ਦਾ ਉਸ ਵੱਲੋਂ ਪੇਸ਼ ਕੀਤਾ ਚਿੱਤਰ ਘੁੰਮਦਾ ਰਿਹਾ।

"ਤਾਇਆ ਚਾਹ ਵਿਚ ਸੁੰਢ ਪਾ ਕੇ ਪੀਆ ਕਰ। ਇਹ ਸਣ ਸਹੁਰੀ ਬਾਦੀ ਹੁੰਦੀ ਏ ਤੇ ਸੁੰਢ ਬਲਗਮ ਨੂੰ ਮਾਰਦੀ ਏ।" ਭੰਮੂ ਨੇ ਨੰਦੂ ਹਕੀਮ ਕੋਲੋਂ ਸੁਣਿਆ ਸੁਣਾਇਆ ਟੋਟਕਾ ਝਾੜਿਆ।

"ਹੋਰ ਕਿਹੜੀਆਂ ਖੁਰਾਕਾਂ ਨੇ ਅੱਜ ਕੱਲ੍ਹ? ਬੂਰੀਆਂ ਤੇ ਨਹੀਂ ਨਾ ਬੱਧੀਆਂ ਹੋਈਆਂ।" ਸੰਤੂ ਨੇ ਹਉਕਾ ਭਰਿਆ।

"ਤਾਇਆ ਕਿੱਕਰ ਸਿੰਘ ਤੇ ਕੱਲੂ ਤਾਂ ਤੂੰ ਘੁਲਦੇ ਵੇਖੇ ਹੋਣੇ ਨੇ?" ਮੈਂ ਪੁੱਛਿਆ।

"ਸਾਡੀ ਹੋਸ਼ ਦੀਆਂ ਗੱਲਾਂ ਨੇ। ਉਹ ਆਦਮੀ ਥੋੜ੍ਹੇ ਸਨ, ਦੇਆਂ ਵਰਗੇ ਸਨ। ਆਖਦੇ ਨੇ ਕਿੱਕਰ ਸਿੰਘ ਜਦੋਂ ਮਾਂ ਦੇ ਪੇਟ ਵਿਚ ਸੀ ਤਾਂ ਉਸ ਦੇ ਪਿਉ ਨੇ ਚਾਰ ਪੀਪੇ ਘਿਉ ਦੇ ਉਸ ਦੀ ਮਾਂ ਨੂੰ ਖਵਾਏ ਸਨ। ਫਿਰ ਕਿੱਕਰ ਸਿੰਘ ਜੰਮਿਆ ਸੀ। ਅੱਜ ਕੱਲ੍ਹ ਤਾਂ ਮਾਂਵਾਂ ਆਪਣੀਆਂ ਛਾਤੀਆਂ ਵਿਚੋਂ ਦੁੱਧ ਨਹੀਂ ਦਿੰਦੀਆਂ ਆਪਣੇ ਬੱਚਿਆਂ ਨੂੰ ਤੇ ਪਹਿਲਵਾਨ ਕਿਥੋਂ ਹੋ ਜਾਣ? ਲੋਕਾਂ ਦੀਆਂ ਰੀਝਾਂ ਹੀ ਪੁੱਠੀਆਂ ਹੋ ਗਈਆਂ। ਪਿੰਡਾਂ ਵਿਚ ਵੀ ਮੱਝਾਂ ਦੀ ਥਾਂ 'ਰੇਡੀਓ ਪਾਲਣ' ਲੱਗ ਪਏ ਨੇ। ਅੱਗੇ ਮੁੰਡਿਆਂ ਨੇ ਤੇਲ ਮਲ ਕੇ ਬੈਠਕਾਂ ਕੱਢਣੀਆਂ, ਪਕੜਾਂ ਕਰਨੀਆਂ, ਮੁਗਦਰ ਚੁੱਕਣੇ। ਕਿਸੇ ਧੀ-ਭੈਣ ਵੱਲ ਮੈਲੀ ਅੱਖ ਕਰ ਕੇ ਨਾ ਵੇਖਣਾ, ਤਾਂ ਹੀ ਤਾਂ ਜਵਾਨੀਆਂ ਸਾਂਭੀਆਂ ਰਹਿੰਦੀਆਂ ਸਨ। ਹੁਣ ਬੇੜਾ ਗਰਕ ਹੋ ਗਿਆ। ਦੁੱਧ ਸਾਰਾ ਸ਼ਹਿਰ ਵੱਲ ਢੋਅ ਮਾਰਦੇ ਨੇ। ਏਧਰ ਬੋਹੜਾਂ ਥੱਲੇ 'ਆ ਜਾ ਮੇਰੇ ਬਾਲਮਾਂ ਤੇਰਾ ਇੰਤਜ਼ਾਰ ਹੈ' ਹੁੰਦੀ ਰਹਿੰਦੀ ਹੈ। ਹੱਛਾ ਬਈ। ਸਮੇਂ ਨੂੰ ਕੌਣ ਮੋੜੇ?

ਕਿੱਕਰ ਸਿਹੁ ਬੜਾ ਤਕੜਾ ਸੀ। ਲੱਦੇ ਹੋਏ ਸੌ ਮਣ ਗੱਡੇ ਨੂੰ ਮੋਢਾ ਮਾਰ ਕੇ ਉਲਟਾਇਆ ਕਰਦਾ ਸੀ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਇਕ ਵਾਰ ਉਹ 'ਧਰਦਿਆਂ' ਪਿੰਡ ਦੀ ਛਿੰਝ ਉਤੇ ਆਇਆ ਸੀ। ਵਾਹਿਗੁਰੂ ਜਾਣੇ ਕਿੰਨਾ ਭਾਰ ਸੀ ਉਹਦਾ! ਬੁਟਾਰੀ ਟੇਸ਼ਨ ਤੋਂ ਧਰਦਿਆਂ ਤੀਕ ਛੇ ਕੋਹ ਵਾਟ ਹੈ। ਉਹਦੇ ਥੱਲੇ ਚਾਰ ਘੋੜੀਆਂ ਬਦਲੀਆਂ। ਜਿਸ 'ਤੇ ਬੈਠੇ, ਉਸ ਦਾ ਲੱਕ ਲਿਫ ਕੇ ਪੇਟ ਜ਼ਮੀਨ ਨਾਲ ਜਾ ਲੱਗੇ। ਪਿੰਡ ਦੀ ਸੱਥ ਵਿਚ ਕਿੱਕਰ ਦੀਆਂ ਚੱਪਾ ਚੱਪਾ ਮੋਟੀਆਂ ਫੱਟੀਆਂ ਵਾਲਾ ਤਖਤਪੋਸ਼ ਪਿਆ ਸੀ। ਕਿੱਕਰ ਸਿੰਘ ਗੱਲਾਂ ਕਰਦਾ ਕਰਦਾ ਉਹਦੇ ਉਤੇ ਬਹਿ ਗਿਆ ਤਾਂ ਫੱਟੀਆਂ ਅੱਧ ਵਿਚਕਾਰੋਂ ਟੁੱਟ ਗਈਆਂ। ਉਹ ਸੱਟ ਲੱਗਣੋ ਮਸੀਂ ਬਚਿਆ।

"ਉਹ ਦਰਸ਼ਨ ਦੇਣ ਆਇਆ ਸੀ। ਖੜ੍ਹੀ ਮਾਲੀ ਪੁੱਟ ਕੇ ਲੋਕਾਂ ਨੇ ਉਹਦੇ ਹਵਾਲੇ ਕੀਤੀ। ਆਖਦੇ ਨੇ ਪੱਗ ਨਾਲ ਦੋ ਸੌ ਰੁਪਿਆ ਬੰਨ੍ਹਿਆ ਹੋਇਆ ਸੀ। ਖੁਰਾਕ ਜਿੰਨੀ ਉਹ ਖਾਂਦਾ ਸੀ, ਜੇ ਅੱਜ ਕੱਲ੍ਹ ਕਿਸੇ ਮਹਿਰੂ ਨੂੰ ਦੇਈਏ ਤਾਂ ਉਹਨੂੰ ਮੋਕ ਲੱਗ ਜਾਵੇ। ਉਹ ਡੱਕਾਰ ਨਹੀਂ ਸੀ ਮਾਰਦਾ, ਪਰ ਇਕ ਭੈੜ ਸੀ ਉਹਦੇ ਵਿਚ, ਉਹ ਸਹੁਰਾ ਕੱਲੂ ਨਾਲ ਰਲ ਕੇ ਘੁਲ ਜਾਂਦਾ ਸੀ। ਇਸ ਕਰਕੇ ਪਿੰਡਾਂ ਦੇ ਲੋਕ ਉਹਦੀ ਪੈ ਨਹੀਂ ਸੀ ਕਰਦੇ। ਨਿਡਰ ਬੜਾ ਸੀ। ਇਕ ਦਿਨ ਊਠ ਉਤੇ ਚੜ੍ਹਿਆ ਜਾਏ, ਗਲ ਵਿਚ ਸੋਨੇ ਦਾ ਤਿਲੜੀਆ ਕੈਂਠਾ। ਰਾਏ ਕੋਟ

(ਬਾਕੀ ਅਗਲੇ ਸਫੇ 'ਤੇ)

# ਯਾਦਾਂ ਦੇ ਝਰੋਖੇ



## ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

ਪੁਰਾਣੇ ਸਮਿਆਂ ਦੇ ਫਨਕਾਰ ਬਹੁਤ ਘੱਟ ਬੀਮਾਰ ਹੁੰਦੇ ਸਨ। ਜੇ ਹੁੰਦਾ ਵੀ ਕੋਈ ਤਾਂ ਉਹ ਆਪਣੀ ਬੀਮਾਰੀ ਦਾ ਖੁਦ ਵੈਦ ਹੁੰਦਾ ਸੀ। ਲਿਖਣ ਤੋਂ ਭਾਵ ਕਿ ਦੇਸੀ ਜੜ੍ਹੀ-ਬੂਟੀ ਦੀ ਦਵਾਈ ਬਣਾ ਕੇ ਛਕ ਲੈਂਦਾ। ਦੇਸੀ ਪੁੜੀਆਂ ਗਵੱਈਏ ਅਖਾੜਿਆਂ ਉਤੇ ਜਾਣ ਸਮੇਂ ਆਪਣੇ ਨਾਲ ਬੰਨ੍ਹ ਲਿਜਾਂਦੇ ਸਨ।

ਉਸਤਾਦ ਬੜੇ ਗੁਲਾਮ ਅਲੀ ਖਾਂ ਅਧਰੰਗ ਦੇ ਦੌਰੇ ਨਾਲ ਮਝੱਟੇ ਗਏ, ਪਰ ਹੌਸਲਾ ਨਾ ਹਾਰਿਆ। ਅਜਿਹੀ ਝਲਕ ਉਨ੍ਹਾਂ ਬਾਰੇ ਬਲਵੰਤ ਗਾਰਗੀ ਨੇ ਲਿਖ ਕੇ ਪੁਵਾਈ:

1958 ਵਿਚ ਉਸ ਨੂੰ ਅਧਰੰਗ ਦਾ ਦੌਰਾ ਪਿਆ ਤੇ ਉਸ ਦਾ ਇਕ ਪਾਸਾ ਮਾਰਿਆ ਗਿਆ, ਪਰ ਉਸ ਨੇ ਫਿਰ ਰਿਆਜ਼ ਸ਼ੁਰੂ ਕਰ ਦਿੱਤਾ, ਡਾਕਟਰ ਦੇ ਮਸ਼ਵਰੇ ਦੇ ਖਿਲਾਫ। ਉਹ ਇੱਕ ਮਾਲਸ਼ੀਏ ਕੋਲੋਂ ਰੋਜ਼ ਮਾਲਿਸ਼ ਕਰਵਾਉਂਦਾ। ਲੱਕੜ ਦੇ ਦੀਵਾਨ ਉਤੇ ਲੇਟਿਆਂ ਉਹ ਆਪਣੇ ਸਿਰ, ਗਰਦਨ, ਛਾਤੀ, ਪਿੱਠ ਤੇ ਲੱਤਾਂ ਦੀ ਮਾਲਿਸ਼ ਦਾ ਅਨੰਦ ਲੈਂਦਾ ਤੇ ਨਾਲ-ਨਾਲ ਗਾਉਂਦਾ। ਮਾਲਸ਼ੀਏ ਦੀ ਲੈਆਤਮਕ ਚੰਪੀ ਨਾਲ ਸੁਰ ਤੇ ਤਾਲ ਮਿਲਾ ਕੇ ਗਾਉਂਦਾ। ਕਦੇ ਉਹ ਸਰਗਮ ਜਾਂ ਅਲਾਪ ਜਾਂ ਤਾਨ ਨੂੰ ਵਿਲੰਬਿਤ ਵਿਚ ਗਾਉਂਦਿਆਂ ਯਕਦਮ ਦ੍ਰੁਤ ਵਿਚ ਬਦਲ ਦਿੰਦਾ ਤੇ ਤਾਨ ਤੇ ਗਰਾਰੀ ਨੂੰ ਮਾਲਿਸ਼ ਦੀ ਤਾਲ ਤੇ ਚਾਲ ਅਨੁਸਾਰ ਤੋਰਦਾ।

ਇਕ ਵਾਰੀ ਉਸ ਨੇ ਮਾਲਸ਼ੀਏ ਨੂੰ ਆਪਣੇ ਸਾਹਮਣੇ ਬਿਠਾ ਲਿਆ ਤੇ ਸ਼ਿੰਗਾਰ ਰਸ ਦੀ ਠੁਮਰੀ ਗਾਉਣ ਲੱਗਾ। ਉਸ ਨੇ ਹੱਥਾਂ ਤੇ ਅੱਖਾਂ ਨਾਲ ਪਾਵ ਦੀ ਅਦਾਇਗੀ ਕੀਤੀ ਤੇ ਪਿਆਰ ਰਸ ਵਿਚ ਡੁੱਬੀ ਠੁਮਰੀ ਨੂੰ ਇਸ ਖੂਬਸੂਰਤੀ ਨਾਲ ਗਾਇਆ ਜਿਵੇਂ ਕਿ ਉਹ ਆਪਣੀ ਮਹਿਬੂਬਾ ਸਾਹਮਣੇ ਬੈਠਾ ਗਾ ਰਿਹਾ ਹੋਵੇ।

ਮਾਲਸ਼ੀਆ ਕੀਲਿਆ ਹੋਇਆ ਬੈਠਾ ਸੁਣਦਾ ਰਿਹਾ ਤੇ ਬੜੇ ਗੁਲਾਮ ਅਲੀ ਖਾਂ ਪੇਚਦਾਰ ਤਾਨਾਂ ਤੇ ਪਲਟਿਆਂ ਨਾਲ ਆਪਣਾ ਸ਼ਿੰਗਾਰ ਭਾਗ ਪ੍ਰਗਟਾਉਣ ਵਿਚ ਮੁਗਧ ਸੀ। ਮਾਲਸ਼ੀਆ ਫਸੇ ਹੋਏ ਕਾਂ ਵਾਂਗ ਬੈਠਾ ਸੀ। ਨਾ ਉਠ ਸਕਦਾ ਸੀ, ਨਾ ਹਿਲ ਸਕਦਾ ਸੀ। ਬੜੇ ਗੁਲਾਮ ਅਲੀ ਖਾਂ ਤਾਂ ਮਾਲਸ਼ੀਏ ਦਾ ਸ਼ੁਕਰੀਆ ਅਦਾ ਕਰ ਰਿਹਾ ਸੀ ਤੇ ਠੁਮਰੀ ਉਸ ਦੇ ਹਿੱਤ ਭੇਟ ਕਰ ਰਿਹਾ ਸੀ। ਮਾਲਸ਼ੀਏ ਨੇ ਇਹੋ ਜਿਹੀ ਜਬਰੀ ਸੰਗੀਤਕ ਸਜ਼ਾ ਕਦੇ ਨਹੀਂ ਸੀ ਕੱਟੀ।

ਜੇ ਕੋਈ ਤਬਲਚੀ ਆਉਂਦਾ ਤਾਂ ਉਹ ਉਸ ਨਾਲ ਸੰਗੀਤ ਦੀਆਂ ਲੈਅ-ਬੱਧ ਵੰਨਗੀਆਂ, ਤਾਲਾ, ਤੋੜੇ ਤੇ ਉਨ੍ਹਾਂ ਦੀ ਮਾਤਰਾ-ਵੰਡ ਬਾਰੇ ਗੱਲਾਂ ਕਰਦਾ। ਉਹ ਤਬਲਚੀ ਨੂੰ ਝੱਪ ਤਾਲ ਵਜਾਉਣ ਲਈ ਆਖਦਾ ਤੇ ਉਤਨੇ ਹੀ ਸਮੇਂ ਵਿਚ ਉਹ ਖੁਦ ਤੀਨ ਤਾਲ ਦੀਆਂ ਸੋਲ੍ਹਾਂ ਮਾਤਰਾਂ ਗਿਣਦਾ ਤੇ ਦੋਵੇਂ ਜਣੇ ਵੱਖ-ਵੱਖ ਤਾਲ-ਚੱਕਰਾਂ ਨੂੰ ਕਟਦੇ ਇਕੋ ਵੇਲੇ ਸਮ ਉਤੇ ਆ ਡਿਗਦੇ। ਇਸ ਪ੍ਰਕਾਰ ਉਹ ਕਈ ਮਿਸ਼ਰਿਤ ਤਾਲ-ਵੰਨਗੀਆਂ ਸਿਰਜਦਾ ਅਤੇ ਸਰੋਤਿਆਂ ਤੇ ਦਰਸ਼ਕਾਂ ਨੂੰ ਚਕ੍ਰਿਤ ਕਰ ਦਿੰਦਾ।

ਬੀਮਾਰੀ ਦੀ ਹਾਲਤ ਵਿਚ ਇਕ ਵਾਰ ਇਕ ਮਸ਼ਹੂਰ ਡਾਕਟਰ ਉਸ ਨੂੰ ਦੇਖਣ ਲਈ ਆਇਆ। ਡਾਕਟਰ ਨੇ ਸੋਚਿਆ ਕਿ ਉਹ ਬਿਸਤਰੇ ਵਿਚ ਪਏ ਅਧਰੰਗ ਦੇ ਮਾਰੇ ਕਿਸੇ ਮਰੀਜ਼ ਨੂੰ ਮਿਲੇਗਾ, ਪਰ ਉਸ ਨੇ ਬੜੇ ਗੁਲਾਮ ਅਲੀ ਖਾਂ ਨੂੰ ਤਖਤਪੋਸ਼ ਉਤੇ ਬੈਠੇ ਗਾਉਂਦਿਆਂ ਦੇਖਿਆ। ਡਾਕਟਰ ਨੂੰ ਹੈਰਾਨੀ ਹੋਈ ਕਿ ਬੜੇ ਗੁਲਾਮ ਅਲੀ ਖਾਂ ਰਿਆਜ਼ ਕਰ ਰਿਹਾ ਸੀ, ਸ਼ਾਗਿਰਦਾਂ ਨੂੰ ਹਦਾਇਤਾਂ ਦੇ ਰਿਹਾ ਸੀ, ਤਾਨਾਂ ਤੇ ਰਾਗਣੀਆਂ ਅਤੇ ਅਰਥ ਗਾ ਕੇ ਸਮਝਾ ਰਿਹਾ ਸੀ। ਡਾਕਟਰ ਆਖਣ ਲੱਗਾ ਕਿ ਇਹ ਗੱਲ ਸੰਗੀਤਕ ਇਤਿਹਾਸ ਵਿਚ ਹੀ ਨਹੀਂ, ਸਗੋਂ ਡਾਕਟਰੀ ਇਤਿਹਾਸ ਵਿਚ ਵੀ ਇੱਕ ਮਿਸਾਲ ਹੈ ਕਿ ਕਿਵੇਂ ਇੱਕ ਦ੍ਰਿੜ੍ਹ ਨਿਸ਼ਚੇ ਵਾਲਾ ਸੰਗੀਤਕਾਰ ਆਪਣੇ ਸਰੀਰ ਵਿਚ ਇੱਕ ਨਵੀਂ ਸ਼ਕਤੀ ਭਰ ਸਕਦਾ ਹੈ। ਅਧਰੰਗ ਦੇ ਦੌਰੇ ਕਾਰਨ ਉਸ ਦੇ ਚਿਹਰੇ ਦਾ ਇਕ ਪਾਸਾ ਵਿਗੜ ਗਿਆ ਸੀ ਤੇ ਜਿਸਮ ਦਾ ਅੱਧਾ ਹਿੱਸਾ ਨਿਸੱਤਾ ਹੋ ਗਿਆ ਸੀ। ਬੜੇ ਗੁਲਾਮ ਅਲੀ ਖਾਂ ਬੜੀ ਖੁਸ਼ੀ ਤੇ ਖੂਬੀ ਨਾਲ ਭਲੀ ਭਾਂਤ ਦਸ ਬਾਰਾਂ ਸਾਲ ਆਪਣੀ ਕਲਾ ਦੇ ਜੌਹਰ ਦਿਖਾਉਂਦਾ ਰਿਹਾ। ਉਹ ਆਖਣ ਲੱਗਾ, "ਡਾਕਟਰਾਂ ਦੀਆਂ ਗੱਲਾਂ 'ਤੇ ਨਾ ਜਾਓ। ਉਹ ਮੈਨੂੰ ਆਖਦੇ ਨੇ 'ਬਸ ਬਿਸਤਰੇ ਵਿਚ ਪਏ ਰਹੋ, ਆਰਾਮ ਕਰੋ।' ਡਾਕਟਰ ਬਾਲਿਗਾ ਨੇ ਮੈਨੂੰ ਮਸ਼ਵਰਾ ਦਿੱਤਾ ਕਿ ਮੈਂ ਰਿਆਜ਼ ਨਾ ਕਰਾਂ। ਭਲਾ ਦੱਸੋ, ਮੈਂ ਰਿਆਜ਼ ਕੀਤੇ ਬਿਨਾ ਕਿਵੇਂ ਰਹਿ ਸਕਦਾ ਹਾਂ? ਇਹ ਤਾਂ ਬਿਲਕੁਲ ਉਵੇਂ ਹੀ ਹੈ ਜਿਵੇਂ ਮੈਨੂੰ ਕੋਈ ਆਖੇ ਕਿ ਸਾਹ ਲੈਣਾ ਬੰਦ ਕਰ ਦੇਹ। ਰਿਆਜ਼ ਤਾਂ ਮੈਂ ਕਰਨਾ ਹੀ ਕਰਨਾ ਹੈ। ਇਹ ਮੇਰੀ ਜ਼ਿੰਦਗੀ ਹੈ...।

ਉਸਤਾਦ ਬੜੇ ਗੁਲਾਮ ਅਲੀ ਖਾਂ ਦੀ ਚਹੇਤੀ ਸ਼ਿਸ਼ ਮਾਲਿਤੀ ਇਲਾਨੀ ਦਾ ਬਲਵੰਤ ਗਾਰਗੀ ਨਾਲ ਮੇਲ ਹੋਇਆ ਤਾਂ ਇਲਾਨੀ ਨੇ ਉਸਤਾਦ ਜੀ ਦੀਆਂ ਕੁਝ ਯਾਦਾਂ ਉਨ੍ਹਾਂ ਨਾਲ ਸਾਂਝੀਆਂ ਕਰਦਿਆਂ ਦੱਸਿਆ, ਗਾਰਗੀ ਨੇ ਉਸ ਨੂੰ ਇਸ ਰੂਪ ਵਿਚ ਕਲਮਬੱਧ ਕੀਤਾ, "ਮੈਂ ਬੜੇ ਗੁਲਾਮ ਅਲੀ ਖਾਂ ਨੂੰ ਉਨੀ ਸੌ ਤਰੇਹਠ ਵਿਚ ਕਲਕੱਤੇ ਦੀ ਇਕ ਮਹਿਫਿਲ ਵਿਚ ਮਿਲੀ। ਗਾਣਾ ਖਤਮ ਹੋਣ 'ਤੇ ਖਾਂ ਸਾਹਿਬ ਨੇ ਮੇਰੇ ਵੱਲ ਉਦਾਰਤਾ ਨਾਲ ਦੇਖਿਆ। ਉਹ ਬੜੇ ਖੁਸ਼ ਹੋਏ ਕਿ ਮੈਂ ਇਕ ਪੰਜਾਬੀ ਸਾਂ ਤੇ ਮੈਨੂੰ ਸੰਗੀਤ ਦਾ ਸ਼ੌਕ ਸੀ। ਉਨ੍ਹਾਂ ਨੇ ਮੈਨੂੰ ਆਪਣਾ ਪਤਾ ਦਿੱਤਾ। ਕੁਝ ਦਿਨਾਂ ਪਿਛੋਂ ਮੈਂ ਉਨ੍ਹਾਂ ਨੂੰ ਮਿਲਣ ਗਈ। ਉਹ ਕਮਰੇ ਵਿਚ ਤਖਤਪੋਸ਼ ਉਤੇ ਬੈਠੇ ਸਨ। ਉਨ੍ਹਾਂ ਦੇ ਬੰਗਾਲੀ ਸ਼ਾਗਿਰਦ ਹੇਠਾਂ ਦਰੀ ਉਤੇ। ਉਨ੍ਹਾਂ ਨੇ ਮੈਨੂੰ ਆਖਿਆ, ਮੈਂ ਉਨ੍ਹਾਂ ਨੂੰ ਗਾ ਕੇ ਸੁਣਾਵਾਂ। ਮੈਂ ਗੰਧਰਵ ਮਹਾਵਿਦਿਆਲਯ ਤੋਂ ਪੰਜ ਸਾਲ ਕਲਾਸਕੀ ਸੰਗੀਤ ਸਿਖਿਆ ਸੀ। ਇੱਕ ਪੱਕਾ ਰਾਗ ਗਾਇਆ। ਉਹ ਹੱਸ ਕੇ ਆਖਣ ਲੱਗੇ, 'ਪੁੱਤਰ, ਇਹ ਕੋਈ ਸੰਗੀਤ ਨਹੀਂ। ਜੇ ਤੂੰ ਗਾਉਣਾ ਚਾਹੁੰਦੀ ਹੈ ਤਾਂ ਤੈਨੂੰ ਠੀਕ ਤਰੀਕੇ ਨਾਲ ਗਾਉਣਾ ਸਿੱਖਣਾ ਚਾਹੀਦਾ ਹੈ। ਸੰਗੀਤ ਰਿਆਜ਼ ਮੰਗਦਾ ਹੈ, ਸਾਧਨਾ ਤੇ ਤਵੱਜੋ।' ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਰਾਗ ਵਿਦਿਆ ਸਿਖਾ ਦੇਣ। ਉਨ੍ਹਾਂ ਆਖਿਆ, 'ਪੁੱਤਰ ਮੈਂ ਤੈਨੂੰ ਨਹੀਂ ਸਿਖਾ ਸਕਦਾ। ਮੈਂ ਬਹੁਤ ਮਸ਼ਰੂਫ ਹਾਂ। ਕਈ ਵਾਰ ਮੈਂ ਲੰਮੇ ਸਫਰ ਉਤੇ ਜਾਂਦਾ ਹਾਂ। ਤੂੰ ਕਿਸੇ ਹੋਰ ਉਸਤਾਦ ਤੋਂ ਸਿੱਖ। ਇਹ ਬੜੀ ਮਿਹਨਤ ਦਾ ਕੰਮ ਹੈ।' ਪਰ ਮੈਂ ਉਨ੍ਹਾਂ ਨੂੰ ਹੀ ਮਨ ਵਿਚ ਆਪਣਾ ਗੁਰੂ ਧਾਰ ਚੁਕੀ ਸਾਂ। ਇਕ ਦਿਨ ਮੈਂ ਆਪਣੀ ਮਾਂ ਨੂੰ ਨਾਲ ਲੈ ਕੇ ਖਾਂ ਸਾਹਿਬ ਕੋਲ ਗਈ। ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਆਪਣੀ ਸ਼ਾਗਿਰਦੀ ਵਿਚ ਲੈ ਲੈਣ। ਸਾਡੇ ਮਜਬੂਰ ਕਰਨ 'ਤੇ ਉਨ੍ਹਾਂ ਨੇ ਮੇਰੀ ਅਰਜ਼ ਕਬੂਲ ਕੀਤੀ। ਸ਼ਾਗਿਰਦੀ ਦੀ ਰਸਮ ਦਾ ਦਿਨ ਮੁਕੱਰਰ ਹੋਇਆ। ਮੈਂ ਫਲ, ਫੁੱਲ, ਨਾਰੀਅਲ, ਮਿਠਾਈ, ਰੇਸ਼ਮੀ ਕੁੜਤਾ ਪਜਾਮਾ ਅਤੇ ਰੇਸ਼ਮੀ ਸ਼ਾਲ ਲੈ ਕੇ ਗਈ ਤੇ ਇਹ ਚੀਜਾਂ ਉਨ੍ਹਾਂ ਨੂੰ ਭੇਟ ਕੀਤੀਆਂ। ਉਨ੍ਹਾਂ ਨੇ ਮੇਰੀ ਕਲਾਈ ਉਤੇ ਗੰਡਾ ਬੰਨ੍ਹਣ ਦੀ ਰਸਮ ਅਦਾ ਕੀਤੀ।"

ਕੁਝ ਦੇਰ ਸੋਚ ਕੇ ਮਾਲਿਤੀ ਨੇ ਆਖਿਆ, "ਜਦੋਂ ਖਾਂ ਸਾਹਿਬ ਉਦਾਸ ਹੁੰਦੇ ਤਾਂ ਅਸੀਂ ਕਾਰ ਵਿਚ ਘੁੰਮਣ ਲਈ ਨਿਕਲਦੇ। ਜਦੋਂ ਮੈਂ ਕਾਰ ਚਲਾ ਰਹੀ ਹੁੰਦੀ ਤਾਂ ਉਹ ਆਪਣੀਆਂ ਸੰਗੀਤਕ ਹਦਾਇਤਾਂ ਜਾਰੀ ਰੱਖਦੇ। ਉਹ ਆਖਦੇ, 'ਪੁੱਤਰ ਔਹ ਦੇਖ ਸਾਹਮਣੇ ਲਾਲ ਬੱਤੀ। ਤੂੰ ਇਸ ਹਿਸਾਬ ਨਾਲ ਬਰੇਕ ਲਾ ਕਿ ਕਾਰ ਐਨ ਚਿੱਟੀ ਲੀਕ ਦੇ ਨਿਸ਼ਾਨ 'ਤੇ ਜਾ ਕੇ ਰੁਕੇ। ਤੈਨੂੰ ਚਾਹੀਦਾ ਹੈ ਕਿ ਤਾਨ ਵੀ ਇਸ ਤਰ੍ਹਾਂ ਮਾਰੇ ਕਿ ਇਹ ਆਰੋਹੀ ਤੇ ਅਵਰੋਹੀ ਦੀਆਂ ਸਰਗਮਾਂ ਨੂੰ ਚੰਡਦੀ ਐਨ ਠੀਕ ਸਮ ਉਤੇ ਆ ਡਿੱਗੇ।'

ਜੇ ਮੈਂ ਸੜਕ ਦਾ ਮੋੜ ਕਟਦਿਆਂ ਕਾਰ ਨੂੰ ਮੋੜਦੀ ਤਾਂ ਉਹ ਆਖਦੇ, 'ਪੁੱਤਰ, ਆਪਣੀ ਆਵਾਜ਼ ਨੂੰ ਵੀ ਗਲੇ ਵਿਚ ਇਸੇ ਖੂਬੀ ਨਾਲ ਮੋੜਿਆ ਕਰ। ਤੂੰ ਕਾਰ ਏਨੀ ਵਧੀਆ ਚਲਾਉਂਦੀ ਹੈ, ਹੈਰਾਨੀ ਦੀ ਗੱਲ ਹੈ ਕਿ ਤੂੰ ਵਧੀਆ ਗਾ ਕਿਉਂ ਨਹੀਂ ਸਕਦੀ। ਉਨ੍ਹਾਂ ਨੂੰ ਹਰ ਕੰਮ ਤੋਂ ਉਤਸ਼ਾਹ ਮਿਲਦਾ। ਪੰਛੀ ਦੀ ਉਡਾਣ ਤੋਂ, ਪਾਣੀ ਵਿਚ ਤੈਰਦੀ ਮੱਛੀ ਤੋਂ, ਸਰਪਟ ਦੌੜਦੇ ਘੋੜੇ ਤੋਂ, ਖਿੜੇ ਹੋਏ ਫੁੱਲ ਤੋਂ, ਗੁਲਾਬ ਦੀ ਪੱਤੀ ਉਤੇ ਪਏ ਤ੍ਰੇਲ ਤੁਪਕਿਆਂ ਤੋਂ। ਉਹ ਇਨ੍ਹਾਂ ਸਭਨਾਂ ਨੂੰ ਤਾਨਾਂ ਤੇ ਲੈਅ-ਮਈ ਸੁਰਾਂ ਵਿਚ ਪ੍ਰਗਟਾਉਂਦੇ।"

# ਸੂਬਾ ਸਿੰਘ ਦੇ ਮੱਲ ਤੇ ਅਖਾੜੇ

(ਪਿਛਲੇ ਸਫੇ ਦੀ ਬਾਕੀ)

ਦੀ ਮੈਰ ਵਿਚ ਦੋ ਡਾਕੂਆਂ ਘੇਰ ਲਿਆ। ਇਕ ਊਠ ਦੇ ਇਕ ਪਾਸੇ, ਦੂਜਾ ਦੂਜੇ ਪਾਸੇ ਹੋ ਗਿਆ। "ਬਠਾਲ ਊਠ ਨੂੰ ਤੇ ਲਾਹ ਦੇਹ ਕੈਂਠਾ, ਨਹੀਂ ਤਾਂ ਡੱਕਰੇ ਕਰ ਦਿਆਂਗੇ।"

"ਅਗਾਂਹ ਹੋ ਕੇ ਕੈਂਠਾ ਉਤਾਰ ਲਓ ਭਰਾਓ, ਮੈਥੋਂ ਗੰਢ ਨਹੀਂ ਖੁੱਲ੍ਹਦੀ, ਏਨ ਤਾਂ ਸਗੋਂ ਮੇਰਾ ਗਲ ਘੁੱਟ ਛੱਡਿਆ ਏ।" ਉਸ ਨੇ ਊਠ ਬਠਾਲ ਕੇ ਕਿਹਾ।

"ਉਹ ਅਗਾਂਹ ਹੋਏ। ਕਿੱਕਰ ਸਿੰਘ ਨੇ ਦੋਹਾਂ ਦੀਆਂ ਧੌਣਾਂ ਨੂੰ ਹੱਥ ਪਾਏ ਤੇ ਬੋਤਾ ਉਠਾਲ ਲਿਆ। ਦੋ ਕੋਹ ਉਨ੍ਹਾਂ ਨੂੰ ਬੋਕਨੇ ਪਾਈਆਂ ਟਿੰਡਾਂ ਵਾਂਗ ਲਮਕਾਈ ਗਿਆ। ਉਨ੍ਹਾਂ ਨੇ ਤੋਬਾ ਤੋਬਾ ਕੀਤੀ ਤਾਂ ਕਿਤੇ ਛੱਡੇ। ਅੱਜ ਕੱਲ੍ਹ ਉਹ ਪਹਿਲਵਾਨ ਕਿਥੇ?" ਇਹ ਆਖਦਿਆਂ ਸੰਤੂ ਨੂੰ ਫੇਰ ਉਥੂ ਆ ਗਿਆ। ਰਾਤ ਕਾਫੀ ਭਿੱਜ ਗਈ ਸੀ, ਪਰ ਸੰਤੂ ਦੀਆਂ ਗੱਲਾਂ 'ਚ ਚਟਕਾਰਾ ਏਨਾ ਸੀ ਕਿ ਕਿਸੇ ਨੇ ਉੱਠਣ ਦਾ ਨਾਂ ਨਾ ਲਿਆ; ਤੇ ਧੂੰਆਂ ਵੀ ਮਘਦਾ ਰਿਹਾ।

"ਪਰ ਸੀ ਉਹ ਬੜਾ ਗੁਸੈਲ। ਤੇ ਪਹਿਲਵਾਨ ਨੂੰ ਗੁਸੈਲ ਬਿਲਕੁਲ ਨਹੀਂ ਹੋਣਾ ਚਾਹੀਦਾ। ਉਹਦਾ ਆਪਣਾ ਲੜਕਾ ਸੂਰਤੀ ਸੀ। ਉਹਨੂੰ ਚੰਗੀ ਖੁਰਾਕ ਚਾਰੀ ਸੀ, ਪਰ ਉਹ ਨਾਮੁਰਾਦ ਨਚਾਰਾਂ ਦੀਆਂ ਢਾਣੀਆਂ ਨਾਲ ਫਿਰਨ ਲੱਗ ਪਿਆ। ਵੈਲ ਦਾ ਪਹਿਲਵਾਨ ਨਾਲ ਵੈਰ ਹੁੰਦਾ ਹੈ। ਫੇਰ ਉਹਨੇ ਸੁਆਹ ਘੁਲਣਾ ਸੀ? ਇਕ ਮਾੜੀ ਮੋਟੀ ਛਿੰਝ ਵਿਚ ਢੱਠ ਕੇ ਆ ਗਿਆ। ਕਿੱਕਰ ਸਿੰਘ ਨੇ ਗੁੱਸੇ ਵਿਚ ਆ ਕੇ ਉਹਦੀ ਲੱਤ ਭੰਨ ਦਿੱਤੀ। ਸਰੀਰ ਨੂੰ ਬੱਜ ਲੱਗ ਗਈ ਤੇ ਕਿੱਕਰ ਸਿੰਘ ਦੇ ਘਰੋਂ ਪਹਿਲਵਾਨੀ ਜਾਂਦੀ ਰਹੀ। ਇਹੀ ਹਾਲ ਲੱਭੂ ਸਠਿਆਲੀਏ ਦੇ ਖਾਨਦਾਨ ਦਾ ਹੋਇਆ, ਭਾਵੇਂ ਉਸ ਨੂੰ ਰਾਜਿਆਂ ਨੇ ਰਾਤਬ ਲਾਇਆ ਹੋਇਆ ਸੀ।"

"ਤਾਇਆ! ਗੁੰਗੇ ਪਹਿਲਵਾਨ ਘੁਲਦਿਆਂ ਵੇਖਿਆ ਸੀ ਕਿ ਨਹੀਂ?" ਮੈਂ ਗੱਲਬਾਤ ਅਗਾਂਹ ਸਰਕਾਉਣ ਲਈ ਕਿਹਾ।

"ਗੁੰਗਾ ਪਹਿਲਵਾਨ ਤੇ ਅਜੇ ਕੱਲ੍ਹ ਦੀਆਂ ਗੱਲਾਂ ਨੇ! ਉਹ ਚੰਗਾ ਘੁਲਾਟੀਆ ਨਹੀਂ ਸੀ, ਬੇਈਮਾਨੀ ਕਰਦਾ ਸੀ।"

ਦੂਜੀ ਵੱਡੀ ਲਾਮ ਤੋਂ ਪਹਿਲਾਂ ਕੋਹਲਾਪੁਰ ਰਿਆਸਤ ਦੇ ਬੁਲ੍ਹੜ ਪਹਿਲਵਾਨ ਨਾਲ ਵਿਸਾਖੀ ਉਤੇ ਘੁਲਿਆ। ਉਹਨੇ ਪਹਿਲੀ ਪਕੜੇ ਬਾਹਰਲੀ ਲਾ ਕੇ ਢਾਹ ਲਿਆ। ਗੁੰਗਾ ਉਠ ਕੇ ਉਸ ਨੂੰ ਘਸੁੰਨ ਮਾਰਨ ਲੱਗ ਪਿਆ। ਇਹ ਕੋਈ ਘੋਲ ਥੋੜ੍ਹਾ ਸੀ, ਇਹ ਤਾਂ ਰੋਣ ਸੀ। ਲੋਕਾਂ ਨੇ ਬੜੀਆਂ ਫਿਟਕਾਰਾਂ ਪਾਈਆਂ। ਮੁੜ ਮੈਂ ਨਹੀਂ ਵੇਖਿਆ। ਸ਼ੌਕ ਮੁੱਕ ਜਾਣ ਦੀ ਗੱਲ ਹੈ। ਮੈਂ ਸੁਣਿਆ ਪਾਕਿਸਤਾਨ ਵਿਚ ਗਾਮੇ ਦਾ ਮੰਦਾ ਹਾਲ ਤੇ ਬਾਂਕੇ ਦਿਹਾੜੇ ਨੇ। ਏਧਰੋਂ ਕਿਸੇ ਸ਼ੌਕੀ ਸੇਠ ਨੇ ਉਹਨੂੰ ਸੌ ਰੁਪਈਆ ਮਹੀਨਾ ਬੰਨ੍ਹਿਆ ਤਾਂ ਸ਼ਰਮ ਖਾ ਕੇ ਲੋਕ ਉਹਦਾ ਹਾਲ ਚਾਲ ਪੁੱਛਣ ਆਏ।

"ਜੇ ਲੋਕਾਂ ਵਿਚ ਘੋਲਾਂ ਦਾ ਸ਼ੌਕ ਰਹਿ ਗਿਆ ਹੋਵੇ ਤਾਂ ਅਖੀਰੀ ਉਮਰੇ ਪਹਿਲਵਾਨਾਂ ਦਾ ਇਹ ਹਾਲ ਕਿਉਂ ਹੋਵੇ?" ਤਾਏ ਸੰਤੂ ਦਾ ਮੇਰੇ ਕੋਲ ਕੋਈ ਉੱਤਰ ਨਹੀਂ ਸੀ। ਮੈਂ ਹੁੰਗਾਰਾ ਨਾ ਭਰ ਸਕਿਆ ਤੇ ਉਹਦੀ ਗੱਲਬਾਤ ਜਾਰੀ ਰਹੀ।

"ਸਾਡੇ ਵੇਲੇ ਲੋਕਾਂ ਨੂੰ ਕੁਸ਼ਤੀਆਂ ਦੇ ਸ਼ੌਕ ਹੁੰਦੇ ਸਨ। ਜੇ ਪਿੰਡ ਦੇ ਪਹਿਲਵਾਨ ਨਾ ਢੱਠ ਕੇ ਆਉਣਾ ਤਾਂ ਸਾਰੇ ਪਿੰਡ ਨੇ ਨਮੋਸ਼ੀ ਨਾਲ ਮਰ ਜਾਣਾ। ਉਗਰਾਹੀਆਂ ਕਰ ਕਰ ਪਹਿਲਵਾਨਾਂ ਨੂੰ ਖੁਰਾਕਾਂ ਦੇਣੀਆਂ ਤੇ ਉਨ੍ਹਾਂ ਸਾਰਾ ਸਾਰਾ ਦਿਨ ਕਸਰਤਾਂ ਕਰਨੀਆਂ। ਮਜਾਲ ਏ ਕਿਸੇ ਪਾਸੇ ਤੋਂ ਕੋਈ ਮਿਹਣਾ ਆ ਜਾਏ। ਜਦੋਂ ਪਹਿਲਵਾਨ ਨੇ ਘੁਲਣ ਜਾਣਾ ਤਾਂ ਅੱਧੇ ਪਿੰਡ ਦੇ ਗੱਭਰੂਆਂ ਨੇ ਉਹਦੇ ਲੰਗੋਟ ਚੁੱਕੀ ਫਿਰਨੇ। ਹੁਣ ਤਾਂ ਮੁੱਛ ਫੁੱਟਦੀ ਨਹੀਂ ਤੇ ਮੁੰਡੇ ਜਨਖਿਆਂ ਵਾਂਗ ਸੁਰਮੇ ਪਾਉਣ ਲੱਗੇ ਨਹੀਂ। ਘੁਲਣ ਦਾ, ਛਾਲਾਂ ਮਾਰਨ ਦਾ, ਕਬੱਡੀ ਖੇਡਣ ਦਾ-ਗੱਲ ਕੀ ਮਰਦਾਂ ਵਾਲੇ ਸ਼ੌਕ ਸਾਰੇ ਹੀ ਅਲੋਪ ਹੋ ਗਏ। ਕਿਧਰੇ ਪਰ ਲਾ ਕੇ ਉੱਡ ਗਏ। ਜੇ ਇਹੀ ਹਾਲ ਰਿਹਾ ਤਾਂ ਢਾਂਗਿਆਂ ਨਾਲ ਬਤਾਊਂ ਤੋੜਨ ਵਾਲੇ ਜਵਾਨ ਹੋਇਆ ਕਰਨਗੇ।" ਸੰਤੂ ਨੇ ਸਹਿਜੇ ਹੀ ਟਕੋਰ ਕੀਤੀ।

"ਤਾਇਆ! ਨਿਰਾਸ਼ ਹੋਣ ਵਾਲੀ ਕੋਈ ਗੱਲ ਨਹੀਂ। ਅੱਜ ਵੀ ਦਾਰਾ ਸਿੰਘ ਵਰਗੇ ਪਹਿਲਵਾਨ ਸਾਰੀ ਦੁਨੀਆਂ ਵਿਚ ਮਸ਼ਹੂਰ ਨੇ, ਪਰ ਇਨ੍ਹਾਂ ਦਾ ਕਿੱਕਰ ਸਿੰਘ ਨਾਲ ਕੀ ਟਾਕਰਾ? ਕਿੱਕਰ ਸਿੰਹੁ ਦਾ ਤਾਂ ਜਾਂਘੀਆ ਇਨ੍ਹਾਂ ਦੇ ਗਲ ਥਾਣੀ ਨਿਕਲ ਜਾਏ। ਇਹ ਘੁਲਦੇ ਨਹੀਂ, ਲੜਦੇ ਨੇ। ਹੱਡੀਆਂ ਮਰੋੜਨਗੇ, ਜਿਵੇਂ ਕਿਸੇ ਪਸ਼ੂ ਦੀ ਖੱਲ ਲਾਹ ਰਹੇ ਹੋਣ। ਸਫਾਲ ਪਏ ਹੋਣਗੇ, ਕਹਿਣਗੇ ਢੱਠੇ ਨਹੀਂ। ਮਹਿਰੂਆਂ ਦੇ ਭੇੜ ਨੇ, ਇਨ੍ਹਾਂ ਵਿਚ ਕੋਈ ਫੁਰਤੀ ਨਹੀਂ, ਕੋਈ ਚਲਾਕੀ ਨਹੀਂ। ਨਾ ਦਾਅ ਲੱਗਦੇ ਨੇ, ਨਾ ਰੋਕਾਂ ਹੁੰਦੀਆਂ ਨੇ। ਫੁੰਮਣਾਂ ਵਾਲੇ ਢੋਲਾਂ ਦਾ ਸ਼ੋਰ ਨਹੀਂ, ਨਾ ਕਿਧਰੇ ਲਾਕੜੀਆਂ ਦੀਆਂ ਰੌਣਕਾਂ। ਇਨ੍ਹਾਂ ਵਿਚ ਉਹ ਹੁਲਾਰੇ ਨਹੀਂ, ਜਿਹੜੇ ਛਿੰਝਾਂ ਵਿਚ ਹੁੰਦੇ ਸਨ। ਕੁਸ਼ਤੀਆਂ ਦਾ ਚੇਟਕ ਜਾਂਦਾ ਰਿਹੈ। ਮੇਲਿਆਂ ਉਤੇ ਫੁੰਮਣੀਆਂ ਪਾਉਂਦੇ ਪਹਿਲਵਾਨਾਂ ਦੇ ਅਖਾੜਿਆਂ ਦੀ ਥਾਂ ਸਰਕਸਾਂ, ਮੰਡੂਆਂ, ਨੁਮਾਇਸ਼ਾਂ ਅਤੇ ਧੂਤਿਆਂ ਉਤੇ ਅੜਾਟ ਪਾਉਣ ਵਾਲਿਆਂ ਨੇ ਮੱਲ ਲਈ ਹੈ। ਪਹਿਲਵਾਨੀਆਂ ਦੇ ਦਿਨ ਬੀਤ ਗਏ ਜੀਣ ਜੋਗਿਆ।"

ਸੰਤੂ ਦੇ ਬੋਲਾਂ ਵਿਚ ਨਿਰਾਸ਼ਾ ਝਲਕ ਰਹੀ ਸੀ। ਉਹਦਾ ਗਰੂਨਾ ਮੁੱਕ ਗਿਆ ਸੀ। ਉਹਨੇ ਕੱਢੀ ਹੋਈ ਸਣ ਇਕ ਪਾਸੇ ਰੱਖ ਦਿੱਤੀ ਤੇ ਧੂੰਏ ਦੀ ਅੱਗ ਨੂੰ ਤਲੂਣੀ ਨਾਲ ਫੋਲਣ ਲੱਗ ਪਿਆ, ਪਰ ਅੱਗ ਮੱਠੀ ਪੈ ਗਈ ਸੀ ਤੇ ਤਾਰਿਆਂ ਦੀਆਂ ਗਿੱਟੀਆਂ ਅੱਧਿਓਂ ਅਗਾਂਹ ਲੰਘੀ ਹੋਈ ਰਾਤ ਦਾ ਪਤਾ ਦਿੰਦੀਆਂ ਸਨ। ਬੋਹੜ ਦੇ ਪੱਤਿਆਂ ਤੋਂ ਤ੍ਰੇਲ ਹੇਠਾਂ ਤਿਲ੍ਹਕਣ ਲੱਗ ਪਈ ਸੀ।

"ਹੱਛਾ ਤਾਇਆ! ਮੇਲਾ ਕੋਈ ਦਿਨ ਦਾ! ਇਕ ਆਉਂਦਾ, ਇਕ ਜਾਂਦਾ। ਕੁਝ ਸ਼ੌਕ ਗੁਜ਼ਰ ਗਏ, ਹੋਰ ਸ਼ੌਕ ਜਾਗ ਪਏ, ਪੁਰਾਣੇ ਚੇਟਕ ਨਵਿਆਂ ਲਈ ਥਾਂ ਖਾਲੀ ਕਰ ਕੇ ਅੱਖੀਆਂ ਮੀਟ ਗਏ।"

ਇਹ ਆਖਦਾ ਮੈਂ ਵੀ ਹੋਰ ਸਰੋਤਿਆਂ ਵਾਂਗ ਚਾਦਰ ਝਾੜਦਾ ਧੂੰਏ ਤੋਂ ਉਠਿਆ। ਸਾਰੀ ਰਾਤ ਮੈਨੂੰ ਬੱਬੇਹਾਲੀ ਦੀ ਛਿੰਝ ਅਤੇ ਊਠ ਦੇ ਦੋਹੀਂ ਪਾਸੀ ਤੋਰੀਆਂ ਵਾਂਗ ਲਮਕਦੇ ਡਾਕੂਆਂ ਦੇ ਸੁਫਨੇ ਆਉਂਦੇ ਰਹੇ।

## ਮਿਨੀ ਕਹਾਣੀ

# ਅੱਧੀ ਰਾਤ ਦਾ ਖੜਕਾ

"ਕਿਵੇਂ ਆਂ ਤਾਇਆ, ਸੁਣਾ ਕੋਈ ਨਵੀਂ ਤਾਜ਼ੀ।" ਗੇਜੇ ਨੇ ਬੈਂਚ 'ਤੇ ਬੈਠਦਿਆਂ ਹੀ ਪ੍ਰੀਤਮ ਸਿੰਘ ਨੂੰ ਛੇੜਿਆ।

ਸਾਉਣੀ ਦੀ ਬੀਜ-ਬਿਜਾਈ ਦਾ ਕੰਮ ਨਿਬੜ ਗਿਆ ਸੀ ਅਤੇ ਜ਼ਿਆਦਾਤਰ ਲੋਕ ਵਿਹਲੇ ਸਨ, ਜਿਸ ਕਰਕੇ ਚਾਹ ਪੀਂਦਿਆਂ ਸਾਰ ਗੱਲਾਂ ਦਾ ਝੱਸ ਪੂਰਾ ਕਰਨ ਲਈ ਬੈਂਚ 'ਤੇ ਆਣ ਬੈਠਦੇ ਸਨ। ਅੱਜ ਵੀ ਸੁਵੱਖਤੇ ਹੀ ਚਾਰ-ਪੰਜ ਜਣੇ ਆਣ ਬੈਠੇ ਸਨ।

"ਸ਼ੇਰਾ ਮੈਂ ਤਾਂ ਵਾੜੇ 'ਚੋਂ ਉਠ ਕੇ ਆਇਆਂ, ਮੈਨੂੰ ਨਵੀਂ ਤਾਜੀ ਦਾ ਕੀ ਪਤਾ। ਇਹ ਤਾਂ ਤੁਸੀਂ ਨਵੇਂ ਮੁੰਡੇ ਜਾਣੋ।" ਪ੍ਰੀਤਮ ਸਿੰਘ ਪਸ਼ੂਆਂ ਦੀ ਰਾਖੀ ਲਈ ਵਾੜੇ ਵਿਚ ਹੀ ਸੌਂਦਾਂ ਸੀ।

"ਲਓ ਸੁਣੋ ਨਵੀਂ ਗੱਲ, ਰਾਤ ਮੇਜਰ ਕਾ ਗੇਟ ਅੱਧੀ ਰਾਤ ਨੂੰ ਦੋ ਵਾਰੀ ਖੜਕਿਆ।" ਗੇਜੇ ਨੇ ਆਸੇ-ਪਾਸੇ ਦੇਖਦਿਆਂ ਗੁੱਝੀ ਗੱਲ ਸਾਂਝੀ ਕੀਤੀ।

"ਪਸ਼ੂ ਡੰਗਰ ਖੁੱਲ੍ਹਿਆ ਹੋਣਾ!" ਇੱਕ ਨੇ ਆਪਣੀ ਰਾਇ ਦਿੱਤੀ।

"ਹੋ ਸਕਦਾ ਮੇਜਰ ਖੇਤ ਬੰਨ੍ਹੇ ਗਿਆ ਹੋਵੇ।"

"ਕੀੜੇ ਕੰਡੇ ਦੀ ਰੁੱਤ ਆ, ਹੋ ਸਕਦਾ ਕੋਈ ਨਿਕਲ ਆਇਆ ਹੋਵੇ।" ਸਾਰੇ ਆਪੋ ਆਪਣੀ ਰਾਇ ਦੇਣ ਲੱਗੇ।

"ਐਵੇਂ ਮਾਰੀ ਜਾਂਦੇ ਹੋ, ਪੂਰੀ ਗੱਲ ਵੀ ਸੁਣੋ। ਗੇਟ ਖੋਲ੍ਹ ਕੇ ਕੋਈ ਬਾਹਰ ਵੀ ਗਿਆ, ਬਿਜਲੀ ਬੰਦ ਹੋਣ ਕਰਕੇ ਪਛਾਣ ਤਾਂ ਨਹੀਂ ਆਈ, ਪਰ ਕੋਈ ਸਹਿ ਸਹਿ ਕੇ ਗਿਆ। ਲੱਗਦੀ ਵੀ ਜਨਾਨੀ ਸੀ।" ਗੇਜੇ ਨੇ ਆਪਣੀ ਗੱਲ ਖਾਸ ਅੰਦਾਜ਼ ਵਿਚ ਕਹੀ ਸੀ। ਉਸ ਦਾ ਇਸ਼ਾਰਾ ਮੇਜਰ ਦੀ ਜਵਾਨ ਹੁੰਦੀ ਕੁੜੀ ਵੱਲ ਸੀ। ਐਨੇ ਨੂੰ ਛਿੰਦਾ ਵੀ ਆ ਬੈਠਾ ਸੀ, ਪੂਰੀ ਗੱਲ ਸੁਣ ਉਹ ਮੇਜਰ ਦੇ ਘਰ ਵੱਲ ਚੱਲ ਪਿਆ ਸੀ। ਸਾਰੇ ਉਚੀ ਉਚੀ ਹੱਸੇ।

"ਇਹ ਲਿਆਊ ਖੋਜ ਕੱਢ ਕੇ। ਕਿੰਨਾ ਚਸਕਾ...।" ਵਿਚੋਂ ਹੀ ਕਿਸੇ ਨੇ ਟਕੋਰ ਕੀਤੀ ਸੀ।

"ਉਹ ਸੁਣੋ ਤਾਂ ਸਹੀ, ਨਵੀਂ ਕਬੂਤਰੀ ਦੀ ਖਬਰ...।" ਰਾਜ ਨੇ ਗੁੱਝਾ ਇਸ਼ਾਰਾ ਕੀਤਾ।

ਛਿੰਦਾ ਮੁੜਦੇ ਪੈਰੀਂ ਹੀ ਵਾਪਿਸ ਆ ਗਿਆ ਸੀ, ਤੇ ਕਹਿਣ ਲੱਗਾ, "ਇੱਥੇ ਬੈਠੇ ਮਸਾਲੇ ਲਾਈ ਜਾਂਦੇ ਹੋ, ਮੇਜਰ ਦੇ ਪੱਥਰੀ ਦਾ ਦਰਦ ਉਠਿਆ ਸੀ। ਭਰਜਾਈ ਤੇ ਮੁੰਡਾ ਰਿਸ਼ਤੇਦਾਰੀ ਵਿਚ ਗਏ ਨੇ ਤੇ ਵਿਚਾਰੀ ਜੁਆਕੜੀ ਪਿੰਡ ਵਾਲੇ ਡਾਕਟਰ ਕੋਲ ਗਈ ਸੀ, ਉਨ੍ਹਾਂ ਵੀ ਬੂਹਾ ਨਹੀਂ ਖੋਲ੍ਹਿਆ। ਤਾਇਆ ਪ੍ਰੀਤਮਾ! ਤੂੰ ਤਾਂ ਸਿਆਣਾ ਬਿਆਣਾ।" ਛਿੰਦੇ ਨੇ ਸਭ ਨੂੰ ਸੁਣਾ ਕੇ ਕਿਹਾ ਸੀ।

"ਪੁੱਤ ਮੇਰੀ ਕੌਣ ਸੁਣਦਾ, ਭਾਈਚਾਰਾ ਤਾਂ ਰਿਹਾ ਹੀ ਨਹੀਂ। ਉਹ ਤਾਂ ਸੋਚ ਹੀ ਮਰ'ਗੀ...। ਪੁੱਤ ਹੁਣ ਫਿਰ ਕੀ ਕਰਨਾ।" ਪ੍ਰੀਤਮ ਉਦਾਸ ਹੋ ਗਿਆ ਸੀ, ਮੁੰਡ੍ਹੀਰ ਖਿਸਕਣ ਲੱਗੀ।

"ਤਾਇਆ, ਜੀਪ ਲੈਣ ਜਾਂਦਾਂ, ਸ਼ਹਿਰ ਲਿਜਾਂਦੇ ਹਾਂ। ਨਾਲੇ ਤੇਰੀ ਨੂੰਹ ਨੂੰ ਕਹਿੰਦਾ ਘਰ ਅਤੇ ਜੁਆਕੜੀ ਨੂੰ ਸੰਭਾਲੇ। ਵਿਚਾਰੀ ਦੀਆਂ ਰੋ ਰੋ ਅੱਖਾਂ ਸੁੱਜੀਆਂ ਪਈਆਂ।" ਛਿੰਦਾ ਇੰਨਾ ਆਖ ਤੇਜੀ ਨਾਲ ਤੁਰ ਗਿਆ ਸੀ।

ਪ੍ਰੀਤਮ ਸਿੰਘ ਲੋਕਾਂ ਦੀ ਮਰ ਰਹੀ ਸੋਚ ਤੋਂ ਦੁਖੀ ਹੋਇਆ ਘਰ ਵੱਲ ਚੱਲ ਪਿਆ ਸੀ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਤਣੀ ਹੋਈ ਉਂਗਲ




***ਸੰਤੋਖ ਸਿੰਘ ਧੀਰ ਪੰਜਾਬੀ ਦਾ ਬਹੁ-ਵਿਧਾਈ ਲਿਖਾਰੀ ਸੀ, ਜਿਸ ਨੇ ਕਵਿਤਾ, ਕਹਾਣੀ, ਨਾਵਲ ਅਤੇ ਵਾਰਤਕ ਵਿਚ ਚੋਖਾ ਨਾਮਣਾ ਖੱਟਿਆ। ਇਹ ਵਰ੍ਹਾ (2020) ਉਨ੍ਹਾਂ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਉਨ੍ਹਾਂ ਦਾ ਜਨਮ 2 ਦਸੰਬਰ 1920 ਨੂੰ ਹੋਇਆ ਸੀ। ਉਨ੍ਹਾਂ ਦੇ ਜਨਮ ਸ਼ਤਾਬਦੀ ਵਰ੍ਹੇ ਮੌਕੇ ਉਨ੍ਹਾਂ ਦੇ ਬੇਲੀ ਡਾ. ਗੁਰੂਮੇਲ ਸਿੱਧੂ ਨੇ ਉਨ੍ਹਾਂ ਬਾਰੇ ਉਪਰੋਥਲੀ ਇਹ ਦੂਜਾ ਲੰਮਾ ਲੇਖ ਭੇਜਿਆ ਹੈ, ਜੋ ਅਸੀਂ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। ਇਸ ਲੇਖ ਵਿਚ ਸੰਤੋਖ ਸਿੰਘ ਧੀਰ ਅਤੇ ਉਨ੍ਹਾਂ ਦੀ ਮੁਹੱਬਤ ਦੇ ਨਾਲ-ਨਾਲ ਪੰਜਾਬੀ ਸਾਹਿਤ ਜਗਤ ਦੀਆਂ ਕਈ ਝਾਕੀਆਂ ਪੇਸ਼ ਹੋਈਆਂ ਹਨ। -ਸੰਪਾਦਕ***

ਇਕ ਦਿਨ ਮੈਂ ਲਾਹੌਰ ਬੁੱਕ ਸ਼ਾਪ (ਲੁਧਿਆਣਾ) 'ਤੇ ਕਿਤਾਬਾਂ ਦੀ ਫੋਲਾਫਾਲੀ ਕਰ ਰਿਹਾ ਸੀ ਤਾਂ ਘੋਟਵੀਂ ਪੱਗ ਵਾਲਾ ਬੰਦਾ, ਜਿਸ ਦੇ ਮੂੰਹ 'ਤੇ ਚੇਚਕ ਦੇ ਦਾਗ ਸਨ ਤੇ ਅੱਖਾਂ ਵਿਚ ਧਾਰੀਦਾਰ ਸੁਰਮਾ ਪਾਇਆ ਹੋਆ ਸੀ, ਸਿੱਧਾ ਜੀਵਨ ਸਿੰਘ ਦੇ ਦਫਤਰ ਵਿਚ ਜਾ ਵੜਿਆ। ਜੀਵਨ ਸਿੰਘ ਨੇ ਮੈਨੂੰ ਆਵਾਜ਼ ਮਾਰੀ, "ਆ ਤੈਨੂੰ ਧੀਰ ਸਾਹਿਬ ਨੂੰ ਮਿਲਾਵਾਂ।" ਤੁਆਰਫ ਕਰਾਉਂਦਿਆਂ ਕਿਹਾ, "ਇਹ ਸਾਡਾ ਵੱਡਾ ਪ੍ਰਗਤੀਵਾਦੀ ਕਵੀ ਸੰਤੋਖ ਸਿੰਘ ਧੀਰ ਹੈ।" ਮੇਰੇ ਵਲ ਇਸ਼ਾਰਾ ਕਰਦਿਆਂ ਕਿਹਾ, "ਇਹ ਨਵਾਂ ਉਭਰਦਾ ਕਵੀ ਗੁਰਮੇਲ 'ਰਾਹੀ' ਹੈ।" ਧੀਰ ਸਾਹਿਬ ਨੇ ਮੇਰੇ ਵਲ ਗਹੁ ਨਾਲ ਤੱਕਿਆ ਅਤੇ ਸਹਿਜ ਨਾਲ ਕਿਹਾ, "ਅੱਛਾ-ਅੱਛਾ ਤੈਨੂੰ ਕਵਿਤਾ ਲਿਖਣ ਦਾ ਸ਼ੌਕ ਹੈ!" ਧੀਰ ਦਾ ਕੋਈ ਰਾਇਲਟੀ ਦਾ ਲੇਖਾ-ਜੋਖਾ ਸੀ ਜਿਸ ਬਾਰੇ ਉਹ ਜੀਵਨ ਸਿੰਘ ਨਾਲ ਗੱਲਬਾਤ ਕਰਨ ਲੱਗ ਪਿਆ ਤੇ ਮੈਂ ਬਾਹਰ ਆ ਕੇ ਫੇਰ

**ਡਾ. ਗੁਰੂਮੇਲ ਸਿੱਧੂ**

ਪੁਸਤਕਾਂ ਫੋਲਣ ਲੱਗ ਪਿਆ।

ਧੀਰ ਹੋਰੀਂ ਬਾਹਰ ਆਏ ਤਾਂ ਮੈਂ ਬੜੀ ਹਲੀਮੀ ਨਾਲ ਮਿਲਿਆ, ਉਸ ਦੀ ਕਵਿਤਾ ਦੀ ਸ਼ਲਾਘਾ ਕੀਤੀ। ਕਵਿਤਾ ਦਾ ਤਾਂ ਬਹਾਨਾ ਸੀ, ਦਰਅਸਲ ਉਸ ਨਾਲ ਗੱਲਾਂ ਕਰਨ ਨੂੰ ਜੀ ਕਰਦਾ ਸੀ। ਧੀਰ ਸਾਹਿਬ ਨੂੰ ਪੁੱਛਿਆ, "ਦੁਪਹਿਰ ਦਾ ਖਾਣਾ ਖਾਧਾ?" ਉਸ ਨੇ ਕਿਹਾ, "ਨਹੀਂ।" ਲਾਹੌਰੀਆਂ ਦਾ ਹੋਟਲ ਘੰਟਾਘਰ ਚੌਕ ਦੇ ਉਤੇ ਸੀ। ਅਸੀਂ ਉਥੇ ਚੱਲੇ ਗਏ, ਖਾਣੇ ਲਈ ਬੈਠੇ ਤਾਂ ਬਹਿਰਾ ਮੈਨਯੂ ਲੈ ਕੇ ਆ ਗਿਆ।

"ਧੀਰ ਸਾਹਿਬ ਕੀ ਖਾਉਗੇ?" ਮੈਂ ਪੁੱਛਿਆ।

"ਤੂੰ ਜੋ ਖਾਣੈ, ਉਹੋ ਖਾ ਲਵਾਂਗਾ।" ਧੀਰ ਨੇ ਉਤਰ ਦਿੱਤਾ।

"ਤੁਸੀਂ ਮੇਰੇ ਮਹਿਮਾਨ ਹੋ, ਤੁਸੀਂ ਦੱਸੋ।"

"ਤੂੰ ਜੋ ਮੰਗਵਾਉਣਾ, ਮੰਗਵਾ ਲੈ।"

"ਮੈਨਯੂ ਵਿਚ ਬੱਕਰੇ ਦਾ ਮੀਟ, ਭਿੰਡੀਆਂ ਦੀ ਸਬਜ਼ੀ, ਮਟਰ ਪਨੀਰ, ਨਾਨ, ਰੋਟੀ ...।"

"ਬੱਸ-ਬੱਸ ਜੋ ਵੀ ਤੂੰ ਖਾਣਾ ਮੰਗਵਾ ਲੈ, ਵੈਸੇ ਮੈਨੂੰ ਸਾਰੀਆਂ ਚੀਜ਼ਾਂ ਪਸੰਦ ਹਨ ਪਰ ਮਹਿੰਗੀਆਂ ਹੋਣਗੀਆਂ!"

"ਮਹਿੰਗੀਆਂ ਦਾ ਫਿਕਰ ਨਾ ਕਰੋ, ਜੋ ਖਾਣ ਨੂੰ ਜੀ ਕਰਦਾ ਔਰਡਰ ਕਰ ਦਿੰਦੇ ਆਂ।"

ਬਹਿਰੇ ਨੂੰ ਆਵਾਜ਼ ਮਾਰੀ ਅਤੇ ਖਾਣੇ ਦਾ ਆਰਡਰ ਦਿੰਦਿਆਂ ਧੀਰ ਨੂੰ ਪੁੱਛਿਆ, "ਨਾਲ ਕੀ ਖਾਉਗੇ, ਨਾਨ, ਤੰਦੂਰੀ ਜਾਂ ਤਵੇ ਵਾਲੀ ਰੋਟੀ?" ਧੀਰ ਬੋਲਿਆ, "ਤੰਦੂਰੀ ਰੋਟੀ ਠੀਕ ਰਹੇਗੀ।" ਨਾਲ ਹੀ ਦੁਬਾਰਾ ਫਿਕਰ ਜ਼ਾਹਿਰ ਕੀਤਾ ਕਿ ਤੇਰਾ ਬਹੁਤਾ ਖਰਚ ਹੋ ਜਾਵੇਗਾ। ਮੈਂ ਉਨ੍ਹਾਂ ਨੂੰ ਫੇਰ ਤਸੱਲੀ ਦਿਵਾਈ ਕਿ ਤੁਸੀਂ ਖਰਚੇ ਦਾ ਫਕਰ ਨਾ ਕਰੋ, ਮੇਰੇ ਲਈ ਏਨਾ ਹੀ ਬਹੁਤ ਹੈ ਕਿ ਵੱਡੇ ਕਵੀ ਨਾਲ ਬਹਿ ਕੇ ਖਾਣਾ ਖਾਣ ਦਾ ਮੌਕਾ ਮਿਲਿਆ ਹੈ।" ਧੀਰ ਸਾਹਿਬ ਖੁਸ਼ ਹੋ ਗਏ ਅਤੇ ਬੇਫਿਕਰ ਹੋ ਕੇ ਬੈਠ ਗਏ।

ਹੋਟਲ ਦਾ ਮਾਲਕ ਢਿੱਡਲ ਜਿਹਾ ਮੋਟਾ ਸਾਰਾ ਬੰਦਾ ਸੀ ਜੋ ਗੱਲੇ 'ਤੇ ਬੈਠਾ ਸੂਈਆਂ ਵਾਲੀ ਮਸ਼ੀਨ 'ਤੇ ਇਕੋ ਤਵਾ ਮੁੜ-ਮੁੜ ਧਰੀ ਜਾਂਦਾ ਸੀ। ਉਨ੍ਹਾਂ ਦਿਨਾਂ ਵਿਚ 'ਮੇਰੀ ਜਾਂ ਮੇਰੀ ਜਾਂ, ਪਿਆਰ ਤੁਮੀਂ ਸੇ ਹੋ ਹੀ ਗਿਆ ਹੈ, ਹਮ ਕਿਆ ਕਰੇਂ' ਗਾਣਾ ਬਹੁਤ ਮਸ਼ਹੂਰ ਸੀ। ਉਹ ਇਹੋ ਗਾਣਾ ਵਾਰ-ਵਾਰ ਵਜਾਈ ਜਾਂਦਾ ਸੀ। ਐਨੇ ਨੂੰ ਗਰਮਾ-ਗਰਮ ਲਪਟਾਂ ਮਾਰਦਾ ਖਾਣਾ ਆ ਗਿਆ। ਖਾਣੇ ਵਲ ਦੇਖ ਕੇ ਧੀਰ ਕਹਿਣ ਲੱਗੇ, "ਬਹੁਤ ਵਧੀਆ ਖੁਸ਼ਬੂ ਆ ਰਹੀ ਹੈ।" ਮੈਂ ਕਿਹਾ, "ਧੀਰ ਸਾਹਿਬ, ਤੁਸੀਂ ਹੁਣ ਖਾਣਾ ਠੰਢਾ ਨਾ ਕਰੋ, ਨਿੱਠ ਕੇ ਆਨੰਦ ਨਾਲ ਖਾਓ।" ਖਾਣਾ ਖਾਣ ਲੱਗ ਪਏ ਤਾਂ ਮੈਂ ਰਵਾਇਤੀ ਜਿਹੀਆਂ ਗੱਲਾਂ ਪੁੱਛਣੀਆਂ ਸ਼ੁਰੂ ਕਰ ਦਿੱਤੀਆਂ।

"ਤੁਸੀਂ ਕਵਿਤਾ ਕਦੋਂ ਤੋਂ ਲਿਖਦੇ ਹੋ? ਮੈਨੂੰ ਤੁਹਾਡੀ ਕਵਿਤਾ 'ਪੱਤ ਝੜੇ ਪੁਰਾਣੇ ਰੁੱਤ ਨਵਿਆਂ ਦੀ ਆਈ ਵੇ' ਬਹੁਤ ਪਸੰਦ ਹੈ।"

"ਮੇਰਾ ਪਿਤਾ ਕਵਿਤਾ ਲਿਖਦਾ ਹੁੰਦਾ ਸੀ, ਸ਼ਾਇਦ ਇਹ ਮੇਰੇ ਖੂਨ ਵਿਚ ਹੀ ਹੈ।" ਧੀਰ ਨੇ ਕਿਹਾ।

"ਤੁਹਾਡੀ ਪਹਿਲੀ ਕਵਿਤਾ ਕਦੋਂ ਛਪੀ?"

"ਦਰਅਸਲ ਪਹਿਲੀ ਕਵਿਤਾ ਮੇਰੇ ਨਾਂ ਹੇਠ ਮੇਰੇ ਬਾਪ ਦੀ ਲਿਖੀ ਹੋਈ ਛਪੀ ਸੀ। ਉਸ ਨੇ ਹੋਰ ਵੀ ਕਈ ਕਵਿਤਾਵਾਂ ਮੇਰੇ ਨਾਂ ਹੇਠ ਛਪਾਈਆਂ। ਸ਼ਾਇਦ ਉਹ ਮੈਨੂੰ ਕਵਿਤਾ ਦੀ ਚੇਟਕ ਲਾਉਣ ਦਾ ਯਤਨ ਕਰ ਰਹਾ ਸੀ।"

"ਤੁਹਾਡੀ ਆਪਣੀ ਲਿਖੀ ਹੋਈ ਕਵਿਤਾ ਕਦੋਂ ਛਪੀ?"

"ਪੂਰਾ ਤਾਂ ਯਾਦ ਨਹੀਂ, ਸ਼ਾਇਦ 'ਪ੍ਰੀਤਮ' ਰਸਾਲੇ ਵਿਚ ਛਪੀ ਸੀ।

"ਕਿੰਨੀ ਕੁ ਉਮਰ ਸੀ ਜਦ ਪਹਿਲੀ ਕਵਿਤਾ ਛਪੀ?"

"ਓਦੋਂ ਮੈਂ ਮੱਸ-ਫੁੱਟ ਮੁੰਡਾ ਜਿਹਾ ਸੀ।"

ਜਦ ਹੋਟਲ ਦਾ ਮਾਲਕ ਉਹੋ ਤਵਾ ਮੁੜ-ਮੁੜ ਧਰਨੋ ਨਾ ਹਟਿਆ ਤਾਂ ਧੀਰ ਨੂੰ ਗੁੱਸਾ ਆ ਗਿਆ। ਰੋਟੀ ਵਿਚੇ ਛੱਡ ਕੇ ਕਹਿਣ ਲੱਗਾ, "ਠਹਿਰ ਕੇਰਾਂ ਇਸ ਬਾਹਯਾਤ ਨੂੰ ਸੂਰ ਕਰ ਲਵਾਂ।" ਢਿੱਡਲ ਜਿਹੇ ਬੰਦੇ ਦੇ ਕੋਲ ਖੜ੍ਹੋ ਕੇ ਉਂਗਲੀ ਖੜ੍ਹੀ ਕਰ ਕੇ ਧੀਰ ਗਰਜਿਆ, "ਬੰਦ ਕਰ ਇਸ ਬਕਵਾਸ ਨੂੰ, ਮੁੜ-ਮੁੜ ਓਸੇ ਤਵੇ 'ਤੇ ਸੂਈ ਧਰੀ ਜਾਂਦਾਂ, ਮਿੱਝ ਕੱਢਤੀ ਗਾਣੇ ਦੀ, ਰੋਟੀ ਦਾ ਸੁਆਦ ਕਿਰਕਰਾ ਕਰ'ਤਾ।" ਉਹ ਡਰ ਗਿਆ ਅਤੇ ਕਹਿਣ ਲੱਗਾ, "ਸਰਦਾਰ ਜੀ ਕੋਈ ਨਵਾਂ ਲਾ ਦਿੰਦਾਂ।" ਧੀਰ ਨੇ ਥੋੜ੍ਹੀ ਧੀਮੀ ਆਵਾਜ਼ ਵਿਚ ਕਿਹਾ, "ਯਾਰ! ਥੋੜ੍ਹਾ ਚਿਰ ਮਸ਼ੀਨ ਨੂੰ ਸਾਹ ਲੈ ਲੈਣ ਦੇ, ਬੰਦ ਹੀ ਕਰਦੇ, ਆਰਾਮ ਨਾਲ ਰੋਟੀ ਖਾਣ ਦੇ, ਮਗਰੋਂ ਜੋ ਮਰਜ਼ੀ ਬਜਾਈ ਜਾਈਂ।"

ਰੋਟੀ ਖਾ ਕੇ ਬਾਹਰ ਨਿਕਲੇ ਤਾਂ ਧੀਰ ਕਹਿਣ ਲੱਗਾ, "ਗੁਰਮੇਲ, ਐਨਾ ਲਜ਼ੀਜ਼ ਖਾਣਾ ਬੜੀ ਦੇਰ ਬਾਅਦ ਖਾਧਾ, ਸ਼ੁਕਰੀਆ। ਹੁਣ ਮੈਂ ਘਰ ਲਈ ਬਾਜ਼ਾਰੋਂ ਕੁਝ ਸਮਾਨ ਖਰੀਦਣਾ, ਮੈਂ ਚਲਦਾਂ, ਫੇਰ ਮਿਲਾਂਗੇ।"

"ਚਲੋ ਮੈਂ ਵੀ ਤੁਹਾਡੇ ਨਾਲ ਚਲਦਾਂ, ਮੈਨੂੰ ਵੀ ਅੱਜ ਹੋਰ ਕੋਈ ਕੰਮ ਨਹੀਂ।" ਮੈਂ ਕਿਹਾ।

"ਨਹੀਂ-ਨਹੀਂ, ਮੈਨੂੰ ਦੇਰ ਹੋ ਜਾਣੀ ਆਂ, ਤੂੰ ਚੱਲ, ਫੇਰ ਕਦੇ ਮਿਲਦੇ ਆਂ।"

"ਕੋਈ ਨਹੀਂ ਮੈਂ ਨਾਲ ਹੀ ਚਲਦਾਂ। ਮੈਂ ਅੱਜ ਵਿਹਲਾ ਹਾਂ।"

ਮੈਨੂੰ ਲਾਹਾ ਸੀ ਕਿ ਧੀਰ ਨਾਲ ਕੁਝ ਚਿਰ ਹੋਰ ਬਿਤਾਵਾਂ। ਧੀਰ ਨੇ ਪਰਚੂਨ ਦੀ ਦੁਕਾਨ ਤੋਂ ਕੁਝ ਚੀਜ਼ਾਂ ਖਰੀਦੀਆਂ ਤੇ ਅਸੀਂ ਮੁੜ ਲਾਹੌਰ ਬੁੱਕ ਸ਼ਾਪ ਵੜ ਪਏ ਜਿੱਥੇ ਮੇਰਾ ਸਾਈਕਲ ਖੜ੍ਹਾ ਸੀ। ਮੇਰੇ ਵਲ ਹੱਥ ਵਧਾ ਕੇ ਧੀਰ ਕਹਿਣ ਲੱਗਾ, "ਚੰਗਾ ਮੈਂ ਹੁਣ ਚਲਦਾਂ, ਚਾਰ ਵਜੇ ਮੰਡੀ ਗੋਬਿੰਦਗੜ੍ਹ ਦੀ ਗੱਡੀ ਫੜਨੀ ਆਂ।" ਲਾਹੌਰ ਬੁੱਕ ਸ਼ਾਪ ਤੋਂ ਲੁਧਿਆਣੇ ਦਾ ਰੇਲਵੇ ਸਟੇਸ਼ਨ ਕੋਈ ਮੀਲ ਕੁ ਦੀ ਵਿੱਥ 'ਤੇ ਹੋਵੇਗਾ; ਮੈਂ ਕਿਹਾ, "ਚਲੋ ਸਾਈਕਲ 'ਤੇ ਬੈਠੋ, ਤੁਹਾਨੂੰ ਸਟੇਸ਼ਨ ਛੱਡ ਕੇ ਮੈਂ ਅਗਾਂਹ ਹੋਸਟਲ ਵਲ ਨਿਕਲ ਜਾਵਾਂਗਾ।" ਸਟੇਸ਼ਨ 'ਤੇ ਪਹੁੰਚ ਕੇ ਮੈਂ ਸਾਈਕਲ ਨੂੰ 'ਸਾਈਕਲ-ਰੈਕ' ਵਿਚ ਖੜ੍ਹਾ ਕੀਤਾ ਅਤੇ ਧੀਰ ਤੋਂ ਪੁੱਛੇ ਵਗੈਰ ਮੰਡੀ ਗੋਬਿੰਦਗੜ੍ਹ ਦੇ ਦੋ ਟਿਕਟ ਲੈ ਆਇਆ। ਧੀਰ ਕੋਲ ਹਮੇਸ਼ਾ ਚਮੜੇ ਦਾ ਝੋਲਾ ਹੁੰਦਾ ਸੀ ਜੋ ਮੈਂ ਫੜ ਲਿਆ ਤੇ ਧੀਰ ਨੂੰ ਕਿਹਾ, "ਗੱਡੀ ਚੜ੍ਹ ਕੇ ਸੀਟ ਮੱਲ ਲਓ।" ਉਹ ਸੀਟ 'ਤੇ ਜਾ ਬੈਠੇ ਤੇ ਮੈਂ ਝੋਲਾ ਉਨ੍ਹਾਂ ਦੇ ਪੈਰਾਂ 'ਚ ਰੱਖ ਕੇ ਨਾਲ ਦੀ ਸੀਟ 'ਤੇ ਬਹਿ ਗਿਆ। ਗੱਡੀ ਚੱਲ ਪਈ ਤਾਂ ਧੀਰ ਨੇ ਕਿਹਾ ਕਿ ਤੂੰ ਹੁਣ ਉਤਰ ਜਾ, ਗੱਡੀ ਤੇਜ਼ ਹੋ ਰਹੀ ਹੈ।" ਮੈਂ ਜਵਾਬ ਦਿਤਾ, "ਮੈਨੂੰ ਕੱਲ੍ਹ ਦੀ ਛੁੱਟੀ ਹੈ, ਤੁਹਾਡੇ ਨਾਲ ਹੀ ਚਲਦਾਂ, ਭਲਕੇ ਮੁੜ ਆਵਾਂਗਾ। ਟਿਕਟ ਮੈਂ ਦੋ ਲੈ ਲਏ ਹਨ।" ਧੀਰ ਨੇ ਕਿਹਾ, "ਤੂੰ ਇੱਕਣ ਨਹੀਂ ਸੀ ਕਰਨਾ, ਪਹਿਲਾਂ ਹੀ ਤੇਰਾ ਕਾਫੀ ਖਰਚ ਹੋ ਗਿਆ। ਅੱਛਾ ਚੰਗਾ, ਤੇਰੀ ਮਰਜ਼ੀ।" ਉਸ ਦੇ ਬੋਲਾਂ ਤੋਂ ਲਗਦਾ ਸੀ ਕਿ ਉਹ ਮੈਨੂੰ ਨਾਲ ਲਿਜਾਣ ਤੋਂ ਝਿਜਕ ਰਿਹਾ ਸੀ। ਅਸੀਂ ਮੰਡੀ ਗੋਬਿੰਦਗੜ੍ਹ ਉਤਰ ਕੇ ਧੀਰ ਦੇ ਪਿੰਡ ਡਡਹੇੜੀ ਦੇ ਰਾਹੇ ਪੈ ਗਏ ਜੋ ਸਟੇਸ਼ਨ ਤੋਂ ਦੋ-ਢਾਈ ਮੀਲ 'ਤੇ ਹੋਵੇਗਾ। ਰਾਹ ਵਿਚ ਧੀਰ ਮੇਰੇ ਪਿਛੋਕੜ ਬਾਰੇ ਪੁੱਛਦਾ ਗਿਆ। ਘਰ ਪਹੁੰਚ ਗਏ ਤਾਂ ਧੀਰ ਨੇ ਆਪਣੀ ਪਤਨੀ ਨੂੰ ਧੀਮੀ ਜਿਹੀ ਆਵਾਜ਼ ਵਿਚ ਕਿਹਾ, "ਮੇਰੇ ਨਾਲ ਮੇਰਾ ਇਕ ਸ਼ਰਧਾਲੂ ਆਇਆ, ਕੁਝ ਖਾਣ ਲਈ ਹੈ?" ਉਸ ਨੇ ਜੋ ਰੁੱਖੀ-ਸੁੱਕੀ ਸੀ, ਪਰੋਸ ਦਿੱਤੀ। ਰਾਤ ਕੱਟ ਕੇ ਮੈਂ ਦੂਜੇ ਦਿਨ ਵਾਪਸ ਲੁਧਿਆਣੇ ਆ ਗਿਆ।

ਸੰਨ 1996 ਵਿਚ ਭਾਸ਼ਾ ਵਿਭਾਗ, ਪਟਿਆਲਾ ਨੇ ਮੈਨੂੰ ਸ਼੍ਰੋਮਣੀ ਕਵੀ ਵਜੋਂ ਸਨਮਾਨਿਆ। ਵੈਸੇ ਤਾਂ ਇਹ ਪੁਰਸਕਾਰ ਸਾਹਿਤਕਾਰ ਦੀ ਸਮੁੱਚੀ ਦੇਣ ਨੂੰ ਧਿਆਨ ਵਿਚ ਰੱਖ ਕੇ ਦਿੱਤਾ ਜਾਂਦਾ ਹੈ ਪਰ ਪਿਛਲੇ ਤਿੰਨ ਸਾਲਾਂ ਦੌਰਾਨ ਛਪੀ ਕਿਸੇ ਪੁਸਤਕ ਨੂੰ ਧਿਆਨ ਗੋਚਰੇ ਰੱਖਿਆ ਜਾਂਦਾ ਹੈ। ਮੇਰੀ ਕਵਿਤਾ ਦੀ ਪੁਸਤਕ 'ਸੁਰਖੀਆਂ' ਨੂੰ ਮੁੱਖ ਰੱਖ ਕੇ ਇਹ ਇਨਾਮ ਦਿੱਤਾ ਗਿਆ ਸੀ। ਇਨਾਮ ਵੰਡਣ ਸਮੇਂ ਮੈਂ ਹਾਜ਼ਰ ਨਹੀਂ ਸੀ ਹੋ ਸਕਿਆ। ਭਾਸ਼ਾ ਵਭਾਗ ਦੇ ਡਾਇਰੈਕਟਰ ਡਾ. ਮਦਨ ਲਾਲ ਹਸੀਜਾ ਨੇ ਚਿੱਠੀ ਲਿਖੀ ਕਿ ਜਦ ਤੂੰ ਪੰਜਾਬ ਆਵੇਂਗਾ, ਉਦੋਂ ਸਮਾਗਮ ਕਰ ਲਵਾਂਗੇ। ਦਸੰਬਰ 1996 ਵਿਚ ਮੈਂ ਪੰਜਾਬ ਗਿਆ ਤਾਂ ਉਸ ਨੇ ਚੰਡੀਗੜ੍ਹ ਸਮਾਗਮ ਰੱਖ ਲਿਆ। ਹਸੀਜਾ ਜੀ ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਵਿੱਦਿਆ ਮੰਤਰੀ ਤੋਂ ਕਰਾਉਣਾ ਚਾਹੁੰਦਾ ਸੀ ਪਰ ਉਹ ਲੱਭ ਨਹੀਂ ਸੀ ਰਿਹਾ। ਮੇਰੀ ਅਮਰੀਕਾ ਵਾਪਸ ਮੁੜਨ ਦੀ ਤਾਰੀਕ ਨੇੜੇ ਆ ਰਹੀ ਸੀ। ਜਦ ਮੁੜਨ ਵਿਚ ਦੋ ਦਿਨ ਹੀ ਰਹਿ ਗਏ ਤਾਂ ਮੈਂ ਹਸੀਜਾ ਸਾਹਿਬ ਨੂੰ ਕਿਹਾ ਕਿ ਕਿਸੇ ਮੰਤਰੀ ਨਾਲੋਂ ਸਮਾਗਮ ਦੀ ਪ੍ਰਧਾਨਗੀ ਸੰਤੋਖ ਸਿੰਘ ਧੀਰ ਤੋਂ ਕਰਵਾ ਲਉ। ਧੀਰ ਮੇਰਾ ਪੁਰਾਣਾ ਦੋਸਤ ਹੈ, ਨਾਲੇ ਮੇਰੀਆਂ ਲਿਖਤਾਂ ਤੋਂ ਵੀ ਵਾਕਿਫ ਹੈ। ਧੀਰ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ ਅਤੇ ਭਾਸ਼ਨ ਵਿਚ ਸਾਡੀ ਪਹਿਲੀ ਮਿਲਣੀ ਦਾ ਜ਼ਿਕਰ ਕੁਝ ਇਸ ਤਰ੍ਹਾਂ ਕੀਤਾ:

'ਗੁਰਮੇਲ ਮੈਨੂੰ ਪਹਿਲੀ ਵਾਰ ਲਾਹੌਰ ਬੁਕ ਸ਼ਾਪ 'ਤੇ ਮਿਲਿਆ। ਇਹ ਮੇਰੇ ਨਾਂ ਤੋਂ ਪਹਿਲਾਂ ਹੀ ਵਾਕਿਫ ਸੀ, ਸ਼ਾਇਦ ਮੈਨੂੰ ਕਿਸੇ ਕਵੀ ਦਰਬਾਰ ਵਿਚ ਸੁਣ ਚੁਕਿਆ ਸੀ। ਮੇਰੀ ਕਵਿਤਾ ਤੋਂ ਬਹੁਤ ਪ੍ਰਭਾਵਤ ਹੋਣ ਕਰ ਕੇ ਇਹ ਮੇਰੇ ਨਾਲ ਬੜੇ ਆਦਰ ਭਾਅ ਨਾਲ ਪੇਸ਼ ਆਇਆ। ਮੈਨੂੰ 'ਧੀਰ ਸਾਹਿਬ, ਧੀਰ ਸਾਹਿਬ' ਕਹਿ ਕੇ ਬੁਲਾਵੇ। ਪਹਿਲੀ ਮਿਲਣੀ ਇਸ ਕਰ ਕੇ ਵੀ ਯਾਦ ਹੈ ਕਿਉਂਕਿ ਗੁਰਮੇਲ ਨੇ ਮੈਨੂੰ ਲੁਧਿਆਣਾ ਦੇ ਲਾਹੌਰੀਆਂ ਦੇ ਹੋਟਲ ਤੋਂ ਬਹੁਤ ਹੀ ਲਜ਼ੀਜ਼ ਖਾਣਾ ਖਿਲਾਇਆ ਸੀ, ਐਨਾ ਸੁਆਦ ਖਾਣਾ ਮੈਂ ਸ਼ਾਇਦ ਪਹਿਲੀ ਵਾਰ ਖਾਧਾ ਸੀ। ਖਾਣਾ ਖਾਣ ਤੋਂ ਬਾਅਦ ਮੈਂ ਘਰ ਲਈ ਕੁਝ ਸਾਮਾਨ ਖਰੀਦਣਾ ਸੀ ਤਾਂ ਇਹ ਵੀ ਮੇਰੇ ਨਾਲ ਹੀ ਤੁਰ ਪਿਆ। ਮੈਂ ਸੋਚਿਆ ਕਿ ਇਹ ਮੇਰੇ ਨਾਲ ਕੁਝ ਹੋਰ ਵਕਤ ਬਿਤਾਉਣਾ ਚਾਹੁੰਦਾ ਹੈ। ਜਦ ਮੈਂ ਪਰਚੂਨ ਦੀ ਦੁਕਾਨ ਤੋਂ ਕੁਝ ਖਰੀਦਿਆ ਤਾਂ ਇਹ ਜੇਬ 'ਚੋਂ ਪੈਸੇ ਕੱਢ ਕੇ ਦੇਣ ਲੱਗਾ। ਮੈਂ ਕਿਹਾ, ਨਹੀਂ-ਨਹੀਂ, ਤੂੰ ਮੈਨੂੰ ਐਨਾ ਲਜ਼ੀਜ਼ ਖਾਣਾ ਖਿਲਾਇਆ, ਤੇਰੇ ਕਾਫੀ ਪੈਸੇ ਖਰਚ ਹੋ ਗਏ, ਤੂੰ ਰਹਿਣ ਦੇ। ਖੈਰ! ਮੈਂ ਇਸ ਨੂੰ ਪੈਸੇ ਨਾ ਦੇਣ ਦਿੱਤੇ। ਜਦ ਮੈਂ ਪੈਸੇ ਦੇਣ ਲੱਗਾ ਤਾਂ ਚੁਆਨੀ ਘਟਦੀ ਸੀ, ਜੇ ਰੁਪੱਈਆ ਤੁੜਾ ਕੇ ਦਿੰਦਾ ਤਾਂ ਵਾਪਸ ਜਾਣ ਦਾ ਕਿਰਾਇਆ ਘਟਦਾ ਸੀ। ਇਸ ਨੇ ਫੇਰ ਕਿਹਾ, ਧੀਰ ਸਾਹਿਬ ਤੁਸੀਂ ਫਿਕਰ ਨਾ ਕਰੋ, ਮੈਂ ਪੈਸੇ ਦੇ ਦਿੰਦਾ ਹਾਂ। ਮੈਨੂੰ ਨਮੋਸ਼ੀ ਜਿਹੀ ਮਹਿਸੂਸ ਹੋਈ ਕਿ ਇਹ ਕੀ ਸੋਚਦਾ ਹੋਵੇਗਾ, ਮੈਂ ਨੰਗ ਹੀ ਹਾਂ ਪਰ ਮਜਬੂਰੀ ਸੀ, ਇਸ ਤੋਂ ਚੁਆਨੀ ਲੈ ਕੇ ਦੁਕਾਨਦਾਰ ਨੂੰ ਦੇ ਦਿਤੀ। ਮੈਂ ਪਿੰਡ ਨੂੰ ਜਾਣ ਲਈ ਗੱਡੀ ਫੜਨੀ ਸੀ ਤਾਂ ਇਹ ਕਹਿਣ ਲੱਗਾ, ਚਲੋ ਮੈਂ ਸਾਈਕਲ 'ਤੇ ਸਟੇਸ਼ਨ ਤੱਕ ਛੱਡ ਆਉਂਦਾ। ਮੈਂ ਕਿਹਾ, ਕੋਈ ਨਹੀਂ, ਤੂੰ ਹੁਣ ਜਾਹ, ਮੈਂ ਤੁਰ ਕੇ ਚਲਿਆ ਜਾਵਾਂਗਾ। ਇਸ ਦੀ ਜ਼ਿਦ ਕਰਨ 'ਤੇ ਮੈਂ ਸਾਈਕਲ 'ਤੇ ਬਹਿ ਗਿਆ। ਸਟੇਸ਼ਨ ਪਹੁੰਚ ਕੇ ਫੇਰ ਕਿਹਾ, ਅਛਾ ਮੈਂ ਟਿਕਟ ਲੈ ਲਵਾਂ, ਤੂੰ ਹੁਣ ਜਾਹ। ਇਹ ਮੱਲੋ-ਮੱਲੀ ਦੋ ਟਿਕਟਾਂ ਲੈ ਆਇਆ, ਤੇ ਕਹਿਣ ਲੱਗਾ, ਮੈਨੂੰ ਕੱਲ੍ਹ ਦੀ ਛੁੱਟੀ ਹੈ, ਮੈਂ ਵੀ ਨਾਲ ਹੀ ਚਲਦਾਂ, ਤੇਰਾ ਪਿੰਡ ਦੇਖ ਆਵਾਂਗਾ। ਜਦ ਇਹ ਮੇਰੇ ਨਾਲ ਗੱਡੀ 'ਚ ਬਹਿ ਗਿਆ ਤਾਂ ਮਨ ਵਿਚ ਭੈਅ ਜਿਹਾ ਪੈਦਾ ਹੋ ਗਿਆ ਕਿ ਇਹ ਕਿਤੇ ਖਿਸਕਿਆ ਹੋਇਆ ਤਾਂ ਨਹੀਂ, ਲਸੂੜੇ ਦੀ ਗਿਟਕ ਵਾਂਗ ਨਾਲੋਂ ਈ ਨਹੀਂ ਲਹਿੰਦਾ। ਹੁਣ ਮੈਨੂੰ ਇਹਤੋਂ ਕੁਝ ਡਰ ਜਿਹਾ ਵੀ ਲੱਗਣ ਲੱਗ ਪਿਆ। ਖੈਰ! ਅਸੀਂ ਡਡਹੇੜੀ ਪਹੁੰਚ ਗਏ। ਸਾਡੇ ਘਰ ਡੰਗ-ਦੀ-ਡੰਗ ਗੁਜ਼ਾਰਾ ਹੁੰਦਾ ਸੀ, ਮੈਨੂੰ ਨਹੀਂ ਸੀ ਪਤਾ ਕਿ ਘਰ ਵਿਚ ਖਾਣ ਨੂੰ ਕੁਝ ਬਣਿਆ ਹੋਇਆ ਵੀ ਹੈ! ਆਪਣੀ ਬੀਵੀ ਨੂੰ ਹੌਲੀ ਜਿਹੀ ਕਿਹਾ, ਮੇਰੇ ਨਾਲ ਇਕ ਮੇਰਾ ਉਪਾਸ਼ਕ ਮੁੰਡਾ ਵੀ ਆਇਆ ਹੈ, ਕੁਝ ਖਾਣ ਨੂੰ ਹੈ? ਉਹ ਧੀਮੀ ਆਵਾਜ਼ ਵਿਚ ਬੋਲੀ, ਮਸਰਾਂ ਦੀ ਦਾਲ ਬਣਾਉਂਦੀ ਆਂ। ਗੁਰਮੇਲ ਨੇ ਸੁਣ ਲਿਆ ਤੇ ਇਕ ਦਮ ਬੋਲਿਆ, 'ਮੈਨੂੰ ਮਸਰਾਂ ਦੀ ਦਾਲ ਬਹੁਤ ਪਸੰਦ ਹੈ।' ਬੀਵੀ ਨੇ ਮਸਰਾਂ ਦੀ ਦਾਲ ਵਗੈਰਾ ਬਣਾ ਕੇ ਜੋ ਰੁੱਖੀ-ਸੁੱਕੀ ਸੀ, ਪਰੋਸ ਦਿੱਤੀ। ਖਾ ਕੇ ਇਹ ਕਹਿਣ ਲੱਗਾ, "ਬਈ ਧੀਰ ਸੁਆਦ ਆ ਗਿਆ, ਤੂੰ ਕਰਮਾਂ ਵਾਲਾਂ, ਤੈਨੂੰ ਹੋਸਟਲ ਦੀ ਰੋਟੀ ਨਹੀਂ ਖਾਣੀ ਪੈਂਦੀ, ਕਦੇ ਸਾਲਾ ਲੂਣ ਘੱਟ ਤੇ ਕਦੇ ਮਿਰਚਾਂ ਵੱਧ।"

ਸੁਣ ਕੇ ਮੈਨੂੰ ਧੱਕਾ ਜਿਹਾ ਲੱਗਿਆ ਕਿ ਜਦ ਇਹ ਸਵੇਰੇ ਮਿਲਿਆ ਸੀ ਤਾਂ ਮੈਨੂੰ 'ਧੀਰ ਸਾਹਿਬ, ਧੀਰ ਸਾਹਿਬ' ਕਹਿ ਕੇ ਬੁਲਾਉਂਦਾ ਸੀ, ਸ਼ਾਮ ਤੱਕ 'ਧੀਰ' ਤੇ ਆ ਗਿਆ ਅਤੇ ਰੋਟੀ ਖਾਣ ਵੇਲੇ 'ਕੱਲਾ 'ਤੂੰ' ਤੱਕ ਪਹੁੰਚ ਗਿਆ। ਦੂਜੇ ਦਿਨ ਜਦ ਮੈਂ ਗੁਰਮੇਲ ਨੂੰ ਮੰਡੀ ਗੋਬਿੰਦਗੜ੍ਹ ਦੇ ਸਟੇਸ਼ਨ 'ਤੇ ਛੱਡ ਕੇ ਮੁੜ ਰਿਹਾ ਸੀ ਤਾਂ ਇਸ ਦੀ 24 ਘੰਟਿਆਂ ਵਿਚ 'ਧੀਰ ਸਾਹਿਬ' ਤੋਂ 'ਧੀਰ' ਅਤੇ ਧੀਰ ਤੋਂ 'ਤੂੰ' ਤਕ ਪਹੁੰਚਣ ਦੀ ਬੇਬਾਕੀ ਬਾਰੇ ਸੋਚਦਾ ਆਇਆ। ਘਰ ਤਕ ਪਹੁੰਚਦਿਆਂ ਮੈਂ ਥੋੜ੍ਹਾ ਉਦਾਸ ਹੋ ਗਿਆ, ਮਨ ਵਿਚ ਖਿਆਲ ਆਈ ਜਾਵੇ, 'ਇਕ ਦਿਨ ਹੋਰ ਰਹਿ ਜਾਂਦਾ ਤਾਂ ਬੜਾ ਚੰਗਾ ਹੁੰਦਾ।'

ਸੰਤੋਖ ਸਿੰਘ ਧੀਰ ਜਦ ਵੀ ਲੁਧਿਆਣੇ ਆਉਂਦਾ ਤਾਂ ਮੇਰੇ ਕੋਲ ਹੀ ਠਹਿਰਦਾ, ਭਾਵੇਂ ਉਸ ਦੇ ਪੁਰਾਣੇ ਮਿੱਤਰ ਅਜਾਇਬ ਚਿਤਰਕਾਰ ਅਤੇ ਹਜ਼ਾਰਾ ਸਿੰਘ, ਇਸੇ ਸ਼ਹਿਰ ਵਿਚ ਰਹਿੰਦੇ ਸਨ। ਇਹ ਦੋਵੇਂ ਜੀਵਨ ਸਿੰਘ ਦੀ ਲਾਹੌਰ ਆਰਟ ਪ੍ਰੈਸ ਵਿਚ ਕੰਮ ਕਰਦੇ ਸਨ। ਜਦ ਉਹ ਆਉਂਦਾ ਤਾਂ ਅਸੀਂ ਉਨ੍ਹਾਂ ਨੂੰ ਮਿਲਣ ਜ਼ਰੂਰ ਜਾਂਦੇ ਜਿਸ ਕਰ ਕੇ ਅਜਾਇਬ ਅਤੇ ਹਜ਼ਾਰਾ ਸਿੰਘ ਨਾਲ ਮੇਰਾ ਮੇਲਜੋਲ ਵੀ ਮਿਤਰਾਨਾ ਹੋ ਗਿਆ ਸੀ। ਲਾਹੌਰ ਆਰਟ ਪ੍ਰੈਸ 'ਤੇ ਬਹਿ ਕੇ ਅਸੀਂ ਗੱਪਾਂ ਮਾਰਦੇ ਅਤੇ ਹਲਕੀ ਜਿਹੀ ਰੌਅ ਵਿਚ ਸਹਿਤਕਾਰਾਂ ਦੀ ਬਣਦੀ-ਜੁੜਦੀ ਸ਼ਲਾਘਾ ਅਤੇ ਚੁਗਲੀ-ਨਿੰਦਾ ਕਰਦੇ। ਉਨ੍ਹਾਂ ਸਾਲਾਂ ਵਿਚ ਧੀਰ ਨਾਲ ਸੰਬੰਧਤ ਕੁਝ ਦਿਲਚਸਪ ਘਟਨਾਵਾਂ ਵਾਪਰੀਆਂ ਜਿਨ੍ਹਾਂ ਦਾ ਮੈਂ ਚਸ਼ਮਦੀਦ ਗਵਾਹ ਹਾਂ।

**ਪੰਜ ਗਾਲ੍ਹਾਂ:** ਇਕ ਵਾਰ ਹਜ਼ਾਰਾ ਸਿੰਘ ਨੇ ਧੀਰ, ਅਜਾਇਬ ਚਿਤਰਕਾਰ ਤੇ ਮੈਨੂੰ ਸ਼ਾਮ ਦੇ ਖਾਣੇ 'ਤੇ ਬੁਲਾਇਆ। ਧੀਰ ਮੇਰੇ ਪਾਸ ਕਾਲਜ ਦੇ ਹੋਸਟਲ ਵਿਚ ਠਹਿਰਿਆ ਹੋਇਆ ਸੀ। ਅਸੀਂ ਦੋਵੇਂ ਸਾਈਕਲ 'ਤੇ ਜਗਰਾਵਾਂ ਵਾਲਾ ਪੁਲ ਪਾਰ ਕਰ ਕੇ ਹਜ਼ਾਰਾ ਸਿੰਘ ਦੇ ਘਰ ਪਹੁੰਚੇ। ਉਸ ਦਾ ਘਰ ਪੁਲ ਤੋਂ ਉਤਰਦਿਆਂ ਸਾਰ ਸੱਜੇ ਪਾਸੇ ਨੂੰ ਮੁੜਦੀ ਭੀੜੀ ਜਿਹੀ ਸੜਕ 'ਤੇ ਸੀ। ਘਰ ਪਹੁੰਚ ਕੇ ਕੁਰਸੀ 'ਤੇ ਬਹਿੰਦਿਆਂ ਧੀਰ ਨੇ ਪੱਗ ਲਾਹ ਕੇ ਨਾਲ ਦੇ ਮੇਜ਼ 'ਤੇ ਰੱਖੀ ਅਤੇ ਘਰਦਿਆਂ ਵਾਂਗ ਸੌਖਾ ਹੋ ਕੇ ਬਹਿ ਗਿਆ। ਐਨੇ ਨੂੰ ਅਜਾਇਬ ਵੀ ਆ ਗਿਆ। ਹਜ਼ਾਰਾ ਸਿੰਘ ਦੇ ਕੁਝ ਰਿਸ਼ਤੇਦਾਰ ਵੀ ਆ ਪਹੁੰਚੇ। ਉਸ ਨੇ ਸਾਰਿਆਂ ਦਾ ਤੁਆਰਫ ਕਰਾਇਆ ਤਾਂ ਸਰਸਰੀ ਜਿਹੀ ਗੱਲਬਾਤ ਸ਼ੁਰੂ ਹੋ ਗਈ। ਉਸ ਮਹੀਨੇ ਧੀਰ ਦੀ ਮਸ਼ਹੂਰ ਨਜ਼ਮ 'ਨਿੱਕੀ ਸਲੇਟੀ ਸੜਕ ਦਾ ਟੋਟਾ' ਛਪੀ ਸੀ। ਇਹ ਨਜ਼ਮ ਧੀਰ ਦੇ ਦਿਲ 'ਚੋਂ ਨਿਕਲੀ ਹੋਈ ਸੱਚੇ-ਸੁੱਚੇ ਪਿਆਰ ਦੀ ਦਾਸਤਾਂ ਹੈ ਜਿਸ ਨੂੰ ਪ੍ਰਭਾਵਸ਼ਾਲੀ ਅਲੰਕਾਰਕ ਸ਼ਬਦਾਬਲੀ ਵਿਚ ਦਰਸਾਇਆ ਗਿਆ ਹੈ। ਇਕ ਅੱਲ੍ਹੜ ਜਿਹੀ ਕੁੜੀ ਦੀਆਂ ਕੱਚੀਆਂ, ਪਰ ਸੱਚੀਆਂ ਭਾਵਨਾਵਾਂ ਨੂੰ ਬੜੇ ਰੌਚਕ ਢੰਗ ਨਾਲ ਬਿਆਨ ਕੀਤਾ ਗਿਆ ਹੈ। ਕਵਿਤਾ ਵਿਚ ਜਿਸ ਸੜਕ ਦੇ ਟੋਟੇ ਨੂੰ ਅਲੰਕਾਰ ਦੇ ਤੌਰ 'ਤੇ ਵਰਤਿਆ ਗਿਆ ਹੈ, ਉਹ ਉਸ ਕੁੜੀ ਦੇ ਪਿੰਡ ਨੂੰ ਜਾਂਦੀ ਹੈ। ਇਹ ਪਿਆਰ ਹਕੀਕੀ ਸੀ ਜਾਂ ਮਿਜ਼ਾਜੀ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਨਜ਼ਮ ਵਿਚ ਜਿਸ ਸ਼ਿਦਤ ਨਾਲ ਇਸ ਦਾ ਇਜ਼ਹਾਰ ਹੋਇਆ ਹੈ, ਉਹ ਬਹੁਤ ਦਿਲ ਟੁੰਬਵਾਂ ਹੈ।

ਕਵਿਤਾ ਦੀ ਮੁੱਖ ਪਾਤਰ ਕੁੜੀ ਹੈ ਜਿਸ ਦਾ ਪਿਤਾ ਕਵਿਤਾ ਵਿਚ ਦਿਲਚਸਪੀ ਰੱਖਦਾ ਹੈ ਅਤੇ ਪ੍ਰਗਤੀਵਾਦੀ ਵਿਚਾਰਾਂ ਦਾ ਹੋਣ ਕਰ ਕੇ ਅਕਸਰ ਕਵੀ ਦਰਬਾਰਾਂ ਵਿਚ ਜਾਂਦਾ ਸੀ। ਉਨ੍ਹਾਂ ਦਿਨਾਂ ਵਿਚ ਅਗਾਂਹ-ਵਧੂ ਵਿਚਾਰਧਾਰਾ ਨਾਲ ਸੰਬੰਧਤ ਕਵੀ ਦਰਬਾਰਾਂ ਦਾ ਬੋਲ-ਬਾਲਾ ਸੀ। ਉਹ ਆਪਣੀ ਮੁਟਿਆਰ ਧੀ ਨੂੰ ਵੀ ਨਾਲ ਲੈ ਜਾਂਦਾ ਤਾਂ ਕਿ ਭਵਿਖ ਵਿਚ ਪਿਤਾ ਦੇ ਪੂਰਨਿਆਂ 'ਤੇ ਚੱਲ ਸਕੇ। ਉਸ ਵੇਲੇ ਕਵੀ ਦਰਬਾਰਾਂ ਵਿਚ ਧੀਰ ਦੀ ਚੜ੍ਹਤ ਸੀ। ਇਕ ਕਵੀ ਦਰਬਾਰ ਦੌਰਾਨ ਪਿਤਾ ਆਪਣੀ ਧੀ ਨੂੰ ਧੀਰ ਨਾਲ ਮਿਲਾਉਂਦਾ ਹੈ। ਕਈ ਵਾਰੀ ਮਿਲਣ-ਜੁਲਣ ਕਰ ਕੇ ਕੁੜੀ ਦੀ ਧੀਰ ਨਾਲ ਸਹਿਜ-ਪ੍ਰੀਤ ਹੋ ਜਾਂਦੀ ਹੈ। ਕੱਚੀ ਜਿਹੀ ਉਮਰੇ ਅਜਿਹੀ ਪ੍ਰੀਤ ਹੋ ਜਾਣੀ ਸੁਭਾਵਕ ਹੈ। ਇਹ ਤਾਂ ਪਤਾ ਨਹੀਂ ਕਿ ਇਹ ਪ੍ਰੀਤ ਕਿੱਥੋਂ ਤੱਕ ਪਹੁੰਚੀ ਪਰ ਧੀਰ ਨੇ ਇਸ ਪ੍ਰੇਮ ਕਾਹਣੀ ਨੂੰ ਆਪਣੇ ਨਾਵਲ 'ਯਾਦਗਾਰ' ਵਿਚ ਬੜੀ ਸੂਖਮਤਾ ਨਾਲ ਚਿਤਰਿਆ ਹੈ। ਧੀਰ ਦੇ ਸ਼ਬਦਾਂ ਵਿਚ 'ਇਹ ਨਾਵਲ ਪਿਆਰ ਦਾ ਨਹੀਂ ਸਗੋਂ ਪ੍ਰੇਮ ਦਾ ਨਾਵਲ ਹੈ। ਭਗਤੀ ਲਹਿਰ ਦੇ ਸੰਤ ਜਿਸ ਪ੍ਰੇਮ ਨੂੰ ਗਾਉਂਦੇ ਰਹੇ ਹਨ, ਇਹ ਉਸ ਪ੍ਰੇਮ ਦਾ ਨਾਵਲ ਹੈ, ਜਿਸ ਪ੍ਰੇਮ ਨੂੰ ਕਰਨ ਨਾਲ ਉਹ ਪ੍ਰਭੂ ਨੂੰ ਪਾਉਂਦੇ ਹੁੰਦੇ ਸਨ'। ਧੀਰ ਦੀ ਨਜ਼ਮ 'ਨਿੱਕੀ ਸਲੇਟੀ ਸੜਕ ਦਾ ਟੋਟਾ' ਇਸ ਨਾਵਲ ਦੀ ਭੂਮਿਕਾ ਕਹੀ ਜਾ ਸਕਦੀ ਹੈ ਜੋ ਉਸ ਨੇ ਆਪਣੀ ਪ੍ਰੇਮਣ ਦੇ ਜਿਉਂਦਿਆਂ ਜੀ ਲਿਖੀ ਸੀ ਪਰ ਇਹ ਨਾਵਲ ਉਸ ਕੁੜੀ ਦੀ ਕੁਵੇਲੇ-ਵੇਲੇ ਹੋਈ ਮੌਤ ਤੋਂ ਬਾਅਦ ਵਿਚ ਲਿਖਿਆ। ਧੀਰ ਇਸ ਕਵਿਤਾ ਨੂੰ ਆਪਣੇ ਜੀਵਨ ਦੀ ਬਿਹਤਰੀਨ ਨਜ਼ਮ ਕਹਿੰਦਾ ਸੀ। ਧੀਰ ਦੀ ਇਸ ਨਜ਼ਮ ਦੇ ਦੋ ਬੰਦ ਸ਼ਰਧਾਂਜਲੀ ਵਜੋਂ ਇਥੇ ਦਰਜ ਕਰਨ ਦਾ ਮਾਣ ਲੈਣਾ ਚਾਹਵਾਂਗਾ:

ਨਿੱਕੀ ਸਲੇਟੀ ਸੜਕ ਦਾ ਟੋਟਾ
ਨਿੱਕੀ ਸਲੇਟੀ ਸੜਕ ਕਿਨਾਰੇ
ਪਿੰਡ ਵਸਦਾ, ਜਿੱਥੇ ਵਸਣ ਪਿਆਰੇ।
ਨਿੱਕੀ ਸਲੇਟੀ ਸੜਕ ਦਾ ਟੋਟਾ
ਓਨਾ ਪਿਆਰਾ, ਜਿੰਨਾ ਛੋਟਾ
ਕੰਨੀਆਂ ਉਤੇ ਬਿਰਛ ਖਲੋਤੇ
ਲੰਮੇ, ਮਧਰੇ, ਛਿਦਰੇ, ਸੰਘਣੇ
ਸੀਹੋਂ, ਕਿੱਕਰ, ਧ੍ਰੇਕ, ਫੁਲਾਹੀਆਂ
ਨਾਲ ਅੰਬਾਂ ਸਿਰ ਜੋੜੇ ਖੜ੍ਹੀਆਂ
ਕਿਤੇ-ਕਿਤੇ ਹਿੱਲਣ ਮਧ-ਮੱਤੇ
ਸਾਗਵਾਨ ਦੇ ਚੌੜੇ ਪੱਤੇ।
ਨਿੱਕੀ ਸਲੇਟੀ ਸੜਕ ਦੇ ਉਤੇ
ਫੇਰ ਤੁਰੇ ਭਾਦੋਂ ਦੀ ਰੁੱਤੇ
ਪਹੁ-ਨਣਦੀ ਨੇ ਛੇੜ-ਛੇੜ ਕੇ
ਸੀ ਭਾਬੋ-ਪ੍ਰਭਾਤ ਜਗਾਈ
ਸਿਰ 'ਤੇ ਲੈ ਅੰਬਰਸੀਆ ਲੀੜਾ
ਉਠੀ ਸਰਘੀ ਲੈ ਅੰਗੜਾਈ
ਸਿਰ 'ਤੇ ਰੱਖ ਚਾਨਣ ਦਾ ਭੱਤਾ
ਬੰਨੇ-ਬੰਨੇ ਤੁਰੀ ਸਲੇਟੀ।

ਹਜ਼ਾਰਾ ਸਿੰਘ ਨੇ ਇਸ ਨਜ਼ਮ ਦੀ ਬਹੁਤ ਤਾਰੀਫ ਕੀਤੀ ਅਤੇ ਨਾਲ ਹੀ ਸੁਝਾਅ ਦਿੱਤਾ, "ਧੀਰ ਸਾਹਬ, ਜੇ 'ਅੰਬਰਸੀਆ ਲੀੜਾ' ਦੇ ਥਾਂ 'ਅੰਬਰਸੀਆ ਚੁੰਨੀ' ਹੁੰਦੀ ਤਾਂ ਚਾਰ ਚੰਦ ਲੱਗ ਜਾਣੇ ਸਨ।" ਧੀਰ ਦੀ ਇਹ ਨਜ਼ਮ ਉਸ ਮਹਿਬੂਬਾ ਬਾਰੇ ਲਿਖਿਆ ਪ੍ਰੇਮ ਗੀਤ ਸੀ ਜਿਸ ਨੂੰ ਉਹ ਜਾਨ ਨਾਲੋਂ ਵੱਧ ਪਿਆਰ ਕਰਦਾ ਸੀ। ਹਜ਼ਾਰਾ ਸਿੰਘ ਦੀ ਟਿਪਣੀ ਸੁਣ ਕੇ ਧੀਰ ਨੂੰ ਗੁੱਸਾ ਚੜ੍ਹ ਗਿਆ ਅਤੇ ਭੜਕ ਕੇ ਬੋਲਿਆ, "ਸਾਲੇ ਪਰੂਫ ਰੀਡਰ, ਤੈਨੂੰ ਕੀ ਪਤਾ ਕਵਿਤਾ ਵਿਚ ਕਿਹੜਾ ਸ਼ਬਦ ਕਿੱਥੇ ਵਰਤਣਾ ਚਾਹੀਦੈ!" ਹਜ਼ਾਰਾ ਸਿੰਘ ਦੀ ਬੀਵੀ, ਬੱਚੇ ਅਤੇ ਕੁਝ ਰਿਸ਼ਤੇਦਾਰ ਵੀ ਬੈਠੇ ਹੋਏ ਸਨ ਜਿਨ੍ਹਾਂ ਦੀ ਹਾਜ਼ਰੀ ਵਿਚ ਧੀਰ ਨੇ ਇਹ ਅਪਮਾਨ ਭਰੇ ਕੌੜ-ਕਸੈਲੇ ਸ਼ਬਦ ਕਹੇ। ਹਜ਼ਾਰਾ ਸਿੰਘ ਨੂੰ ਵੀ ਗੁੱਸਾ ਚੜ੍ਹ ਗਿਆ, ਉਸ ਨੇ ਇਕੋ ਸਾਹੇ ਪੰਜ-

***(ਬਾਕੀ ਅਗਲੇ ਸਫੇ 'ਤੇ)***

# ਤਣੀ ਹੋਈ ਉਂਗਲ

*(ਪਿਛਲੇ ਸਫੇ ਦੀ ਬਾਕੀ)*

ਸੱਤ ਕਰਾਰੀਆਂ-ਕਰਾਰੀਆਂ ਗਾਲਾਂ ਕੱਢੀਆਂ ਜੋ ਇਥੇ ਦੁਹਰਾਈਆਂ ਨਹੀਂ ਜਾ ਸਕਦੀਆਂ। ਗਾਲਾਂ ਸੁਣ ਕੇ ਧੀਰ ਦੇ ਸਿਰ ਤਾਂ ਸੱਤਾਂ ਘੜਿਆਂ ਦਾ ਪਾਣੀ ਪੈਣਾ ਹੀ ਸੀ, ਬਾਕੀਆਂ ਦਾ ਸੁਆਦ ਵੀ ਕਿਰਕਿਰਾ ਹੋ ਗਿਆ। ਧੀਰ ਹੱਕਾ-ਬੱਕਾ ਰਹਿ ਗਿਆ, ਉਸ ਨੇ ਤਨੌੜ ਵੱਟ ਕੇ ਮੇਜ਼ 'ਤੇ ਪਈ ਪੱਗ ਚੁੱਕ ਕੇ ਸਿਰ 'ਤੇ ਧਰੀ, ਝੋਲਾ ਉਠਾਇਆ ਅਤੇ ਚੁੱਪ-ਚਾਪ ਪੈਰ ਘਸੇਂਦਾ ਘਰੋਂ ਬਾਹਰ ਨਿਕਲ ਗਿਆ। ਮੈਂ ਅਤੇ ਅਜਾਇਬ ਨੇ ਮਨਾਉਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਉਹ ਮੂੰਹ ਵੱਟੀ ਨੱਕ ਦੀ ਸੇਧੇ ਤੁਰਿਆ ਗਿਆ। ਧੀਰ ਮੇਰੇ ਨਾਲ ਆਇਆ ਸੀ, ਇਸ ਲਈ ਮੈਨੂੰ ਵੀ ਮਜਬੂਰਨ ਸਾਈਕਲ ਚੁੱਕ ਕੇ ਉਸ ਦੇ ਪਿੱਛੇ-ਪਿੱਛੇ ਤੁਰਨਾ ਪਿਆ। ਉਹ ਅੱਗੇ-ਅੱਗੇ ਤੇ ਮੈਂ ਪਿੱਛੇ-ਪਿਛੇ। ਛੁੱਪ-ਚਾਪ ਤੁਰਦੇ ਗਏ। ਧੀਰ ਮੂੰਹ ਵਿਚ ਬੁੜਬੜਾ ਰਿਹਾ ਸੀ, "ਆ ਹਾਹਾ। ਉਹੋ ਹੋ, ਹੱਦ ਹੋ ਗਈ ਬਈ...।" ਅੱਗੇ ਜਗਰਾਵਾਂ ਵਾਲਾ ਪੁਲ ਸੀ, ਅਸੀਂ ਅੱਗੜ-ਪਿਛੜ ਪੁਲ 'ਤੇ ਚੜ੍ਹਦੇ ਗਏ। ਜਦ ਪੁਲ ਦੀ ਢਲਾਨ ਆਈ ਤਾਂ ਮੈਂ ਡਰਦੇ ਨੇ ਹੌਲੀ ਜਿਹੀ ਕਿਹਾ ਕਿ ਧੀਰ ਸਾਹਿਬ ਸਾਈਕਲ 'ਤੇ ਬੈਠੋ। ਉਹ ਬੈਠ ਗਿਆ ਤੇ ਅਸੀਂ ਵਗੈਰ ਕੋਈ ਗੱਲਬਾਤ ਕੀਤਿਆਂ ਮੇਰੇ ਹੋਸਟਲ ਪਹੁੰਚ ਗਏ। ਕਮਰੇ ਵਿਚ ਪਹੁੰਚ ਕੇ ਧੀਰ ਚੁਪ-ਚਾਪ ਮੰਜੇ 'ਤੇ ਲੇਟ ਗਿਆ। ਮੈਂ ਹੌਲੀ ਜਿਹੀ ਸਲਾਸੀ ਨਾਲ ਪੁੱਛਿਆ, "ਚਾਹ ਜਾਂ ਕਾਫੀ ਮੰਗਾਵਾਂ?" ਉਹ ਨੱਕ ਦੇ ਕੋਕੇ ਵਾਲੀ ਥਾਂ 'ਤੇ ਕਾਹਲੀ-ਕਾਹਲੀ ਤਣੀ ਹੋਈ ਉਂਗਲ ਮਾਰਦਾ, ਉਧਾਰੇ ਜਿਹੇ ਉਤਰ ਵਾਂਗ ਕਹੇ, "ਰਹਿਣ ਦੇ, ਨਹੀਂ ਰਹਿਣ ਦੇ।" ਖੈਰ! ਮੈਂ ਹੋਸਟਲ ਦੇ ਮੁੰਡੂ ਨੂੰ ਕਿਹਾ ਕਿ ਦੁਕਾਨ ਤੋਂ ਬਰਫੀ ਅਤੇ ਚਾਹ ਲੈ ਆਵੇ। ਜਦ ਚਾਹ ਅਤੇ ਬਰਫੀ ਆ ਗਏ ਤਾਂ ਧੀਰ ਬੋਲਿਆ, "ਚਲੋ ਪੀ ਲੈਂਦੇ ਆਂ, ਵੈਸੇ ਹਜ਼ਾਰਾ ਸਿੰਘ ਨੇ ਅੱਜ ਕਾਫੀ ਚਾਹਟਾ ਛਕਾ ਦਿੱਤਾ।" ਸਹਿਜੇ ਜਿਹੇ ਮੰਜੇ ਤੋਂ ਉਠ ਕੇ ਮਸੋਸਿਆ ਜਿਹਾ ਮੂੰਹ ਬਣਾਈ, ਉਦਾਸ ਜਿਹੀ ਆਵਾਜ਼ ਵਿਚ ਬੋਲਿਆ: "ਬਈ! ਹਜ਼ਾਰਾ ਸਿੰਘ ਤੋਂ ਐਨੀ ਉਮੀਦ ਨਹੀਂ ਸੀ, ਸਾਲੇ ਨੇ ਗਾਲਾਂ ਦੀ ਝੜੀ ਲਾ ਦਿੱਤੀ, ਇਕੋ ਸਾਹੇ ਕਈ ਗਾਲਾਂ ਕੱਢ ਗਿਆ।"

"ਵਾਕਈ ਇਕੋ ਸਾਹੇ ਪੰਜ-ਸੱਤ ਗਾਲਾਂ ਕੱਢ ਦਿੱਤੀਆਂ।" ਮੈਂ ਕਿਹਾ।

"ਅੱਛਾ, ਪੰਜ-ਸੱਤ ਕਿਹੜੀਆਂ ਕਿਹੜੀਆਂ।" ਧੀਰ ਨੇ ਪੁੱਛਿਆ ਤਾਂ ਮੈਂ ਗਾਲਾਂ ਦੁਹਰਾਈਆਂ।

"ਇਹ ਤਾਂ ਪੰਜ ਹੋਈਆਂ।" ਉਂਗਲਾਂ 'ਤੇ ਗਿਣਦਾ ਧੀਰ ਬੋਲਿਆ।

"ਥੋੜ੍ਹੀਆਂ ਤਾਂ ਮੁੜ ਕੇ ਚੱਲੀਏ ਹਜ਼ਾਰਾ ਸਿਹੁੰ ਕੋਲ।" ਮੈਂ ਉਹਨੂੰ ਚੋਭ ਲਾ ਕੇ ਹਸਾਉਣ ਦੀ ਕੋਸ਼ਿਸ਼ ਕੀਤੀ।

"ਹਜ਼ਾਰਾ ਸਿੰਘ ਤੋਂ ਐਨੀ ਉਮੀਦ ਨਹੀਂ ਸੀ।" ਧੀਰ ਨੇ ਹੈਰਤ ਭਰੀ ਆਵਾਜ਼ ਵਿਚ ਦੁਹਰਾਇਆ।

"ਤੂੰ ਹਜ਼ਾਰਾ ਸਿੰਘ ਦੇ ਘਰਦਿਆਂ ਦੇ ਸਾਹਮਣੇ ਗੱਲ ਹੀ ਏਦਾਂ ਦੀ ਕੀਤੀ ਸੀ, ਗਾਲਾਂ ਤਾਂ ਪੈਣੀਆਂ ਹੀ ਸਨ।" ਮੈਂ ਥੋੜ੍ਹਾ ਕਰੜਾ ਹੋ ਕੇ ਬੋਲਿਆ।

ਦੂਜੇ ਦਿਨ ਹਜ਼ਾਰਾ ਸਿੰਘ ਨੇ ਮੈਨੂੰ ਸੁਨੇਹਾ ਭੇਜਿਆ ਕਿ ਧੀਰ ਨੂੰ ਲਾਹੌਰ ਆਰਟ ਪ੍ਰੈਸ ਲੈ ਕੇ ਆਵਾਂ। ਜਦ ਮੈਂ ਧੀਰ ਨੂੰ ਉਸ ਦਾ ਸੁਨੇਹਾ ਸੁਣਾਇਆ ਤਾਂ ਮਹਾਂ ਦੇ ਆਟੇ ਵਾਂਗ ਆਕੜ ਗਿਆ, "ਮੈਂ ਨਹੀਂ ਮਿਲਣਾ ਕਿਸੇ ਹੜੇ ਹਜ਼ਾਰਾ ਸਿਹੁੰ ਨੂੰ।" ਪਰ ਮੈਂ ਮਨਾ-ਮਨੂ ਕੇ ਧੀਰ ਨੂੰ ਹਜ਼ਾਰਾ ਸਿੰਘ ਕੋਲ ਲੈ ਗਿਆ। ਹਜ਼ਾਰਾ ਸਿੰਘ ਦਫਤਰ ਤੋਂ ਬਾਹਰ ਆ ਕੇ ਧੀਰ ਨੂੰ ਬੜੇ ਤਪਾਕ ਨਾਲ ਮਿਲਿਆ ਅਤੇ ਘੁਟਵੀਂ ਜੱਫੀ ਵਿਚ ਲੈਂਦਿਆਂ ਕਹਿਣ ਲੱਗਾ, "ਯਾਰ ਧੀਰ, ਮਾਫ ਕਰਦੇ ਕੱਲ੍ਹ ਗਲਤੀ ਹੋ ਗਈ, ਘਰ ਸੱਦ ਕੇ ਅਵਾ-ਤਵਾ ਬੋਲ ਗਿਆ।" ਧੀਰ ਮੂੰਹ ਵੱਟੀ ਮੱਛੀ ਵਾਂਗ ਜੱਫੀ 'ਚੋਂ ਤਿਲਕਣ ਦੀ ਕੋਸ਼ਿਸ਼ ਕਰੇ ਪਰ ਹਜ਼ਾਰਾ ਸਿੰਘ ਅਪਣੱਤ ਨਾਲ ਜੱਫੀ ਹੋਰ ਪੀਡੀ ਕਰੀ ਜਾਵੇ। ਥੋੜ੍ਹੀ ਦੇਰ ਬਾਅਦ ਮੋਕਲਾ ਜਿਹਾ ਹੋ ਕੇ ਧੀਰ ਜੇਤੂ ਜਲੌਅ ਵਿਚ ਬੋਲਿਆ, "ਬਾਹਯਾਤ ਆਦਮੀ, ਇਕੋ ਸਾਹੇ ਤੂੰ ਪੰਜ ਗਾਲਾਂ ਕੱਢੀਆਂ, ਤੈਨੂੰ ਸ਼ਰਮ ਨਾ ਆਈ ਵੱਡੇ ਕਵੀ ਦੀ ਬੇਇਜ਼ਤੀ ਕਰਦਿਆਂ, ਉਹ ਵੀ ਘਰ ਬੁਲਾ ਕੇ।" ਧੀਰ ਹੁਣ ਪੂਰੀ ਚੜ੍ਹਤ ਵਿਚ ਸੀ ਅਤੇ ਰੋਹਬ ਨਾਲ ਬੋਲ ਰਿਹਾ ਸੀ। ਉਸ ਦੇ ਇਸ ਲਹਿਜ਼ੇ 'ਚੋਂ ਦੋਸਤੀ ਦੀ ਉਹੋ ਪੁਰਾਣੀ ਖੁਸ਼ਬੂ ਆ ਰਹੀ ਸੀ। ਦੋਸਤੀ ਦੀ ਗਹਿਰਾਈ ਦੇ ਇਸ ਜਸ਼ਨ ਨੂੰ ਅਸੀਂ ਬਰਫੀ ਅਤੇ ਚਾਹ ਦੇ ਗੱਫਿਆਂ ਨਾਲ ਮਨਾਇਆ। ਜਦ ਅਸੀਂ ਤੁਰਨ ਲੱਗੇ ਤਾਂ ਅਜਾਇਬ ਨੇ ਕਿਹਾ, "ਧੀਰ, ਜਾਂਦਾ-ਜਾਂਦਾ 'ਨਿੱਕੀ ਸਲੇਟੀ ਸੜਕ ਦਾ ਟੋਟਾ' ਸੁਣਾ ਜਾ।" ਧੀਰ ਨੇ ਹਜ਼ਾਰਾ ਸਿੰਘ ਵਲ ਦੇਖਦਿਆਂ ਕਿਹਾ, "ਹੋਰ ਗਾਲਾਂ ਖਾਣ ਨੂੰ ਹੁਣ ਜੀ ਨਹੀਂ ਕਰਦਾ।"

**ਬਾਹਰਲੇ ਨਾਲੋਂ ਅੰਦਰਲਾ ਮੱਛਰ ਘੱਟ ਜ਼ਹਿਰੀਲਾ**

ਡਾ. ਹਰਿਭਜਨ ਸਿੰਘ ਦੀ ਪਹਿਲੀ ਕਾਵਿ-ਪੁਸਤਕ 'ਲਾਸਾਂ' ਛਪਣ ਉਪਰੰਤ ਉਸ ਦੀ ਰਾਤੋ-ਰਾਤ ਗੁੱਡੀ ਚੜ੍ਹ ਗਈ। ਕਵੀ ਦਰਬਾਰਾਂ ਵਿਚ ਉਸ ਦੀ ਪੇਸ਼ਕਾਰੀ ਐਨੀ ਨਾਟਕੀ ਅਤੇ ਰੌਚਕ ਸੀ ਕਿ ਸਰੋਤੇ ਕੀਲੇ ਜਾਂਦੇ ਸਨ। ਸੰਤੋਖ ਸਿੰਘ ਧੀਰ ਉਸ ਨਾਲੋਂ ਬਹੁਤ ਚਿਰ ਪਹਿਲਾਂ ਕਵਿਤਾ ਦੇ ਪਿੜ ਵਿਚ ਧਾਂਕ ਜਮਾਈ ਬੈਠਾ ਸੀ। ਹਰਿਭਜਨ ਦੀ ਚੜ੍ਹਤ ਦੇਖ ਕੇ ਧੀਰ ਉਸ ਤੋਂ ਖਾਰ ਖਾਣ ਲਗ ਪਿਆ।

ਇਕ ਵਾਰ ਗੌਰਮਿੰਟ ਕਾਲਜ, ਲੁਧਿਆਣਾ ਵਿਖੇ ਸਾਲਾਨਾ ਕਵੀ ਦਰਬਾਰ ਲਈ ਧੀਰ ਅਤੇ ਹਰਿਭਜਨ ਦੋਹਾਂ ਨੂੰ ਸੱਦਿਆ ਹੋਇਆ ਸੀ। ਧੀਰ ਤਾਂ ਹਮੇਸ਼ਾ ਵਾਂਗ ਪਹਿਲਾਂ ਹੀ ਮੇਰੇ ਪਾਸ ਠਹਿਰਿਆ ਹੋਇਆ ਸੀ; ਹਰਿਭਜਨ ਨੂੰ ਮੈਂ ਕੁਝ ਦਿਨ ਪਹਿਲਾਂ ਦਿੱਲੀ ਮਿਲ ਕੇ ਆਇਆ ਸੀ ਅਤੇ ਮੇਰੇ ਪਾਸ ਠਹਿਰਨ ਲਈ ਕਹਿ ਆਇਆ ਸੀ। ਉਹ ਦਿੱਲੀ ਤੋਂ ਰਾਤ ਦੀ ਗੱਡੀ ਫੜ ਕੇ ਸਵੇਰੇ ਵੇਲੇ ਸਿਰ ਮੇਰੇ ਪਾਸ ਪਹੁੰਚ ਗਿਆ। ਸ਼ਿਵ ਕੁਮਾਰ ਬਟਾਲਵੀ ਨੂੰ ਜਦ ਪਤਾ ਲੱਗਿਆ ਕਿ ਦੋ ਮਹਾਂ ਕਵੀ ਮੇਰੇ ਘਰ ਠਹਿਰੇ ਹੋਏ ਹਨ ਤਾਂ ਉਹ ਵੀ ਜਗਰਾਵਾਂ ਵਾਲੀ ਬੱਸ ਤੋਂ ਐਗ੍ਰੀਕਲਚਰਲ ਯੂਨੀਵਰਸਿਟੀ ਦੇ ਸਾਹਮਣੇ ਉਤਰ ਕੇ ਮੇਰੇ ਘਰ ਆਣ ਪਹੁੰਚਾ। ਉਸ ਦੇ ਹੱਥ ਵਿਚ ਸ਼ਰਾਬ ਦੀ ਅੱਧੀ ਕੁ ਬੋਤਲ ਸੀ, ਆਉਂਦਿਆਂ ਸਾਰ ਕਹਿਣ ਲੱਗਾ, "ਗੁਰਮੇਲ, ਸ਼ਰਾਬ ਦਾ ਇੰਤਜ਼ਾਮ ਕਰ।" ਮੇਰੇ ਗੁਆਂਢ ਵਿਚ ਵਿਰਕ ਪਰਿਵਾਰ ਰਹਿੰਦਾ ਸੀ ਜੋ ਘਰ ਵਿਚ ਹਮੇਸ਼ਾ ਦੇਸੀ ਸ਼ਰਾਬ ਰੱਖਦਾ ਸੀ। ਉਸ ਤੋਂ ਬੋਤਲ ਫੜ ਲਿਆਂਦੀ। ਕਵੀ ਦਰਬਾਰ ਸ਼ਾਮ ਨੂੰ ਸੀ, ਤੁਰਨ ਤੱਕ ਇਨ੍ਹਾਂ ਤਿੰਨਾਂ ਨੇ ਬੋਤਲ ਖਾਲੀ ਕਰ ਦਿੱਤੀ। ਅਸੀਂ ਸ਼ਾਮ ਨੂੰ ਗੌਰਮਿੰਟ ਕਾਲਜ ਪਹੁੰਚੇ। ਮੈਨੂੰ ਕਵੀ ਦਰਬਾਰ ਵਿਚ ਭਾਗ ਲੈਣ ਲਈ ਨਹੀਂ ਸੀ ਸੱਦਿਆ ਹੋਇਆ। ਇਨ੍ਹਾਂ ਤਿੰਨਾਂ ਨੂੰ ਪ੍ਰਬੰਧਕਾਂ ਦੇ ਹਵਾਲੇ ਕਰ ਕੇ ਮੈਂ ਸਰੋਤਿਆਂ ਵਿਚ ਜਾ ਬੈਠਾ। ਕਵੀ ਦਰਬਾਰ ਵਿਚ ਧੀਰ ਤੇ ਹਰਿਭਜਨ, ਦੋਹਾਂ ਨੇ ਸਰੋਤਿਆਂ ਤੋਂ ਵਾਹ ਵਾਹ ਖੱਟੀ ਪਰ ਸ਼ਿਵ ਬਾਜ਼ੀ ਮਾਰ ਗਿਆ। ਸਮਾਗਮ ਖਤਮ ਹੋਇਆ ਤਾਂ ਸ਼ਿਵ ਨੂੰ ਉਸ ਦੇ ਸ਼ਰਧਾਲੂ ਲੈ ਗਏ ਅਤੇ ਅਸੀਂ ਤਿੰਨਾਂ ਨੇ ਘਰ ਵਲ ਚਾਲੇ ਪਾ ਦਿੱਤੇ। ਰਾਹ ਵਿਚ ਹਰਿਭਜਨ ਨੇ ਧੀਰ ਦੀ ਕਵਿਤਾ ਦੀ ਤਾਰੀਫ ਕੀਤੀ ਪਰ ਧੀਰ ਚੁੱਪ-ਚਾਪ ਮੂੰਹ ਵੱਟੀ ਅੱਗੇ-ਅੱਗੇ ਤੁਰਿਆ ਗਿਆ। ਘਰ ਪਹੁੰਚੇ ਤਾਂ ਸੌਣ ਲਈ ਮੰਜੇ ਬਾਹਰ ਵਿਹੜੇ ਵਿਚ ਡਾਹੇ ਹੋਏ ਸਨ। ਹਰਿਭਜਨ ਕਛਿਹਰੇ ਤੋਂ ਵਗੈਰ ਸਾਰੇ ਕੱਪੜੇ ਉਤਾਰ ਕੇ ਢਿੱਡ ਤੇ ਹੱਥ ਫੇਰਦਾ ਬਾਹਰ ਵਿਹੜੇ ਵਿਚ ਟਹਿਲਣ ਲੱਗ ਪਿਆ। ਬਨੈਣ ਅਤੇ ਕਛਹਿਰਾ ਪਾਈ, ਧੀਰ ਕਮਰੇ ਵਿਚ ਸਰਾਹਣੇ ਨਾਲ ਢੋਹ ਲਾ ਕੇ ਗਲੀਚੇ 'ਤੇ ਲੰਮਾ ਪੈ ਗਿਆ। ਗਰਮੀ ਦਾ ਮੌਸਮ ਸੀ, ਮੱਛਰ ਭਿਣਭਣਾ ਰਹੇ ਸਨ। ਹਰਿਭਜਨ ਨੇ ਮੈਨੂੰ ਕਿਹਾ ਕਿ ਧੀਰ ਨੂੰ ਆਖ, ਬਾਹਰ ਆ ਜਾਵੇ, ਅੰਦਰ ਮੱਛਰ ਹੋਵੇਗਾ। ਧੀਰ ਨੂੰ ਮੈਂ ਹਰਿਭਜਨ ਦਾ ਸੁਨੇਹਾ ਦੇ ਦਿੱਤਾ ਪਰ ਉਹ ਟੱਸ ਤੋਂ ਮੱਸ ਨਾ ਹੋਇਆ ਅਤੇ ਨਾ ਹੀ ਕੋਈ ਹਾਂ ਜਾਂ ਨਾਂਹ ਵਿਚ ਹੁੰਗਾਰਾ ਭਰਿਆ। ਥੋੜ੍ਹੀ ਦੇਰ ਬਾਅਦ ਹਰਿਭਜਨ ਨੇ ਉਹੀ ਗੱਲ ਦੁਹਰਾਈ ਜੋ ਮੈਂ ਦੂਜੀ ਵਾਰ ਧੀਰ ਨੂੰ ਸੁਣਾ ਦਿੱਤੀ। ਧੀਰ ਉਂਗਲੀ ਖੜ੍ਹੀ ਕਰ ਕੇ ਕਰਾਰੀ ਜਿਹੀ ਆਵਾਜ਼ ਵਿਚ ਬੋਲਿਆ, "ਆਪਣੇ ਡਾਕਟਰ ਨੂੰ ਕਹਿ ਦੇ, ਮੈਂ ਅੰਦਰ ਹੀ ਸੌਂਵਾਂਗਾ, ਬਾਹਰਲੇ ਮੱਛਰ ਨਾਲੋਂ ਅੰਦਰਲਾ ਘੱਟ ਜ਼ਹਿਰੀਲਾ ਹੈ।"

ਦੂਜੇ ਦਿਨ ਸਵੇਰੇ ਮੈਂ ਹਰਿਭਜਨ ਨੂੰ ਸਟੇਸ਼ਨ ਛੱਡ ਕੇ ਜਦ ਵਾਪਸ ਘਰ ਆਇਆ ਤਾਂ ਮੇਰੀ ਮਾਂ ਪਰੌਂਠੇ ਪਕਾ ਰਹੀ ਸੀ ਅਤੇ ਧੀਰ ਮਜ਼ੇ ਨਾਲ ਖਾ ਰਿਹਾ ਸੀ। ਆਉਂਦਿਆਂ ਸਾਰ ਮੈਂ ਕਿਹਾ, "ਮੇਰੀ ਉਡੀਕ ਕਰ ਲੈਣੀ ਸੀ।" ਮੂੰਹ ਬਣਾ ਕੇ ਧੀਰ ਬੋਲਿਆ, "ਜਿਹੜੀ ਕੁੜਿੰਦੀ ਵਿਚ ਮੈਂ ਪਿਛਲੀ ਰਾਤ ਕੱਟੀ ਆ, ਉਹ ਮੈਂ ਹੀ ਜਾਣਦਾਂ। ਮੱਛਰਾਂ ਨੇ ਸਾਰੀ ਰਾਤ ਤੋੜ-ਤੋੜ ਕੇ ਖਾ ਲਿਆ, ਬੋਤਲ ਲਹੂ ਦੀ ਚੂਸ ਗਏ ਹੋਣਗੇ। ਕਮਜ਼ੋਰੀ ਪੂਰੀ ਕਰਨ ਲਈ ਸਵੇਰੇ-ਸਵੇਰੇ ਪਰੌਂਠਿਆਂ ਦੀ ਬੜੀ ਲੋੜ ਸੀ।" ਟਕੋਰ ਲਾਉਂਦਿਆਂ ਮੈਂ ਕਿਹਾ, "ਮੱਛਰਾਂ ਤੋਂ ਬਚਾਉਣ ਲਈ ਹੀ ਹਰਿਭਜਨ ਨੇ ਤੈਨੂੰ ਬਾਹਰ ਸੌਣ ਲਈ ਕਿਹਾ ਸੀ।" ਬਣਾ ਸੁਆਰ ਕੇ ਧੀਰ ਨੇ ਜਵਾਬ ਦਿੱਤਾ, "ਫੇਰ ਤਾਂ ਮੈਂ ਸਵੇਰੇ ਮੂਰਛਿਤ ਹੋਇਆ ਹੀ ਮਿਲਣਾ ਸੀ।"

**ਰਾਇਲਟੀ ਦਾ ਰੇੜਕਾ:** ਜੀਵਨ ਸਿੰਘ ਨੇ ਧੀਰ ਦੀਆਂ ਕਹਾਣੀਆਂ ਦੀਆਂ ਕਈ ਪੁਸਤਕਾਂ ਜਿਵੇਂ 'ਸਿੱਟਿਆਂ ਦੀ ਛਾਂ', 'ਸਵੇਰ ਹੋਣ ਤਕ' ਅਤੇ 'ਸਾਂਝੀ ਕੰਧ' ਛਾਪੀਆਂ ਹੋਈਆਂ ਸਨ। ਇਨ੍ਹਾਂ ਦੇ ਕਈ ਐਡੀਸ਼ਨਾਂ ਵਿਕ ਚੁਕੇ ਸਨ। ਇਕ ਦਿਨ ਧੀਰ ਮੇਰੇ ਪਾਸ ਆਇਆ ਤਾਂ ਕਹਿਣ ਲੱਗਾ, "ਜੀਵਨ ਸਿੰਘ ਨਾਲ ਤੇਰੀ ਚੰਗੀ ਬਣਦੀ ਹੈ, ਮੇਰੀ ਰਾਇਲਟੀ ਦਾ ਹਿਸਾਬ-ਕਿਤਾਬ ਹੀ ਕਰਾ ਦੇ, ਮੈਨੂੰ ਤਾਂ ਉਹ ਕੋਈ ਲੜ-ਪੱਲਾ ਨਹੀਂ ਫੜਾਉਂਦਾ।" ਜੀਵਨ ਸਿੰਘ ਦਾ ਸੁਭਾਅ ਸੀ ਕਿ ਜਦ ਕੋਈ ਲੇਖਕ ਰਾਇਲਟੀ ਮੰਗਦਾ ਸੀ ਤਾਂ ਉਹ ਗੁੱਸੇ ਵਾਲਾ ਮੂੰਹ ਬਣਾ ਕੇ ਬੋਲਣਾ ਸ਼ੁਰੂ ਕਰ ਦਿੰਦਾ, "ਕਿਤਾਬਾਂ ਦੇ ਵਪਾਰ ਵਿਚ ਕੁਝ ਨਹੀਂ ਰੱਖਿਆ, ਘਾਟਾ ਹੀ ਘਾਟਾ ਹੈ, ਟੱਬਰ ਦੀ ਰੋਟੀ ਵੀ ਨਹੀਂ ਤੁਰਦੀ। ਮੈਂ ਤਾਂ ਇਹ ਧੰਦਾ ਬੰਦ ਕਰ ਦੇਣਾ ਹੈ।" ਜੇ ਕੋਈ ਲੇਖਕ ਸੇਵਾਫਲ ਲਈ ਜ਼ਿੱਦ ਕਰਦਾ ਤਾਂ ਸੋਗਵਾਰ ਜਿਹਾ ਮੂੰਹ ਬਣਾ ਕੇ ਕਹਿੰਦਾ, "ਘਰ ਖਾਣ ਨੂੰ ਦਾਣਾ ਨਹੀਂ, ਸਾਰਾ ਟੱਬਰ ਭੁੱਖਾ ਬੈਠਾ, ਤੈਨੂੰ ਰਾਇਲਟੀ ਕਿੱਥੋਂ ਦਈਏ!" ਧੀਰ ਨੂੰ ਮੈਂ ਕਿਹਾ, "ਪਤਾ ਨਹੀਂ ਮੇਰੇ ਕਹਿਣ 'ਤੇ ਮੰਨੇ ਜਾਂ ਨਾ ਮੰਨੇ, ਲਾਹੌਰ ਬੁੱਕ ਸ਼ਾਪ 'ਤੇ ਚੱਲ ਕੇ ਦੇਖਦੇ ਹਾਂ।" ਸਕੀਮ ਇਹ ਬਣਾਈ ਕਿ ਧੀਰ ਬਾਹਰ ਖੜ੍ਹਾ ਰਹੇਗਾ ਤੇ ਮੈਂ ਅੰਦਰ ਜਾ ਕੇ ਜੀਵਨ ਸਿੰਘ ਨਾਲ ਗੱਲ ਕਰ ਕੇ ਦੇਖਾਂਗਾ। ਜੇ ਉਸ ਦਾ ਮੂਡ ਠੀਕ ਹੋਇਆ ਤਾਂ ਧੀਰ ਨੂੰ ਅੰਦਰ ਬੁਲਾ ਲਵਾਂਗਾ।

> ***ਸੰਤੋਖ ਸਿੰਘ ਧੀਰ ਦੀ ਸਭ ਤੋਂ ਮਹੱਤਵਪੂਰਨ ਕਾਵਿ-ਪੁਸਤਕ 'ਬਿਰਹੜੇ' ਪਹਿਲੀ ਵਾਰ 1960 ਵਿਚ ਛਪੀ ਸੀ। ਇਹ ਉਸ ਦੀਆਂ ਸਾਰੀਆਂ ਕਾਵਿ-ਪੁਸਤਕਾਂ ਨਾਲੋਂ ਬਿਹਤਰੀਨ ਪੁਸਤਕ ਹੈ। ਇਸ ਦੀਆਂ ਕਵਿਤਾਵਾਂ ਬਣਾਈਆਂ ਹੋਈਆਂ ਨਹੀਂ, ਰਚੀਆਂ ਹੋਈਆਂ ਹਨ। ਇਨ੍ਹਾਂ ਵਿਚ ਕਵੀ ਦਾ ਸੱਚਾ ਅਨੁਭਵ ਅਤੇ ਆਵੇਸ਼ ਦਾ ਅਨੂਠਾ ਸੁਮੇਲ ਝਲਕਦਾ ਹੈ। ਇਸ ਪੁਸਤਕ ਵਿਚ ਪਿਆਰ-ਮੁਹੱਬਤ ਦੀ ਸੁੱਚਮਤਾ ਬਾਰੇ ਦਿਲਕਸ਼ ਕਵਿਤਾਵਾਂ ਅਤੇ ਗੀਤ ਹਨ।***

ਅੰਦਰ ਵੜਿਆ ਤਾਂ ਜੀਵਨ ਸਿੰਘ ਨੇ ਮੈਨੂੰ ਦੇਖਦਿਆਂ ਸਾਰ ਕਿਹਾ, "ਗੁਰਮੇਲ ਤੇਰੀ ਕਿਤਾਬ 'ਪਸ਼ੂ-ਪਾਲਣ ਵਿਗਿਆਨ' ਸਕੂਲਾਂ ਦੇ ਕੋਰਸ ਲਈ ਮਨਜ਼ੂਰ ਹੋ ਗਈ ਹੈ।" ਜੀਵਨ ਸਿੰਘ ਬਹੁਤ ਖੁਸ਼ ਸੀ ਅਤੇ ਧੀਰ ਦੀ ਰਾਇਲਟੀ ਬਾਰੇ ਗੱਲ ਕਰਨ ਲਈ ਚੰਗਾ ਮੌਕਾ ਸੀ। ਹਲੀਮੀ ਨਾਲ ਜੀਵਨ ਸਿੰਘ ਨੂੰ ਕਿਹਾ, "ਤੁਹਾਡੇ ਨਾਲ ਇਕ ਗੱਲ ਕਰਨੀ ਸੀ, ਧੀਰ ਦੀ ਰਾਇਲਟੀ ਬਾਰੇ। ਉਹ ਸਮਝਦਾ ਹੈ ਕਿ ਮੈਂ ਤੁਹਾਡੇ ਨੇੜੇ ਹਾਂ, ਇਸ ਲਈ ਮੈਨੂੰ ਗੱਲ ਕਰਨ ਲਈ ਕਿਹਾ ਹੈ।" ਜੀਵਨ ਸਿੰਘ ਨੇ ਕਿਤਾਬਾਂ ਦੀ ਘੱਟ ਵਿਕਰੀ ਬਾਰੇ ਫੇਰ ਕਲਿਆਣ ਦੇਣੀ ਸ਼ੁਰੂ ਕਰ ਦਿਤਾ ਪਰ ਧੀਰ ਦਾ ਹਿਸਾਬ ਕਰਨ ਲਈ ਮੰਨ ਗਿਆ। ਆਪਣੇ ਪਿਤਾ ਜੋ ਦੁਕਾਨ ਦਾ ਖਜ਼ਾਨਚੀ ਸੀ, ਨੂੰ ਧੀਰ ਦੀ ਰਾਇਲਟੀ ਦਾ ਲੇਖਾ-ਜੋਖਾ ਕਰਨ ਲਈ ਕਹਿ ਦਿੱਤਾ। ਪਿਤਾ ਜੀ ਕਹਿਣ ਲੱਗੇ, 'ਥੋੜ੍ਹੀ ਦੇਰ ਬਾਅਦ ਆਉਣਾ, ਜਦ ਤੱਕ ਮੈਂ ਬਹੀ ਖਾਤਾ ਦੇਖਦਾ'। ਮੈਂ ਤੇ ਧੀਰ ਚੌੜੇ ਬਾਜ਼ਾਰ ਵਿਚ ਚੱਕਰ ਲਾ ਕੇ ਘੰਟੇ ਕੁ ਬਾਅਦ ਵਾਪਸ ਆ ਗਏ। ਜੀਵਨ ਸਿੰਘ ਤਾਂ ਜਾ ਚੁਕਿਆ ਸੀ ਪਰ ਉਸ ਦਾ ਪਿਤਾ ਬਹੀ ਖੋਲ੍ਹੀ ਬੈਠਾ ਸੀ। ਉਸ ਨੇ ਧੀਰ ਨੂੰ ਦੇਖਿਦਆਂ ਸਾਰ ਰੁੱਖੇ ਜਿਹੇ ਲਹਿਜ਼ੇ ਵਿਚ ਕਿਹਾ, "ਤੇਰੇ ਵਲ ਇੱਕੀ ਰੁਪਏ ਚਾਰ ਆਨੇ ਨਿਕਲਦੇ ਹਨ।" ਹੈਰਾਨ ਹੁੰਦਿਆਂ ਧੀਰ ਨੇ ਕਿਹਾ, "ਇਹ ਕਿੱਕਣ ਹੋ ਸਕਦਾ ਹੈ? ਤੁਸੀਂ ਲੇਖਕ ਦਾ ਮਿਹਨਤਾਨਾ ਦੇਣ ਦੀ ਬਜਾਏ ਉਸ ਕੋਲੋਂ ਪੈਸੇ ਮੰਗਦੇ ਹੋ, ਚੰਗਾ ਇਨਸਾਫ ਹੈ।" ਪਿਤਾ ਜੀ ਨੇ ਵਹੀ ਖਾਤਾ ਧੀਰ ਨੂੰ ਦਿਖਾਂਦਿਆਂ ਕਿਹਾ, "ਖੁਦ ਦੇਖ ਲਉ, ਤੁਹਾਡੇ ਵਲ ਏਨੇ ਪੈਸੇ ਨਿਕਲਦੇ ਹਨ।" ਜੋੜ ਕਰਨ 'ਤੇ ਪਤਾ ਲੱਗਾ ਕਿ ਧੀਰ ਨੇ ਵਾਕਈ ਬਣਦੀ ਰਾਇਲਟੀ ਤੋਂ ਵੱਧ ਪੈਸੇ ਲਏ ਹੋਏ ਸਨ। ਹੋਇਆ ਇਉਂ ਕਿ ਜਦ ਕਦੇ ਕੁਝ ਪੈਸਿਆਂ ਦੀ ਲੋੜ ਪੈਂਦੀ ਸੀ ਤਾਂ ਧੀਰ ਗਾਹੇ-ਬਗਾਹੇ ਆਉਂਦਾ ਜਾਂਦਾ, ਦਸ-ਵੀਹ ਰੁਪਏ ਦੁਕਾਨ ਤੋਂ ਫੜ ਲੈਂਦਾ ਸੀ ਅਤੇ ਪਿਤਾ ਜੀ ਉਸੇ ਵੇਲੇ ਰਜਿਸਟਰ ਵਿਚ ਦਸਤਖਤ ਕਰਵਾ ਲੈਂਦੇ ਸਨ। ਵਹੀ-ਖਾਤਾ ਦੇਖ ਕੇ ਧੀਰ ਬਿਨਾ ਕੁਝ ਬੋਲਿਆਂ ਦੁਕਾਨ ਤੋਂ ਬਾਹਰ ਆ ਗਿਆ। ਮੈਂ ਵੀ ਉਸ ਦੇ ਮਗਰ-ਮਗਰ ਨਿਕਲ ਆਇਆ। ਬਾਹਰ ਆ ਕੇ ਕਹਿਣ ਲੱਗਾ, "ਪਿਉ-ਪੁੱਤ ਨੇ ਜ਼ਰੂਰ ਕੋਈ ਠੱਗੀ ਮਾਰੀ ਆ।" ਮੈਂ ਕਿਹਾ, "ਤੂੰ ਪੈਸੇ ਲੈ ਕੇ ਦਸਤਖਤ ਕੀਤੇ ਹੋਏ ਹਨ, ਠੱਗੀ ਕਿੱਦਾਂ ਮਾਰੀ ਹੋਵੇਗੀ?" "ਬਹੁਤਾ ਨਾ ਬੋਲਿਆ ਕਰ, ਤੈਨੂੰ ਨਹੀਂ ਪਤਾ ਇਨ੍ਹਾਂ ਖੁੱਸੀਆਂ ਜਿਹੀਆਂ ਪੱਗਾਂ ਵਾਲੇ ਦਾਹੜੀ-ਪੋਚਾਂ ਦਾ।" ਧੀਰ ਤਣੀ ਹੋਈ ਉਂਗਲ ਨਾਲ ਤਾਅ ਵਿਚ ਬੋਲ ਰਿਹਾ ਸੀ।

**ਮੂਲੀਆਂ ਦੀ ਰਾਖੀ:** ਚੰਡੀਗੜ੍ਹ ਵਸੇਬਾ ਕਰਨ ਤੋਂ ਪਹਿਲਾਂ ਧੀਰ ਦੀ ਮਾਇਕ ਹਾਲਤ ਹਮੇਸ਼ਾ ਪਤਲੀ ਰਹੀ। ਉਹ ਅਕਸਰ ਤਿੰਨਾਂ ਕੱਪੜਿਆਂ ਵਿਚ ਗੁਜ਼ਾਰਾ ਕਰਦਾ ਸੀ। ਧੀਰ ਦੀ ਤੰਗੀ-ਤੁਰਸ਼ੀ ਦੇਖ ਕੇ ਅਤੇ ਵਚਨਬਧ ਕਾਮਰੇਡ ਹੋਣ ਦੇ ਨਾਤੇ 'ਨਵਾਂ ਜ਼ਮਾਨਾ' ਅਖਬਾਰ ਦੇ ਸੰਪਾਦਕ ਜਗਜੀਤ ਸਿੰਘ ਆਨੰਦ ਨੇ ਉਸ ਨੂੰ 60 ਰੁਪਏ ਮਹੀਨੇ 'ਤੇ ਪਰੂਫ ਰੀਡਿੰਗ ਲਈ ਰੱਖ ਲਿਆ। ਰਹਿਣ ਲਈ ਜਲੰਧਰ ਦੇ ਗਦਰ ਮੈਮੋਰੀਅਲ ਹਾਲ ਵਿਚ ਮੁਫਤ ਕਮਰਾ ਦਿਵਾ ਦਿੱਤਾ। ਕਮਰੇ ਦੇ ਬਾਹਰ ਨਲਕਾ ਲੱਗਾ ਹੋਇਆ ਸੀ ਜਿਸ ਦਾ ਪਾਣੀ ਛੋਟੀ ਜਿਹੀ ਕਿਆਰੀ ਵਿਚ ਪੈਂਦਾ ਸੀ। ਇਸ ਕਿਆਰੀ ਵਿਚ ਬਾਬਾ ਗੁਰਮੁਖ ਸਿੰਘ ਲਲਤੋਂ ਨੇ ਮੂਲੀਆਂ ਬੀਜੀਆਂ ਹੋਈਆਂ ਸਨ। ਨਲਕੇ ਦੇ ਲਾਗੇ ਤਖਤਪੋਸ਼ ਸੀ ਅਤੇ ਬਹਿਣ ਲਈ ਬੈਂਚ ਪਿਆ ਸੀ। ਇਕ ਦਿਨ ਧੀਰ ਬੈਂਚ 'ਤੇ ਬੈਠਾ ਤਖਤ ਪੋਸ਼ 'ਤੇ ਰੋਟੀ ਵਾਲਾ ਡੱਬਾ ਰੱਖ ਕੇ ਮੂਲੀਆਂ ਨਾਲ ਰੋਟੀ ਖਾ ਰਿਹਾ ਸੀ। ਮੂਲੀਆਂ ਅਜੇ ਲੈਰੀਆਂ ਸਨ ਤੇ ਪੁੱਟਣ ਯੋਗ ਨਹੀਂ ਸਨ ਹੋਈਆਂ। ਐਨੇ ਨੂੰ ਬਾਬਾ ਜੀ ਉਧਰ ਆ ਨਿਕਲੇ। ਮੂਲੀਆਂ ਵਲ ਦੇਖ ਕੇ ਬੁੜਬੜਾਉਣ ਲੱਗ ਪਏ, "ਅੱਛਾ! ਮੂਲੀਆਂ ਬਾਜ਼ਾਰ ਵਿਚ ਆ ਗਈਆਂ! ਅਜੇ ਮੌਸਮ ਤਾਂ ਨਹੀਂ ਹੋਇਆ, ਅਗੇਤੀਆਂ ਹੀ ਆ ਗਈਆਂ!" ਧੀਰ ਨੂੰ ਪਤਾ ਸੀ ਕਿ ਬਾਬਾ ਜੀ ਉਸ ਨੂੰ ਟਕੋਰ ਲਾ ਰਹੇ ਸਨ। ਉਸ ਨੇ ਬਾਬਾ ਜੀ ਨੂੰ ਮੁਖਾਤਿਬ ਹੁੰਦਿਆਂ ਕਿਹਾ, "ਬਾਬਾ ਜੀ, ਇਹ ਮੂਲੀਆਂ ਮੈਂ ਉਸ ਕਿਆਰੀ 'ਚੋਂ ਪੁੱਟੀਆਂ, ਨਲਕੇ ਹੇਠਾਂ ਧੋਤੀਆਂ ਤੇ ਲੂਣ ਲਾ ਕੇ ਰੋਟੀ ਨਾਲ ਖਾ ਰਿਹਾਂ। ਮੈਂ ਨਮਕ ਹਰਾਮ ਨਹੀਂ, ਮੂਲੀਆਂ ਗਦਰੀ ਬਾਬਿਆਂ ਦੇ ਹਾਤੇ ਦੀਆਂ ਹਨ ਤੇ ਲੂਣ ਦੀ ਡਲੀ ਮੈਂ ਘਰੋਂ ਲਿਆਂਦੀ ਹੈ।" ਬਾਬਾ ਜੀ ਬਗੈਰ ਕੁਝ ਕਿਹਾਂ ਪਰੇ ਨੂੰ ਚਲੇ ਗਏ। ਧੀਰ ਸੋਚਣ ਲੱਗਾ ਪਿਆ ਕਿ ਇਹ ਬਾਬਾ ਮੁਲਕਾਂ ਦੀ ਰਾਖੀ ਕਰਦਾ-ਕਰਦਾ ਹੁਣ ਮੂਲੀਆਂ ਦੀ ਰਾਖੀ ਕਰਨ ਲੱਗ ਪਿਆ ਹੈ।

**ਤੂੰ ਵੀ ਹੁਣ ਵਿਦਵਾਨ ਬਣ ਗਿਆਂ:** ਸੰਤੋਖ ਸਿੰਘ ਧੀਰ ਦੀ ਸਭ ਤੋਂ ਮਹੱਤਵਪੂਰਨ ਕਾਵਿ-ਪੁਸਤਕ 'ਬਿਰਹੜੇ' ਪਹਿਲੀ ਵਾਰ 1960 ਵਿਚ ਛਪੀ ਸੀ। ਇਹ ਉਸ ਦੀਆਂ ਸਾਰੀਆਂ ਕਾਵਿ-ਪੁਸਤਕਾਂ ਨਾਲੋਂ ਬਿਹਤਰੀਨ ਪੁਸਤਕ ਹੈ। ਇਸ ਦੀਆਂ ਕਵਿਤਾਵਾਂ ਬਣਾਈਆਂ ਹੋਈਆਂ ਨਹੀਂ, ਰਚੀਆਂ ਹੋਈਆਂ ਹਨ। ਇਨ੍ਹਾਂ ਵਿਚ ਕਵੀ ਦਾ ਸੱਚਾ ਅਨੁਭਵ ਅਤੇ ਆਵੇਸ਼ ਦਾ ਅਨੂਠਾ ਸੁਮੇਲ ਝਲਕਦਾ ਹੈ। ਇਸ ਪੁਸਤਕ ਵਿਚ ਪਿਆਰ-ਮੁਹੱਬਤ ਦੀ ਸੁੱਚਮਤਾ ਬਾਰੇ ਦਿਲਕਸ਼ ਕਵਿਤਾਵਾਂ ਅਤੇ ਗੀਤ ਹਨ। ਪ੍ਰਮਾਣ ਲਈ ਕੁਝ ਟੂਕਾਂ ਪੇਸ਼ ਹਨ:

ਨਾ ਇੰਝ ਤਰਕਾਂ ਮਾਰ ਜ਼ਾਲਮਾ
ਬੋਲ ਨਾ ਬੋਲੀਂ ਰੁੱਖੜੇ ਵੇ ਹੋ,
ਦਿਲ ਤਾਂ ਸਾਡਾ ਕੱਚ ਦੀ ਸ਼ੀਸ਼ੀ,
ਹੋ ਜਾਊ ਟੁਕੜੇ-ਟੁਕੜੇ ਵੇ ਹੋ।
ਜਾਂ
ਕਿਤੋਂ ਭਿੰਨੀ ਭਿੰਨੀ ਆਉਂਦੀ ਖੁਸ਼ਬੋ
ਕਿ ਜਦੋਂ ਤੇਰੀ ਗੱਲ ਕਰੀਏ।
ਜਾਂ
ਅੱਜ ਤੇਰਾ ਖਤ ਮਿਲਿਆ
ਪਿਆ ਸੁੱਕਿਆਂ ਅੰਬਾਂ ਨੂੰ ਬੂਰ।
ਅੱਜ ਤੇਰਾ ਖਤ ਮਿਲਿਆ
ਹੋਈ ਸੱਖਣੀ ਜਿੰਦ ਭਰਪੂਰ।

ਧੀਰ ਪ੍ਰਗਤੀਵਾਦੀ ਕਵੀ ਦੇ ਤੌਰ 'ਤੇ ਮਕਬੂਲ ਸੀ, ਇਸ ਲਈ ਉਸ ਤੋਂ ਕੇਵਲ ਅਗਾਂਹਵਧੂ ਕਵਿਤਾ ਦੀ ਹੀ ਉਮੀਦ ਕੀਤੀ ਜਾਂਦੀ ਸੀ। ਇਨ੍ਹਾਂ ਕਵਿਤਾਵਾਂ ਨੂੰ ਪ੍ਰਗਤੀਵਾਦੀ ਵਿਚਾਰਧਾਰਾ ਤੋਂ ਊਣੀਆਂ ਕਹਿ ਕੇ ਕਰੜੀ ਨੁਕਤਾਚੀਨੀ ਕੀਤੀ ਗਈ; ਖਾਸ ਕਰ ਕੇ ਕਮਿਊਨਿਸਟ ਵਿਚਾਧਾਰਾ ਰੱਖਣ ਵਾਲਿਆਂ ਅਤੇ ਪ੍ਰਗਤੀਵਾਦੀ ਸਾਹਿਤਕ ਆਲੋਚਨਕਾਂ ਨੇ ਧੀਰ ਨੂੰ ਪਿਛਾਂਹ-ਖਿੱਚੂ ਗਰਦਾਨਿਆ। ਇਸ ਪ੍ਰਤੀਕਰਮ ਦਾ ਉਤਰ ਦਿੰਦਿਆਂ ਧੀਰ ਨੇ ਮੁਖਬੰਦ ਵਿਚ ਲਿਖਿਆ, "ਪਿਆਰ, ਬਿਰਹਾ ਜਾਂ ਹੁਸਨ-ਇਸ਼ਕ ਬਾਰੇ ਸਾਡੇ ਵਿਚੋਂ ਬਹੁਤ ਸਾਰਿਆਂ ਦੇ ਵਿਚਾਰ ਉਲਝੇ ਹੋਏ ਹਨ। ਬਾਬਾ ਫਰੀਦ ਅਤੇ ਗੁਰੂ ਨਾਨਕ ਜੇ ਕਦੇ ਪ੍ਰੇਮ ਜਾਂ ਬਿਰਹੋਂ ਵਿਚ ਡੁੱਬ ਕੇ ਬੋਲ ਜਾਣ ਤਾਂ ਉਹ ਉਚ ਕੋਟੀ ਦਾ ਪੂਜਯ, ਜਗਤ-ਜਲੰਦੇ ਨੂੰ ਠਾਰਨ ਵਾਲਾ, ਕਰੁਣਾਮਈ, ਮਹਾਨ ਅਧਿਆਤਮਕ ਕਾਵਿ ਹੋ ਜਾਂਦਾ ਹੈ ਪਰ ਅੱਜ ਜੇ ਕੋਈ ਸਾਡਾ ਸਮਕਾਲੀ ਸਮਾਜਵਾਦੀ ਕਵੀ ਦਸ ਕਵਿਤਾਵਾਂ ਸਮੁੱਚੀ ਜਨਤਾ ਬਾਰੇ ਲਿਖਦਾ-ਲਿਖਦਾ ਇਕ ਕੋਈ ਆਪਣੇ ਕਿਸੇ ਮਹਿਬੂਬ ਨੂੰ ਸੰਬੋਧਨ ਕਰ ਬੈਠੇ ਤਾਂ ਝੱਟ ਉਸ ਦਾ ਇਕ ਕਦਮ ਅੱਗੇ ਵਧਿਆ ਦੋ ਕਦਮ ਪਛਾਂਹ ਮੁੜਿਆ ਦਿਸਣ ਲੱਗ ਪੈਂਦਾ ਹੈ।"

'ਬਿਰਹੜੇ' ਦੀ ਮਹੱਤਤਾ ਨੂੰ ਮੁੱਖ ਰਖਿਦਆਂ ਮੈਂ ਅਮਰੀਕਾ ਦੇ ਇਕ ਟਰੱਸਟ ਵਲੋਂ ਇਸ ਦਾ ਦੂਜਾ ਐਡੀਸ਼ਨ ਛਾਪਿਆ। ਧੀਰ ਦੇ ਪੁਰਾਣੇ ਮੁਖਬੰਦ ਦੇ ਨਾਲ ਆਪਣੇ ਵਲੋਂ ਵੀ ਛੋਟਾ ਜਿਹਾ ਮੁੱਖਬੰਦ ਲਿਖਿਆ। ਇਸ ਵਿਚ ਧੀਰ ਦੀਆਂ ਪਿਆਰ-ਮੁਹੱਬਤ ਬਾਰੇ ਭਾਵਨਾਵਾਂ ਦਾ ਪੱਖ ਪੂਰਿਦਿਆਂ ਮੈਂ ਲਿਖਿਆ, "ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਗੁਰੂਆਂ ਅਤੇ ਭਗਤਾਂ ਵਲੋਂ ਬਿਰਹਾ ਦੀ ਸੱਚੀ ਸੁੱਚੀ ਭਾਵਨਾ ਦਾ ਭਰਪੂਰ ਉਲੇਖ ਮਿਲਦਾ ਹੈ। ਗੁਰੂ ਰਾਮਦਾਸ: "ਨਾਨਕ ਜਿਸੁ ਪਿੰਜਰ ਮਹਿ ਬਰਹਾ ਨਹੀਂ ਸੋ ਪਿੰਜਰ ਲੈ ਜਾਇ।" ਗੁਰੂ ਅੰਗਦ ਦੇਵ: "ਹੋਰ ਬਿਰਹਾ ਸੱਭ ਧਾਤ ਹੈ ਜਬ ਲਗੁ ਸਾਹਿਬ ਪ੍ਰੀਤ ਨ ਹੋਇ" ਅਤੇ ਬਾਬਾ ਕਬੀਰ: "ਕਬੀਰ ਬਿਰਹਾ ਭੇਯੰਗਮੁ ਮਨਿ ਬਸੈ ਮੰਤੁ ਨਾ ਮਾਨੈ ਕੋਇ॥ ਰਾਮ ਬਿਓਗੀ ਨ ਜੀਐ ਤ ਬਉਰਾ ਹੋਇ॥" ਬਾਬਾ ਫਰੀਦ: ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥ ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨੁ ਜਾਣੁ ਮਸਾਨੁ

ਵਿਸ਼ਵ ਸਾਹਿਤ ਵਿਚ ਬਹੁਤ ਸਾਰੇ ਫਿਲਾਸਫਰਾਂ ਅਤੇ ਕਵੀਆਂ ਨੇ ਵੀ ਬਿਰਹਾ ਬਾਰੇ ਧਿਜ ਕੇ ਲਿਖਿਆ ਹੈ। ਖਲੀਲ ਜਿਬਰਾਨ ਲਖਦਾ ਹੈ, 'ਮੁਹੱਬਤ ਦੀ ਗਹਿਰਾਈ ਵਿਛੋੜੇ ਦੇ ਦਰਦ ਦੀ ਇੰਤਹਾ ਤੋਂ ਮਿਣੀ ਜਾ ਸਕਦੀ ਹੈ।' ਅੰਗਰੇਜ਼ੀ ਦੇ ਕਈ ਕਵੀਆਂ ਦੀਆਂ ਮੋਹ-ਵਿਛੋੜੇ ਬਾਰੇ ਟੂਕਾਂ ਉਨ੍ਹਾਂ ਦਾ ਪਛਾਣ-ਚਿੰਨ੍ਹ ਬਣੀਆਂ ਹੋਈਆਂ ਹਨ।

Tis better to have loved and lost than never to have loved at all. (Tennyson)

It is better to have loved and lost than never to have lost at all (Butler)

Our sweetest songs are those that tell of saddest thoughts (Shelley)

ਕਮਿਊਨਿਸਟ ਵਿਚਾਰਧਾਰਾ ਦੇ ਪਿਤਾਮਾ ਕਾਰਲ ਮਾਰਕਸ ਦੇ ਵਿਹਾਰਕ ਜੀਵਨ ਵਿਚੋਂ ਵੀ ਪਿਆਰ-ਮੁਹੱਬਤ ਦਾ ਬਿਰਤਾਂਤ ਮਿਲਦਾ ਹੈ। ਉਸ ਨੇ ਜਵਾਨੀ ਦੇ ਦਿਨਾਂ ਵਿਚ ਜੈਨੀ ਨਾਮੀ ਕੁੜੀ ਨਾਲ ਮੁਹੱਬਤ ਕੀਤੀ ਸੀ ਜੋ ਅੰਤ ਨੂੰ ਉਸ ਦੀ ਪਤਨੀ ਬਣੀ। ਮਾਰਕਸ ਨੇ ਜੈਨੀ ਦੇ ਪਿਆਰ ਵਿਚ ਕਈ ਕਵਿਤਾਵਾਂ ਲਖੀਆਂ ਜੋ 'Book of Love' ਅਤੇ 'Book of Songs' ਵਿਚ ਦਰਜ ਹਨ। ਇਹ ਪੁਸਤਕਾਂ ਜੈਨੀ ਨੂੰ ਸਮਰਪਤ ਹਨ: To my dear, ever beloved Jenny, Westphalen.

ਇਨ੍ਹਾਂ ਕਵਿਤਾਵਾਂ ਵਿਚੋਂ ਪਿਆਰ-ਮੁਹੱਬਤ ਬਾਰੇ ਇਕ-ਦੋ ਟੂਕਾਂ ਹੇਠ ਦਿੱਤੀਆਂ ਜਾਂਦੀਆਂ ਹਨ:

When your name's each syllable must confess,

When you lend each note melodious

... ... ...

'Tis because so sweet the dear name sounds

And its cadence says so much to me

And so full, so sonorous it resounds.

ਸੰਤੋਖ ਸਿੰਘ ਧੀਰ ਨੇ ਵੀ 'ਬਿਰਹੜੇ' ਆਪਣੀ ਮਹਿਬੂਬਾ ਦੇ ਪਿੰਡ ਨੂੰ ਜਾਂਦੀ ਸੜਕ 'ਨਿੱਕੀ ਸਲੇਟੀ ਸੜਕ ਦਾ ਟੋਟਾ' ਨੂੰ ਸਮਰਪਤ ਕੀਤੀ ਹੈ। ਮਾਰਕਸ ਨੂੰ ਆਪਣੇ ਮਹਿਬੂਬ ਦਾ ਨਾਂ ਲੈਂਦਿਆ ਉਸ ਦੇ ਨਾਂ ਦੇ ਹਰ ਅੱਖਰ ਤੋਂ ਸਰੋਦੀ ਧੁਨਾਂ ਸੁਣਾਈ ਦਿੰਦੀਆਂ ਹਨ ਅਤੇ ਧੀਰ ਨੂੰ ਮਹਿਬੂਬ ਬਾਰੇ ਗੱਲ ਕਰਦਿਆਂ ਭਿੰਨੀ ਭਿੰਨੀ ਖੁਸ਼ਬੋ ਆਉਂਦੀ ਹੈ।

ਧੀਰ ਦੀ ਅਖੀਰਲੀ ਪੁਸਤਕ 'ਕੋਧਰੇ ਦਾ ਮਹਾਂਗੀਤ' ਦਾ ਖਰੜਾ ਮੇਰੇ ਪਾਸ ਆਇਆ। ਮੈਨੂੰ ਇਸ ਦਾ ਮੁਖਬੰਧ ਲਿਖਣ ਲਈ ਕਿਹਾ ਗਿਆ ਸੀ। ਮੈਂ ਫੋਨ 'ਤੇ ਧੀਰ ਨੂੰ ਕਿਹਾ: "ਹੁਣ ਚੇਲੇ ਗੁਰੂਆਂ ਦਾ ਮੁਖਬੰਧ ਲਿਖਿਆ ਕਰਨਗੇ!" ਹੱਸਦਿਆਂ ਹੋਇਆਂ ਪੁਰਾਣੇ ਲਹਿਜ਼ੇ ਵਿਚ ਕਹਿਣ ਲਗਾ, "ਹੁਣ ਚੇਲੇ ਗੁਰੂਆਂ ਨੂੰ ਛੜਪ ਗਏ ਹਨ, ਤੂੰ ਹੁਣ ਚੇਲਾ ਨਹੀਂ ਰਿਹਾ, ਗੁਰੂ ਬਣ ਗਿਆਂ, ਗੁਰੂ+ਮੇਲ।" ਸਹਿਜੇ ਕੀਤੇ ਧੀਰ ਨੂੰ ਕੋਈ ਲਿਖਤ ਪਸੰਦ ਨਹੀਂ ਸੀ ਆਉਂਦੀ, ਮੈਂ ਬੜੀ ਮਿਹਨਤ ਨਾਲ ਮੁੱਖਬੰਧ ਲਿਖ ਕੇ ਭੇਜਿਆ। ਕੁਝ ਦਿਨਾਂ ਬਾਅਦ ਫੋਨ 'ਤੇ ਪੁੱਛਿਆ, "ਮੁਖਬੰਧ ਪਸੰਦ ਵੀ ਆਇਆ?" ਧੀਰ ਖੁਸ਼ੀ ਵਿਚ ਕਹਿਣ ਲੱਗਾ, "ਵੀਹ ਬੰਦਿਆਂ ਤੋਂ ਪੜ੍ਹਾਇਆ, ਸਾਰੇ ਵਾਹ-ਵਾਹ ਕਹਿ ਰਹੇ ਹਨ, ਤੂੰ ਹੁਣ ਵਿਦਵਾਨ ਬਣ ਗਿਆ ਏਂ, ਮੂਰਖਾ।" ਸੁਣ ਕੇ ਮੈਨੂੰ ਉਹੋ ਪਹਿਲਾਂ ਵਰਗੀ ਅਪਣੱਤ ਦਾ ਅਹਿਸਾਸ ਹੋਇਆ। 'ਕੋਧਰੇ ਦਾ ਮਹਾਂਗੀਤ' ਧੀਰ ਸਾਹਿਬ ਦੀ ਅਖੀਰਲੀ ਕਾਵਿ-ਪੁਸਤਕ ਹੈ। ਜੀਵਨ-ਪੰਧ ਦੀ ਅਖੀਰਲੀ ਰਚਨਾ ਨੂੰ ਦੇਖ ਕੇ ਸੰਤੋਖ ਸਿੰਘ ਧੀਰ ਫਾਨੀ ਦੁਨੀਆ ਤੋਂ ਰੁਖਸਤ ਹੋ ਗਿਆ।

# ਪ੍ਰਿੰਸੀਪਲ ਸਰਵਣ ਸਿੰਘ ਦਾ ਮਿਲਖਾ ਸਿੰਘ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਜਿਸ ਮਿਲਖਾ ਸਿੰਘ ਦਾ ਇੱਥੇ ਜ਼ਿਕਰ ਹੋਣ ਲੱਗਿਆ ਹੈ, ਉਹ 'ਭਾਗ ਮਿਲਖਾ ਭਾਗ' ਫਿਲਮ ਵਿਚ ਨਾਇਕ ਦਾ ਰੋਲ ਕਰਨ ਵਾਲਾ ਫਰਹਾਨ ਅਖਤਰ ਨਹੀਂ, ਪ੍ਰਿੰਸੀਪਲ ਸਰਵਣ ਸਿੰਘ ਦਾ ਬਿਆਨਿਆ ਮਿਲਖਾ ਸਿੰਘ ਹੈ। ਨੱਬੇ ਸਾਲਾਂ ਨੂੰ ਢੁੱਕ ਚੁੱਕਿਆ ਇਹ ਮਿਲਖਾ ਸਿੰਘ ਆਮ ਜੱਟ ਪਰਿਵਾਰ ਵਿਚ ਪੈਦਾ ਹੋਇਆ ਤੇ ਸੰਨ ਸੰਤਾਲੀ ਵਿਚ ਯਤੀਮ ਸ਼ਰਨਾਰਥੀ ਬਣ ਕੇ ਉਧਰਲੇ ਪੰਜਾਬ ਤੋਂ ਏਧਰ ਆਇਆ ਤੇ ਅਣਥਕ ਮਿਹਨਤ ਸਦਕਾ ਉਡਣੇ ਸਿੱਖ ਵਜੋਂ ਪ੍ਰਸਿੱਧ ਹੋਇਆ। ਉਸ ਦੇ ਕਿੱਲਾਂ ਵਾਲੇ ਬੂਟ ਪਟਿਆਲਾ ਵਿਖੇ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਦੇ ਅਜਾਇਬ ਘਰ ਵਿਚ ਰੱਖੇ ਹੋਏ ਹਨ।

ਸਰਵਣ ਸਿੰਘ ਦੇ ਲਿਖਣ ਅਨੁਸਾਰ ਪ੍ਰੈਕਟਿਸ ਕਰਦਿਆਂ ਉਹ ਘੱਟੋ ਘੱਟ 40 ਹਜ਼ਾਰ ਮੀਲ ਦੌੜਿਆ ਹੈ। ਉਸ ਨੇ 80 ਇੰਟਰਨੈਸ਼ਨਲ ਦੌੜਾਂ ਦੌੜੀਆਂ, ਜਿਨ੍ਹਾਂ ਵਿਚੋਂ 77 ਦੌੜਾਂ ਜਿੱਤੀਆਂ। ਕੌਮੀ ਤੇ ਕੌਮਾਂਤਰੀ ਦੌੜਾਂ ਵਿਚ ਉਹਦੇ ਤਮਗਿਆਂ ਦੀ ਗਿਣਤੀ ਸੌ ਤੋਂ ਵਧ ਹੈ-ਏਸ਼ੀਆਈ ਖੇਡਾਂ ਵਿਚ ਜਿੱਤੇ ਚਾਰ ਸੋਨ ਤਮਗਿਆਂ ਸਮੇਤ। ਉਸ ਨੂੰ ਉਡਣੇ ਸਿੱਖ ਦਾ ਖਿਤਾਬ 1960 ਵਿਚ ਲਾਹੌਰ ਸਟੇਡੀਅਮ ਵਿਚ ਲਾਈ ਦੌੜ ਸਦਕਾ ਮਿਲਿਆ। ਪਾਕਿਸਤਾਨ ਦੇ ਪ੍ਰੈਜ਼ੀਡੈਂਟ ਜਨਰਲ ਅਯੂਬ ਖਾਂ ਨੇ ਉਸ ਨੂੰ ਮੈਡਲ ਪਹਿਨਾਉਂਦਿਆਂ ਪੰਜਾਬੀ ਵਿਚ ਕਿਹਾ ਸੀ, "ਤੁਸੀਂ ਦੌੜੇ ਨਹੀਂ ਬਲਕਿ ਉਡੇ ਓ। ਅਸੀਂ ਤੁਹਾਨੂੰ ਫਲਾਈਇੰਗ ਸਿੱਖ ਦਾ ਖਿਤਾਬ ਦਿੰਨੇ ਆਂ।" ਉਸ ਧਰਤੀ ਤੋਂ ਇਹ ਖਿਤਾਬ ਮਿਲਣਾ, ਜਿੱਥੇ ਸੰਨ ਸੰਤਾਲੀ ਵਿਚ ਉਸ ਦਾ ਸਾਰਾ ਪਰਿਵਾਰ ਮਾਰਿਆ ਗਿਆ ਸੀ ਤੇ ਉਹ ਯਤੀਮ ਹੋ ਕੇ ਏਧਰ ਆਇਆ ਸੀ, ਹੋਰ ਵੀ ਅਹਿਮ ਹੈ। ਉਦੋਂ ਉਹਦੇ ਮਰੇ ਜਾ ਰਹੇ ਬਾਪ ਦੇ ਆਖਰੀ ਬੋਲ ਸਨ, "ਦੌੜ ਜਾ ਪੁੱਤਰਾ, ਦੌੜ ਜਾਹ!"

1947 ਵਿਚ ਮੁਲਤਾਨ ਤੇ ਫਿਰੋਜ਼ਪੁਰ ਰਾਹੀਂ ਉਹ ਦਿੱਲੀ ਪਹੁੰਚਿਆ। ਫੇਰ ਉਸ ਨੇ ਰੇਲ ਗੱਡੀਆਂ ਮਗਰ ਦੌੜ ਕੇ ਚੋਰੀਆਂ ਵੀ ਕੀਤੀਆਂ ਤੇ ਜੇਲ੍ਹ ਵੀ ਗਿਆ, ਜਿੱਥੇ ਉਸ ਦੀ ਭੈਣ ਨੇ ਆਪਣੀਆਂ ਵਾਲੀਆਂ ਗਹਿਣੇ ਰੱਖੇ ਕੇ ਉਸ ਨੂੰ ਛੁਡਾਇਆ।

ਇੱਕ ਪੜਾਅ ਉੱਤੇ 100 ਮੀਟਰ, 200 ਮੀਟਰ, 400 ਮੀਟਰ ਤੇ 4 ਜਰਬ 400 ਮੀਟਰ ਦੇ ਚਾਰੇ ਨੈਸ਼ਨਲ ਰਿਕਾਰਡ ਮਿਲਖਾ ਸਿੰਘ ਦੇ ਨਾਂ ਸਨ। ਉਸ ਨੇ 1958 ਵਿਚ ਭਾਰਤ ਲਈ ਕਾਮਨਵੈਲਥ ਖੇਡਾਂ ਦਾ ਪਹਿਲਾ ਗੋਲਡ ਮੈਡਲ ਜਿੱਤਿਆ। ਉਸੇ ਸਾਲ ਟੋਕੀਓ ਦੀਆਂ ਏਸ਼ੀਆਈ ਖੇਡਾਂ ਵਿਚ ਬੈਸਟ ਐਥਲੀਟ ਗਰਦਾਨਿਆ ਗਿਆ ਤਾਂ ਕੁੱਲ ਦੁਨੀਆਂ ਵਿਚ ਮਿਲਖਾ-ਮਿਲਖਾ ਹੋ ਗਈ। ਉਥੋਂ ਵਾਪਸੀ ਉੱਤੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਜੇਤੂਆਂ ਨੂੰ ਤੀਨ ਮੂਰਤੀ ਭਵਨ 'ਚ ਪ੍ਰੀਤੀ ਭੋਜਨ ਉੱਤੇ ਬੁਲਾਇਆ ਤਾਂ ਉਸ ਨੇ ਪ੍ਰਧਾਨ ਮੰਤਰੀ ਨਾਲ ਇੱਕ ਹੀ ਮੇਜ਼ ਉੱਤੇ ਬੈਠ ਕੇ ਖਾਣਾ ਖਾਧਾ। ਪੰਡਿਤ ਨਹਿਰੂ ਨੂੰ ਮਿਲਖਾ ਸਿੰਘ ਨੇ ਆਪਣਾ ਪਿਛੋਕੜ ਦੱਸਿਆ ਤਾਂ ਪੰਡਿਤ ਨਹਿਰੂ ਦੇ ਬੋਲ ਸਨ, "ਬੇਟਾ, ਮੈਂ ਤੇਰਾ ਖੋਇਆ ਬਚਪਨ ਤਾਂ ਨਹੀਂ ਲਿਆ ਸਕਦਾ ਤੇ ਨਾ ਹੀ ਤੇਰੇ ਮ੍ਰਿਤੂ ਮਾਪੇ। ਹੁਣ ਤੂੰ ਦੇਸ਼ ਨੂੰ ਤੇ ਮੈਨੂੰ ਹੀ ਮਾਂ ਬਾਪ ਸਮਝ। ਜਦੋਂ ਵੀ ਲੋੜ ਪਵੇ, ਸਿਧਾ ਮੇਰੇ ਕੋਲ ਆਈਂ, ਝਿਜਕੀਂ ਨਾ!"







ਮਿਲਖਾ ਸਿੰਘ ਤੇ ਪ੍ਰਿੰ. ਸਰਵਣ ਸਿੰਘ

ਸਰਵਣ ਸਿੰਘ ਵਲੋਂ ਬਿਆਨਿਆ ਕਾਮਨਵੈਲਥ ਖੇਡਾਂ ਦਾ ਜ਼ਿਕਰ ਪੜ੍ਹਨ ਵਾਲਾ ਹੈ। "ਜਦੋਂ ਫਾਇਰ ਹੋਇਆ ਤਾਂ ਮਿਲਖਾ ਸਿੰਘ ਦੀ ਬਨੈਣ ਉੱਤੇ 'ਇੰਡੀਆ' ਅੱਖਰ ਜਗ ਰਹੇ ਸਨ। ਦੌੜ ਸ਼ੁਰੂ ਹੋਈ ਤਾਂ ਇਨ੍ਹਾਂ ਅਖਰਾਂ ਵਾਲੀ ਬਨੈਣ ਵਾਲਾ ਮਿਲਖਾ ਸਿੰਘ 300 ਮੀਟਰ ਤੱਕ ਸਭ ਤੋਂ ਅੱਗੇ ਸੀ-ਦੱਖਣੀ ਅਫਰੀਕਾ ਤੇ ਮੈਲਕਮ ਸਪੈਂਸ ਨਾਲੋਂ ਵੀ। ਅੰਤਲੇ 100 ਮੀਟਰ ਵਿਚ ਸਪੈਂਸ ਨੇ ਮਿਲਖਾ ਸਿੰਘ ਨੂੰ ਪਛਾੜਨ ਦੀ ਪੂਰੀ ਵਾਹ ਲਾਈ, ਪਰ ਮਿਲਖਾ ਸਿੰਘ ਦੀ ਛਾਤੀ ਫੀਤੇ ਨੂੰ ਪਹਿਲਾਂ ਜਾ ਛੂਹੀ ਤੇ ਇਹਦੇ ਨਾਲ ਹੀ ਉਹ ਬੇਹੋਸ਼ ਹੋ ਕੇ ਡਿੱਗ ਪਿਆ। ਸਾਰੇ ਦਾ ਸਾਰਾ ਸਟੇਡੀਅਮ ਹੱਲਾਸ਼ੇਰੀ ਦੀਆਂ ਅਵਾਜ਼ਾਂ ਦੀ ਥਾਂ ਸਕਤੇ ਵਿਚ ਆ ਗਿਆ। ਮਿਲਖਾ ਸਿੰਘ ਨੂੰ ਸਟਰੈਚਰ ਉੱਤੇ ਪਾ ਕੇ ਲਾਂਭੇ ਲਿਜਾ ਕੇ ਆਕਸੀਜਨ ਦਿੱਤੀ। ਉਸ ਨੂੰ ਹੋਸ਼ ਆਉਣ 'ਤੇ ਪਤਾ ਲੱਗਾ ਕਿ ਉਹ ਦੌੜ ਜਿੱਤ ਗਿਆ।

ਪਾਕਿਸਤਾਨ ਦੇ ਅਬਦੁਲ ਖਾਲਿਕ ਨੂੰ ਹਰਾਉਣ ਵਾਲਾ ਜ਼ਿਕਰ ਵੀ ਪੜ੍ਹਨ ਵਾਲਾ ਹੈ: "ਅਬਦੁਲ ਖਾਲਿਕ ਡਾਢੇ ਗੁਮਾਨ ਵਿਚ ਸੀ। ਨਵੇਂ ਉੱਠ ਰਹੇ ਮਿਲਖਾ ਸਿੰਘ ਨੂੰ ਟਿੱਚ ਸਮਝ ਰਿਹਾ ਸੀ। 200 ਮੀਟਰ ਦੀ ਦੌੜ ਸ਼ੁਰੂ ਹੋਣ ਲੱਗੀ ਤਾਂ ਸਟੇਡੀਅਮ, ਕੰਢਿਆਂ ਤੱਕ ਭਰਪੂਰ ਸੀ। ਇੱਕ ਅਣਜਾਣ ਕੁੜੀ ਨੇ ਕਿਹਾ, 'ਜੇ ਅੱਜ ਅਬਦੁਲ ਖਾਲਿਕ ਨੂੰ ਹਰਾ ਦੇਵੇਂ ਤਾਂ ਜੋ ਮੰਗੇ ਮਿਲੇਗਾ।' ਉਹਦੇ ਬੋਲਾਂ ਨੇ ਮਿਲਖਾ ਦੇ ਮਨ ਵਿਚ ਅਥਾਹ ਸ਼ਕਤੀ ਭਰ ਦਿੱਤੀ। ਦਰਸ਼ਕ ਸੀਟਾਂ 'ਤੇ ਖੜ੍ਹੇ ਸਨ। ਸਾਹਮਣੇ ਫੀਤਾ ਤਣਿਆ ਹੋਇਆ ਸੀ। ਫੀਤੇ ਤੋਂ 3-4 ਮੀਟਰ ਪਿੱਛੇ ਮਿਲਖੇ ਦਾ ਮਸਲ ਖਿਚਿਆ ਗਿਆ। ਉਹਦੀਆਂ ਲੱਤਾਂ ਇੱਕ ਦੂਜੀ ਵਿਚ ਅੜ ਗਈਆਂ, ਪਰ ਮਿਲਖਾ ਸਿੰਘ ਫੀਤੇ ਨੂੰ ਛੂੰਹਦਾ ਭੁੰਜੇ ਡਿੱਗ ਪਿਆ। ਉਹਦੇ ਫਸਟ ਆਉਣ ਦਾ ਐਲਾਨ ਹੋਇਆ ਤਾਂ ਸਾਰੇ ਏਸ਼ੀਆ ਵਿਚ 'ਮਿਲਖਾ ਸਿੰਘ, ਮਿਲਖਾ ਸਿੰਘ' ਹੋ ਗਈ।

ਮਿਲਖਾ ਸਿੰਘ ਦੇ ਖੁਸ਼ੀ ਵਿਚ ਹੰਝੂ ਵਹਿ ਤੁਰੇ। ਤਸਵੀਰਾਂ ਖਿਚਣ ਲਈ ਕੈਮਰਿਆਂ ਦੀਆਂ ਅੱਖਾਂ ਜਗਣ-ਬੁਝਣ ਲੱਗੀਆਂ। ਸਾਥੀਆਂ ਦੀਆਂ ਜੱਫੀਆਂ ਨੇ ਉਹਨੂੰ ਮਧੋਲ ਲਿਆ। ਡੋਰ-ਭੌਰ ਉਹ ਆਪਣੇ ਕਮਰੇ 'ਚ ਪੁੱਜਾ। ਉਹ ਸ਼ੀਸ਼ੇ ਸਾਹਮਣੇ ਖੜ੍ਹਾ ਹੋਇਆ। ਸ਼ੀਸ਼ਾ ਉਹਦੇ ਨਾਲ ਗੱਲਾਂ ਕਰਨ ਲੱਗਾ। ਉਸ ਨੇ ਆਪਣੇ ਆਪ ਨੂੰ ਗਹੁ ਨਾਲ ਵੇਖਿਆ...ਭੁੱਜਦੇ ਪੈਰਾਂ ਨਾਲ ਰੇਤਲੇ ਰਾਹਾਂ 'ਤੇ ਰੁੱਖਾਂ ਦੀਆਂ ਛਾਵਾਂ ਵੱਲ ਦੌੜਦਾ, ਲਹੂ ਲਿਬੜੀ ਗੱਡੀ 'ਚ ਸੀਟਾਂ ਹੇਠ ਲੁਕ ਕੇ ਸਫਰ ਕਰਦਾ, ਸ਼ਰਨਾਰਥੀ ਕੈਂਪਾਂ 'ਚ ਰੁਲਦਾ, ਫੌਜੀਆਂ ਦੇ ਬੂਟ ਪਾਲਸ਼ ਕਰਦਾ, ਭੈਣ ਦੀ ਲੁਕਾਅ ਕੇ ਰੱਖੀ ਬੇਹੀ ਰੋਟੀ ਨਿਗਲਦਾ...।

ਜਾਨ ਬਚਾ ਕੇ ਦੌੜਿਆ ਯਤੀਮ ਬਾਲਕ, ਕੋਟ ਅੱਦੂ ਤੋਂ ਮੁਲਤਾਨ ਨੂੰ ਜਾਂਦੀ ਗੱਡੀ ਵਿਚ ਲੁਕਿਆ ਤਾਂ ਬੁਰਕੇ ਵਾਲੀਆਂ ਔਰਤਾਂ ਹੀ ਸਨ, ਜਿਨ੍ਹਾਂ ਨੇ ਉਸ ਦੀ ਜਾਨ ਬਚਾਈ ਸੀ। (ਉਨ੍ਹਾਂ ਰਹਿਮ-ਦਿਲ ਸਵਾਣੀਆਂ ਨੂੰ ਕੀ ਪਤਾ ਸੀ ਕਿ ਜੂੜੇ ਵਾਲਾ ਇਹੋ ਬਾਲ ਪਾਕਿਸਤਾਨ ਦੇ ਅਬਦੁੱਲ ਖਾਲਿਕ ਨੂੰ ਹਰਾ ਕੇ ਏਸ਼ੀਆ ਦਾ ਰੁਸਤਮ ਬਣੇਗਾ)। ਮਿਲਖਾ ਸਿੰਘ ਦੇ ਦਿਲੋਂ ਦੁਆਵਾਂ ਨਿਕਲ ਰਹੀਆਂ ਸਨ, 'ਜੀਂਦੀਆਂ ਰਹਿਣ ਉਹ ਸਵਾਣੀਆਂ! ਮਮਤਾ ਭਰੀਆਂ ਉਹ ਮੁਸਲਮਾਨ ਮਾਤਾਵਾਂ! ਜਿਨ੍ਹਾਂ ਹਾਲਾਤ ਦੇ ਮਾਰੇ ਇਕ ਯਤੀਮ ਬਾਲਕ ਦੀ ਜਾਨ ਬਚਾਈ ਸੀ।'

ਪੱਛਮੀ ਪੰਜਾਬ ਵਿਚ ਜ਼ਿਲਾ ਮੁਜ਼ਫਰਗੜ੍ਹ ਦੇ ਪਛੜ ਪਿੰਡ ਗੋਬਿੰਦਪੁਰਾ ਵਿਚ ਇਕ ਗਰੀਬ ਕਿਸਾਨ ਘਰ ਦਾ ਜੰਮਪਲ ਹੋ ਕੇ, ਬਚਪਨ ਟੁਕੜੇ ਟੁਕੜੇ ਕਰਾ ਕੇ, ਆਪਣੀਆਂ ਅੱਖਾਂ ਸਾਹਮਣੇ ਮਾਪੇ ਤੇ ਭੈਣ ਭਰਾ ਕਤਲ ਹੁੰਦੇ ਵੇਖ ਕੇ, ਮਾਤਭੂਮੀ ਤੋਂ ਉਜੜ ਪੁਜੜ ਕੇ, ਅਨਾਥ ਹੋ ਕੇ, ਭੁੱਖਾ ਪਿਆਸਾ ਰਹਿ ਕੇ, ਜੇਲ੍ਹ ਦੀ ਹਵਾ ਖਾ ਕੇ, ਅੰਤਾਂ ਦੀਆਂ ਦੁਸ਼ਵਾਰੀਆਂ 'ਚ ਲੰਘ ਕੇ ਵੱਡੀ ਉਮਰ 'ਚੋਂ ਦੌੜ ਸ਼ੁਰੂ ਕਰ ਕੇ ਤੇ ਫਿਰ 'ਦੌੜ ਦਾ ਬਾਦਸ਼ਾਹ' ਬਣ ਕੇ ਜੋ ਮਸ਼ਾਲ ਮਿਲਖਾ ਸਿੰਘ ਨੇ ਜਗਾਈ, ਉਸ ਨੂੰ ਸਲਾਮ ਹੈ!

**ਅੰਤਿਕਾ: ਗੁਰਭਜਨ ਗਿੱਲ**

ਉਸ ਨੂੰ ਸਿਰਫ ਗੁਲਾਬ ਕਹਾਂਗਾ
ਜਿਸ ਦਾ ਰੰਗ ਗੁਲਾਬੀ ਹੈ,
ਬਾਕੀ ਸਭ ਕੁਝ ਮਗਰੋਂ ਬਣਿਆ
ਮੰਡੀ ਬੜੀ ਹਿਸਾਬੀ ਹੈ।
ਗਮਲੇ ਦੇ ਵਿਚ ਲੱਗਿਆਂ ਨੂੰ ਤਾਂ
ਧਰਤੀ ਮਾਂ ਪਹਿਚਾਣੇ ਨਾ,
ਜੋ ਪੰਜਾਬੀ ਬੋਲੇ ਖੁੱਲ੍ਹ ਕੇ
ਓਹੀ ਸਿਰਫ ਪੰਜਾਬੀ ਹੈ।

# ਗੁਲਜ਼ਾਰ ਸਿੰਘ ਸੰਧੂ ਦੀ 'ਪਰੀ ਸੁਲਤਾਨਾ'

ਪ੍ਰਿੰ. ਸਰਵਣ ਸਿੰਘ

'ਪਰੀ ਸੁਲਤਾਨਾ' ਗੁਲਜ਼ਾਰ ਸਿੰਘ ਸੰਧੂ ਦਾ ਨਵਾਂ ਨਾਵਲ ਹੈ, ਜੋ ਵਾਕਿਆ ਈ ਪਰੀ ਕਹਾਣੀ ਵਰਗਾ ਹੈ। ਆਮ ਨਾਵਲਾਂ ਤੋਂ ਹਟਵਾਂ। ਕਰੋਨਾ ਦਾ ਲੋਕਾਂ ਨੂੰ ਘਰੋ-ਘਰੀ ਬਹਾਉਣ ਦਾ ਦੌਰ ਨਾ ਆਉਂਦਾ ਤਾਂ ਸ਼ਾਇਦ ਇਹ ਨਾਵਲ ਵਜੂਦ ਵਿਚ ਨਾ ਆਉਂਦਾ। ਸੰਧੂ ਨੇ ਤਿੰਨ ਸਾਲ ਪਹਿਲਾਂ ਇਹ ਨਾਵਲ ਲਿਖਣਾ ਸ਼ੁਰੂ ਕੀਤਾ ਸੀ, ਪਰ ਕੁਝ ਕੁ ਵਰਕੇ ਲਿਖ ਕੇ ਸੰਤੋਖ ਦਿੱਤਾ ਸੀ। ਉਹਦੇ ਵਰਗੇ ਘੁਮੱਕੜ ਬੰਦੇ ਨੂੰ ਨਾਵਲ ਲਿਖਣ ਦੀ ਵਿਹਲ ਕਿਥੇ ਮਿਲਣੀ ਸੀ! 'ਪਰੀ ਸੁਲਤਾਨਾ' ਦੇ ਕਰਮਾਂ ਨੂੰ, ਕਰੋਨਾ ਕਾਰਨ ਤੋਰੇ ਫੇਰੇ ਤੋਂ ਮਿਲੀ ਵਿਹਲ ਵਿਚ ਸੰਤੋਖੇ ਹੋਏ ਵਰਕਿਆਂ ਦੇ ਭਾਗ ਫਿਰ ਜਾਗ ਪਏ। ਨਾਵਲ ਸਿਰੇ ਚੜ੍ਹ ਗਿਆ, ਜੋ ਪੈਂਦੀ ਸੱਟੇ ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ਵਾਲਿਆਂ ਨੇ ਛਾਪ ਦਿੱਤਾ। ਇਸ ਦੇ 63 ਕਾਂਡ ਹਨ, 184 ਸਫੇ ਤੇ ਭੂਮਿਕਾ ਦੇ ਸਿਰਫ 'ਦੋ ਸ਼ਬਦ', "ਇਸ ਨਾਵਲ ਦੀ ਨਾਇਕਾ ਈਰਾਨੀ ਮੁਸਲਮਾਨਾਂ ਦੇ ਘਰ ਜੰਮੀ, ਪਿਸ਼ਾਵਰ ਦੇ ਬਹਾਈ ਸਿੱਖਾਂ ਨੇ ਗੋਦ ਲਈ ਤੇ ਪਾਣੀਪਤ ਦੇ ਹਿੰਦੂ ਬੇਦੀ ਪਰਿਵਾਰ ਵਿਚ ਵਿਆਹੀ ਗਈ। ਧਾਰਨਾ ਅਗਾਂਹਵਧੂ ਰਹੀ। ਅਮਲੀ ਜਾਮਾ ਕਾਂਗਰਸੀ ਵੀ ਰਿਹਾ, ਸਮਾਜਵਾਦੀ ਵੀ ਤੇ ਮਾਰਕਸਵਾਦੀ ਵੀ। ਇਤਿਹਾਸਕ, ਮਿਥਿਹਾਸਕ ਤੇ ਸਥਾਨਕ ਵੇਰਵੇ ਸੇਧ ਦੱਸਣ ਲਈ ਵਰਤੇ ਗਏ, ਇਤਿਹਾਸ ਜਾਂ ਭੂਗੋਲ ਪੜ੍ਹਾਉਣ ਲਈ ਨਹੀਂ। ਰਚਨਾ ਦਾ ਸਰੋਤ ਕੀ, ਕਦੋਂ ਤੇ ਕਿਥੇ ਦਾ ਹੈ, ਦੱਸਣ ਦੀ ਲੋੜ ਨਹੀਂ। ਕਿਉਂ ਲਿਖੀ ਗਈ, ਇਸ ਦੀ ਵੀ ਨਹੀਂ!"

ਬੱਸ ਏਨੀ ਕੁ ਹੈ ਭੂਮਿਕਾ। ਨਾਵਲ ਦਾ ਅਖੀਰਲਾ ਕਾਂਡ ਸਿਰਫ ਸੱਤ ਸਤਰਾਂ ਦਾ ਹੈ ਜਿਸ ਦੇ ਆਖਰੀ ਵਾਕ ਹਨ, "ਗੱਡੀ ਲਾਹੌਰ ਤੋਂ ਬਾਹਰ ਨਿਕਲੀ ਤਾਂ ਸੂਰਜ ਦੀ ਪਹਿਲੀ ਕਿਰਨ ਨੇ ਸਭਨਾਂ ਦਾ ਸਵਾਗਤ ਕੀਤਾ। ਸੂਰਜ ਲਾਲ ਸੀ। ਲਾਲੀ ਬਖੇਰ ਰਿਹਾ ਸੀ...।"

ਮੈਂ ਗੁਲਜ਼ਾਰ ਸੰਧੂ ਦੀ ਪਹਿਲੀ ਰਚਨਾ ਉਸ ਵੱਲੋਂ ਗੋਰਕੀ ਦੀ ਅਨੁਵਾਦਿਤ ਪੁਸਤਕ 'ਜੀਵਨ ਤੇ ਸਾਹਿਤ' ਦਿੱਲੀ ਯੂਨੀਵਰਸਿਟੀ 'ਚ ਪੜ੍ਹਦਿਆਂ ਪੜ੍ਹੀ ਸੀ। ਉਹ ਕਿਤਾਬ ਮੇਰੇ ਬੜੇ ਕੰਮ ਆਈ। ਸੰਧੂ ਨਾਲ ਮੇਲ ਮਿਲਾਪ ਵਧਦਾ-ਵਧਦਾ ਸੁਲਤਾਨਾ ਪਰੀ ਤਕ ਪੁੱਜ ਗਿਆ ਹੈ। ਇਸ ਨਾਵਲ ਦੀ ਕਹਾਣੀ ਬੇਸ਼ਕ ਪਰੀ ਕਹਾਣੀਆਂ ਵਰਗੀ ਹੈ, ਪਰ ਹੈ ਸੱਚੀ। ਨਾਵਲ ਵਿਚ ਸੁਲਤਾਨਾ ਚਾਰ ਸਾਲ ਦੀ ਨਿਆਣੀ ਉਮਰ ਤੋਂ ਤੀਹ ਕੁ ਵਰ੍ਹਿਆਂ ਦੀ ਭਰ ਜੁਆਨੀ ਅਵੱਸਥਾ ਨੂੰ ਪਹੁੰਚਦੀ ਵਿਖਾਈ ਹੈ, ਪਰ ਅਸਲੀ ਜੀਵਨ ਵਿਚ ਉਹ ਨੱਬੇ ਵਰ੍ਹੇ ਜੀਵੀ ਤੇ ਤਿੰਨ ਕੁ ਸਾਲ ਪਹਿਲਾਂ ਹੀ ਪੂਰੀ ਹੋਈ। ਅਰੁਣਾ ਆਸਫ ਅਲੀ ਵੀ ਨਾਵਲ ਦੀ ਵਿਸ਼ੇਸ਼ ਪਾਤਰ ਹੈ। ਟਾਈਟਲ ਉਤੇ ਤਿੰਨ ਔਰਤਾਂ ਦੀਆਂ ਤਸਵੀਰਾਂ ਛਪੀਆਂ ਹਨ, ਉਪਰ ਨੂਰ ਜਹਾਂ ਦੀ, ਖੱਬੇ ਮੁਟਿਆਰ ਹੁੰਦੀ ਸੁਲਤਾਨਾ ਦੀ ਤੇ ਹੇਠਾਂ ਬੁੱਢੀ ਹੁੰਦੀ ਅਰੁਣਾ ਆਸਫ ਅਲੀ ਦੀ।

ਕਹਾਣੀ ਦਾ ਸੰਖੇਪਸਾਰ ਇਥੇ ਹੀ ਦੱਸ ਦੇਵਾਂ ਤਾਂ ਪਾਠਕਾਂ ਦਾ ਉਲਾਂਭਾ ਮਿਲੇਗਾ ਕਿ ਕਹਾਣੀ ਪਹਿਲਾਂ ਨਹੀਂ ਸੀ ਦੱਸਣੀ। ਫਿਰ ਖੁਦ ਪੁਸਤਕ ਪੜ੍ਹਦਿਆਂ ਕਹਾਣੀ ਦਾ ਅੰਤ ਜਾਣਨ ਦੀ ਓਨੀ ਉਤਸੁਕਤਾ ਨਹੀਂ ਰਹਿੰਦੀ, ਮਜ਼ਾ ਨਹੀਂ ਆਉਂਦਾ। ਕਹਾਣੀ ਦਾ ਪਾਸਾਰ ਜ਼ਰੂਰ ਦੱਸ ਦਿੰਨਾਂ, ਜਿਸ ਵਿਚ ਇਰਾਨ ਦਾ ਸ਼ਹਿਰ ਕਾਜ਼ਵਿਨ, ਇਰਾਕ ਦੇ ਬਸਰਾ ਤੇ ਬਗਦਾਦ, ਪਾਕਿਸਤਾਨ ਦੇ ਪਿਸ਼ਾਵਰ, ਕਰਾਚੀ ਤੇ ਲਾਹੌਰ ਅਤੇ ਭਾਰਤ ਦੇ ਕਲਕੱਤਾ, ਦਿੱਲੀ ਤੇ ਪਾਣੀਪਤ ਆਉਂਦੇ ਹਨ। ਕਹਾਣੀ ਦੀ ਰਫਤਾਰ ਰਾਕਟ ਵਰਗੀ ਹੈ। ਮਿੰਟਾਂ 'ਚ ਮੈਕਸੀਕੋ, ਇਰਾਨ, ਇਰਾਕ, ਪਾਕਿਸਤਾਨ ਤੇ ਭਾਰਤ। ਸੰਧੂ ਨੇ ਸਿਰਫ ਦੋ-ਦੋ ਚਾਰ-ਚਾਰ ਸਤਰਾਂ ਦੇ ਪੈਰੇ ਬਣਾਏ ਹਨ ਤੇ ਪੰਜ-ਦਸ ਸ਼ਬਦਾਂ ਵਾਲੇ ਵਾਕ। ਬਿਰਤਾਂਤ ਉਡਦਾ ਜਾਂਦਾ ਹੈ। ਇਹੋ ਕਾਰਨ ਹੈ ਕਿ ਮੇਰੇ ਵਰਗਾ ਮੱਠਾ ਪਾਠਕ ਵੀ ਇਹ ਨਾਵਲ ਇਕੋ ਦਿਨ 'ਚ ਪੜ੍ਹ ਗਿਆ। ਨਾਵਲ ਦੇ ਉਤਲੇ ਅਰਥ ਬੇਸ਼ਕ ਸਤੱਈ ਹਨ ਤੇ ਹੇਠਲੇ ਬਹੁਤ ਡੂੰਘੇ ਹਨ। ਬੇਲੋੜੇ ਧਰਮਾਂ-ਕਰਮਾਂ ਦੇ ਗੇੜ 'ਚੋਂ ਕੱਢਣ ਵਾਲੇ, ਸੁੱਚੀ ਕਿਰਤ ਵਾਲੇ ਤੇ ਸਮਾਨਤਾ ਵਾਲੇ, ਚੰਗੇਰੇ ਭਵਿੱਖ ਵਾਲੇ। ਸੰਧੂ ਦੀ ਸ਼ੈਲੀ ਸਿਰ ਚੜ੍ਹ ਕੇ ਬੋਲਦੀ ਹੈ। ਇਹ ਉਹਦੇ ਨਾਵਲ 'ਕੰਧੀਂ ਜਾਏ', 'ਧਰੂ ਤਾਰੇ' ਤੇ 'ਗੋਰੀ ਹਿਰਨੀ' ਤੋਂ ਬਾਅਦ ਚੌਥਾ ਨਾਵਲ ਹੈ। ਨਾਵਲ ਪੜ੍ਹਨ ਤੇ ਵਿਚਾਰਨ ਵਾਲਾ ਹੈ।

ਇਥੇ ਲੇਖਕ ਬਾਰੇ ਵੀ ਕੁਝ ਕਹਿਣਾ ਵਾਜਬ ਹੋਵੇਗਾ। ਸੰਧੂ ਚੁਰਾਸੀ ਕੱਟ ਚੁੱਕੈ, 88ਵੇਂ ਡੰਡੇ 'ਤੇ ਪੈਰ ਰੱਖ ਚੁੱਕੇ ਤੇ ਸੈਂਚਰੀ ਮਾਰਨ ਦੇ ਰਾਹ ਪੈ ਚੁੱਕੈ। ਉਹਦੀਆਂ ਹਲਕੀਆਂ ਫੁਲਕੀਆਂ ਹਾਸੇ-ਠੱਠੇ ਦੀਆਂ ਗੱਲਾਂ ਵਿਚ ਵੀ ਡੂੰਘੇ ਅਰਥ ਸਮੋਏ ਹੁੰਦੇ ਹਨ। ਉਹ ਸਦਾਬਹਾਰ ਲੇਖਕ ਹੈ। ਇਹ ਖਿਤਾਬ ਉਸ ਨੂੰ ਬਲਵੰਤ ਗਾਰਗੀ ਨੇ ਦਿੱਤਾ ਸੀ। ਸਤਾਸੀ ਕੋਹ ਦੀ ਦੌੜ ਲਾ ਕੇ ਵੀ ਉਹਦੀ ਕਲਮ ਪਹਿਲਾਂ ਵਾਂਗ ਚੱਲ ਰਹੀ ਹੈ ਤੇ ਹਾਸਾ ਵੀ ਪਹਿਲਾਂ ਵਾਂਗ ਹੀ ਛਣਕ ਰਿਹੈ। ਹਾਸਾ ਉਹਦੀ ਰੂਹ ਦੀ ਖੁਰਾਕ ਹੈ। ਹਾਸੇ ਕਰਕੇ ਹੀ ਉਹ ਗੁਲਜ਼ਾਰ ਹੈ ਤੇ ਸਦਾਬਹਾਰ ਹੈ। ਕਹਿੰਦੇ ਹਨ ਕਿ ਹਸਮੁੱਖ ਬੰਦੇ ਕਰਮਾਂ ਦੇ ਬਲੀ ਹੁੰਦੇ ਹਨ। ਸੰਧੂ ਸੱਚਮੁੱਚ ਕਰਮਾਂ ਦਾ ਬਲੀ ਹੈ।





ਉਹਦੇ ਹਾਸੇ ਦੇ ਕਈ ਰੰਗ ਹਨ, ਕਈ ਰਉਂ ਹਨ। ਕਦੇ ਉਹਦਾ ਹਾਸਾ ਖੁਸ਼ੀ ਪਰਗਟ ਕਰਦਾ, ਕਦੇ ਉਦਾਸੀ। ਕਦੇ ਉਤਮਤਾ ਵਿਖਾਉਂਦਾ, ਕਦੇ ਨਿਮਰਤਾ। ਕਦੇ ਸ਼ਾਬਾਸ਼ੇ ਦਿੰਦਾ, ਕਦੇ ਦਿਲ ਧਰਾਉਂਦਾ। ਕਦੇ ਉਹਦਾ ਹਾਸਾ ਬੇਪਰਵਾਹੀ ਦਾ ਹੁੰਦਾ, ਕਦੇ ਲਾਪਰਵਾਹੀ ਦਾ। ਕਦੇ ਅੰਗੂਰੀ, ਕਦੇ ਸੰਧੂਰੀ ਤੇ ਕਦੇ ਕਪੂਰੀ। ਇਸ ਹਾਸੇ ਤੋਂ ਬਿਨਾ ਗੁਲਜ਼ਾਰ, ਗੁਲਜ਼ਾਰ ਸੰਧੂ ਨਹੀਂ ਲੱਗਦਾ। ਰੱਬ ਦਾ ਸ਼ੁਕਰ ਹੈ ਕਿ ਨੱਬਿਆਂ ਨੂੰ ਢੁੱਕ ਕੇ ਵੀ ਉਹਦਾ ਹਾਸਾ ਖੇੜਾ ਪਹਿਲਾਂ ਵਾਂਗ ਕਾਇਮ ਹੈ। ਕਈ ਰੋ ਕੇ ਦੱਸਦੇ ਹਨ ਕਿ ਸਾਡੇ ਕੋਈ ਨਿਆਣਾ ਨਹੀਂ ਹੋਇਆ, ਪਰ ਉਹ ਹੱਸਦਾ ਹੋਇਆ ਦਸਦਾ ਹੈ, "ਆਪਣੇ ਕਿਹੜਾ ਜੁਆਕ ਰੋਂਦੇ ਆ?"

ਗਾਰਗੀ ਨੇ ਗੁਲਜ਼ਾਰ ਦੀ ਦੋਸਤੀ ਦਾ ਰੱਜਵਾਂ ਸਵਾਦ ਮਾਣਿਆ। ਉਹ ਗੁਲਜ਼ਾਰ ਦੇ ਹਾਸੇ ਬਾਰੇ ਲਿਖ ਗਿਐ, "ਉਹਦਾ ਹਾਸਾ ਉਹਦੇ ਮੋਕਲੇ ਹੱਡਾਂ ਵਾਂਗ ਚੌੜਾ ਤੇ ਵਿਸ਼ਾਲ ਹੈ। ਉਹਦੇ ਰੋਸੇ ਵਿਚ ਵੀ ਕੌੜੀ ਉਦਾਰਤਾ ਦਾ ਨਿੰਘ ਹੁੰਦਾ ਹੈ।"

ਕਵੀ ਮੋਹਣ ਸਿੰਘ ਜਲੰਧਰ ਤੋਂ 'ਪੰਜ ਦਰਿਆ' ਪਰਚਾ ਕੱਢਦਾ ਸੀ। ਸੰਧੂ ਨੇ ਦਿੱਲੀ ਤੋਂ ਆਪਣੀ ਕਹਾਣੀ 'ਸੀਤ ਪੋਟੇ' ਭੇਜੀ। ਮੋਹਣ ਸਿੰਘ ਨੇ 1961 ਵਿਚ ਸੰਧੂ ਬਾਰੇ ਲਿਖਿਆ, "ਗੁਲਜ਼ਾਰ ਸੰਧੂ ਛਣਕਦੇ ਹਾਸੇ ਵਾਲੀ ਰੰਗੀਲੀ ਸ਼ਖਸੀਅਤ ਦਾ ਮਾਲਕ ਹੈ। ਮੈਂ ਉਸ ਨੂੰ ਉਸ ਦੀ ਕਹਾਣੀ 'ਸੀਤ ਪੋਟੇ' ਤੋਂ ਪਛਾਣਿਆ ਸੀ, ਜੋ 1958 ਵਿਚ ਪੰਜ ਦਰਿਆ ਲਈ ਭੇਜੀ ਗਈ ਸੀ।"

ਉਸ ਦੀਆਂ ਪੁਸਤਕਾਂ ਦੇ ਨਾਂ ਹਨ: ਸਾਡੇ ਹਾਰ ਸ਼ਿੰਗਾਰ, ਹੁਸਨ ਦੇ ਹਾਣੀ, ਇੱਕ ਸਾਂਝ ਪੁਰਾਣੀ, ਸੋਨੇ ਦੀ ਇੱਟ, ਅਮਰ ਕਥਾ, ਗਮਲੇ ਦੀ ਵੇਲ, ਚੋਣਵੀਆਂ ਕਹਾਣੀਆਂ, ਰੁਦਨ ਬਿੱਲੀਆਂ ਦਾ, ਦਿਨ ਦੀਵੀਂ ਲੁੱਟ, ਇਕ ਇੱਟ ਵਾਲੀ ਹਵੇਲੀ, ਤਿੰਨ ਛੱਕੇ, ਕੰਧੀਂ ਜਾਏ, ਧਰੂ ਤਾਰੇ, ਗੋਰੀ ਹਿਰਨੀ, ਮੇਰਾ ਪੰਜਾਬ ਤੇ ਮੇਰੀ ਪੱਤਰਕਾਰੀ, 25 ਮੁਲਕ 75 ਗੱਲਾਂ, ਸਾਹਿਤਕ ਸਵੈਜੀਵਨੀ, ਮੇਰੀ ਸਹੁੰ/ਸਰਗੋਸ਼ੀਆਂ-1, ਮਿੱਤਰਾਂ ਦਾ ਮੈਂ ਤੇ ਅੱਸੀ ਕੋਹ ਦੀ ਦੌੜ/ਜੀਵਨ ਦਰਪਨ। ਇਸ ਤੋਂ ਇਲਾਵਾ ਟੈਂਸ, ਪਾਕਿਸਤਾਨ ਮੇਲ, ਜੀਵਨ ਤੇ ਸਾਹਿਤ, ਸਾਥੀ, ਬਾਲ ਬਿਰਖ ਤੇ ਸੂਰਜ, ਲਹਿਰਾਂ ਦੀ ਆਵਾਜ਼ ਤੇ ਭਾਰਤੀ ਸੈਨਾ ਦੀਆਂ ਪ੍ਰਾਪਤੀਆਂ ਅਨੁਵਾਦਤ ਪੁਸਤਕਾਂ ਹਨ। ਅੱਗ ਦਾ ਸਫਰ ਸ਼ਿਵ ਬਟਾਲਵੀ ਦੀ ਚੋਣਵੀਂ ਕਵਿਤਾ, ਪੰਜਾਬ ਦਾ ਛੇਵਾਂ ਦਰਿਆ ਐਮ. ਐਸ. ਰੰਧਾਵਾ, ਨਵਯੁਗ ਟਕਸਾਲ ਭਾਪਾ ਪ੍ਰੀਤਮ ਸਿੰਘ, ਵਾਸਨਾ ਵਿਸਕੀ ਵਿਦਵਤਾ ਖੁਸ਼ਵੰਤ ਸਿੰਘ ਤੇ ਲਾਲ ਕਿਲੇ ਦੀਆਂ ਟਾਹਣੀਆਂ ਸੰਪਾਦਤ ਪੁਸਤਕਾਂ ਵੱਖਰੀਆਂ ਹਨ। ਉਸ ਦੀਆਂ ਕਹਾਣੀਆਂ ਦੇ ਸੰਗ੍ਰਹਿ ਅੰਗਰੇਜ਼ੀ ਤੇ ਉਰਦੂ ਵਿਚ ਵੀ ਛਪੇ ਹਨ। ਪੰਜਾਬੀਜ਼ ਵਾਰ ਐਂਡ ਵੂਮਨ, ਗਾਡਜ਼ ਆਨ ਟਰਾਇਲ ਤੇ ਅਮਰ ਕਥਾ। ਉਹ ਸਪਤਾਹਿਕ ਤੇ ਮਾਸਕ ਰਸਾਲਿਆਂ ਤੋਂ ਇਲਾਵਾ ਰੋਜ਼ਾਨਾ ਅਖਬਾਰ 'ਪੰਜਾਬੀ ਟ੍ਰਿਬਿਊਨ' ਤੇ 'ਦੇਸ਼ ਸੇਵਕ' ਦਾ ਸੰਪਾਦਕ ਰਿਹਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸੰਚਾਰ ਵਿਭਾਗ ਦਾ ਡਾਇਰੈਕਟਰ ਅਤੇ ਪੰਜਾਬੀ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਦਾ ਮੁਖੀ ਪ੍ਰੋਫੈਸਰ ਰਿਹਾ।

ਸੰਧੂ ਪੰਜਾਬੀ ਦਾ ਹਰਫਨਮੌਲਾ ਲੇਖਕ ਹੈ। ਕਹਾਣੀਕਾਰ, ਨਾਵਲਕਾਰ, ਨਿਬੰਧਕਾਰ, ਪੱਤਰਕਾਰ, ਰੇਖਾ ਚਿੱਤਰਕਾਰ, ਸਫਰਨਾਮੀਆ, ਅਨੁਵਾਦਕ ਤੇ ਸੰਪਾਦਕ। ਅਖਬਾਰਾਂ ਦਾ ਕਾਲਮਨਵੀਸ। ਗੱਲਾਂ ਦਾ ਧਨੀ। ਮਾੜੇ ਧੀੜੇ ਦਾ ਮਦਦਗਾਰ। ਸਾਹਿਤ ਸਭਾਵਾਂ ਤੇ ਅਕਾਦਮੀਆਂ ਦਾ ਪ੍ਰਧਾਨ, ਸਕੱਤਰ ਤੇ ਸਲਾਹਕਾਰ। ਵਫਾਦਾਰ ਪਤੀ, ਰਿਸ਼ਤੇਦਾਰਾਂ ਦਾ ਸਕਾ ਸਨੇਹੀ ਤੇ ਮਿੱਤਰਾਂ ਦਾ ਮਿੱਤਰ। ਉਹ ਹੋਰ ਵੀ ਬਹੁਤ ਕੁਝ ਹੈ, ਪਰ ਹੈ ਸਭ ਕਾਸੇ ਤੋਂ ਬੇਨਿਆਜ਼। 'ਕੋਈ ਰੌਲਾ ਨ੍ਹੀਂ' ਉਹਦਾ ਤਕੀਆ ਕਲਾਮ ਹੈ। ਹਾਲ-ਚਾਲ ਪੁੱਛੋ ਤਾਂ ਅਜੋਕਾ ਜਵਾਬ ਹੈ, 'ਚੱਲਦੈ!' ਪਹਿਲਾਂ ਉਹ 'ਚੜ੍ਹਦੀ ਕਲਾ' ਕਹਿੰਦਾ ਹੁੰਦਾ ਸੀ, ਫਿਰ 'ਇਕ ਨੰਬਰ' ਕਹਿਣ ਲੱਗ ਪਿਆ ਸੀ ਤੇ ਫਿਰ 'ਹਾਲੀ ਤਕ ਠੀਕ ਹੈ।' ਹੁਣ ਉਹਦੀ ਹਾਲਤ ਉਸ ਗੇਂਦ ਵਰਗੀ ਹੈ, ਜੋ ਰੁੜ੍ਹ ਤਾਂ ਰਹੀ ਹੈ, ਪਰ ਉਹਦਾ ਰੁੜ੍ਹਨਾ ਰੁਕਣ ਵਾਲਾ ਹੈ,

ਰੌਅ ਮੇਂ ਹੈ ਰਖਸ਼ ਏ ਉਮਰ ਕਹਾਂ ਦੇਖੀਏ ਥਮੇਂ
ਨਾ ਹਾਥ ਬਾਗ ਪਰ ਹੈ ਨਾ ਪਾ ਹੈ ਰਕਾਬ ਮੇਂ।

ਪਿਛਲੇ ਸਾਲ ਉਹਦੀ ਸਵੈਜੀਵਨੀ 'ਬਿਨ ਮਾਂਗੇ ਮੋਤੀ ਮਿਲੇ' ਛਪਣ ਸਾਰ ਹੀ 'ਪੰਜਾਬ ਗੌਰਵ' ਨਾਂ ਦਾ ਇਕ ਹੋਰ ਮੋਤੀ ਉਹਦੀ ਝੋਲੀ 'ਚ ਆ ਡਿੱਗਾ ਸੀ। ਅਜੇ ਪਤਾ ਨਹੀਂ ਹੋਰ ਕਿੰਨੇ ਡਿੱਗਣੇ ਹਨ? ਕੀ ਪਤਾ 'ਸੁਲਤਾਨਾ ਪਰੀ' ਹੀ ਕੋਈ ਮੋਤੀ ਡੇਗ ਦੇਵੇ? ਪਰ ਡਰ ਇਹੋ ਹੈ ਕਿ ਕਿਸੇ ਜੋਤਸ਼ੀ ਦੇ ਦੱਸੇ ਮੁਤਾਬਿਕ ਉਹ ਕਿਤੇ ਸੱਚੀਂ 'ਪਾਗਲ' ਨਾ ਹੋ ਜਾਵੇ! ਆਪਣੀ ਸਵੈਜੀਵਨੀ ਦੇ ਅੰਤ ਵਿਚ ਉਸ ਨੇ ਆਪ ਲਿਖਿਆ ਹੈ, "ਆਪਣੀ ਉਮਰ ਦੇ ਨੌਂਵੇਂ ਦਹਾਕੇ ਵਿਚ ਪਹੁੰਚ ਕੇ ਮੈਨੂੰ ਏਨਾ ਜ਼ਰੂਰ ਪਤਾ ਲੱਗ ਗਿਆ ਹੈ ਕਿ ਆਖਰੀ ਉਮਰੇ ਚੇਤੇ ਨੂੰ ਖੋਰਾ ਲੱਗ ਜਾਂਦਾ ਹੈ। ਮੇਰੇ ਉਥੋਂ ਤੇ ਸੀਨੀਅਰ ਮਿੱਤਰਾਂ ਨੂੰ ਲੱਗ ਗਿਆ ਸੀ। ਏਧਰ ਵੀ ਭਾਣਾ ਵਰਤ ਸਕਦਾ ਹੈ। ਉਹ ਜੋਤਸ਼ੀ ਪਤਾ ਨਹੀਂ ਕਿੰਨਿਆਂ ਬੰਦਿਆਂ ਨੂੰ ਇਹ ਦੱਸ ਕੇ ਪਾਗਲ ਕਰ ਚੁਕਾ ਹੈ। ਹਾਲੀ ਤੱਕ ਤਾਂ ਮੈਂ ਠੀਕ ਠਾਕ ਹਾਂ। ਉਂਜ ਕਹਿੰਦੇ ਹਨ ਕਿ ਹਰ ਪਾਗਲ ਆਪਣੇ ਆਪ ਨੂੰ ਠੀਕ ਹੀ ਕਹਿੰਦਾ ਹੈ!"

# ਫਾਸ਼ੀਵਾਦ ਨੂੰ ਲਲਕਾਰਦਾ ਇਟਲੀ ਦਾ ਸਿਨੇਮਾ


ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330


*ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਟਲੀ ਦੇ ਸਰਕਰਦਾ ਫਿਲਮਸਾਜ਼ ਵਿਤੋਰੀਓ ਦਿ ਸੀਕਾ ਦੀ ਫਿਲਮ 'ਅੰਬਰੈਟੋ-ਡੀ' ਦੇ ਨਾਲ-ਨਾਲ ਕੁਝ ਹੋਰ ਫਿਲਮਸਾਜ਼ਾਂ ਦੇ ਹਵਾਲੇ ਨਾਲ ਇਟਲੀ ਦੇ ਨਵ-ਯਥਾਰਥਵਾਦੀ ਸਿਨੇਮਾ ਬਾਰੇ ਚਰਚਾ ਕੀਤੀ ਗਈ ਹੈ। ਇਨ੍ਹਾਂ ਫਿਲਮਾਂ ਵਿਚ ਫਾਸ਼ੀਵਾਦ ਨੂੰ ਲਲਕਾਰ ਸਾਫ ਸੁਣਾਈ ਦਿੰਦੀ ਹੈ। -ਸੰਪਾਦਕ*



*ਫਿਲਮ 'ਅੰਬਰੈਟੋ-ਡੀ' ਦਾ ਇਕ ਦ੍ਰਿਸ਼*



*ਫਿਲਮਸਾਜ਼ ਵਿਤੋਰੀਓ ਦਿ ਸੀਕਾ।*

ਦੂਜੀ ਸੰਸਾਰ ਜੰਗ ਦੇ ਖਾਤਮੇ ਅਤੇ ਮੁਸੋਲਿਨੀ ਦੀ ਤਾਨਾਸ਼ਾਹੀ ਦੇ ਢਹਿ-ਢੇਰੀ ਹੋਣ ਤੋਂ ਬਾਅਦ ਇਟਲੀ ਵਿਚ ਬਣੀਆਂ ਫਿਲਮਾਂ ਨੂੰ ਇਟਾਲੀਅਨ ਨਵ-ਯਥਾਰਥਵਾਦੀ ਸਿਨੇਮਾ ਦੇ ਲਕਬ ਹੇਠ ਸੂਤਰਬੱਧ ਕੀਤਾ ਜਾਂਦਾ ਹੈ। ਇਨ੍ਹਾਂ ਫਿਲਮਾਂ ਵਿਚੋਂ ਰੋਸੇਲੀਨੀ ਦੀ ਫਿਲਮ 'ਰੋਮ, ਓਪਨ ਸਿਟੀ' ਤੇ 'ਪੈਸਾ', ਵਿਤੋਰੀਓ ਦਿ ਸੀਕਾ ਦੀਆਂ ਫਿਲਮਾਂ 'ਸ਼ੂ-ਸ਼ਾਈਨ', 'ਦਿ ਬਾਈ-ਸਾਈਕਲ ਥੀਵਜ਼', ਲੁਕੀਨੋ ਵਿਸਕੌਂਤੀ ਦੀ ਫਿਲਮ 'ਦਿ ਅਰਥ ਵਿਲ ਟਰੈਂਬਲ' ਆਦਿ ਮੁੱਖ ਹਨ। ਇਨ੍ਹਾਂ ਫਿਲਮਾਂ ਬਾਰੇ ਦੋ ਟਿੱਪਣੀਆਂ ਬੇਹੱਦ ਅਹਿਮ ਹਨ: ਪਹਿਲੀ, ਇਹ ਫਿਲਮਾਂ ਸਾਧਾਰਨ ਲੋਕਾਂ ਦੇ ਸੰਘਰਸ਼ਾਂ ਦੀਆਂ ਅਚੰਭਿਤ ਕਰ ਦੇਣ ਵਾਲੀਆਂ ਕਹਾਣੀਆਂ 'ਤੇ ਆਧਾਰਿਤ ਹਨ ਅਤੇ 'ਕਲਾ ਲੋਕਾਂ ਦੁਆਰਾ, ਲੋਕਾਂ ਲਈ' ਦੇ ਵਿਚਾਰ ਦੀ ਪੈਰਵੀ ਕਰਦੀਆਂ ਹਨ। ਇਨ੍ਹਾਂ ਫਿਲਮਾਂ ਨੇ ਤਾਨਾਸ਼ਾਹੀ ਅਤੇ ਜੰਗ ਦੇ ਭੰਨੇ ਦੱਬੇ-ਕੁਚਲੇ ਲੋਕਾਂ ਦੀਆਂ ਦਰਦਨਾਕ ਕਹਾਣੀਆਂ ਨੂੰ ਇੰਨੇ ਕਲਾਤਮਿਕ ਅਤੇ ਸੁਹਜਾਤਮਿਕ ਢੰਗ ਨਾਲ ਕੈਮਰੇ ਰਾਹੀਂ ਚਿਤਰਿਆ ਕਿ ਹੁਣ ਤੱਕ ਇਨ੍ਹਾਂ ਦੁਆਰਾ ਘੜੀ ਅਤੇ ਪਰਵਾਨ ਚੜ੍ਹੀ 'ਸਿਨੇਮਾ ਵਿਚ ਨਵ-ਯਥਾਰਥਵਾਦ' ਦੀ ਲੀਹ ਦੁਨੀਆ ਭਰ ਦੇ ਫਿਲਮਸਾਜ਼ਾਂ ਲਈ ਰਾਹ-ਦਸੇਰਾ ਬਣੀ ਹੋਈ ਹੈ।

ਇਨ੍ਹਾਂ ਫਿਲਮਾਂ ਵਿਚ ਜਿੱਥੇ ਜੰਗ ਦੀ ਕਸ਼ਮਕਸ਼ ਅਤੇ ਬਰਬਾਦੀ 'ਚ ਫਸੇ ਲੋਕਾਂ ਦੀਆਂ ਕਹਾਣੀਆਂ ਸਨ, ਇਨ੍ਹਾਂ 'ਚ ਜਿੱਥੇ ਫਾਸ਼ੀਵਾਦ ਖਿਲਾਫ ਲਹੂ-ਹੂਲਵਾਂ ਵਿਰੋਧ ਹੈ, ਉਥੇ ਗਰੀਬੀ ਤੇ ਬੇਰੁਜ਼ਗਾਰੀ ਦੀ ਘੁੰਮਣਘੇਰੀ ਵਿਚ ਫਸੀਆਂ ਜਿੰਦਾਂ ਦਾ ਵਿਰਲਾਪ ਵੀ ਹੈ। ਇਨ੍ਹਾਂ ਫਿਲਮਾਂ ਦੀ ਸਿਨੇਮਾ ਦੇ ਇਤਿਹਾਸ ਵਿਚ ਇਸ ਲਈ ਵੀ ਮਹੱਤਤਾ ਹੈ ਕਿ ਇਨ੍ਹਾਂ ਨੇ ਹਾਲੀਵੁੱਡ ਦੁਆਰਾ ਤੈਅ ਫਾਰਮੂਲਿਆਂ ਅਤੇ ਫਿਲਮਾਂ ਬਣਾਉਣ ਦੇ ਢੰਗ-ਤਰੀਕਿਆਂ ਨੂੰ ਹੀ ਰੱਦ ਨਹੀਂ ਕੀਤਾ ਸਗੋਂ ਇਹ ਫਿਲਮਾਂ ਬਿਲਕੁਲ ਸਾਧਾਰਨ ਲੋਕਾਂ ਨਾਲ ਸਾਧਾਰਨ ਥਾਵਾਂ 'ਤੇ ਦਸਤਾਵੇਜ਼ੀ ਫਿਲਮਾਂ ਦੇ ਅੰਦਾਜ਼ ਵਿਚ ਬਣਾਈਆਂ ਗਈਆਂ। ਇਨ੍ਹਾਂ ਫਿਲਮਾਂ ਰਾਹੀਂ ਜਿੱਥੇ ਸਮਾਜ ਦੇ ਜੀਵੰਤ ਅਤੇ ਚਲੰਤ ਮੁੱਦਿਆਂ 'ਤੇ ਸਿਆਸੀ/ਆਲੋਚਨਾਤਮਿਕ ਤੌਰ 'ਤੇ ਤਿੱਖੀਆਂ ਟਿੱਪਣੀਆਂ ਕੀਤੀਆਂ ਗਈਆਂ, ਉਥੇ ਮਾਨਵੀ ਸਰੋਕਾਰਾਂ ਤੇ ਦੁਨਿਆਵੀ ਤਕਲੀਫਾਂ ਨੂੰ ਵੀ ਜ਼ਬਾਨ ਦਿੱਤੀ। ਇਨ੍ਹਾਂ ਫਿਲਮਾਂ ਰਾਹੀ ਅਜਿਹੀ ਸਿਨੇਮਈ ਭਾਸ਼ਾ ਦੀ ਰਚਨਾ ਕੀਤੀ ਗਈ ਜਿਸ ਵਿਚ ਹਰ ਤਰ੍ਹਾਂ ਦੀਆਂ ਸਮਾਜਕ ਤਰਾਸਦੀਆਂ ਅਤੇ ਸਿਆਸੀ ਮੁੱਦਿਆਂ ਨੂੰ ਸਮਝਿਆ ਤੇ ਸਮਝਾਇਆ ਜਾ ਸਕਦਾ ਸੀ।

ਇਨ੍ਹਾਂ ਫਿਲਮਾਂ ਨਾਲ ਜੁੜਿਆ ਇਕ ਤੱਥ ਇਹ ਵੀ ਹੈ ਕਿ ਇਨ੍ਹਾਂ ਫਿਲਮਾਂ ਨੇ ਆਪਣੇ ਸਿਰਜਣਹਾਰਿਆਂ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਬੇਹੱਦ ਮਕਬੂਲੀਅਤ ਜ਼ਰੂਰ ਦਿਵਾਈ ਪਰ ਇਟਲੀ ਅੰਦਰ ਬਾਕਸ-ਆਫਿਸ 'ਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਅਸਫਲ ਹੀ ਰਹੀਆਂ। ਅਜਿਹਾ ਵਰਤਾਰਾ ਉਦੋਂ-ਉਦੋਂ ਵਾਪਰਿਆ ਹੈ, ਜਦੋਂ-ਜਦੋਂ ਸੰਸਾਰ ਭਰ ਵਿਚ ਸਿਨੇਮਾ ਨੂੰ ਕਲਾ ਮਾਧਿਅਮ ਦੇ ਤੌਰ 'ਤੇ ਵਰਤਣ ਦੇ ਯਤਨ ਹੋਏ ਹਨ। ਅਕਾਦਮਿਕ ਹਲਕਿਆਂ ਤੋਂ ਲੈ ਕੇ ਫਿਲਮ ਆਲੋਚਕਾਂ ਨੇ ਇਸ ਦਾ ਕਾਰਨ ਲੱਭਣ ਦੀ ਕੋਸ਼ਿਸ਼ਾਂ ਕੀਤੀਆਂ ਹਨ ਜਿਨ੍ਹਾਂ ਵਿਚੋਂ ਕਈ ਦਿਲਚਸਪ ਤੱਥ ਨਿਕਲ ਕੇ ਸਾਹਮਣੇ ਆਏ ਹਨ।

ਸਭ ਤੋਂ ਪਹਿਲਾ ਤੇ ਜ਼ਰੂਰੀ ਨੁਕਤਾ ਇਹ ਹੈ ਕਿ ਇਨ੍ਹਾਂ ਫਿਲਮਾਂ ਦੀ ਪਟਕਥਾ, ਕਹਾਣੀ ਤੇ ਸਕਰੀਨ-ਪਲੇਅ ਭਾਵੇਂ ਯਥਾਰਥਕ ਤੇ ਕਲਾਤਮਿਕ ਪੱਖ ਤੋਂ ਬੇਹੱਦ ਪ੍ਰਭਾਵੀ ਤੇ ਅਸਲੀਅਤ ਦੇ ਨਜ਼ਦੀਕ ਹੁੰਦੇ ਹਨ, ਆਮ ਲੋਕ ਫਿਰ ਵੀ ਇਨ੍ਹਾਂ ਫਿਲਮਾਂ ਨੂੰ ਹੁੰਗਾਰਾ ਨਹੀਂ ਭਰਦੇ। ਉਨ੍ਹਾਂ ਨੂੰ ਸ਼ਾਇਦ ਇਸ ਸੰਭਾਵਨਾ ਤੋਂ ਡਰ ਲੱਗਦਾ ਹੈ ਕਿ ਉਹ ਸੱਚ ਦਾ ਇੰਨਾ ਕਰੂਰ ਅਤੇ ਨੰਗਾ ਰੂਪ ਬਰਦਾਸ਼ਤ ਹੀ ਨਹੀਂ ਕਰ ਸਕਦੇ। ਉਨ੍ਹਾਂ ਦੀ ਸਭਿਆਚਾਰਕ ਸਮਝ ਅਤੇ ਜ਼ਿੰਦਗੀ ਦੀ ਕਠੋਰਤਾ ਨਾਲ ਵਾਰ-ਵਾਰ ਟਕਰਾਉਣ ਦਾ ਤਜਰਬਾ ਉਨ੍ਹਾਂ ਨੂੰ ਇਨ੍ਹਾਂ ਫਿਲਮਾਂ ਨਾਲ ਅੱਖ ਮਿਲਾਉਣ ਤੋਂ ਡਰਾਉਂਦਾ ਹੈ। ਆਖਿਰ ਕੋਈ ਇਕੋ ਜ਼ਲਾਲਤ ਵਿਚੋਂ ਦੋ ਵਾਰ ਕਿਉਂ ਗੁਜ਼ਰੇ? ਜਿਸ ਗਲਾਜ਼ਤ, ਗਰੀਬੀ ਅਤੇ ਬੇਵਸੀ ਨੂੰ ਉਹ ਦੰਦਾਂ ਥੱਲੇ ਜੀਭ ਦੇ ਕੇ ਭੋਗ ਰਹੇ ਹਨ, ਉਸ ਨੂੰ ਦੇਖਣ ਲਈ ਉਹ ਪੈਸੇ ਕਿਉਂ ਖਰਚਣ? ਜੀਣ ਦੇ ਜਿਹੜੇ ਸਦਮਿਆਂ ਤੇ ਜ਼ਖਮਾਂ ਨੂੰ ਉਨ੍ਹਾਂ ਨੇ ਦੁਨੀਆਦਾਰੀ ਦੀਆਂ ਇੰਨੀਆਂ ਝੂਠੀਆਂ ਪਰਤਾਂ ਹੇਠ ਦਫਨ ਕੀਤਾ ਹੁੰਦਾ ਹੈ, ਉਨ੍ਹਾਂ ਨੂੰ ਕੋਈ ਫਿਲਮਸਾਜ਼ ਜਾਂ ਕਲਾਕਾਰ ਕਿਉਂ ਇੰਨੀ ਬੇਦਰਦੀ ਨਾਲ ਉਚੇੜ ਦੇਵੇ?

ਦੂਜੇ ਪਾਸੇ ਇਨ੍ਹਾਂ ਫਿਲਮਾਂ ਦੇ ਸਿਰਜਕਾਂ ਦਾ ਮੰਨਣਾ ਸੀ ਕਿ ਸੱਚ ਤੋਂ ਕੀ ਡਰਨਾ? ਉਨ੍ਹਾਂ ਨੇ ਆਪਣੇ ਸੀਮਤ ਸਾਧਨਾਂ, ਉਧਾਰ ਲਏ ਕੈਮਰਿਆਂ ਅਤੇ ਐਡੀਟਿੰਗ ਯੰਤਰਾਂ ਨਾਲ ਆਮ ਲੋਕਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ ਕੀਤੀ ਕਿ ਮਾੜੀ ਵਿਵਸਥਾ ਦੇ ਪੱਕ ਚੁੱਕੇ ਫੋੜੇ ਨੂੰ ਚੀਰਾ ਦੇਣਾ ਤੇ ਫਿਰ ਫਿਹ ਕੇ ਦਵਾਈ ਨਾਲ ਭਰਨਾ ਜ਼ਰੂਰੀ ਹੈ ਤਾਂ ਜੋ ਨਵੀਂ ਦੁਨੀਆ ਦੀ ਨੀਂਹ ਧਰੀ ਜਾ ਸਕੇ। ਇਸ ਲਈ ਉਨ੍ਹਾਂ ਨੇ ਇਨ੍ਹਾਂ ਫਿਲਮਾਂ ਦੇ ਸ਼ੀਸੇ ਵਿਚੋਂ ਲੋਕਾਂ ਨੂੰ ਆਪਣੇ ਮੁਲਕ ਦਾ ਮੂੰਹ ਦੇਖਣ ਦੀ ਵਾਰ-ਵਾਰ ਬੇਨਤੀ ਕੀਤੀ। ਦੂਜੇ ਪਾਸੇ ਸਰਕਾਰੀ ਅਧਿਕਾਰੀਆਂ ਅਤੇ ਲਾਲ-ਫੀਤਾਸ਼ਾਹੀ ਨੇ ਇਨ੍ਹਾਂ ਫਿਲਮਾਂ ਅਤੇ ਇੱਦਾਂ ਦੀ ਹਰ ਕਲਾ ਜਿਹੜੀ ਲੋਕਾਂ ਦੇ ਦੁੱਖਾਂ-ਦਰਦਾਂ 'ਤੇ ਮੱਲ੍ਹਮ ਰੱਖਦੀ ਹੋਵੇ, ਉਸ ਨੂੰ ਮਣਾਂ-ਮੂੰਹੀ ਨਫਰਤ ਕੀਤੀ ਹੈ। ਸਿਨੇਮਾ ਤੇ ਕਿਤਾਬਾਂ ਸੋਚਣ-ਸਮਝਣ ਵਾਲੇ ਸਮਾਜਾਂ ਦੀ ਸੰਵੇਦਨਸ਼ੀਲਤਾ ਅਤੇ ਖ਼ੁੱਦਾਰੀ ਨੂੰ ਘੜਨ ਵਾਲੇ ਮੁੱਖ ਕਾਰਕ ਹਨ। ਕੀ ਹੁੰਦਾ ਹੈ ਜਦੋਂ ਕੋਈ ਸਮਾਜ ਇਨ੍ਹਾਂ ਦੋਵਾਂ ਵਲ ਪਿੱਠ ਕਰ ਕੇ ਖੜ੍ਹਾ ਹੋ ਜਾਵੇ?

ਵਿਤੋਰੀਓ ਦਿ ਸੀਕਾ ਦੀ ਫਿਲਮ 'ਅੰਬਰੈਟੋ-ਡੀ' ਦੀ ਇਸ ਪੱਖੋਂ ਮੁਲਕ ਦੇ ਉਚੇ ਤਬਕਿਆਂ ਨੇ ਆਲੋਚਨਾ ਕੀਤੀ ਕਿ ਇਸ ਫਿਲਮ ਨਾਲ ਇਟਲੀ ਦੇ ਅਕਸ ਨੂੰ ਢਾਹ ਲਗਾਉਣ ਦੀ ਕੋਸ਼ਿਸ ਕੀਤੀ ਗਈ ਹੈ। ਇੱਥੋਂ ਤੱਕ ਕਿ ਕੈਥੋਲਿਕ ਚਰਚ ਨੇ ਵੀ ਇਸ ਫਿਲਮ ਨੂੰ ਇਸ ਲਈ ਨਕਾਰ ਦਿੱਤਾ ਕਿ ਇਹ ਫਿਲਮ ਇਟਲੀ ਦੇ ਸਮਾਜ ਦੇ ਅੰਦੂਰਨੀ ਕਲੇਸ਼ਾਂ ਨੂੰ ਜੱਗ-ਜ਼ਾਹਿਰ ਕਰਦੀ ਹੈ ਅਤੇ ਰੋਮ ਦੀ ਪੁਰਾਤਨ ਤੇ ਮਹਾਨ ਸਭਿਅਤਾ ਤੇ ਸਵਾਲ ਖੜ੍ਹੇ ਕਰਦੀ ਹੈ। ਇਕ ਬਜ਼ੁਰਗ ਅਤੇ ਉਸ ਦੇ ਕੁੱਤੇ ਦੀ ਕਹਾਣੀ 'ਤੇ ਆਧਾਰਿਤ ਇਸ ਫਿਲਮ ਨੇ ਜਿਸ ਤਰੀਕੇ ਨਾਲ ਇਨਸਾਨੀ ਜ਼ਿੰਦਗੀ ਦੀ ਕੀਮਤ ਅਤੇ ਰਿਸ਼ਤਿਆਂ ਦੀ ਨਿਰਾਰਥਕਤਾ ਨੂੰ ਫਿਲਮਾਇਆ ਹੈ, ਉਸ ਕਾਰਨ ਇਹ ਫਿਲਮ ਸੰਸਾਰ ਸਿਨੇਮਾ ਵਿਚ ਆਪਣਾ ਵੱਖਰਾ ਮੁਕਾਮ ਰੱਖਦੀ ਹੈ।










*ਖੱਬਿਓਂ: 'ਅੰਬਰੈਟੋ-ਡੀ', 'ਰੋਮ, ਓਪਨ ਸਿਟੀ' ਅਤੇ 'ਦਿ ਅਰਥ ਵਿਲ ਟਰੈਂਬਲ' ਫਿਲਮਾਂ ਦੇ ਪੋਸਟਰ*







*ਫਿਲਮਸਾਜ਼ ਵਿਤੋਰੀਓ ਦਿ ਸੀਕਾ ਦੀ ਫਿਲਮ 'ਅੰਬਰੈਟੋ-ਡੀ' ਦੇ ਤਿੰਨ ਵੱਖ-ਵੱਖ ਦ੍ਰਿਸ਼। ਕੁੱਲ 89 ਮਿੰਟਾਂ ਦੀ ਇਹ ਫਿਲਮ ਇਟਲੀ ਵਿਚ 1952 ਅਤੇ ਅਮਰੀਕਾ ਵਿਚ 1955 ਨੂੰ ਰਿਲੀਜ਼ ਹੋਈ ਸੀ।*


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com